
PREMIUM PUNJABI TIMEPIECES
WWW.FATEH.CO
PRIDE OF PUNJAB
ਸ਼ਾਨਦਾਰ ਪੰਜਾਬੀ ਘੜੀਆਂ: ਸਾਡਾ ਵਕਤ, ਸਾਡੀ ਪਹਿਚਾਣ
WWW.FATEH.CO



Twenty-Fifth Year of Publication | ਨਿਊਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Email:punjabtimes1@gmail.com
www.punjabtimesusa.com

Punjab Times, Vol 25, Issue 50; December 14, 2024 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਅਕਾਲੀ ਧੜਿਆਂ ਵਿਚ ਨਵੀਂ ਭਰਤੀ ਅਤੇ ਚੋਣ ਸੰਬੰਧੀ ਭੰਬਲਭੂਸਾ

ਚੰਡੀਗੜ੍ਹ: ਸ਼੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਅਨੁਸਾਰ ਅਕਾਲੀ ਦਲ ਦੀ ਭਰਤੀ ਦੀ ਦੇਖ ਰੇਖ ਲਈ ਥਾਪੀ ਗਈ ਕਮੇਟੀ ਅਤੇ ਵਿਧਾਨ ਅਨੁਸਾਰ ਮੌਜੂਦਾ ਢਾਂਚੇ ਦੀ ਪੰਜ ਸਾਲ ਦੀ ਮਿਆਦ ਪੂਰੀ ਹੋਣ ਦੇ ਬਾਅਦ ਨਵੇਂ ਜਥੇਬੰਦਕ ਢਾਂਚੇ ਦੀ ਚੋਣ ਕਰਨ ਅਤੇ ਧੜੇਬੰਦੀਆਂ ਨੂੰ ਖਤਮ ਕਰਕੇ ਪਾਰਟੀ ਨੂੰ ਇੱਕ ਮੁੱਠ ਕਰਨ ਦੀਆਂ ਕੋਸ਼ਿਸ਼ਾਂ ਅੱਗੇ ਤੋਰਨ ਸੰਬੰਧੀ ਸਥਿਤੀ ਸਪਸ਼ਟ ਨਜ਼ਰ ਨਹੀਂ ਆ ਰਹੀ।

ਸੁਧਾਰ ਲਹਿਰ ਦੇ ਨਾਂ ਹੇਠ ਕੰਮ ਕਰਨ ਵਾਲੇ ਧੜੇ ਵੱਲੋਂ ਭਾਵੇਂ ਤਖਤ ਦੇ ਹੁਕਮ ਅਨੁਸਾਰ ਆਪਣਾ ਜਥੇਬੰਦਕ ਢਾਂਚਾ ਭੰਗ ਕਰ ਦਿੱਤਾ ਗਿਆ ਹੈ ,ਪਰ ਅਕਾਲੀ ਦਲ ਦਾ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਵਾਲਾ ਧੜਾ ਪਹਿਲਾਂ ਵਾਂਗ ਹੀ ਕੰਮ ਕਰ ਰਿਹਾ ਹੈ ਅਤੇ ਇਸ ਧੜੇ ਵੱਲੋਂ ਪਾਰਟੀ ਦੀ ਕੋਰ ਕਮੇਟੀ ਦੀ ਬੈਠਕ ਤੋਂ ਬਾਅਦ ਨਿਗਮ ਅਤੇ ਮਿਊਂਸਿਪਲ ਚੋਣਾਂ ਲੜਨ ਦਾ ਵੀ ਆਪਣੇ ਤੌਰ ਤੇ ਐਲਾਨ ਕਰ ਦਿੱਤਾ ਗਿਆ ਹੈ।

ਇਸ ਧੜੇ ਵੱਲੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਕੁਝ ਹੋਰ ਆਗੂਆਂ ਦੇ ਅਸਤੀਫੇ ਮਨਜ਼ੂਰ ਕਰਨ ਸੰਬੰਧੀ ਵੀ ਸ਼੍ਰੀ ਅਕਾਲ ਤਖਤ ਸਾਹਿਬ ਤੋਂ 20 ਦਿਨਾਂ ਦੀ ਮੋਹਲਤ ਮਿਲਣ ਦਾ ਐਲਾਨ ਤਾਂ ਜ਼ਰੂਰ ਕੀਤਾ ਗਿਆ, ਪਰ ਸ਼੍ਰੀ ਅਕਾਲ ਤਖਤ ਸਕੱਤਰੇਤ ਵੱਲੋਂ ਇਸ ਸੰਬੰਧੀ ਕੋਈ ਟਿੱਪਣੀ ਨਾ ਆਉਣ ਅਤੇ ਨਾ ਹੀ ਅਜਿਹਾ ਕੋਈ ਲਿਖਤੀ ਆਦੇਸ਼ ਸਾਹਮਣੇ ਆਉਣ ਨਾਲ, ਲੋਕਾਂ ਵਿੱਚ ਇਸ ਸਬੰਧੀ ਵੀ ਵੱਡਾ ਭੰਬਲਭੂਸਾ ਹੈ। ਸ਼੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ ਵਿੱਚ ਸੋਧ ਕਰਨ ਦੀ ਕੋਈ ਰਿਵਾਇਤ ਜਾਂ ਉਦਾਹਰਣ ਨਹੀਂ ਹੈ। ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਨਾਲ ਜੋ ਪਹਿਲਾਂ ਹੁਕਮਨਾਮਾ ਰੱਦ ਹੋਇਆ ਸੀ ਉਸ ਨੂੰ ਵੀ ਪੰਥਕ ਦਬਾ ਹੇਠ ਵਾਪਸ ਲੈਣਾ ਪਿਆ ਸੀ। ਸਮਝਿਆ ਜਾਂਦਾ ਹੈ ਕਿ ਅਕਾਲੀ ਆਗੂਆਂ ਦੀ



ਤਨਖਾਹ ਖਤਮ ਹੋਣ ਤੋਂ ਬਾਅਦ ਇਸ ਸਬੰਧੀ ਸਥਿਤੀ ਸਪਸ਼ਟ ਹੋ ਸਕੇਗੀ।ਅਕਾਲੀ ਦਲ ਦੇ ਬੁਲਾਰੇ ਡਾਕਟਰ ਦਲਜੀਤ ਸਿੰਘ ਚੀਮਾ ਅਤੇ ਬਾਦਲ ਧੜੇ ਦੇ ਅਕਾਲੀ ਆਗੂਆਂ ਵੱਲੋਂ ਸ਼੍ਰੀ ਅਕਾਲ ਤਖਤ ਸਾਹਿਬ ਵੱਲੋਂ ਥਾਪੀ ਗਈ ਕਮੇਟੀ ਅਧੀਨ ਪਾਰਟੀ ਦੀ ਨਵੀਂ ਭਰਤੀ ਸੰਬੰਧੀ, ਜੋ ਕਾਨੂੰਨੀ ਅੜਚਣਾ ਅਤੇ ਪਾਰਟੀ ਦੀ ਮਾਨਤਾ ਰੱਦ ਹੋਣ ਦਾ ਮੁੱਦਾ ਉਠਾਇਆ ਗਿਆ ਸੀ ਉਸ ਨੂੰ ਲੈ ਕੇ ਵੀ ਇੱਕ ਨਵੀਂ ਬਹਿਸ ਸ਼ੁਰੂ ਹੋ ਗਈ ਹੈ ।ਅਕਾਲੀ ਦਲ ਨਾਲ ਸੰਬੰਧਿਤ ਨਾਮਵਰ ਵਕੀਲ ਮਨਜੀਤ ਸਿੰਘ ਖਹਿਰਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਅਕਾਲ ਤਖਤ ਸਾਹਿਬ ਦੀ ਥਾਪੀ ਕਮੇਟੀ ਅਧੀਨ ਨਵੀਂ ਭਰਤੀ ਜਾਂ ਜਥੇਬੰਦਕ ਚੋਣਾਂ ਕਰਾਉਣ ਵਿੱਚ ਕੋਈ ਕਾਨੂੰਨੀ ਅੜਚਣ ਨਹੀਂ ਹੈ। ਕਿਉਂਕਿ ਚੋਣ ਕਮਿਸ਼ਨ ਤੇ ਪੀਪਲ ਰਿਪ੍ਰਜ਼ੈਂਟੇਸ਼ਨ ਐਕਟ ਕੇਵਲ ਬ੍ਰਹਮੀ ਧਮਕੀ ਦੇ ਨਾਂ ਹੇਠ ਵੋਟਾਂ ਮੰਗਣ ਤੇ ਰੋਕ ਲਗਾਉਂਦਾ ਹੈ । ਖਹਿਰਾ ਨੇ ਕਿਹਾ ਕਿ 1978-79 ਵਿੱਚ ਵਿਧਾਨ ਸਭਾ ਚੋਣਾਂ ਮੌਕੇ ਦੋ ਅਕਾਲੀ ਆਗੂਆਂ ਮਰਹੂਮ ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਦਰਮਿਆਨ ਵੀ ਪਾਰਟੀ ਟਿਕਟਾਂ ਦੀ ਵੰਡ ਨੂੰ ਲੈ ਕੇ ਟਕਰਾ ਸਾਹਮਣੇ ਆਇਆ ਸੀ, ਤਾਂ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਟਿਕਟਾਂ ਦੀ ਵੰਡ ਲਈ ਇੱਕ ਕਮੇਟੀ ਬਣਾਈ ਗਈ ਸੀ। ਜਿਸ ਵੱਲੋਂ ਉਮੀਦਵਾਰਾਂ ਦੀ ਚੋਣ ਕੀਤੀ ਗਈ ਅਤੇ ਚੋਣਾਂ ਤੋਂ ਬਾਅਦ ਕਾਂਗਰਸ ਦੇ ਮੁੱਖ ਮੰਤਰੀ ਮਰਹੂਮ ਦਰਬਾਰਾ ਸਿੰਘ ਨੇ ਸ਼੍ਰੀ ਅਕਾਲ ਤਖਤ ਦੇ ਦਖਲ ਨੂੰ ਮੁੱਦਾ ਬਣਾ ਕੇ ਸਾਰੇ ਅਕਾਲੀ ਵਿਧਾਇਕਾਂ ਵਿਰੁੱਧ ਪਟੀਸ਼ਨ ਪਾਈ ਸੀ। ਜੋ ਹਾਈ ਕੋਰਟ ਵਿੱਚ ਰੱਦ ਹੋ ਗਈ ਸੀ। ਉਹਨਾਂ ਕਿਹਾ ਕਿ ਇਸੇ ਤਰ੍ਹਾਂ ਹੀ ਨਾਮਵਰ ਮਰਹੂਮ ਅਕਾਲੀ ਆਗੂ ਹੁਕਮ ਸਿੰਘ ਦੇ ਵਿਰੁੱਧ ਵੀ ਇਸ ਲਈ ਪਟੀਸ਼ਨ ਹੋਈ ਸੀ ਕਿ ਉਹਨਾਂ ਨੇ ਪੰਥ ਦੇ ਨਾਂ ਤੇ ਵੋਟਾਂ ਮੰਗੀਆਂ ਸਨ। ਪਰ ਅਦਾਲਤ ਵੱਲੋਂ ਇਹ ਪਟੀਸ਼ਨ ਵੀ ਰੱਦ ਹੋਈ ਸੀ ਤੇ ਸਪਸ਼ਟ ਕੀਤਾ ਗਿਆ ਸੀ ਕਿ ਪੰਥ ਤਾਂ ਇੱਕ ਰਾਸਤਾ ਹੈ। ਸਰਦਾਰ ਖਹਿਰਾ ਨੇ ਕਿਹਾ ਕਿ ਸ਼੍ਰੀ ਅਕਾਲ ਤਖਤ ਸਾਹਿਬ ਵੱਲੋਂ ਜੇਕਰ ਨਿਰਪੱਖ ਭਰਤੀ ਲਈ ਕੋਈ ਕਮੇਟੀ ਬਣਾਈ ਗਈ ਹੈ, ਤਾਂ ਉਹ ਕਿਸੇ ਵੀ ਤਰ੍ਹਾਂ ਕਾਨੂੰਨੀ ਅੜਚਣ ਨਹੀਂ ਕਹੀ ਜਾ ਸਕਦੀ।

ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਅਕਾਲੀ ਦਲ ਦੇ ਪ੍ਰਧਾਨ ਮਰਹੂਮ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਪੋਤੇ ਗੁਰਜੀਤ ਤਲਵੰਡੀ ਵੱਲੋਂ ਅੱਜ ਇੱਕ ਲਿਖਤੀ ਸਿੰਘ ਬਿਆਨ ਰਾਹੀਂ ਸਪਸ਼ਟ ਕੀਤਾ ਗਿਆ ਕਿ ਅਕਾਲੀ ਦਲ ਵਿੱਚ ਮੀਰੀ ਪੀਰੀ ਦੇ ਸਿਧਾਂਤ ਨੇ ਇਸ ਸੰਬੰਧੀ ਸਥਿਤੀ ਸਪਸ਼ਟ ਕੀਤੀ ਹੋਈ ਹੈ। ਉਹਨਾਂ ਚੋਣ ਕਮਿਸ਼ਨ ਵੱਲੋਂ ਸੁਪਰੀਮ ਕੋਰਟ ਵਿੱਚ ਸਈਅਦ ਵਸੀਮ ਰਜਵੀ ਦੀ ਪਟੀਸ਼ਨ ਦੇ ਮੌਕੇ ਦਿੱਤੇ ਗਏ ਐਫੀਡੇਵਿਟ ਦੀ ਕਾਪੀ ਵੀ ਜਾਰੀ ਕੀਤੀ।

## ਟਰੰਪ ਸਰਕਾਰ ਵਿਚ ਪੰਜਾਬਣ ਨੂੰ ਮਿਲਿਆ ਅਹਿਮ ਅਹੁਦਾ



ਟਰੰਪ ਸਰਕਾਰ ਵਿੱਚ ਪੰਜਾਬਣ ਹਰਮੀਤ ਕੌਰ ਢਿਲੋਂ ਨੂੰ ਮਿਲਿਆ ਸਹਾਇਕ ਅਟਾਰਨੀ ਜਰਨਲ ਦਾ ਵੱਡਾ ਅਹੁਦਾ, ਟਰੰਪ ਨੇ ਇਸ ਬਾਰੇ ਖ਼ੁਦ ਪੋਸਟ ਪਾ ਕੇ ਦੱਸਿਆ . ਹਰਮੀਤ ਕੌਰ ਢਿਲੋਂ ਉਘੀ ਵਕੀਲ ਹੈ। . ਹਰਮੀਤ ਕੌਰ ਅਮਰੀਕਨ ਪਾਰਲੀਮੈਂਟ ਵਿੱਚ ਸਿੱਖ ਅਰਦਾਸ ਵੀ ਕਰ ਚੁੱਕੀ ਹੈ।

## ਸ਼੍ਰੋਮਣੀ ਕਮੇਟੀ ਦੀਆਂ ਚੋਣਾਂ

### ਮਈ 2025 ਵਿੱਚ ਹੋਣਗੀਆਂ?

ਚੰਡੀਗੜ੍ਹ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਭਾਰਤ ਸਰਕਾਰ ਵੱਲੋਂ ਥਾਪੇ ਗਏ ਮੁੱਖ ਚੋਣ ਕਮਿਸ਼ਨਰ ਜਸਟਿਸ ਐਚ.ਐਸ. ਸਾਰੌਂ ਨੇ ਇੱਥੇ ਦੱਸਿਆ ਕਿ ਕਮਿਸ਼ਨ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਵੋਟਰ ਸੂਚੀਆਂ 25 ਫਰਵਰੀ 2025 ਤੱਕ ਪ੍ਰਕਾਸ਼ਿਤ ਕਰ ਦਿੱਤੀਆਂ ਜਾਣਗੀਆਂ। ਵੋਟਰ ਸੂਚੀਆਂ ਸੰਬੰਧੀ ਸੋਧਿਆ ਹੋਇਆ ਪ੍ਰੋਗਰਾਮ ਜਾਰੀ ਕਰਦਿਆਂ ਜਸਟਿਸ ਸਾਰੌਂ ਨੇ ਦੱਸਿਆ ਕਿ ਹੁਣ ਤੱਕ 50 ਲੱਖ ਤੋਂ ਵੱਧ ਵੋਟਾਂ ਬਣ ਚੁੱਕੀਆਂ ਹਨ ਅਤੇ ਵੋਟਾਂ ਬਣਾਉਣ ਦੀ ਪ੍ਰਕਿਰਿਆ 15 ਦਸੰਬਰ 2024 ਨੂੰ ਖਤਮ ਹੋ ਜਾਵੇਗੀ। ਡਿਪਟੀ ਕਮਿਸ਼ਨਰਾਂ ਵੱਲੋਂ ਮੁਢਲੇ ਤੌਰ ਤੇ ਵੋਟਰ ਸੂਚੀਆਂ ਦਾ ਪ੍ਰਕਾਸ਼ਨ ਜਨਵਰੀ 2025 ਨੂੰ ਹੋਵੇਗਾ। ਦਾਅਵਿਆਂ ਅਤੇ ਇਤਰਾਜ਼ਾਂ ਦੀ ਪ੍ਰਾਪਤੀ ਲਈ ਆਖਰੀ ਤਰੀਕ 24 ਜਨਵਰੀ 2025 ਹੋਵੇਗੀ, ਅਤੇ ਦਾਅਵਿਆਂ ਅਤੇ ਇਤਰਾਜ਼ਾਂ ਦਾ ਨਿਪਟਾਰਾ ਪੰਜ ਫਰਵਰੀ 2025 ਤੱਕ ਕੀਤਾ ਜਾਵੇਗਾ। ਉਨ੍ਹਾਂ ਕਿਹਾ 24 ਫਰਵਰੀ 2025 ਨੂੰ ਵੋਟਰ ਸੂਚੀਆਂ ਦਾ ਅੰਤਿਮ ਪ੍ਰਕਾਸ਼ਨ ਹੋਵੇਗਾ। ਚਰਚਾ ਹੈ ਕਿ ਅਪ੍ਰੈਲ ਜਾਂ ਮਈ 2025 ਵਿੱਚ ਸ਼੍ਰੋਮਣੀ ਕਮੇਟੀ ਦੇ ਨਵੇਂ ਜਨਰਲ ਹਾਊਸ ਦੀਆਂ ਚੋਣਾਂ ਦੀ ਪ੍ਰਕਿਰਿਆ ਪੂਰੀ ਕਰ ਲਈ ਜਾਵੇਗੀ। ਦਿਲਚਸਪ ਗੱਲ ਇਹ ਹੈ ਕਿ ਇਸ ਵਾਰ ਵੋਟਾਂ ਬਣਾਉਣ ਦੀ ਪ੍ਰਕਿਰਿਆ ਵਿੱਚ ਅਕਾਲੀ ਦਲ ਤੋਂ ਇਲਾਵਾ ਕੁਝ ਹੋਰ ਧੜਿਆਂ ਵੱਲੋਂ ਵੀ ਕਾਫੀ ਦਿਲਚਸਵੀ ਦਿਖਾਈ ਜਾ ਰਹੀ ਹੈ।


ਮੋਰਟਗੇਜ, ਇੰਸ਼ੋਰੈਸ ਅਤੇ ਪ੍ਰਾਪਰਟੀ ਨਾਲ ਸਬੰਧਤ ਸੇਵਾਵਾਂ

Mortgage | Insurance | Property
Dhillon Agencies


Home Mortgages, Commercial Loans, All kinds of Insurances, Residential / Commercial properties

* ਪ੍ਰਾਪਰਟੀ, ਲੋਨਜ਼ ਅਤੇ ਇੰਸ਼ੋਰੈਂਸ ਲਈ ਸਭ ਤੋਂ ਭਰੋਸੇਮੰਦ ਢਿੱਲੋਂ ਏਜੰਸੀਜ਼ ਹਰ ਸਮੇਂ ਤੁਹਾਡੀ ਸੇਵਾ ਵਿਚ ਹਾਜ਼ਰ ਹੈ।
* ਆਪਣੇ ਸੁਪਨਿਆਂ ਦਾ ਘਰ ਜਾਂ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ, ਮੋਰਟਗੇਜ, ਕਾਮਰਸ਼ੀਅਲ ਲੋਨਜ਼ ਅਤੇ ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸਾਡੇ ਨਾਲ ਸੰਪਰਕ ਕਰੋ।

@ Mortgages: mortgages@dhillonagencies.com; Insurances: insurances@dhillonagencies.com; Properties: properties @dhillonagencies.com

dhillonagencies.com (516) 441-0188

8624 239th Street, Bellerose, NY11426


Corporate NMLS# 68434
AZ License# BK-0945946
Sistar Mortgage
A Nationwide Lender
Balbir (Bill) Grewal
MORTGAGE LOAN OFFICER
NMLS# 353442
Over 2 Decades of experience providing high level servicing for new and experienced borrowers!
Residential and Commercial Loans
Available In Most States!
Special loan programs for:
- Jumbo Loans
- Self Employed and with a work permit
- Business loans with or without property
(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਸਫ਼ਰ-ਏ-ਸ਼ਹਾਦਤ



**ਸਾਹਿਬ ਏ ਕਮਾਲ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਖਤ-ਏ-ਜਿਗਰ ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਅਦੁੱਤੀ ਸ਼ਹਾਦਤ ਨੂੰ ਕੋਟਨਿ-ਕੋਟ ਪ੍ਰਣਾਮ**

**ਸ਼ਹੀਦੀ ਪੁਰਬ ਸਬੰਧੀ ਵਿਸ਼ੇਸ਼ ਸਮਾਗਮ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋਵੇਗਾ।**

**ਸਿੱਖ ਟੈਂਪਲ ਓਕ ਕਰੀਕ ਵਿਖੇ ਚਾਰੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ**

**ਵਿਸ਼ੇਸ਼ ਗੁਰਬਾਣੀ ਕਥਾ ਅਤੇ ਕੀਰਤਨ ਸਮਾਗਮ**

**22 ਦਸੰਬਰ ਤੋਂ 29 ਦਸੰਬਰ ਤੱਕ**

**22 ਦਸੰਬਰ ਨੂੰ, ਸਵੇਰੇ 11: 00 ਤੋਂ 1: 00 ਵਜੇ ਤੱਕ**

**23 ਤੋਂ 29 ਦਸੰਬਰ ਤੱਕ: ਸ਼ਾਮ 5: 00 ਤੋਂ 7: 00 ਵਜੇ ਤਕ ਹੋਣਗੇ।**



ਕਥਾਵਾਚਕ ਗਿਆਨੀ ਜਗਜੀਤ ਸਿੰਘ ਨਲਵੀ





ਹਜੂਰੀ ਜਥਾ ਭਾਈ ਸੁਰਜੀਤ ਸਿੰਘ ਜੀ ਬੰਬੇ ਵਾਲੇ ਅਤੇ ਭਾਈ ਗੁਰਮੇਲ ਸਿੰਘ ਜੀ ਹੈੱਡ ਗ੍ਰੰਥੀ, ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ।

**ਗੁਰੂ ਰੂਪ ਸੰਗਤ ਨੂੰ ਬੇਨਤੀ ਹੈ ਕਿ ਬੱਚਿਆਂ ਸਮੇਤ ਸਮੇਂ ਸਿਰ ਪਹੁੰਚ ਕੇ ਗੁਰਬਾਣੀ, ਸ਼ਬਦ ਕੀਰਤਨ, ਸਿਮਰਨ ਅਤੇ ਸੇਵਾ ਦਾ ਲਾਹਾ ਲੈ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।**



**ਸ. ਪਰਮਿੰਦਰ ਸਿੰਘ ਗੋਲਡੀ ਵਲੋਂ ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਪ੍ਰਣਾਮ।**

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**

**ਫੋਨ: 414-736-6580**

## ਅਵਤਾਰ ਰਿਕਾਰਡ ਦੀ ਨਵੀਂ ਪੇਸ਼ਕਸ਼ 'ਸਿੱਖ ਇਤਿਹਾਸ'

ਅਮੈਰੀਕਨ ਪੰਜਾਬੀ ਅਵਤਾਰ ਲਾਖਾ ਦੇ ਅਵਤਾਰ ਰਿਕਾਰਡ ਵਲੋਂ ਨਵੇਂ ਟਰੈਕ ਦਾ ਪੋਸਟਰ ਜਾਰੀ ਕੀਤਾ ਗਿਆ ਹੈ। ਉਨ੍ਹਾਂ ਦਾ ਇਹ ਪੋਸਟਰ ਪੰਜਾਬੀ ਵਿਚ ਹੈ, ਜੋ ਉਸ ਦੇ ਮਾਂ ਬੋਲੀ ਪ੍ਰਤੀ ਪਿਆਰ ਨੂੰ ਦਰਸਾਉਂਦਾ ਹੈ। ਇਸ ਟਰੈਕ ਦਾ ਨਾਂ 'ਸਿੱਖ ਇਤਿਹਾਸ' ਹੈ, ਜਿਸ ਨੂੰ ਲੋਪੋਕੇ ਬਰਦਰਜ਼ ਨੇ ਗਾਇਆ ਹੈ। ਜਸ਼ਨ ਜਗਦੇਵ ਦੇ ਲਿਖੇ ਇਸ ਗੀਤ ਦਾ ਪੰਜਾਬੀ ਵਿਚ ਛਪਿਆ ਪੋਸਟਰ ਦੇਖ ਕੇ ਅਵਤਾਰ ਰਿਕਾਰਡ ਤੇ ਅਵਤਾਰ ਲਾਖਾ ਨੂੰ ਸ਼ਬਾਸ਼ ਦੇਣ ਨੂੰ ਦਿਲ ਕਰਦਾ ਹੈ। ਇਸ ਗੀਤ ਨਾਲ ਲੋਪੋਕੇ ਬਰਦਰਜ਼ ਦਾ ਨਾਂ ਪੰਜਾਬੀ ਗਾਇਕੀ ਵਿਚ ਹੋਰ ਰੌਸ਼ਨ ਹੋਵੇਗਾ। ਇਸ ਟਰੈਕ ਦਾ ਸੰਗੀਤ ਸੱਗੀ ਨੈਕਸਸ ਨੇ ਤਿਆਰ ਕੀਤਾ ਹੈ। ਅਵਤਾਰ ਲਾਖਾ ਨੇ ਕਿਹਾ ਕਿ ਇਹ ਟਰੈਕ 29 ਨਵੰਬਰ ਨੂੰ ਹੀ ਤਿਆਰ ਹੋਇਆ ਹੈ ਜੋ ਇਤਿਹਾਸਕ ਟਰੈਕ ਸਿੱਧ ਹੋਵੇਗਾ।




ਤੰਦੂਰੀਏ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਅਤੇ ਕਿਚਨ ਹੈਲਪਰ ਦੀ ਲੋੜ ਹੈ।
* ਚੰਗੀ ਤਨਖਾਹ ਅਤੇ ਰਿਹਾਇਸ਼ ਫਰੀ

ਚਾਹਵਾਨ ਕਾਲ ਕਰੋ:
ਮਿ. ਸਿੰਘ ਫੋਨ: 515-291-1961

ਡਰਾਈਵਰਾਂ ਲਈ ਸੁਨਹਿਰੀ ਮੌਕਾ!
ਅਸੀਂ ਆਪਣੀ ਕੰਪਨੀ ਲਈ ਡਰਾਈਵਰ ਭਰਤੀ ਕਰ ਰਹੇ ਹਾਂ।

Prestige Freight



ਮਿਸ਼ੀਗਨ ਟਰਮੀਨਲ ਲਈ ਸਾਨੂੰ ਓ ਟੀ ਆਰ ਡਰਾਈਵਰਾਂ ਦੀ ਲੋੜ ਹੈ। ਮਿਸ਼ੀਗਨ ਤੋਂ ਟੈਕਸਸ ਅਤੇ ਟੈਕਸਸ ਤੋਂ ਮਿਸ਼ੀਗਨ ਲਈ ਪੱਕੇ ਲੋਡ।

WE'RE HIRING!
OTR Drivers
Michigan Terminal
MI to TX dedicated runs

Contact Us For Details
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
+1 (734) 209-1964
+1 (734) 228 6300



UMA TRAVELS
2535 West Devon Ave.,
Chicago, IL 60659

For Delhi-Bombay Ahmedabad, Hydrabad-Madras
Call For Special Sale Fares
Call: 773-338-5603

# Matrimonials

## ਲੜਕੇ ਦੀ ਲੋੜ ਹੈ

looking for a USA Citizen match for 6/1988 born, 5'9' divorced girl and has one child living with. She has completed her nursing associate in India, currently working in India and holding a Canada visitor visa. The girl belongs to Punjab (Ludhiana). Please contact us at: Cell 262-960-7366. 47-49

Jat Sikh family seeks a comparable match from a progressive family for their 1991 born, 5' 7", US-born daughter. Her background is in chemical engineering, and she is currently a department manager at a Fortune 500 multinational corporation. She lives in Chicago. Please contact with details at surjitkaur1937@outlook.com or 224-422-4773. 44-47

## ਲੜਕੀ ਦੀ ਲੋੜ ਹੈ

Arora family seeks a compatible match for their 33 years, 5'11" handsome turbaned son. Boy has done Masters (Data science and Analytics) from University of Illinois Urbana Champaign & working as a Software engineer in reputed company in Chicago. He is willing to relocate within United States. He is on H1B visa and green card (I-140) is under process. Cast no bar. Please Contact us at +1 2176488985 (Call/ WhatsApp), +91 9289886133 (whatsapp) or Email at: tejveeraroras@gmail.com 47-50

Jat Sikh parents looking for a suitable match for their 27, 6'-0" son, born & raised in the US. He is currently an AVP for an investment bank and resides in Chicago. Looking for a match from Jat Sikh family, U.S. or Canadian Citizen. Please contact us at 1-224-545-1048 or singhpaul696@gmail.com 45-48

Seeking gursikh and educated match for Saini sikh turbaned boy. 97 born, 5'4". B.Tech from IIT, Guwahati. Working as Sr. Engineer in MNC in Bangalore. Serious enquiries, please contact us at: 765-570-0149 (USA) or 98182-87307 (INDIA) 44-47

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

ਅਮਰੀਕਾ 'ਚ ਵੈਲ ਸੈਟਲਡ, ਗੁਰਸਿੱਖ ਪਰਿਵਾਰ ਨੂੰ ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ, 1987 ਬੌਰਨ, ਕੱਦ 5'-11", ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸੌਫਟਵੇਅਰ ਇੰਜਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ, ਵੈਲ ਸੈਟਲਡ, ਸਾਨਫਰਾਂਸਿਸਕੋ, ਬੇ ਏਰੀਆ, ਕੈਲੇਫੋਰਨੀਆ (ਅਮਰੀਕਾ) 'ਚ ਆਪਣੇ ਘਰ ਦੇ ਮਾਲਕ, ਵਿਆਹ ਤੋਂ ਸਿਰਫ 4 ਮਹੀਨੇ ਵਿਚ ਇਨੋਸੈਂਟਲੀ ਡੀਵੋਰਸਡ (ਕੋਈ ਬੱਚਾ ਨਹੀਂ), ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ-ਲਿਖੀ, ਸੋਹਣੀ, ਵੈਸ਼ਨੂੰ, ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਵਧੇਰੇ ਜਾਣਕਾਰੀ ਲਈ 1-510-281-7065 ਜਾਂ ਵ੍ਹਟਸਐਪ +91-98993-79442 'ਤੇ ਫੋਨ ਕਰ ਸਕਦੇ ਹੋ ਜਾਂ ਆਪਣੇ ਵੇਰਵੇ ਈਮੇਲ cjsingh55@gmail.com 'ਤੇ ਭੇਜ ਸਕਦੇ ਹੋ। 41-44

ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease, At any Age, Try Alternative Treatment

Homeopathic Natural Medicines — Serving Since 1973


Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577 State of CA

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746

# ਅਮਨ ਅਰੋੜਾ ਵਲੋਂ ਕਿਸਾਨਾਂ ਦੇ ਹੱਕੀ ਸੰਘਰਸ਼ ਦੀ ਹਮਾਇਤ

## ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਮੰਨੇ



ਚੰਡੀਗੜ੍ਹ: ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਰ ਅਰੋੜਾ ਨੇ ਪਿਛਲੇ ਦਸ ਮਹੀਨਿਆਂ ਤੋਂ ਸ਼ੰਭੂ ਅਤੇ ਘਨੌਰੀ ਸਰਹੱਦ ਤੇ ਪ੍ਰਦਰਸ਼ਨ ਕਰ ਰਹੇ ਪੰਜਾਬ ਦੇ ਕਿਸਾਨਾਂ ਨਾਲ ਇੱਕਜੁੱਟਤਾ ਦਾ ਪ੍ਰਗਟਾਵਾ ਕੀਤਾ ਹੈ।

ਉਹਨਾਂ ਕੇਂਦਰ ਸਰਕਾਰ ਨੂੰ ਉਹਨਾਂ ਦੀਆਂ ਮੰਗਾਂ ਤੁਰੰਤ ਮੰਨ ਲੈਣ ਦੀ ਅਪੀਲ ਕੀਤੀ। ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਦੇ ਸ਼ੰਭੂ ਸਰਹੱਦ ਤੋਂ ਦਿੱਲੀ ਵੱਲ ਸ਼ਾਂਤਮਈ ਮਾਰਚ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ ।ਪਿਛਲੇ 10 ਮਹੀਨਿਆਂ ਤੋਂ ਕਿਸਾਨ ਜਥੇਬੰਦੀਆਂ ਤੇ ਉਹਨਾਂ ਦੇ ਸਮਰਥਕ ਸ਼ੰਭੂ ਅਤੇ ਖਨੌਰੀ ਸਰਹੱਦ ਤੇ ਬੈਠ ਕੇ ਜਾਇਜ਼ ਮੰਗਾਂ ਨੂੰ ਉਠਾ ਰਹੇ ਹਨ। ਪਰ ਲੱਗਦਾ ਹੈ ਕਿ ਕੇਂਦਰ ਸਰਕਾਰ ਉਹਨਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦੇਣਾ ਚਾਹੁੰਦੀ। ਅਰੋੜਾ ਨੇ ਕੇਂਦਰ ਅਤੇ ਹਰਿਆਣਾ ਸਰਕਾਰ ਵੱਲੋਂ ਕਿਸਾਨਾਂ ਵਿਰੁੱਧ ਕੀਤੀ ਜਾ ਰਹੀ ਕਾਰਵਾਈ ਦੀ ਨਿਖੇਧੀ ਕਰਦਿਆਂ ਇਸ ਨੂੰ ਇਸ ਅਸੰਵਿਧਾਨਿਕ ਅਤੇ ਮੰਦਭਾਗਾ ਕਰਾਰ ਦਿੱਤਾ।

# ਭਾਜਪਾ ਕਿਸਾਨਾਂ ਬਾਰੇ ਆਪਣਾ ਵਤੀਰਾ ਬਦਲੇ: ਹਰਪਾਲ ਸਿੰਘ ਚੀਮਾ



ਚੰਡੀਗੜ੍ਹ: ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਹੈ ਕਿ ਭਾਜਪਾ ਕਿਸਾਨਾਂ ਨੂੰ ਨਫਰਤ ਨਾਲ ਦੇਖਣਾ ਬੰਦ ਕਰੇ ।ਇਹ ਨਜ਼ਰੀਆ ਬਦਲਣ ਅਤੇ ਮਾਮਲੇ ਹੱਲ ਕਰਨ ਦਾ ਸਮਾਂ ਹੈ।

ਉਹਨਾਂ ਕਿਹਾ ਕਿ ਭਾਜਪਾ ਨੇ ਇਤਿਹਾਸਿਕ ਤੌਰ ਤੇ ਦੇਸ਼ ਦੇ ਕਿਸਾਨਾਂ ਪ੍ਰਤੀ ਬੇਰੁਖੀ ਦਿਖਾਈ ਹੈ। ਪਰ ਹੁਣ ਸਮਾਂ ਆ ਗਿਆ ਹੈ ਕਿ ਭਾਜਪਾ ਕਿਸਾਨਾਂ ਅਤੇ ਪੰਜਾਬ ਪ੍ਰਤੀ ਆਪਣੀ ਸੋਚ ਬਦਲੇ।

ਕਿਸਾਨਾਂ ਦੀਆਂ ਸ਼ਿਕਾਇਤਾਂ ਨੂੰ ਸੁਣੇ ਅਤੇ ਉਹਨਾਂ ਦੇ ਮਸਲਿਆਂ ਦਾ ਠੋਸ ਹੱਲ ਕੱਢੇ।

# ਸੁਖਬੀਰ ਸਿੰਘ ਬਾਦਲ ਉੱਤੇ ਹੋਏ ਹਮਲੇ ਪਿੱਛੇ ਸਰਕਾਰ ਦਾ ਹੱਥ: ਅਕਾਲੀ ਦਲ

ਚੰਡੀਗੜ੍ਹ: ਸੁਖਬੀਰ ਸਿੰਘ ਬਾਦਲ ਉੱਤੇ ਹੋਏ ਹਮਲੇ ਦੀ ਅਸਫ਼ਲ ਕੋਸ਼ਿਸ਼ ਤੋਂ ਬਾਅਦ ਚੰਡੀਗੜ੍ਹ ਵਿੱਚ ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੀ ਇੱਕ ਹੰਗਾਮੀ ਮੀਟਿੰਗ ਹੋਈ ਜਿਸ ਦੀ ਪ੍ਰਧਾਨਗੀ ਬਲਵਿੰਦਰ ਸਿੰਘ ਭੂੰਦੜ ਨੇ ਕੀਤੀ। ਲਗਭਗ ਦੋ ਘੰਟੇ ਚੱਲੀ ਇਸ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲਵਿੰਦਰ ਸਿੰਘ ਭੂੰਦੇ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਪੁਲਿਸ ਵੱਲੋਂ ਕੀਤੀ ਜਾ ਰਹੀ ਜਾਂਚ ਨੂੰ ਸ਼੍ਰੋਮਣੀ ਅਕਾਲੀ ਦਲ ਸਿਰੇ ਤੋਂ ਰੱਦ ਕਰਦਾ ਹੈ। ਬਿਕਰਮ ਸਿੰਘ ਮਜੀਠੀਆ ਨੇ ਅੰਮ੍ਰਿਤਸਰ ਦੇ ਐਸਪੀ ਹਰਪਾਲ ਸਿੰਘ ਰੰਧਾਵਾ ਉੱਤੇ ਇੱਕ ਵਾਰ ਫਿਰ ਸਵਾਲ ਖੜੇ ਕੀਤੇ ਹਨ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹਮਲਾਵਰ ਨੂੰ ਸੁਖਬੀਰ ਸਿੰਘ ਬਾਦਲ ਤੱਕ ਪਹੁੰਚਣ ਦਾ ਰਾਹ ਦਿਖਾਉਂਦੀ ਰਹੀ ਹੈ ਤੇ ਐਸਪੀ ਹਰਪਾਲ ਸਿੰਘ ਰੰਧਾਵਾ ਨੇ ਇਸ ਮਾਮਲੇ ਚ ਵੱਡੀ ਭੂਮਿਕਾ ਨਿਭਾਈ ਹੈ। ਉਹਨਾਂ ਦੱਸਿਆ ਕਿ ਕਿਵੇਂ ਸੇਵਾ ਦੇ ਪਹਿਲੇ ਦਿਨ ਐਸਪੀ ਨੇ ਯੂਥ ਅਕਾਲੀ ਦਲ ਦੇ ਆਗੂਆਂ ਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਨੂੰ ਸੁਖਬੀਰ ਸਿੰਘ ਬਾਦਲ ਤੋਂ ਦੂਰ ਰਹਿਣ ਵਾਸਤੇ ਆਖਿਆ ਸੀ ਅਤੇ ਖੁਦ ਨਰਾਇਣ ਸਿੰਘ ਚੌੜਾ ਨਾਲ ਹੱਥ ਮਿਲਾਉਂਦਾ ਦੇਖਿਆ ਗਿਆ ਸੀ।

ਪਾਰਟੀ ਆਗੂ ਡਾਕਟਰ ਦਿਲਜੀਤ ਸਿੰਘ ਚੀਮਾ ਨੇ ਕਿਹਾ ਕਿ ਇੱਕ ਵੱਡੀ ਸਾਜਿਸ਼ ਤਹਿਤ ਅਕਾਲੀ ਦਲ ਦੇ ਪ੍ਰਧਾਨ ਉੱਤੇ ਕਾਤਲਾਨਾ

ਹਮਲਾ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਅਜਿਹੇ ਹਾਲਾਤ ਪੈਦਾ ਕਰਕੇ ਪੰਜਾਬ ਨੂੰ ਮੁੜ ਪੁਰਾਣੇ ਦੌਰ ਵਿੱਚ ਧੱਕਿਆ ਜਾ ਰਿਹਾ ਹੈ। ਸੀਨੀਅਰ ਅਕਾਲੀ ਆਗੂਆਂ ਨੇ ਅਕਾਲੀ ਦਲ ਸੁਧਾਰ ਲਹਿਰ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਦੀ ਮੋਗਾ ਵਿਚ ਦਲ ਖਾਲਸਾ ਦੇ ਪ੍ਰੋਗਰਾਮ ਚ ਹਾਜ਼ਰੀ ਉੱਤੇ ਵੀ ਸਵਾਲ ਚੁੱਕੇ ਹਨ। ਉਹਨਾਂ




ਕਿਹਾ ਕਿ ਦਲ ਖਾਲਸਾ ਜਥੇਬੰਦੀ ਤਾਂ ਸੰਵਿਧਾਨ ਚ ਹੀ ਵਿਸ਼ਵਾਸ ਨਹੀਂ ਰੱਖਦੀ ਅਤੇ ਖਾਲਿਸਤਾਨ ਦੀ ਹਮਾਇਤੀ ਹੈ। ਤੇ ਇਸ ਲਈ ਸਰਦਾਰ ਵਡਾਲਾ ਨੂੰ ਦੋਵੇਂ ਮੁੱਦਿਆਂ ਤੇ ਆਪਣਾ ਸਪਸ਼ਟੀਕਰਨ ਦੇਣਾ ਚਾਹੀਦਾ ਹੈ। ਕੋਰ ਕਮੇਟੀ ਨੇ ਏਐਸਆਈ ਜਸਵੀਰ ਸਿੰਘ ਤੇ ਉਹਨਾਂ ਦੇ ਸਾਥੀਆਂ ਵੱਲੋਂ ਦਿਖਾਈ ਗਈ ਚੌਕਸੀ ਤੇ ਸਵੈ ਸਮਰਪਣ ਦੀ ਭਾਵਨਾ ਦੀ ਸ਼ਲਾਘਾ ਕੀਤੀ ਜਿਸ ਦੇ ਯਤਨ ਸਦਕਾ ਸੁਖਬੀਰ ਸਿੰਘ ਬਾਦਲ ਉੱਤੇ ਹੋਏ ਕਾਤਲਾਨਾ ਹਮਲੇ ਨੂੰ ਅਸਫ਼ਲ ਬਣਾਇਆ ਜਾ ਸਕਿਆ। ਹਾਲਾਂਕਿ ਜਸਬੀਰ ਸਿੰਘ ਉਸ ਦਿਨ ਅਧਿਕਾਰਤ ਤੌਰ ਤੇ ਡਿਊਟੀ ਤੇ ਹਾਜ਼ਰ ਹੀ ਨਹੀਂ ਸੀ ਤੇ ਉਹ ਆਪਣੀ ਮਰਜ਼ੀ ਨਾਲ ਹੀ ਸ੍ਰੀ ਦਰਬਾਰ ਸਾਹਿਬ ਆਇਆ ਸੀ।

ਆਗੂਆਂ ਨੇ ਕਿਹਾ ਕਿ ਉਹ ਅੰਮ੍ਰਿਤਸਰ ਪੁਲਿਸ ਦੇ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਵੱਲੋਂ ਕੀਤੇ ਦਾਅਵੇ ਮੁਤਾਬਕ ਤਾਇਨਾਤ 175 ਪੁਲਿਸ ਮੁਲਾਜ਼ਮਾ ਦਾ ਹਿੱਸਾ ਨਹੀਂ ਸੀ। ਇਸ ਮੌਕੇ ਬੀਬਾ ਹਰਸਿਮਰਤ ਕੌਰ ਬਾਦਲ, ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ, ਪਰਮਜੀਤ ਸਿੰਘ ਸਰਨਾ, ਜਨਮੇਜਾ ਸਿੰਘ ਸੇਖੋਂ, ਗੋਬਿੰਦ ਸਿੰਘ ਲੌਂਗੋਵਾਲ, ਮਹੇਸ਼ ਇੰਦਰ ਸਿੰਘ ਗਰੇਵਾਲ ਗੁਲਜ਼ਾਰ ਸਿੰਘ ਰਾਣੀਕੇ, ਸ਼ਰਨਜੀਤ ਸਿੰਘ ਢਿੱਲੋਂ, ਹੀਰਾ ਸਿੰਘ ਗਾਬੜੀਆ, ਗੁਰਚਰਨ ਸਿੰਘ ਬੱਬੇਵਾਲੀ, ਮਨਤਾਰ ਸਿੰਘ ਬਰਾੜ, ਮਨਜੀਤ ਸਿੰਘ ਜੀਕੇ ,ਦਰਬਾਰਾ ਸਿੰਘ ਗੁਰੂ, ਐਨ.ਕੇ. ਸ਼ਰਮਾ, ਸਰਬਜੀਤ ਸਿੰਘ ਝਿੰਜਰ, ਗੁਰਪ੍ਰੀਤ ਸਿੰਘ ਰਾਜੂ ਖੰਨਾ, ਪਰਮਹੰਸ ਸਿੰਘ ਬੰਟੀ ਰੁਮਾਣਾ, ਬੀਬੀ ਹਰਗੋਬਿੰਦ ਕੌਰ ਆਦਿ ਆਗੂ ਹਾਜ਼ਰ ਸਨ।

ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਦਲਜੀਤ ਸਿੰਘ ਚੀਮਾ ਨੇ ਮੀਟਿੰਗ ਤੋਂ ਬਾਅਦ ਐਲਾਨ ਕੀਤਾ ਕਿ ਪਾਰਟੀ ਪੰਜਾਬ ਦੀਆਂ ਨਗਰ ਨਿਗਮ ਚੋਣਾਂ ਲੜੇਗੀ ਜਦੋਂ ਕਿ ਪਿਛਲੇ ਮਹੀਨੇ ਹੋਈਆਂ ਉਪ ਚੋਣਾਂ ਨਾ ਲੜਨ ਦਾ ਫੈਸਲਾ ਕੀਤਾ ਗਿਆ ਸੀ। ਡਾਕਟਰ ਚੀਮਾ ਨੇ ਐਲਾਨ ਕੀਤਾ ਕਿ ਆਉਣ ਵਾਲੀਆਂ ਪੰਜ ਨਗਰ ਨਿਗਮਾਂ ਅਤੇ 43 ਨਗਰ ਕੌਂਸਲਾਂ ਦੀਆਂ ਚੋਣਾਂ ਵਿੱਚ ਅਕਾਲੀ ਦਲ ਆਪਣੇ ਉਮੀਦਵਾਰ ਖੜੇ ਕਰੇਗਾ।

## ਪ੍ਰਧਾਨ ਮੰਤਰੀ ਨੂੰ ਜਾਨੋਂ ਮਾਰਨ ਦੀ ਧਮਕੀ

ਮੁੰਬਈ: ਮੁੰਬਈ ਪੁਲੀਸ ਨੂੰ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜਾਨੋਂ ਮਾਰਨ ਦੀ, ਧਮਕੀ ਦੇਣ ਵਾਲਾ ਇੱਕ ਸੁਨੇਹਾ ਮਿਲਿਆ ਹੈ। ਇੱਕ ਅਧਿਕਾਰੀ ਨੇ ਦੱਸਿਆ ਕਿ ਜਿਸ ਨੰਬਰ ਤੋਂ ਸੁਨੇਹਾ ਭੇਜਿਆ ਗਿਆ ਸੀ, ਉਸ ਦਾ ਪਤਾ ਰਾਜਸਥਾਨ ਦੇ ਅਜ਼ਮੇਰ 'ਚ ਲਾਇਆ ਗਿਆ ਹੈ ਅਤੇ ਮਸ਼ਕੂਕ ਨੂੰ ਫੜਨ ਲਈ ਤੁਰੰਤ ਪੁਲੀਸ ਦੀ ਇੱਕ ਟੀਮ ਉਥੇ ਭੇਜੀ ਗਈ ਹੈ। ਉਨ੍ਹਾਂ ਦੱਸਿਆ ਕਿ ਟਰੈਫਿਕ ਪੁਲੀਸ ਦੀ ਹੈਲਪਲਾਈਨ 'ਤੇ ਤੜਕੇ ਮਿਲੇ ਵੱਟਸਐਪ ਸੁਨੇਹੇ 'ਚ ਦੇ ਆਈਐੱਸਆਈ ਏਜੰਟਾਂ ਤੋਂ ਮੋਦੀ ਨੂੰ ਨਿਸ਼ਾਨਾ ਬਣਾਉਣ ਲਈ ਬੰਬ ਧਮਾਕੇ ਦੀ ਸਾਜ਼ਬਿ ਦਾ ਜ਼ਕਿਰ ਕੀਤਾ ਗਿਆ ਹੈ। ਅਧਿਕਾਰੀ ਨੇ ਦੱਸਿਆ ਕਿ ਜਾਂਚਕਰਤਾਵਾਂ ਨੂੰ ਸ਼ੱਕ ਹੈ ਕਿ ਧਮਕੀ ਭਰਿਆ ਸੁਨੇਹਾ ਭੇਜਣ ਵਾਲਾ ਵਿਅਕਤੀ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੈ ਜਾਂ ਫਿਰ ਸ਼ਰਾਬ ਦੇ ਨਸ਼ੇ 'ਚ ਸੀ।ਪਰ ਅਗਲੇਰੀ ਜਾਂਚ ਜਾਰੀ ਹੈ। ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਕੇਸ ਦਰਜ ਕਰ ਲਿਆ ਗਿਆ ਹੈ। ਮੁੰਬਈ ਟਰੈਫ਼ਿਕ ਪੁਲੀਸ ਦੀ ਹੈਲਪਲਾਈਨ 'ਤੇ ਪਹਿਲਾਂ ਵੀ ਕਈ ਵਾਰ ਫਰਜ਼ੀ ਧਮਕੀ ਭਰੇ ਸੁਨੇਹੇ ਆ ਚੁੱਕੇ ਹਨ।



# ਪਾਕ ਸਮਰਥਕ ਅੱਤਵਾਦੀ ਗਰੋਹ ਦੇ 10 ਮੈਂਬਰ ਗ੍ਰਿਫ਼ਤਾਰ

ਅੰਮ੍ਰਿਤਸਰ: ਪੁਲਿਸ ਅਦਾਰੇ ਉੱਤੇ ਹੋਣ ਵਾਲਾ ਸੰਭਾਵੀ ਗਰਨੇਡ ਹਮਲਾ ਉਸ ਵੇਲੇ ਟਲ ਗਿਆ ਜਦੋਂ ਪਾਕਿਸਤਾਨ ਸਮਰਥਕ ਅੱਤਵਾਦੀ ਗਰੋਹ ਦੇ 10 ਮੈਂਬਰਾਂ ਨੂੰ ਅੰਮ੍ਰਿਤਸਰ ਪੁਲਿਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ।

ਇਹ ਪ੍ਰਗਟਾਵਾ ਇੱਥੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਦੱਸਿਆ ਕਿ ਗ੍ਰਿਫਤਾਰ ਕੀਤੇ 10 ਮੈਂਬਰਾਂ ਚੋਂ ਚਾਰ ਪਾਕਿਸਤਾਨੀ ਸਮਰਥਕ ਗਰੋਹ ਹਰਵਿੰਦਰ ਰਿੰਦਾ ਅਤੇ ਵਿਦੇਸ਼ ਅਧਾਰਤ ਹੈਪੀ ਪਾਸੀਅਨ ,ਜੀਵਨ ਫੌਜੀ ਤੇ ਜਸ਼ਨਪ੍ਰੀਤ ਲਾਲ ਦੁਆਰਾ ਸੰਚਾਲਤ ਅੱਤਵਾਦੀ ਗਰੋਹ ਦੇ ਮੁੱਖ ਸੰਚਾਲਕ ਸਨ। ਇਹਨਾਂ ਚੋਂ ਦੋ ਬਟਾਲਾ ਵਿੱਚ ਇੱਕ ਪੁਲਿਸ ਅਧਿਕਾਰੀ ਦੀ ਰਿਹਾਇਸ਼ ਤੇ ਹਮਲੇ ਦੇ ਮਾਮਲੇ ਵਿੱਚ ਵੀ ਸ਼ਾਮਿਲ ਸਨ। ਗ੍ਰਿਫਤਾਰ ਕੀਤੇ ਚਾਰ ਪ੍ਰਮੁੱਖ ਕਾਰਕੁਨਾਂ ਦੀ



ਸ਼ਨਾਖਤ ਅਮਰਜੀਤ ਸਿੰਘ ਵਾਸੀ ਅਵਾਨ ਰਮਦਾਸ, ਲਵਪ੍ਰੀਤ ਸਿੰਘ ਉਰਫ ਲਵ ਵਾਸੀ ਪੇਰੇਵਾਲ,ਬਸੰਤ ਸਿੰਘ ਅਤੇ ਅਮਨਪ੍ਰੀਤ ਸਿੰਘ ਉਰਫ ਅਮਨ ਦੋਵੇਂ ਵਾਸੀ ਬਾਬਾ ਬਕਾਲਾ ਸਾਹਿਬ ਵਜੋਂ ਹੋਈ ਹੈ। ਜਦੋਂ ਕਿ ਉਨਾਂ ਦੀ ਮਦਦ ਕਰਨ ਵਾਲੇ ਛੇ ਹੋਲਡਰਾਂ ਦੀ ਪਛਾਣ ਬਰਿੰਦਰ ਪਾਲ ਸਿੰਘ ਉਰਫ ਮਨੀ ਅਤੇ ਰਾਜਵੀਰ ਸਿੰਘ ਉਰਫ ਰਾਜੂ ਦੋਵੇਂ ਵਾਸੀ ਕਟੇਲ ਭਗਵਾਨਪੁਰਾ, ਮਸੀਹ ਉਰਫ ਭੰਬੋ ਬਟਾਲਾ ਤੇ ਡੇਰਾ ਬਾਬਾ ਨਾਨਕ ਦੇ ਰਹਿਣ ਵਾਲੇ ਹਨ। ਹੋਰਾਂ ਦੀ ਪਛਾਣ ਦਿਲਪ੍ਰੀਤ ਸਿੰਘ ਉਰਫ ਮੱਲਾਂ ਹਰਜੋਤ ਸਿੰਘ ਉਰਫ ਮਿੱਠੂ ਅਤੇ ਜੋਇਲ ਮਸੀਹ ਉਰਫ ਰੋਹਨ ਉਰਫ ਨੋਨੀ ਵਜੋਂ ਹੋਈ ਹੈ।

ਸੀਪੀ ਭੁੱਲਰ ਨੇ ਦੱਸਿਆ ਕਿ ਮੋਡਿਊਲ ਦੀਆਂ ਜਥੇਬੰਦੀਆਂ ਬਾਰੇ ਭਰੋਸੇਯੋਗ ਸੂਚਨਾ ਦੇ ਆਧਾਰ ਤੇ ਕਾਰਵਾਈ ਕੀਤੀ ਗਈ ਹੈ ਅਤੇ ਅੰਮ੍ਰਿਤਸਰ ਦਿਹਾਤੀ ਬਟਾਲਾ ਅਤੇ ਅੰਮ੍ਰਿਤਸਰ ਸ਼ਹਿਰ ਦੇ ਰਮਦਾਸ ਖੇਤਰ ਸਮੇਤ ਵੱਖ-ਵੱਖ ਖੇਤਰਾਂ ਤੋਂ ਸਾਰੇ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਹਨਾਂ ਕੋਲੋਂ ਇੱਕ ਹੈਂਡ ਗਰਨੇਡ, ਤਿੰਨ ਪਿਸਤੌਲ ਅਤੇ ਡਰੋਨ ਬਰਾਮਦ ਕੀਤਾ। ਉਹਨਾਂ ਦੱਸਿਆ ਕਿ ਇਹਨਾਂ ਚੋਂ ਦੋ ਮੁਲਜ਼ਮ ਬਸੰਤ ਸਿੰਘ ਅਤੇ ਅਮਨਪ੍ਰੀਤ ਸਿੰਘ ਉਰਫ ਅਮਨ ਦੀ ਗ੍ਰਿਫਤਾਰੀ ਨਾਲ ਪੁਲਿਸ ਨੇ 28 ਨਵੰਬਰ ਨੂੰ ਬਟਾਲਾ ਵਿੱਚ ਇੱਕ ਪੁਲਿਸ ਅਧਿਕਾਰੀ ਦੀ ਰਿਹਾਇਸ਼ ਤੇ ਹੋਏ ਹਮਲੇ ਦਾ ਮਾਮਲਾ ਵੀ ਸੁਲਝਾ ਲਿਆ ਗਿਆ ਹੈ। ਉਹਨਾਂ ਕਿਹਾ ਕਿ ਪੁਲਿਸ ਟੀਮਾਂ ਨੇ ਇਸ ਮਡਿਊਲ ਦੇ ਇੱਕ ਹੋਰ ਮੁੱਖ ਸੰਚਾਲਕ ਦੀ ਦੀ ਵੀ ਪਛਾਣ ਕਰ ਲਈ ਹੈ। ਇਸ ਮੌਕੇ ਸੀਆਈਏ ਦੇ ਇੰਚਾਰਜ ਅਮੋਲਕਦੀਪ ਸਿੰਘ ਅਤੇ ਇੰਸਪੈਕਟਰ ਅਮਨਦੀਪ ਸਿੰਘ ਵੀ ਹਾਜ਼ਰ ਸਨ।

# ਸੁਖਬੀਰ ਸਿੰਘ ਬਾਦਲ ਉਤੇ ਹਮਲਾ ਕਿਉਂ ਹੋਇਆ?

## ਸਿਆਸੀ ਮਾਹਿਰਾਂ ਦੇ ਵਿਸ਼ਲੇਸ਼ਣ

ਸੁਖਬੀਰ ਸਿੰਘ ਬਾਦਲ ਉੱਤੇ ਹੋਏ ਕਾਤਲਾਨਾ ਹਮਲੇ ਦੇ ਕਾਰਨਾਂ ਅਤੇ ਹਮਲੇ ਉਪਰੰਤ ਪੈਦਾ ਹੋ ਰਹੀਆਂ ਸਥਿਤੀਆਂ ਬਾਰੇ ਸਿਆਸੀ ਮਾਹਿਰ ਕਈ ਤਰ੍ਹਾਂ ਦੇ ਕਿਆਫ਼ੇ ਲਗਾ ਰਹੇ ਹਨ।

ਉਘੇ ਸਿਆਸੀ ਮਾਹਿਰ ਨਵਚੇਤਨ ਦਾ ਵਿਚਾਰ ਹੈ ਕਿ ਜਿਸ ਤਰ੍ਹਾਂ ਸਾਰੀ ਦੀ ਸਾਰੀ ਅਕਾਲੀ ਸਿਆਸਤ ਨੂੰ ਪੰਜਾਬ ਅਤੇ ਪੰਜਾਬੀਅਤ ਦੇ ਨਾਅਰੇ ਤੋਂ ਪਰਾਂ ਕਰਕੇ ਸਿਰਫ਼ ਤੇ ਸਿਰਫ਼ ਪੰਥਕ ਸਫਾਂ ਤੱਕ ਸੀਮਤ ਕਰ ਦੇਣ ਦੇ ਯਤਨ ਹੋ ਰਹੇ ਹਨ, ਹਨ ਉਸ ਤੋਂ ਇਹ ਕਸ਼ਮਕਸ਼ ਪੰਜਾਬ ਵਿੱਚ ਸੱਤਾ ਪ੍ਰਾਪਤੀ ਦੀ ਘੱਟ ਅਤੇ ਐਸਜੀਪੀਸੀ ਉੱਤੇ ਕਬਜ਼ੇ ਦੀ ਵੱਧ ਜਾਪਦੀ ਹੈ।

-ਅਕਾਲੀ ਦਲ ਦੇ ਮੌਜੂਦਾ ਢਾਂਚੇ ਅਤੇ ਇਸ ਦੀ ਲੀਡਰਸ਼ਿਪ ਵਿੱਚ ਇਕੱਤਰ ਸੌ ਕਮੀਆਂ ਦੇ ਬਾਵਜੂਦ ਵਿਰੋਧੀ ਧੜੇ ਦੇ ਦਾਣੇ ਵਿਕੇ ਹੋਏ ਨਜ਼ਰ ਆਉਂਦੇ ਹਨ। ਉਹਨਾਂ ਨੂੰ ਇਹ ਲੱਗਦਾ ਹੈ ਕਿ ਜੇ ਪਾਰਟੀ ਉੱਤੇ ਕਬਜ਼ਾ ਹੋ ਜਾਵੇ ਤਾਂ ਲੋਕ ਉਹਨਾਂ ਨੂੰ ਹੱਥੋ ਹੱਥ ਸਵੀਕਾਰ ਕਰ ਲੈਣਗੇ ਉਹ ਵੀ ਬਿਨਾਂ ਕਿਸੇ ਏਜੰਡੇ ਦੇ। ਇਹਨਾਂ ਸੱਜਣਾਂ ਨੂੰ 1994 ਦੇ ਹਾਲਾਤਾਂ ਤੇ ਜ਼ਰੂਰ ਹੀ ਨਿਗਾ ਮਾਰ ਲੈਣੀ ਚਾਹੀਦੀ। ਉਸ ਵੇਲੇ ਪ੍ਰਕਾਸ਼ ਸਿੰਘ ਬਾਦਲ ਕੋਲ ਨਾ ਪਾਰਟੀ ਸੀ ਤੇ ਨਾ ਹੀ ਅਕਾਲ ਤਖਤ ਦਾ ਸਮਰਥਨ। ਸਗੋਂ ਅਕਾਲ ਤਖਤ ਉੱਤੇ ਕਾਬਜ਼ ਧਿਰ ਤਾਂ ਬਾਦਲ ਦੇ ਬਿਲਕੁਲ ਵਿਰੋਧ ਵਿੱਚ ਖੜੀ ਸੀ। ਜਦੋਂ ਲੋਕਾਂ ਦੀ ਲਾਮਬੰਦੀ ਪ੍ਰਕਾਸ਼ ਸਿੰਘ ਬਾਦਲ ਪਿੱਛੇ ਹੁੰਦੀ ਹੈ ਤਾਂ ਉਸ ਦਾ ਅਸਲ ਕਾਰਨ ਪ੍ਰਕਾਸ਼ ਸਿੰਘ ਬਾਦਲ ਦਾ ਨਵਿਆਇਆ ਹੋਇਆ ਏਜੰਡਾ ਸੀ। ਅਕਾਲੀ ਦਲ ਦਾ ਅਸਲ ਮਕਸਦ ਆਪਣੇ ਏਜੰਡੇ ਨੂੰ ਹਾਲਾਤ ਮੁਤਾਬਿਕ ਨਵਿਆਉਣ ਦਾ ਹੋਣਾ ਚਾਹੀਦਾ ਹੈ ਪਰ ਦੋਵਾਂ ਧੜਿਆਂ ਦੀ ਖੇਡ ਸਿਰਫ਼ ਤੇ ਸਿਰਫ਼ ਪ੍ਰਧਾਨਗੀ ਦੀਆਂ ਗੀਟੀਆਂ ਤੱਕ ਸੀਮਤ ਹੈ।

-ਸੁਖਬੀਰ ਸਿੰਘ ਬਾਦਲ ਉਤੇ ਹਮਲਾ ਕਰਨ ਵਾਲੀ ਧਿਰ ਕਿਹੜੀ ਹੈ? ਇਹ ਧਿਰ ਉਹ ਹੈ ਜੋ ਪਿਛਲੇ 40 ਸਾਲ ਤੋਂ ਪੰਜਾਬ ਨੂੰ ਖਵਾਰ ਕਰਨ ਲਈ ਯਤਨਸ਼ੀਲ ਹੈ ਤੇ ਜਿਸ ਦਾ ਇੱਕੋ ਇੱਕ ਮਕਸਦ ਹਰ ਵੇਲੇ ਭਾਜੜਾਂ ਪਾਈ ਰੱਖਣੀਆਂ ਹਨ। ਇਹ ਭਾਜੜਾਂ ਕਿਸੇ ਵੀ ਰੂਪ ਚ ਹੋ ਸਕਦੀਆਂ ਹਨ। ਕਦੇ ਰਿਫਰੈਂਡਮ ਰਾਹੀਂ ਸਾਰੀ ਕੌਮ ਨੂੰ ਅੰਤਰਰਾਸ਼ਟਰੀ ਪੱਧਰ ਤੇ ਖੁਆਰੋ ਜ਼ਲੀਲ ਕਰਨ ਦੀ ਕੋਸ਼ਿਸ਼ ਜਾਂ "ਜ਼ਿੰਦਾ ਸ਼ਹੀਦ" ਪੈਦਾ ਕਰਕੇ ਉਹਨਾਂ ਦੇ ਨਾਂ ਤੇ ਵੋਟਾਂ ਦੀ ਉਗਰਾਹੀ ਤੇ ਜਾਂ 'ਹਕੂਮਤ' ਨਾਲ ਮੱਥਾ ਲਾਉਣ ਵਰਗੇ ਨਾਅਰੇ ਲਾ ਕੇ ਨੌਜਵਾਨੀ ਨੂੰ ਉਕਸਾਉਣਾ। ਇਸ ਅਹਿਸਾਸ ਤੋਂ ਬਾਅਦ ਕਿ ਇਹ ਵਰਤਾਰੇ ਬੜੇ ਥੋੜ ਚਿਰੇ ਹਨ ਤੇ ਲੋਕਾਂ ਦੇ ਮਨਾਂ ਚੋਂ ਵਿਸਰ ਜਾਂਦੇ ਹਨ, ਇਸ ਧਿਰ ਦਾ ਅਸਲ ਮਕਸਦ ਪੰਜਾਬ ਦਾ ਝੁੱਗਾ ਚੌੜ ਕਰਵਾਉਣਾ ਹੈ। ਸੁਖਬੀਰ ਸਿੰਘ ਬਾਦਲ ਤੇ ਹਮਲਾ ਕਰਨ ਵਾਲਾ 'ਚੌੜਾ' ਇਸੇ ਧਿਰ ਦਾ ਨੁਮਾਇੰਦਾ ਹੈ।

-ਸੁਖਬੀਰ ਸਿੰਘ ਬਾਦਲ ਉੱਤੇ ਹਮਲਾ ਕਰਨ ਵਾਲੇ ਦੀ ਉਮਰ 70 ਸਾਲ ਹੈ। ਪੰਜਾਬ ਦੀ ਜਵਾਨੀ ਨੂੰ ਅੱਜ ਜੇ ਕੋਈ ਰਾਹ ਨਹੀਂ ਥਿਆਉਂਦਾ ਤਾਂ ਇਸ ਧੁੰਧੂਕਾਰੇ ਵਲ ਧੱਕਣ ਵਿੱਚ ਬਹੁਤ ਵੱਡਾ ਹੱਥ ਇਸ ਪੀੜੀ ਦਾ ਹੈ। ਇਸ ਵਿੱਚ ਕੁਝ ਸੋ ਕਾਲਡ ਨਾਮੀ ਸੀਨੀਅਰ ਪੱਤਰਕਾਰ ਅਤੇ ਆਪਣੇ ਆਪ ਨੂੰ ਪ੍ਰੋਫੈਸਰ ਅਖਵਾਉਣ ਵਾਲੇ ਲੋਕ ਵੀ ਸ਼ਾਮਿਲ ਹਨ ਜੋ ਝੂਠੇ ਤੱਥ ਇਜਾਦ ਕਰਕੇ ਪੰਜਾਬ ਦੀ ਜਵਾਨੀ ਨੂੰ ਗੁਮਰਾਹ ਕਰਨ ਵਿੱਚ ਵੱਡਾ ਹਿੱਸਾ ਪਾ ਰਹੇ ਹਨ।

-ਪੰਜਾਬ ਵਿੱਚ ਇੱਕ ਬਹੁਤ ਵੱਡਾ ਤੇ ਬਹੁ-ਗਿਣਤੀ ਤਬਕਾ ਹੈ ਜੋ ਇਸ ਹਲਾ ਹਲਾ ਵਿੱਚ ਯਕੀਨ ਨਹੀਂ ਰੱਖਦਾ। ਜੇ ਉਸ ਕੋਲ ਕੱਲ ਨੂੰ ਸਿਰਫ ਦੋ ਹੀ ਬਦਲ ਹੋਣ ਤੇ ਉਸ ਨੇ ਦੋਵਾਂ ਵਿੱਚੋਂ ਇੱਕ ਨੂੰ ਚੁਣਨਾ ਹੋਵੇ ਤਾਂ ਉਹ ਸੁਖਬੀਰ ਸਿੰਘ ਬਾਦਲ ਅਤੇ ਚੌੜੇ ਵਿੱਚੋਂ ਸੁਖਬੀਰ ਸਿੰਘ ਬਾਦਲ ਨੂੰ ਹੀ ਚੁਣੇਗਾ।

-ਸਿਆਸੀ ਪੱਖ ਤੋਂ , ਅਕਾਲੀ ਦਲ ਦਾ ਆਪਣੇ ਆਪ ਨੂੰ ਸਿਰਫ਼ ਤੇ ਸਿਰਫ਼ ਇੱਕ ਪੰਥਕ ਪਾਰਟੀ ਵਜੋਂ ਪੇਸ਼ ਕਰਨਾ ਸਿਆਸੀ ਆਤਮ ਘਾਤ ਤੋਂ ਘੱਟ ਨਹੀਂ ਹੈ। ਇਸ ਸਕ੍ਰਿਪਟ ਦਾ ਲੰਮੇ ਸਮੇਂ ਵਿੱਚ ਸਭ ਤੋਂ ਵੱਧ ਨੁਕਸਾਨ ਇਹ ਹੋਵੇਗਾ ਕਿ ਤੁਹਾਨੂੰ ਕਿਸੇ ਨਾ ਕਿਸੇ ਥਾਂ ਉੱਤੇ ਕਿਸੇ ਹੋਰ ਪਾਰਟੀ ਨਾਲ ਭਿਆਲੀ ਪਾਉਣੀ ਹੀ ਪਵੇਗੀ। ਮੌਜੂਦਾ ਹਾਲਤਾਂ ਵਿੱਚ ਇਹ ਪਾਰਟੀ ਭਾਜਪਾ ਤੋਂ ਬਿਨਾਂ ਕੋਈ ਨਜ਼ਰ ਨਹੀਂ ਆਉਂਦੀ।

-ਇਹੋ ਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਮਿਲ ਜਾਣਗੀਆਂ । ਸਿਆਸਤ ਵਿੱਚ ਆਪਣੀ ਗਲਤੀ ਨੂੰ ਮੰਨ ਲੈਣ ਵਾਲਾ ਕਦੇ ਵੀ ਬਹੁਤੇ ਨੁਕਸਾਨ ਵਿੱਚ ਨਹੀਂ ਰਹਿੰਦਾ। ਸੁਖਬੀਰ ਸਿੰਘ ਬਾਦਲ ਸਾਹਮਣੇ ਅਸਲੀ ਚੈਲੇਂਜ ਆਪਣੀ ਕਾਰਜ ਸ਼ੈਲੀ ਵਿੱਚ ਤਬਦੀਲੀ ਕਰਨ ਦਾ ਹੋਵੇਗਾ ਤੇ ਇਹ ਵੀ ਕਿ ਉਹ ਇਹਨਾਂ ਗਲਤੀਆਂ ਨੂੰ ਦੁਹਰਾਵੇ ਨਾ, ਪਰ ਕੀ ਇਹ ਸੰਭਵ ਹੈ?

# ਖਟਕੜ ਕਲਾਂ 'ਚ ਬਣਾਈ ਜਾਵੇਗੀ ਹੈਰੀਟੇਜ ਸਟਰੀਟ: ਸੌਂਦ



ਅੰਮ੍ਰਿਤਸਰ: ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰਨਪ੍ਰੀਤ ਸਿੰਘ ਸੌਂਦ ਨੇ ਕਿਹਾ ਹੈ ਕਿ ਸੂਬਾ ਸਰਕਾਰ ਵਲੋਂ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿੱਚ ਹੈਰੀਟੇਜ ਸਟਰੀਟ ਬਣਾਈ ਜਾਵੇਗੀ, ਜਿੱਥੇ ਆਉਣ ਵਾਲੇ ਸੈਲਾਨੀਆਂ ਨੂੰ ਸ਼ਹੀਦਾਂ ਦੇ ਇਤਿਹਾਸ ਬਾਰੇ ਪਤਾ ਲੱਗ ਸਕੇਗਾ ਅਤੇ ਖਟਕੜ ਕਲਾਂ ਦੀ ਕੌਮਾਂਤਰੀ ਪ੍ਰਸਿੱਧੀ 'ਚ ਵਾਧਾ ਹੋਵੇਗਾ।

ਪਾਇਟੈਕਸ ਵਪਾਰ ਮੇਲੇ 'ਚ 'ਪੰਜਾਬ ਟੂਰਿਜ਼ਮ ਐਵਾਰਡ' ਪ੍ਰੋਗਰਾਮ 'ਚ ਸੌਂਦ ਨੇ ਆਖਿਆ, "ਖੇਤੀ ਸੈਰ ਸਪਾਟਾ ਜਿੱਥੇ ਸਥਾਨਕ ਆਰਥਿਕਤਾ ਨੂੰ ਮਜ਼ਬੂਤ ਕਰਨ ਤੇ ਕਿਸਾਨਾਂ ਦੀ ਆਮਦਨ ਵਧਾਉਣ ਵਿੱਚ ਲਾਹੇਵੰਦ ਸਾਬਤ ਹੋ ਰਿਹਾ ਹੈ, ਉੱਥੇ ਹੀ ਸੈਰ-ਸਪਾਟੇ ਦੇ ਨਵੇਂ ਮੌਕੇ ਵੀ ਪੈਦਾ ਹੋ ਰਹੇ ਹਨ।" ਪੀਐੱਚਡੀਸੀਸੀਆਈ ਦੇ ਸੀਈਓ ਤੇ ਜਨਰਲ ਸਕੱਤਰ ਡਾ. ਰਣਜੀਤ ਮਹਿਤਾ ਨੇ ਕਿਹਾ ਕਿ ਚੈਂਬਰ ਸੂਬਾ ਸਰਕਾਰ ਦੇ ਸਹਿਯੋਗ ਨਾਲ ਪੰਜਾਬ ਦੇ ਵਿਰਸੇ ਤੇ ਸੱਭਿਆਚਾਰ ਨੂੰ ਪ੍ਰਫੁਲਿਤ ਕਰਨ ਦਾ ਉਪਰਾਲਾ ਕਰ ਰਿਹਾ ਹੈ।

ਇਸ ਦੌਰਾਨ 'ਪੰਜਾਬ ਟੂਰਿਜ਼ਮ ਡੈਸਟੀਨੇਸ਼ਨ ਆਫ ਦਿ ਈਅਰ 2024 ਐਵਾਰਡ ਹੈਰੀਟੇਜ ਸਿਟੀ ਆਫ ਅੰਮ੍ਰਿਤਸਰ ਨੂੰ ਦਿੱਤਾ ਗਿਆ। ਜਦੋਂ ਕਿ ਬੈਸਟ ਫਾਰਮ ਟੂਰਿਸਟ ਰਿਜ਼ੋਰਟ ਦਾ ਐਵਾਰਡ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਹੰਸਾਲੀ ਫਾਰਮ ਨੂੰ ਅਤੇ ਬੈਸਟ ਟੂਰਿਜ਼ਮ ਸਟਾਰਟਅਪ ਐਵਾਰਡ ਵਿਕਟੋਰੀਅਨ ਐਲੀਜੈਂਸ ਅਤੇ ਨੇ ਬੈਸਟ ਵੂਮੈਨ ਐਂਟਰਪ੍ਰੀਨਿਉਰ ਐਵਾਰਡ ਨੇਹਾ ਸਿੰਘ ਨੂੰ ਮਿਲਿਆ। ਪੀਐੱਚਡੀਸੀਸੀਆਈ ਦੇ ਉਪ ਸਕੱਤਰ ਜਨਰਲ ਨਵੀਨ ਸੇਠ ਨੇ ਦੱਸਿਆ ਕਿ ਇੱਥੇ 27 ਵੱਖ-ਵੱਖ ਸ਼੍ਰੇਣੀਆਂ ਲਈ ਸੈਰ ਸਪਾਟਾ ਪੁਰਸਕਾਰ ਦਿੱਤੇ ਗਏ ਹਨ।



ਚੰਡੀਗੜ੍ਹ:ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਹਿ ਚੁੱਕੇ ਤੇ ਦਾਖਾ ਹਲਕੇ ਦੇ ਸਾਬਕਾ ਵਿਧਾਇਕ ਐਡਵੋਕੇਟ ਹਰਵਿੰਦਰ ਸਿੰਘ ਫੂਲਕਾ ਨੇ ਇੱਥੇ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਮਨੁੱਖੀ ਅਧਿਕਾਰਾਂ ਦੇ ਪਹਿਰੇਦਾਰ ਵਜੋਂ ਜਾਣੇ ਜਾਂਦੇ ਵਕੀਲ ਫੂਲਕਾ ਪਿਛਲੇ ਕੁਝ ਅਰਸੇ ਤੋਂ 'ਆਪ' ਤੋਂ ਲਾਂਭੇ ਹੋ ਕੇ ਸਿਆਸਤ ਨੂੰ ਦੂਰ ਤੋਂ ਦੇਖ ਰਹੇ ਸਨ। ਉਨ੍ਹਾਂ ਨੇ ਪਿਛਲੇ ਸਮੇਂ ਦੌਰਾਨ ਪੰਜਾਬ ਦੇ ਜ਼ਮੀਨੀ ਪਾਣੀਆਂ ਦੇ ਹੱਕ ਵਿੱਚ ਵੀ ਅਵਾਜ਼ ਬੁਲੰਦ ਕੀਤੀ ਹੈ। ਦੱਸਣਯੋਗ ਹੈ ਕਿ ਸ੍ਰੀ ਫੂਲਕਾ ਨੇ ਕੁਝ ਸਮੇਂ ਦੀ ਚੁੱਪ ਮਗਰੋਂ ਪੰਜਾਬ ਦੀ ਸਿਆਸਤ 'ਚ ਮੁੜ ਐਂਟਰੀ ਕੀਤੀ ਹੈ।

ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆਂ

# ਹਰਵਿੰਦਰ ਸਿੰਘ ਫੂਲਕਾ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਿਲ

ਸ੍ਰੀ ਫੂਲਕਾ ਨੇ ਦੱਸਿਆ ਕਿ ਜਦੋਂ ਵੀ ਸ਼੍ਰੋਮਣੀ ਅਕਾਲੀਦਲ ਦੀ ਮੈਂਬਰਸ਼ਿਪ ਮੁਹਿੰਮ ਸ਼ੁਰੂ ਹੋਵੇਗੀ ਤਾਂ ਉਹ ਉਦੋਂ ਹੀ ਪਾਰਟੀ ਦਫ਼ਤਰ ਵਿੱਚ ਖ਼ੁਦ ਜਾ ਕੇ ਫਾਰਮ ਭਰ ਕੇ ਮੈਂਬਰ ਬਣਨਗੇ। ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਮਕਸਦ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਹੈ। ਉਨ੍ਹਾਂ ਕਿਹਾ ਕਿ ਉਹ ਪਾਰਟੀ 'ਚ ਨਾ ਕੋਈ ਅਹੁਦਾ ਲੈਣਗੇ ਅਤੇ ਨਾ ਹੀ ਚੋਣ ਲੜਨ ਦੀ ਯੋਜਨਾ ਹੈ। ਸ੍ਰੀ ਫੂਲਕਾ ਦੇ ਇਸ ਐਲਾਨ ਮਗਰੋਂ ਸਿਆਸੀ ਚਰਚੇ ਸ਼ੁਰੂ ਹੋ ਗਏ ਹਨ ਕਿ ਫੂਲਕਾ ਅਜਿਹੇ ਚਿਹਰੇ ਵਜੋਂ ਵੀ ਉੱਤਰ ਸਕਦੇ ਹਨ ਜਿਨ੍ਹਾਂ 'ਤੇ ਸਾਰੀਆਂ ਧਿਰਾਂ ਦੀ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਾਲੀ ਸਹਿਮਤੀ ਵੀ ਬਣ ਸਕਦੀ ਹੈ।

ਸ੍ਰੀ ਫੂਲਕਾ ਨੇ ਕਿਹਾ ਕਿ ਕੇਂਦਰੀ ਪਾਰਟੀਆਂ ਕਦੇ ਸੂਬਿਆਂ ਦੇ ਹਿੱਤ 'ਚ ਨਹੀਂ ਹੋ ਸਕਦੀਆਂ, ਜਿਸ ਕਰ ਕੇ ਪੰਜਾਬ 'ਚ ਸ਼੍ਰੋਮਣੀ ਅਕਾਲੀ ਦਲ ਮਜ਼ਬੂਤ ਹੋਣਾ ਜ਼ਰੂਰੀ ਹੈ। ਸ੍ਰੀ ਫੂਲਕਾ ਨੇ ਆਪ ਸਰਕਾਰ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀ ਸੁਰੱਖਿਆ ਯਕੀਨੀ ਬਣਾਉਣ ਵਿਚ ਕੁਤਾਹੀ ਹੋਈ ਹੈ।

# ਬਿੱਟੂ ਦਾ ਚੌੜਾ ਬਾਰੇ ਬਿਆਨ ਮਾਹੌਲ ਖ਼ਰਾਬ ਕਰਨ ਵਾਲਾ: ਚੀਮਾ



ਸ੍ਰੀ ਆਨੰਦਪੁਰ ਸਾਹਿਬ: ਸ਼੍ਰੋਮਣੀ ਅਕਾਲੀ ਦਲ ਦੇ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਭਾਜਪਾ ਆਗੂ ਰਵਨੀਤ ਬਿੱਟੂ ਦੇ ਸੁਖਬੀਰ ਸਿੰਘ ਬਾਦਲ 'ਤੇ ਹਮਲਾ ਕਰਨ ਵਾਲੇ ਨਰੈਣ ਸਿੰਘ ਚੌੜਾ ਨੂੰ ਸਨਮਾਨਿਤ ਕਰਨ ਤੇ ਉਸ ਦੀ ਫੋਟੋ ਅਜਾਇਬ ਘਰ 'ਚ ਲਾਉਣ ਵਾਲੇ ਬਿਆਨ ਨੂੰ ਮਾਹੌਲ ਖਰਾਬ ਕਰਨ ਵਾਲਾ ਕਦਮ ਕਰਾਰ ਦਿੱਤਾ ਹੈ।

ਡਾ. ਚੀਮਾ ਨੇ ਕਿਹਾ, 'ਜਦੋਂ ਅਸੀਂ ਬੰਦੀ ਸਿੰਘਾਂ ਦੀ ਗੱਲ ਕਰਦੇ ਹਾਂ ਉਦੋਂ ਰਵਨੀਤ ਬਿੱਟੂ ਕੇਂਦਰ ਕੋਲ ਜਾ ਕੇ ਆਪਣੇ ਦਾਦੇ ਦੇ ਕਤਲ ਦਾ ਵਾਸਤਾ ਪਾਉਣਾ ਸ਼ੁਰੂ ਕਰ ਦਿੰਦੇ ਹਨ ਤੇ ਸਾਡੀ ਮੰਗ ਦੀ ਉਨ੍ਹਾਂ ਨੂੰ ਤਕਲੀਫ਼ ਹੁੰਦੀ ਹੈ, ਜਦਕਿ ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਸਬੰਧੀ ਉਹ ਜਾਣ-ਬੁੱਝ ਕੇ ਬੇਤੁਕੀ ਬਿਆਨਬਾਜ਼ੀ ਕਰ ਰਹੇ ਹਨ। ਬਿੱਟੂ ਦੀ ਅਜਿਹੀ ਬਿਆਨਬਾਜ਼ੀ ਕਿਸੇ ਮਜ਼ਾਕ ਤੋਂ ਘੱਟ ਨਹੀਂ ਹੈ।"

ਚੀਮਾ ਨੇ ਕਿਹਾ ਕਿ ਬਿੱਟੂ ਦੇ ਅਜਿਹੇ ਬਿਆਨ ਪੰਜਾਬ ਦੇ ਮਾਹੌਲ ਨੂੰ ਹੋਰ ਖਰਾਬ ਕਰ ਸਕਦੇ ਹਨ, ਜਿਸ ਕਰਕੇ ਭਾਜਪਾ ਆਗੂ ਨੂੰ ਇਸ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਆਖਿਆ, "ਬਿੱਟੂ ਨੂੰ ਆਪਣੀ ਊਰਜਾ ਤੇ ਅਹੁਦੇ ਦੀ ਵਰਤੋਂ ਬੰਦੀ ਸਿੰਘਾਂ ਦੀ ਰਿਹਾਈ ਦੇ ਲਈ ਕਰਨੀ ਚਾਹੀਦੀ ਹੈ, ਕਿਉਂਕਿ ਜਿਹੜੇ ਬੰਦੀ ਸਿੰਘਾਂ ਨੇ ਲੰਮਾ ਸਮਾਂ ਜੇਲ੍ਹ ਦਾ ਸੰਤਾਪ ਭੋਗ ਲਿਆ ਹੈ। ਉਹਨਾਂ ਬੰਦੀ ਸਿੰਘਾਂ ਦੀ ਰਿਹਾਈ ਲਈ ਅਕਾਲੀ ਦਲ ਲਗਾਤਾਰ ਕੋਸ਼ਿਸ਼ਾਂ ਕਰਦਾ ਆ ਰਿਹਾ ਹੈ ਪਰ ਅਫਸੋਸ ਜਦੋਂ ਕਿਸੇ ਕੋਸ਼ਿਸ਼ ਨੂੰ ਬੂਰ ਪੈਣ ਲੱਗਦਾ ਹੈ ਤਾਂ ਰਵਨੀਤ ਬਿੱਟੂ ਵਿੱਚ ਅੜਿੱਕਾ ਡਾਹ ਦਿੰਦੇ ਹਨ।"

# ਚੌੜਾ ਦੀ ਪੱਗ ਉਤਾਰਨ ਵਾਲੇ ਵਿਰੁੱਧ ਕਾਰਵਾਈ ਹੋਵੇ: ਸਿੱਖ ਤਾਲਮੇਲ ਕਮੇਟੀ

ਜਲੰਧਰ - ਬੀਤੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨਾਂ ਵਲੋਂ ਲਗਾਈ ਗਈ ਤਨਖਾਹ 'ਤੇ ਚੌਕੀਦਾਰ ਦੀ ਸੇਵਾ ਨਿਭਾ ਰਹੇ ਸੁਖਬੀਰ ਸਿੰਘ ਬਾਦਲ 'ਤੇ ਗੋਲੀ ਚਲਾਉਣ ਵਾਲੇ ਨਰਾਇਣ ਸਿੰਘ ਚੌੜਾ ਦੀ ਪੱਗ ਲਾਹੁਣ ਦੀ ਘਟਨਾ ਦੀ ਸਿੱਖ ਤਾਲਮੇਲ ਕਮੇਟੀ ਵਲੋਂ ਨਿੰਦਾ ਕੀਤੀ ਗਈ ਹੈ।



ਸਿੱਖ ਤਾਲਮੇਲ ਕਮੇਟੀ ਦੇ ਆਗੂ ਤਜਿੰਦਰ ਸਿੰਘ ਪ੍ਰਦੇਸੀ, ਹਰਪਾਲ ਸਿੰਘ ਚੱਢਾ, ਹਰਪ੍ਰੀਤ ਸਿੰਘ ਨੀਟੂ, ਗੁਰਦੀਪ ਸਿੰਘ (ਕਾਲੀਆ ਕਲੋਨੀ), ਤਜਿੰਦਰ ਸਿੰਘ (ਸੰਤ ਨਗਰ), ਸਤਪਾਲ ਸਿੰਘ ਸਿਦਕੀ ਅਤੇ ਹਰਜੋਤ ਸਿੰਘ ਲੱਕੀ ਨੇ ਕਿਹਾ ਕਿ ਕੋਈ ਵੀ ਸਿੱਖ ਸ੍ਰੀ ਦਰਬਾਰ ਸਾਹਿਬ ਨੇੜੇ ਚਲਾਈ ਗੋਲੀ ਨੂੰ ਜਾਇਜ਼ ਨਹੀਂ ਠਹਿਰਾ ਸਕਦਾ, ਪਰ ਇਸ ਦੇ ਨਾਲ ਹੀ ਜਦੋਂ ਪੁਲਿਸ ਨਰਾਇਣ ਸਿੰਘ ਚੌੜਾ ਨੂੰ ਗ੍ਰਿਫਤਾਰ ਕਰਕੇ ਲਿਜਾ ਰਹੀ ਸੀ, ਤਾਂ ਪਠਾਨਕੋਟ ਤੋਂ ਯੂਥ ਅਕਾਲੀ ਦਲ ਦੇ ਪ੍ਰਧਾਨ ਜਸਪ੍ਰੀਤ ਸਿੰਘ ਵਲੋਂ ਚੌੜਾ ਦੀ ਪੱਗ ਨੂੰ ਜਬਰੀ ਉਤਾਰ ਕੇ ਸੁੱਟ ਦਿੱਤਾ ਗਿਆ, ਜੋ ਕਿ ਇਕ ਘਿਨਾਉਣਾ ਅਪਰਾਧ ਹੈ, ਜਿਸ ਦੀ ਸਭ ਪਾਸਿਓਂ ਨਿੰਦਾ ਹੋਣੀ ਚਾਹੀਦੀ ਹੈ।

ਆਗੂਆਂ ਨੇ ਮੰਗ ਕੀਤੀ ਕਿ ਸਰਕਾਰ ਇਸ ਨੂੰ ਗੰਭੀਰਤਾ ਨਾਲ ਲਵੇ ਅਤੇ ਪੱਗ ਉਤਾਰਨ ਵਾਲੇ ਖ਼ਿਲਾਫ਼ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਤਹਿਤ ਪਰਚਾ ਦਰਜ ਕੀਤਾ ਜਾਵੇ। ਇਸ ਮੌਕੇ ਤੇ ਵਿੱਕੀ ਸਿੰਘ ਖ਼ਾਲਸਾ, ਹਰਪ੍ਰੀਤ ਸਿੰਘ ਰੋਬਿਨ, ਰਣਜੀਤ ਸਿੰਘ ਗੋਲਡੀ, ਅਰਵਿੰਦਰ ਸਿੰਘ ਬਬਲੂ, ਮਨਵਿੰਦਰ ਸਿੰਘ ਭਾਟੀਆ, ਸੰਨੀ ਸਿੰਘ ਉਬਰਾਏ, ਜਰਨੈਲ ਸਿੰਘ ਜੋਲਾ, ਹਰਪਾਲ ਸਿੰਘ (ਪਾਲੀ ਚੱਢਾ), ਲਖਬੀਰ ਸਿੰਘ ਲੱਕੀ ਅਤੇ ਹੋਰ ਹਾਜ਼ਰ ਸਨ।

# ਸਾਡੀ ਸਰਕਾਰ ਉੱਚ ਮਿਆਰੀ ਅਤੇ ਸਸਤੀ ਸਿੱਖਿਆ ਦੇਣ ਲਈ ਵਚਨਬੱਧ: ਮੋਦੀ

ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਪਾਏ ਸੰਦੇਸ਼ 'ਚ ਕਿਹਾ ਕਿ ਮੰਤਰੀ ਮੰਡਲ ਨੇ 85 ਨਵੇਂ ਕੇਂਦਰੀ ਵਿਦਿਆਲੇ ਅਤੇ 28 ਨਵੇਂ ਨਵੋਦਿਆ ਵਿਦਿਆਲੇ ਖੋਲ੍ਹਣ ਨੂੰ ਮਨਜ਼ੂਰੀ ਦਿੱਤੀ ਹੈ, ਜਿਨ੍ਹਾਂ ਦੀ ਸਥਾਪਨਾ ਤੋਂ ਬਾਅਦ 82 ਹਜ਼ਾਰ ਤੋਂ ਵੱਧ ਵਿਦਿਆਰਥੀਆਂ ਨੂੰ ਸਸਤੀ ਅਤੇ ਉੱਚ ਮਿਆਰੀ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਮਿਲੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸਰਕਾਰ ਰਾਸ਼ਟਰੀ ਸਿੱਖਿਆ ਨੀਤੀ ਦੇ ਮੁਤਾਬਿਕ ਸਮਾਜ ਦੇ ਹਰ ਵਰਗ ਨੂੰ ਸਕੂਲੀ ਸਿੱਖਿਆ ਮੁਹੱਈਆ ਕਰਵਾਉਣ ਅਤੇ



ਆਵਾਜਾਈ ਨੂੰ ਬਿਹਤਰ ਬਣਾਉਣ ਪ੍ਰਤੀ ਵਚਨਬੱਧ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਦਿਸ਼ਾ 'ਚ ਸਾਡੀ ਸਰਕਾਰ ਨੇ ਰਾਸ਼ਟਰੀ ਰਾਜਧਾਨੀ ਖੇਤਰ 'ਚ ਦਿੱਲੀ ਮੈਟਰੋ ਦੇ ਚੌਥੇ ਪੜਾਅ ਤਹਿਤ ਰਿਠਾਲਾ-ਕੁੰਡਲੀ ਕਾਰੀਡੋਰ ਨੂੰ ਮਨਜ਼ੂਰੀ ਦਿੱਤੀ ਹੈ, ਜਿਸ ਨਾਲ ਦਿੱਲੀ ਅਤੇ ਹਰਿਆਣਾ 'ਚ ਆਵਾਜਾਈ ਸੁਖਾਲੀ ਹੋ ਜਾਵੇਗੀ।

# ਗੈਂਗਵਾਰ: ਮਾਡਰਨ ਜੇਲ੍ਹ 'ਚ ਬੰਦੀ ਭਿੜੇ-ਪੰਜ ਜ਼ਖਮੀ

ਕਪੂਰਥਲਾ: ਇੱਥੇ ਮਾਡਰਨ ਜੇਲ੍ਹ ਵਿੱਚ ਬੀਤੀ ਰਾਤ ਦੋ ਧਿਰਾਂ 'ਚ ਲੜਾਈ ਹੋ ਗਈ, ਜਿਸ ਵਿੱਚ ਪੰਜ ਹਵਾਲਾਤੀ ਗੰਭੀਰ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਜੇਲ੍ਹ ਸੁਰੱਖਿਆ ਗਾਰਡਾਂ ਨੇ ਇਲਾਜ ਲਈ ਸਿਵਲ ਹਸਪਤਾਲ ਕਪੂਰਥਲਾ ਵਿੱਚ ਭਰਤੀ ਕਰਵਾਇਆ।ਜਿੱਥੋਂ ਇਲਾਜ ਤੋਂ ਬਾਅਦ ਦੋ ਹਵਾਲਾਤੀਆਂ ਨੂੰ ਵਾਪਸ ਜੇਲ੍ਹ ਭੇਜ ਦਿੱਤਾ ਗਿਆ ਜਦੋਂ ਕਿ ਇਕ ਦੀ ਗੰਭੀਰ ਹਾਲਤ ਹੋਣ ਕਾਰਨ ਉਸ ਨੂੰ ਅੰਮ੍ਰਿਤਸਰ ਮੈਡੀਕਲ ਕਾਲਜ 'ਚ ਭੇਜ ਦਿੱਤਾ ਗਿਆ। ਹਵਾਲਾਤੀ ਸੁਨੀਲ ਕੁਮਾਰ ਨੇ ਦੱਸਿਆ ਕਿ ਜੇਲ੍ਹ ਵਿੱਚ ਸ਼ਾਮੀਂ ਬੈਰਕ ਨੰਬਰ 3/7 ਖੁੱਲ੍ਹੀ ਸੀ ਜਿੱਥੇ ਮੁਲਜ਼ਮ ਸਿਮਰਨਜੀਤ ਸਿੰਘ, ਵਿਸ਼ਾਲ, ਅਮੂ, ਭਾਈਆ ਤੇ ਗੱਗੂ, ਹਵਾਲਾਤੀ ਮੁਕੇਸ਼ ਵਾਸੀ ਬਿਹਾਰ ਦੀ ਕੁੱਟਮਾਰ ਕਰ ਰਹੇ ਸਨ। ਇਸ 'ਤੇ ਬਿਆਨਕਰਤਾ ਉਸ ਨੂੰ ਛੁਡਾਉਣ ਗਿਆ ਤਾਂ ਉਸ ਦੀ ਵੀ ਤੇਜ਼ਧਾਰ ਹਥਿਆਰਾਂ ਨਾਲ ਕੁੱਟਮਾਰ ਕੀਤੀ ਗਈ।




# ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ

## 92 ਕਰੋੜ 'ਚੋਂ 256 ਸੰਸਥਾਵਾਂ ਨੂੰ 59.34 ਕਰੋੜ ਦੀ ਰਾਸ਼ੀ ਵੰਡੀ ਜਾ ਚੁੱਕੀ ਹੈ: ਡਾ. ਬਲਜੀਤ ਕੌਰ



ਚੰਡੀਗੜ੍ਹ:ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਪੜ੍ਹਾਈ ਲਈ ਵਿੱਤੀ ਸਹਾਇਤਾ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਨੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਫ਼ਾਰ ਸਟੂਡੈਂਟਸ ਸਕੀਮ ਅਧੀਨ ਸਾਲ 2024-25 ਦੇ ਬਜਟ ਵਿਚੋਂ 92 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਇਹ ਪ੍ਰਗਟਾਵਾ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਬਾਰੇ ਮੰਤਰੀ ਡਾ. ਬਲਜੀਤ ਕੌਰ ਨੇ ਪੰਜਾਬ ਭਵਨ, ਚੰਡੀਗੜ੍ਹ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ। ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਤਹਿਤ ਸਾਲ 2017- 18 ਅਤੇ 2019-20 ਤੱਕ ਦੀ ਬਕਾਇਆ ਰਹਿੰਦੀ ਰਕਮ ਵੀ ਜਾਰੀ ਕਰ ਦਿੱਤੀ ਹੈ। ਮੰਤਰੀ ਨੇ ਇਹ ਵੀ ਕਿਹਾ ਕਿ ਬਕਾਇਆ ਰਹਿੰਦੀਆਂ ਸੰਸਥਾਵਾਂ ਨੂੰ ਵੀ ਜਲਦ ਹੀ ਅਦਾਇਗੀ ਕੀਤੀ ਜਾਵੇਗੀ। ਉਨ੍ਹਾਂ ਨੇ ਦੱਸਿਆ ਕਿ ਸਰਕਾਰੀ ਸੰਸਥਾਵਾਂ ਅਤੇ ਪੰਜਾਬ ਰਾਜ ਦੇ ਵਿਦਿਆਰਥੀ ਜੋ ਕਿ ਹੋਰ ਰਾਜਾਂ ਦੀਆਂ ਸੰਸਥਾਵਾਂ ਵਿਚ ਪੜ੍ਹਾਈ ਕਰ ਰਹੇ ਹਨ, ਨੂੰ ਵੀ ਇਸ ਸਮੇਂ ਦੀ ਬਕਾਇਆ ਅਦਾਇਗੀ ਲਈ 92.00 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਇਸ ਰਾਸ਼ੀ ਵਿਚੋਂ 256 ਸੰਸਥਾਵਾਂ ਨੂੰ 59.34 ਕਰੋੜ ਰੁਪਏ ਦੀ ਰਾਸ਼ੀ ਵੰਡੀ ਜਾ ਚੁੱਕੀ ਹੈ। ਕੈਬਨਿਟ ਮੰਤਰੀ ਨੇ ਇਹ ਵੀ ਦੱਸਿਆ ਕਿ ਸਾਲ 2023-24 ਦੇ ਵਿਦਿਆਰਥੀਆਂ ਲਈ ਵੀ ਰਾਸ਼ੀ ਜਾਰੀ ਕੀਤੀ ਗਈ ਸੀ। ਇਸ ਮੌਕੇ ਵਿਭਾਗ ਦੇ ਡਾਇਰੈਕਟਰ ਸੰਦੀਪ ਹੰਸ ਵੀ ਹਾਜ਼ਰ ਸਨ।


Singh Tax & Accounting Services LLC.

SINGH AUTO & HOME INSURANCE

Individual & Business Tax related Services

ਸੇਵਾਵਾਂ: *ਇਨਕਮ ਟੈਕਸ ਨਾਲ ਸਬੰਧਤ ਹਰੇਕ ਸੇਵਾ ਜਿਵੇਂ, ਟੈਕਸ ਫਾਈਲਿੰਗ, ਟੈਕਸ ਪਲਾਨਿੰਗ ਅਤੇ ਆਈਆਰਐਸ ਔਡਿਟ (ਨਿੱਜੀ ਅਤੇ ਬਿਜ਼ਨਸ) ਲਈ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

* ਅਸੀਂ ਅਮਰੀਕਾ ਭਰ ਵਿਚ ਘਰਾਂ ਅਤੇ ਕਾਰਾਂ ਦੀ ਨਿੱਜੀ ਅਤੇ ਕਮਰਸ਼ੀਅਲ ਇੰਸ਼ੋਰੈਂਸ ਵੀ ਕਰਦੇ ਹਾਂ।

Ph: 248-982-2036



Office Locations

Michigan:
36167 Ford Rd.Westland, MI 48185

Minnesota:
6043 Hudson Rd, Suite#399A
Woodbury, Minnesota 55125

Email:
STS2021@SinghTaxServices.com;
www.SinghTaxServices.com

Mohan Singh MST
IRS Enrolled agent,
Insurance Agent-
Casualty & Property
Notary Public

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura

**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

## ਅਸਤੀਫਿਆਂ ਦੇ ਮਾਮਲੇ 'ਚ 20 ਦਿਨਾਂ ਦੀ ਮੁਹਲਤ ਮਿਲ ਚੁੱਕੀ ਹੈ: ਭੂੰਦੜ

ਤਲਵੰਡੀ ਸਾਬੋ : ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਦਾਅਵਾ ਕੀਤਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਹੋਰ ਪਾਰਟੀ ਅਹੁਦੇਦਾਰਾਂ ਵੱਲੋਂ ਦਿੱਤੇ ਅਸਤੀਫੇ ਨੂੰ ਸਵੀਕਾਰ ਕਰਕੇ ਰਿਪੋਰਟ ਦੇਣ ਦੇ ਮਾਮਲੇ ਚ ਪਾਰਟੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ 20 ਦਿਨਾਂ ਦੀ ਮੁਹਲਤ ਮਿਲ ਚੁੱਕੀ ਹੈ। ਬਲਵਿੰਦਰ ਸਿੰਘ ਭੂੰਦੜ, ਜੋ ਧਾਰਮਿਕ ਸੇਵਾ ਨਿਭਾਉਣ ਲਈ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਪਹੁੰਚੇ ਹੋਏ ਸਨ, ਨੂੰ ਜਦੋਂ ਪੱਤਰਕਾਰਾਂ ਨੇ ਅਕਾਲੀ ਲੀਡਰਸ਼ਿਪ ਦੇ ਅਸਤੀਫਿਆਂ ਬਾਰੇ ਸਵਾਲ ਕੀਤਾ ਤਾਂ ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਸਤੀਫਿਆਂ ਦੇ ਮਾਮਲੇ ਚ ਸਮੁੱਚੀ ਪ੍ਰਕਿਰਿਆ ਦੇ ਪਾਲਣ ਲਈ 20 ਦਿਨਾਂ ਦੀ ਮੁਹਲਤ ਮੰਗੀ ਸੀ, ਜੋ ਸਿੰਘ ਸਾਹਿਬ ਵੱਲੋਂ ਦੇ ਦਿੱਤੀ ਗਈ ਹੈ। ਅਤੇ ਹੁਣ ਉਸ ਸਮੇਂ ਦੌਰਾਨ ਅਗਲਾ ਫੈਸਲਾ ਲੈ ਲਿਆ ਜਾਵੇਗਾ। ਇਸ ਮੌਕੇ ਜਥੇਦਾਰ ਮੋਹਣ ਸਿੰਘ ਬੰਗੀ ਜਥੇਦਾਰ ਗੁਰਪ੍ਰੀਤ ਸਿੰਘ ਝੱਬਰ ਜਥੇਦਾਰ ਮੇਜਰ ਸਿੰਘ ਢਿੱਲੋਂ, ਅਤੇ ਭਾਈ ਸੁਰਜੀਤ ਸਿੰਘ ਰਾਏਪੁਰ ਚਾਰੇ ਮੈਂਬਰ ਸ਼੍ਰੋਮਣੀ ਕਮੇਟੀ ਮੌਜੂਦ ਸਨ।

## ਡਾਕਟਰ ਕਰਮਜੀਤ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਬਣੇ



ਚੰਡੀਗੜ੍ਹ : ਪੰਜਾਬ ਸਰਕਾਰ ਵੱਲੋਂ ਡਾਕਟਰ ਕਰਮਜੀਤ ਸਿੰਘ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦਾ ਉਪ ਕੁਲਪਤੀ ਨਿਯੁਕਤ ਕਰ ਦਿੱਤਾ ਗਿਆ ਹੈ। ਇਹਨਾਂ ਦਾ ਕਾਰਜਕਾਰ ਤਿੰਨ ਸਾਲ ਦਾ ਹੋਵੇਗਾ। ਜ਼ਿਕਰਯੋਗ ਯੋਗ ਹੈ ਕਿ ਡਾਕਟਰ ਕਰਮਜੀਤ ਸਿੰਘ 3 ਸਤੰਬਰ 2020 ਤੋਂ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਦੇ ਸੰਸਥਾਪਕ ਉਪ ਕੁਲਪਤੀ ਸਨ। ਜਦੋਂ ਕਿ ਇਸ ਤੋਂ ਪਹਿਲਾਂ ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਰਜਿਸਟਰਾਰ, ਯੂਨੀਵਰਸਿਟੀ ਬਿਜਨਸ ਸਕੂਲ ਪੰਜਾਬ ਯੂਨੀਵਰਸਿਟੀ ਚ ਪ੍ਰੋਫੈਸਰ ਵਿੱਤ ਅਤੇ ਰਣਨੀਤਕ ਪ੍ਰਬੰਧਨ ਅਤੇ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਹਿਊਮਨ ਰਿਸੋਰਸ ਡਿਵੈਲਪਮੈਂਟ ਸੈਂਟਰ ਅਤੇ ਸਟਾਫ ਕਾਲਜ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਵਖ ਵਖ ਅਹੁਦਿਆਂ ਤੇ ਸੇਵਾਵਾਂ ਨਿਭਾ ਚੁੱਕੇ ਹਨ। ਦੱਸਣ ਯੋਗ ਹੈ ਕਿ ਇਸ ਤੋਂ ਪਹਿਲਾਂ ਉਪ ਕੁਲਪਤੀ ਰਹੇ ਡਾਕਟਰ ਜਸਪਾਲ ਸਿੰਘ ਸੰਧੂ ਦਾ ਕਾਰਜਕਾਲ 16 ਨਵੰਬਰ ਨੂੰ ਸਮਾਪਤ ਹੋ ਗਿਆ ਸੀ।

# ਢੱਡਰੀਆਂ ਵਾਲੇ ਖਿਲਾਫ਼ ਜਬਰ-ਜਨਾਹ ਅਤੇ ਕਤਲ ਦਾ ਕੇਸ ਦਰਜ

### ਡੀ.ਜੀ.ਪੀ ਨੇ ਹਾਈਕੋਰਟ ਚ ਦਿੱਤਾ ਹਲਫ਼ਨਾਮਾ

ਚੰਡੀਗੜ੍ਹ:ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀ ਝਾੜ ਤੋਂ ਬਾਅਦ ਪਟਿਆਲਾ ਪੁਲਿਸ ਨੇ ਪ੍ਰਚਾਰਕ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ ਤੇ 2012 ਵਿੱਚ ਆਪਣੇ ਡੇਰੇ ਵਿੱਚ ਇੱਕ ਮਹਿਲਾ ਨਾਲ ਜਬਰ ਜਨਾਹ ਅਤੇ ਹੱਤਿਆ ਦੇ ਦੋਸ਼ ਵਿੱਚ ਮਾਮਲਾ ਦਰਜ ਕੀਤਾ ਹੈ।

ਪੁਲਿਸ ਨੇ ਇਸ ਮਾਮਲੇ ਵਿੱਚ 12 ਸਾਲ ਪਹਿਲਾਂ ਮਿਲੀ ਸ਼ਿਕਾਇਤ ਤੇ ਕੋਈ ਕਾਰਵਾਈ ਨਾ ਕਰਨ ਕਾਰਨ ਤੱਤਕਲੀਨ ਐਸ.ਐਚ.ਓ ਅਸ਼ੋਕ ਕੁਮਾਰ ਹੁਣ ਐਸ.ਐਸ.ਪੀ ਰੈਂਕ ਦੇ ਅਧਿਕਾਰੀ ਤੇ ਤਤਕਲੀਨ ਡੀ.ਐਸ.ਪੀ ਬਾਅਦ ਵਿੱਚ ਬਤੌਰ ਐਸ.ਪੀ ਸੇਵਾ ਮੁਕਤ ਹੋਏ ਸੇਵਾ ਸਿੰਘ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ।

ਡੀ.ਜੀ.ਪੀ ਗੌਰਵ ਯਾਦਵ ਨੇ ਹਲਫਨਾਮੇ ਵਿੱਚ ਹਾਈਕੋਰਟ ਨੂੰ ਐਫ. ਆਈ.ਆਰ ਦਰਜ ਕਰਨ ਅਤੇ ਦੋਸ਼ੀ ਪੁਲਿਸ ਅਧਿਕਾਰੀਆਂ ਵਿਰੁੱਧ ਕਾਰਵਾਈ ਦੀ ਰਸਮੀ ਜਾਣਕਾਰੀ ਦਿੱਤੀ।

ਮਿਰਤਕਾਂ ਦੇ ਭਰਾ ਦੀ ਇੱਕ ਸ਼ਿਕਾਇਤ ਤੇ ਪੁਲਿਸ ਸਟੇਸ਼ਨ ਪਸਿਆਣਾ ਵਿੱਚ ਬਾਬਾ ਢਡਰੀਆਂ ਵਾਲੇ ਤੇ 7 ਦਸੰਬਰ ਦੀ ਤਰੀਕ ਵਾਲੀ ਐਫ.ਆਈ.ਆਰ ਨੰਬਰ 208 ਵਿੱਚ ਆਈ.ਪੀ.ਸੀ. ਦੀਆਂ ਧਾਰਾਵਾਂ 302 (ਹੱਤਿਆ) 376 (ਜਬਰ ਜਨਾਹ) ਅਤੇ 506 (ਅਪਰਾਧਕ ਧਮਕੀ )ਲਾਈਆਂ ਗਈਆਂ ਹਨ। ਡੀ.ਜੀ.ਪੀ ਨੇ ਹਾਈਕੋਰਟ ਵਿੱਚ 29 ਨਵੰਬਰ ਨੂੰ ਪਾਸ ਹੁਕਮ ਦੇ ਜਵਾਬ ਵਿੱਚ ਹਲਫਨਾਮਾ ਦਾਇਰ ਕੀਤਾ ਹੈ। ਜਿਸ ਵਿੱਚ ਮੁੱਖ ਜੱਜ ਸ਼ੀਲ ਨਾਗੂ ਨੇ ਕਿਹਾ ਸੀ ਕਿ ਇਹ ਮਾਮਲਾ ਦੁੱਖਦਾਈ ਸਥਿਤੀ ਨੂੰ ਦਰਸਾਉਂਦਾ ਹੈ ।ਜਿੱਥੇ ਜਬਰ ਜਨਾਹ ਤੇ ਹੱਤਿਆ ਦੀ ਘਟਨਾ ਦੀ ਸੰਬੰਧ ਵਿੱਚ ਸ਼ਿਕਾਇਤ ਕਰਤਾ ਵੱਲੋਂ 24 ਮਈ 2012 ਨੂੰ ਦਿੱਤੀ ਗਈ ਪਹਿਲੀ ਸੂਚਨਾ ਦੇ ਆਧਾਰ ਉੱਤੇ ਐਫ ਆਈਆਰ ਦਰਜ ਕਰਨ ਦੀ ਬਜਾਏ ਪੁਲਿਸ ਨੇ ਦੋਸ਼ਾਂ ਦੀ ਸੱਚਾਈ ਦਾ ਮੁਲਾਂਕਣ ਕਰਨ ਲਈ ਇੱਕ ਨਜਾਇਜ਼ ਤੇ ਗੈਰ ਸੰਵਿਧਾਨਿਕ ਜਾਂਚ ਸ਼ੁਰੂ ਕਰ ਦਿੱਤੀ ਸੀ ਹਲਫਨਾਮੇ ਵਿੱਚ ਡੀਜੀਪੀ ਨੇ ਕਿਹਾ ਕਿ ਮਹਿਲਾ ਦੀ ਮੌਤ ਤੋਂ ਬਾਅਦ ਉਸ ਦੀ ਮਾਂ ਇੰਦਰ ਕੌਰ ਨੇ ਕੋਈ ਸ਼ੱਕ ਨਹੀਂ ਪ੍ਰਗਟਾਇਆ ਸੀ। ਜਾਂਚ ਦੌਰਾਨ ਮ੍ਰਿਤਕਾ ਦੇ ਸਕੇ ਭਰਾ ਫਤਿਹ ਸਿੰਘ ਤੇ ਜੀਜੇ ਕੇਰ ਸਿੰਘ ਨੇ ਬਿਆਨ ਦਿੱਤਾ ਕਿ ਮ੍ਰਿਤਕ ਦੀ ਮੌਤ ਜਹਰੀਲਾ ਪਦਾਰਥ ਖਾਣ ਨਾਲ ਹੋਈ ਸੀ। ਡੀਜੀਪੀ ਨੇ ਵੀ ਕਿਹਾ ਕਿ ਮਿਰਤਕਾਂ ਦੀ ਮਾਂ ਨੇ ਕਾਰਜਕਾਰੀ ਮਜਿਸਟਰੇਟ ਦੇ ਸਾਹਮਣੇ 8 ਮਈ 2012 ਨੂੰ ਹਲਫਨਾਮਾ ਦੇ ਕੇ ਆਪਣੀ ਬੇਟੀ ਦੀ ਮੌਤ ਵਿੱਚ ਕੋਈ ਗੜਬੜ ਨਾ ਹੋਣ ਦੀ ਗੱਲ ਕਹੀ ਸੀ। ਡੀਜੀਪੀ ਮੁਤਾਬਕ 19 ਜੂਨ 2012 ਨੂੰ 9 ਨਵੰਬਰ 12 ਤੋਂ ਨੇ ਨਵੰਬਰ 2012 ਤੱਕ ਮ੍ਰਿਤਕਾਂ ਦੀ ਭੈਣ ਜਸਵਿੰਦਰ ਕੌਰ ਨੇ ਬਾਬਾ ਢੱਡਰੀਆਂ ਵਾਲੇ ਖਿਲਾਫ ਕਾਰਵਾਈ ਕਰਨ ਲਈ ਚਾਰ ਸ਼ਿਕਾਇਤਾਂ ਦਿੱਤੀਆਂ ਸਨ। ਜਾਂਚ ਤੋਂ ਬਾਅਦ ਤਤਕਲੀਨ ਐਸਐਸਪੀ ਪਟਿਆਲਾ ਦੀ ਸਿਫਾਰਿਸ਼ ਤੇ ਮਨਜ਼ੂਰੀ ਤੋਂ ਬਾਅਦ 7 ਦਸੰਬਰ ਨੂੰ ਸ਼ਿਕਾਇਤ ਦਰਜ ਕੀਤੀ ਗਈ ਹੈਢੱਡਰੀਆਂ ਵਾਲੇ ਖਿਲਾਫ ਜਬਰਜਾਹ ਅਤੇ ਕਤਲ ਦਾ ਕੇਸ ਦਰਜ ਡੀਜੀਪੀ ਨੇ ਹਾਈਕੋਰਟ ਚ ਦਿੱਤਾ ਹਲਫਨਾਮਾ ਪੰਜਾਬ ਦੇ ਹਰਿਆਣਾ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀ ਝਾੜ ਤੋਂ ਬਾਅਦ ਪਟਿਆਲਾ ਪੁਲਿਸ ਨੇ ਪ੍ਰਚਾਰਕ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ ਤੇ 2012 ਵਿੱਚ ਆਪਣੇ ਡੇਰੇ ਵਿੱਚ ਇੱਕ ਮਹਿਲਾ ਨਾਲ ਜਬਰ ਜਨਾਹ ਅਤੇ ਹੱਤਿਆ ਦੇ ਦੋਸ਼ ਵਿੱਚ ਮਾਮਲਾ ਦਰਜ ਕੀਤਾ ਹੈ। ਪੁਲਿਸ ਨੇ ਇਸ ਮਾਮਲੇ ਵਿੱਚ 12 ਸਾਲ ਪਹਿਲਾਂ ਮਿਲੀ ਸ਼ਿਕਾਇਤ ਤੇ ਕੋਈ ਕਾਰਵਾਈ ਨਾ ਕਰਨ ਕਾਰਨ ਤੱਤਕਲੀਨ ਐਸਐਚਓ ਅਸ਼ੋਕ ਕੁਮਾਰ ਹੁਣ ਐਸਐਸਪੀ ਰੈਂਕ ਦੇ ਅਧਿਕਾਰੀ ਤੇ ਤਤਕਲੀਨ ਡੀਐਸਪੀ ਬਾਅਦ ਵਿੱਚ ਬਤੌਰ ਐਸਪੀ ਸੇਵਾ ਮੁਕਤ ਹੋਏ ਸੇਵਾ ਸਿੰਘ ਨੂੰ ਕਾਰਨ ਦੱਸੇ ਨੋਟਿਸ ਜਾਰੀ ਕੀਤਾ ਹੈ। ਡੀਜੀਪੀ ਗੌਰਵ ਯਾਦਵ ਨੇ ਹਲਫਨਾਮੇ ਵਿੱਚ ਹਾਈਕੋਰਟ ਨੂੰ ਐਫ ਆਈਆਰ ਦਰਜ ਕਰਨ ਅਤੇ ਦੋਸ਼ੀ ਪੁਲਿਸ ਅਧਿਕਾਰੀਆਂ ਵਿਰੁੱਧ ਕਾਰਵਾਈ ਦੀ ਰਸਮੀ ਜਾਣਕਾਰੀ ਦਿੱਤੀ।



ਮਿਰਤਕਾਂ ਦੇ ਭਰਾ ਦੀ ਇੱਕ ਸ਼ਿਕਾਇਤ ਤੇ ਪੁਲਿਸ ਸਟੇਸ਼ਨ ਪਸਿਆਣਾ ਵਿੱਚ ਬਾਬਾ ਢਡਰੀਆਂ ਵਾਲੇ ਤੇ 7 ਦਸੰਬਰ ਦੀ ਤਰੀਕ ਵਾਲੀ ਐਫਆਈਆਰ ਨੰਬਰ 208 ਵਿੱਚ ਆਈਪੀਐਸ ਦੀਆਂ ਧਰਾਵਾਂ 302 ਹੱਤਿਆ 3076 ਜਬਰਜਨਾ ਅਤੇ 506 ਅਪਰਾਧਕ ਧਮਕੀ ਲਾਈਆਂ ਗਈਆਂ ਹਨ। ਡੀਜੀਪੀ ਨੇ ਹਾਈਕੋਰਟ ਵਿੱਚ 29 ਨਵੰਬਰ ਨੂੰ ਪਾਸ ਹੁਕਮ ਦੇ ਜਵਾਬ ਵਿੱਚ ਹਲਫਨਾਮਾ ਦਾਇਰ ਕੀਤਾ ਹੈ। ਜਿਸ ਵਿੱਚ ਮੁੱਖ ਜੱਜ ਸ਼ੀਲ ਨਾਗੂ ਨੇ ਕਿਹਾ ਸੀ ਕਿ ਇਹ ਮਾਮਲਾ ਦੁੱਖਦਾਈ ਸਥਿਤੀ ਨੂੰ ਦਰਸਾਉਂਦਾ ਹੈ ਜਿੱਥੇ ਜਬਰ ਜਨਾਹ ਤੇ ਹੱਤਿਆ ਦੀ ਘਟਨਾ ਦੀ ਸੰਬੰਧ ਵਿੱਚ ਸ਼ਿਕਾਇਤ ਕਰਤਾ ਵੱਲੋਂ 24 ਮਈ 2012 ਨੂੰ ਦਿੱਤੀ ਗਈ, ਪਹਿਲੀ ਸੂਚਨਾ ਦੇ ਆਧਾਰ ਉੱਤੇ ਐਫ. ਆਈ.ਆਰ ਦਰਜ ਕਰਨ ਦੀ ਬਜਾਏ, ਪੁਲਿਸ ਨੇ ਦੋਸ਼ਾਂ ਦੀ ਸੱਚਾਈ ਦਾ ਮੁਲਾਂਕਣ ਕਰਨ ਲਈ ਇੱਕ ਨਜਾਇਜ਼ ਤੇ ਗੈਰ ਸੰਵਿਧਾਨਿਕ ਜਾਂਚ ਸ਼ੁਰੂ ਕਰ ਦਿੱਤੀ ਸੀ ।ਹਲਫਨਾਮੇ ਵਿੱਚ ਡੀ.ਜੀ.ਪੀ. ਨੇ ਕਿਹਾ ਕਿ ਮਹਿਲਾ ਦੀ ਮੌਤ ਤੋਂ ਬਾਅਦ ਉਸ ਦੀ ਮਾਂ ਇੰਦਰ ਕੌਰ ਨੇ ਕੋਈ ਸ਼ੱਕ ਨਹੀਂ ਪ੍ਰਗਟਾਇਆ ਸੀ। ਜਾਂਚ ਦੌਰਾਨ ਮ੍ਰਿਤਕਾ ਦੇ ਸਕੇ ਭਰਾ ਫਤਿਹ ਸਿੰਘ ਤੇ ਜੀਜੇ ਕੇਰਹ ਸਿੰਘ ਨੇ ਬਿਆਨ ਦਿੱਤਾ ਕਿ ਮ੍ਰਿਤਕ ਦੀ ਮੌਤ ਜ਼ਹਿਰੀਲਾ ਪਦਾਰਥ ਖਾਣ ਨਾਲ ਹੋਈ ਸੀ। ਡੀਜੀਪੀ ਨੇ ਵੀ ਕਿਹਾ ਕਿ ਮਿਰਤਕਾਂ ਦੀ ਮਾਂ ਨੇ ਕਾਰਜਕਾਰੀ ਮਜਿਸਟਰੇਟ ਦੇ ਸਾਹਮਣੇ 8 ਮਈ 2012 ਨੂੰ ਹਲਫਨਾਮਾ ਦੇ ਕੇ ਆਪਣੀ ਬੇਟੀ ਦੀ ਮੌਤ ਵਿੱਚ ਕੋਈ ਗੜਬੜ ਹੋਣ ਦੀ ਗੱਲ ਕਹੀ ਸੀ। ਡੀਜੀਪੀ ਮੁਤਾਬਕ 19 ਜੂਨ 2012 ਨੂੰ 9 ਨਵੰਬਰ 12 ਤੋਂ ਨੇ ਨਵੰਬਰ 2012 ਤੱਕ ਮ੍ਰਿਤਕਾਂ ਦੀ ਭੈਣ ਜਸਵਿੰਦਰ ਕੌਰ ਨੇ ਬਾਬਾ ਢੱਡਰੀਆਂ ਵਾਲੇ ਖਿਲਾਫ ਕਾਰਵਾਈ ਕਰਨ ਲਈ ਚਾਰ ਸ਼ਿਕਾਇਤਾਂ ਦਿੱਤੀਆਂ ਸਨ। ਜਾਂਚ ਤੋਂ ਬਾਅਦ ਤਤਕਲੀਨ ਐਸਐਸਪੀ ਪਟਿਆਲਾ ਦੀ ਸਿਫਾਰਿਸ਼ ਤੇ ਮਨਜ਼ੂਰੀ ਤੋਂ ਬਾਅਦ 7 ਦਸੰਬਰ ਨੂੰ ਸ਼ਿਕਾਇਤ ਦਰਜ ਕੀਤੀ ਗਈ ਹੈ।

### ਢੱਡਰੀਆਂ ਵਾਲੇ ਨੇ ਕਿਹਾ- ਜਾਂਚ 'ਚ ਸਹਿਯੋਗ ਦੇਵਾਂਗੇ

ਐਫ.ਆਈ.ਆਰ ਦਰਜ ਹੋਣ ਤੋਂ ਬਾਅਦ ਰਣਜੀਤ ਸਿੰਘ ਢੱਤਰੀਆਂ ਵਾਲੇ ਨੇ ਕਿਹਾ ਕਿ ਉਹ ਹਰ ਤਰ੍ਹਾਂ ਦੀ ਜਾਂਚ ਲਈ ਤਿਆਰ ਹਨ ਅਤੇ ਪੁਲਿਸ ਨੂੰ ਪੂਰੀ ਤਰ੍ਹਾਂ ਸਹਿਯੋਗ ਕਰਨਗੇ। ਉਨ੍ਹਾਂ ਕਿਹਾ ਕਿ ਇਹ ਮਾਮਲਾ 12 ਸਾਲ ਪੁਰਾਣਾ ਹੈ, ਜਿਸ ਦੀ ਜਾਂਚ ਵੀ ਹੋ ਚੁੱਕੀ ਹੈ। ਪਰਿਵਾਰ ਦੁਬਾਰਾ ਹਾਈ ਕੋਰਟ ਪੁੱਜਾ ਹੈ, ਤਾਂ ਹਾਈ ਕੋਰਟ ਦੇ ਨਿਰਦੇਸ਼ 'ਤੇ ਕੇਸ ਦਰਜ ਹੋਇਆ ਹੈ। ਪੁਲਿਸ ਡੇਰੇ ਵਿਚ ਜਾਂਚ ਲਈ ਆਏ ਜਾਂ ਉਨ੍ਹਾਂ ਨੂੰ ਬੁਲਾਏ, ਉਹ ਜਾਂਚ ਵਿਚ ਸਹਿਯੋਗ ਕਰਨਗੇ ਅਤੇ ਉਮੀਦ ਕਰਦੇ ਹਨ ਕਿ ਸਮੇਂ ਦੇ ਨਾਲ ਸੱਚਾਈ ਸਾਰਿਆਂ ਦੇ ਸਾਹਮਣੇ ਆ ਜਾਵੇਗੀ। ਇਸਦੇ ਲਈ ਥੋੜ੍ਹਾ ਇੰਤਜ਼ਾਰ ਕਰਨਾ ਹੋਵੇਗਾ।

# ਡਲੇਵਾਲ ਨਾਲ ਭੁੱਖ ਹੜਤਾਲ 'ਤੇ ਬੈਠੇ ਸੈਂਕੜੇ ਕਿਸਾਨ

ਖਨੌਰੀ : ਖਨੌਰੀ ਬਾਰਡਰ ਉੱਤੇ ਕਿਸਾਨੀ ਮੰਗਾਂ ਲਈ 16 ਦਿਨਾਂ ਤੋਂ ਮਰਨਵਰਤ ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਸਮਰਥਨ ਚ ਮੰਗਲਵਾਰ ਨੂੰ ਕਿਸਾਨਾਂ ਨੇ ਭੁੱਖ ਹੜਤਾਲ ਕੀਤੀ ਇਸ ਦੌਰਾਨ 1000 ਤੋਂ ਵੱਧ ਕਿਸਾਨਾਂ ਨੇ ਰੋਟੀ ਨਾ ਖਾਧੀ, ਸਿਰਫ ਪਾਣੀ ਪੀਤਾ।ਖਨੌਰੀ ਬਾਰਡਰ ਤੇ ਚੁੱਲੇ ਵੀ ਨਹੀਂ ਬਲੇ। ਪਿੰਡਾਂ ਤੋਂ ਆਉਣ ਵਾਲਾ ਲੰਗਰ ਵੀ ਨਹੀਂ ਆਇਆ। ਡੱਲੇਵਾਲ ਦੇ ਪਿੰਡ ਚ ਵੀ ਚੁੱਲਾ ਨਹੀਂ ਬਲਿਆ ।ਉਹਨਾਂ ਦੇ ਪੁੱਤਰ ਗੁਰਪਿੰਦਰ ਸਿੰਘ, ਨੂੰਹ ਹਰਪ੍ਰੀਤ ਕੌਰ ਤੇ ਪੋਤੇ ਜਿਗਰ ਜੋਤ ਸਿੰਘ ਸਮੇਤ ਪਿੰਡ ਦੇ ਲੋਕ ਵੀ ਭੁੱਖ ਹੜਤਾਲ ਉੱਤੇ ਰਹੇ। ਮਰਨ



ਵਰਤ ਤੇ ਬੈਠੇ ਕੈਂਸਰ ਤੋਂ ਪੀੜਤ 70 ਸਾਲਾ ਡੱਲੇਵਾਲ ਦੀ ਸਿਹਤ ਲਗਾਤਾਰ ਖਰਾਬ ਹੁੰਦੀ ਜਾ ਰਹੀ ਹੈ। ਉਹਨਾਂ ਦਾ ਵਜ਼ਨ ਕਰੀਬ ਗਿਆਰਾਂ ਕਿਲੋ ਘੱਟ ਗਿਆ ਹੈ। ਡਾਕਟਰਾਂ ਨੇ ਦਵਾਈ ਦੇਣ ਦੀ ਕੋਸ਼ਿਸ਼ ਕੀਤੀ ਪਰ ਉਹਨਾਂ ਨੇ ਇਨਕਾਰ ਕਰ ਦਿੱਤਾ। ਚੈੱਕ ਅਪ ਲਈ ਪੁੱਜੇ ਡਾਕਟਰ ਸ਼ੇਰੀਆ ਕੋਂਸਲ ਨੇ ਕਿਹਾ ਕਿ ਉਹਨਾਂ ਦੀ ਸਿਹਤ ਨੂੰ ਦੇਖਦੇ ਹੋਏ ਉਹਨਾਂ ਨੂੰ ਆਈਸੀਯੂ ਚ ਰੱਖਿਆ ਜਾਣਾ ਚਾਹੀਦਾ ਹੈ। ਉਹਨਾਂ ਦੀ ਕਿਡਨੀ ਤੇ ਲਿਵਰ ਤੇ ਅਸਰ ਪੈ ਰਿਹਾ ਹੈ। ਸ਼ੂਗਰ ਲੈਵਲ ਅਤੇ ਬੀਪੀ ਵੀ ਵੱਧ ਰਿਹਾ ਹੈ। ਹਰਿਆਣਾ ਦੇ ਕਿਸਾਨ ਆਗੂ ਅਭਿਮਨੂ ਕੁਹਾੜ ਨੇ ਦੱਸਿਆ ਕਿ ਡੱਲੇਵਾਲ ਨੂੰ ਦੋ ਨੌਜਵਾਨਾਂ ਦਾ ਸਹਾਰਾ ਲੈ ਕੇ ਉੱਠਣਾ ਪੈ ਰਿਹਾ ਹੈ। ਡਾਕਟਰਾਂ ਵੱਲੋਂ ਕੀਤੇ ਜਾ ਰਹੇ ਟੈਸਟਾਂ ਦੇ ਨਤੀਜੇ ਚਿੰਤਾਜਨਕ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਇੰਡੋ-ਅਮੈਰਿਕਨ ਹੈਰੀਟੇਜ ਫ਼ਾਊਂਡੇਸ਼ਨ (ਨਿਊ ਯਾਰਕ) ਵਲੋਂ ਗ਼ਦਰੀ ਬਾਬਿਆਂ ਦੀ ਯਾਦ 'ਚ ਸਮਾਗਮ

**ਨਿਊ ਯਾਰਕ:** ਇੰਡੋ-ਅਮੈਰਿਕਨ ਹੈਰੀਟੇਜ ਫ਼ਾਊਂਡੇਸ਼ਨ (ਨਿਊ ਯਾਰਕ) ਵਲੋਂ 30 ਨਵੰਬਰ ਨੂੰ ਗ਼ਦਰੀ ਬਾਬਿਆਂ ਦੀ ਯਾਦ ਵਿਚ ਸਮਾਗਮ ਕਰਵਾਇਆ ਗਿਆ, ਜਿਸ ਦਾ ਉਦੇਸ਼ ਹਿੰਦੋਸਤਾਨ ਦੀ ਆਜ਼ਾਦੀ ਦੇ ਸੰਘਰਸ਼ ਵਿਚ ਕੂਕਾ ਲਹਿਰ, ਗ਼ਦਰ ਲਹਿਰ, ਬੱਬਰ ਲਹਿਰ ਆਦਿ ਦੇ ਸ਼ਹੀਦਾਂ ਨੂੰ ਯਾਦ ਕਰਨਾ ਤੇ ਸ਼ਰਧਾਂਜਲੀ ਦੇਣਾ ਸੀ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਪ੍ਰੋ. ਪ੍ਰੀਤਮ ਸਿੰਘ (ਯੂ ਕੇ), ਕਸ਼ਮੀਰ ਸਿੰਘ ਕਾਂਗਣਾ, ਜਸਵੀਰ ਦਿਉਲ (ਕੈਨੇਡਾ ਦੀ ਨੈਸ਼ਨਲ ਡੈਮੋਕ੍ਰੈਟਿਕ ਪਾਰਟੀ ਦੇ ਐਡਮਿੰਟਨ ਤੋਂ ਐਮ.ਐੱਲ.ਏ.), ਡਾ. ਸਵੈਮਾਨ ਸਿੰਘ ਅਤੇ ਗੁਰਦੇਵ ਸਿੰਘ ਕੰਗ ਸੁਸ਼ੋਭਿਤ ਸਨ।

ਇਹ ਪ੍ਰੋਗਰਾਮ ਵਿਛੜ ਗਏ ਸਾਹਿਤਕਾਰਾਂ, ਡਾ. ਸੁਰਜੀਤ ਪਾਤਰ, ਡਾਕਟਰ ਗੁਰੂਮੇਲ ਸਿੱਧੂ, ਹਰਭਜਨ ਸਿੰਘ ਹੁੰਦਲ ਅਤੇ ਦੇਸ਼ ਭਗਤ ਯਾਦਗਾਰ ਹਾਲ ਦੇ ਸੈਕਟਰੀ ਨੌਨਿਹਾਲ ਸਿੰਘ ਦੀ ਯਾਦ ਨੂੰ ਸਮਰਪਿਤ ਸੀ। ਇਨ੍ਹਾਂ ਸਾਹਿਤਕਾਰਾਂ ਦੀ ਯਾਦ ਵਿਚ ਇਕ ਮਿੰਟ ਦਾ ਮੌਨ ਰੱਖ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਸੰਤ ਸ਼ੇਰ ਸਿੰਘ ਰਾਗੀ (ਨਾਮਧਾਰੀ ਸਿੱਖ ਸੰਗਤ ਨਿਊ ਯਾਰਕ) ਵਲੋਂ ਸ਼ਬਦ ਗਾਇਨ ਕਰ ਕੇ ਇਸ ਸਮਾਗਮ ਦੀ ਆਰੰਭਤਾ ਕੀਤੀ ਗਈ।

ਅਗਲਾ ਪੜਾਅ ਪੁਸਤਕ ਰਿਲੀਜ਼ ਦਾ ਸੀ। ਇਸ ਮੌਕੇ ਦਰਜਨ ਦੇ ਕਰੀਬ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ, ਜਿਨ੍ਹਾਂ ਵਿਚ 'ਪਗਡੰਡੀਆਂ' (ਅੰਜੂ ਰੱਤੀ), 'ਕਿਣ-ਮਿਣ' (ਮੰਗਤ ਰਾਮ ਪਾਸਲਾ) 'ਖੇਡ ਜਗਤ ਦੀਆਂ ਪੈੜਾਂ' (ਇਕਬਾਲ ਜੱਬੋਵਾਲੀਆ), 'ਆਜ਼ਾਦੀ ਦੇ ਪਰਵਾਨੇ' (ਕਿਰਪਾਲ ਸਿੰਘ ਸੰਧੂ), 'ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਹੂੰਝੇ-ਕਪੂੰਝੇ' (ਗਿਆਨ ਸਿੰਘ, ਧਰਮਪਾਲ, ਗੁਰਿੰਦਰ ਕੌਰ, ਸੁਖਵੀਰ ਕੌਰ, ਰੁਪਿੰਦਰ ਕੌਰ ਅਤੇ ਜੋਤੀ), 'ਸੁਤੰਤਰਤਾ ਸੰਗਰਾਮ ਦੇ ਕ੍ਰਾਂਤੀਕਾਰੀ' ( ਐੱਚ. ਐੱਲ. ਕਪੂਰ), 'ਲੋਹ ਪੁਰਖ ਮਰਜੀਵੜਾ- ਕਾਮਰੇਡ ਤੇਜਾ ਸਿੰਘ ਸੁਤੰਤਰ' (ਧਰਮ ਸਿੰਘ ਗੋਰਾਇਆ ਅਤੇ ਸੁਲੱਖਣ ਸਰਹੱਦੀ), 'ਨਿੱਗਰ ਖੰਭਾਂ ਦੀ ਉਡਾਣ' (ਸੰ. ਹਰਜਿੰਦਰ ਪੰਧੇਰ, ਰਵੀ ਸ਼ੇਰ ਗਿੱਲ, ਹਰਮਹਿੰਦਰ ਚਹਿਲ), 'ਕਵਿਤਾ ਦੇ ਅੰਗ-ਸੰਗ' (ਪ੍ਰੋ. ਹਰਭਜਨ ਸਿੰਘ), 'ਮਨੂੰ ਸਿਮਰਤੀ' (ਡਾ. ਕਰਮਜੀਤ ਸਿੰਘ), ਰੰਗਾਂ ਦੇ ਆਰ-ਪਾਰ' (ਮੋਹਨ ਸਿੰਘ ਭੰਵਰਾ) ਆਦਿ ਸਨ।

ਗ਼ਦਰੀ ਬਾਬਿਆਂ ਨੂੰ ਸਮਰਪਿਤ ਮੁਖ਼ਤਸਰ ਕਵੀ ਦਰਬਾਰ ਵੀ ਹੋਇਆ ਜਿਸ ਵਿਚ ਸੁਖਜੀਤ ਕੌਰ, ਮੋਹਨ ਸਿੰਘ ਭੰਵਰਾ, ਪ੍ਰਿਤਪਾਲ ਕੌਰ ਪ੍ਰੀਤ, ਅਮਰੀਕ ਗ਼ਾਫ਼ਿਲ ਅਤੇ ਰਾਜਾ ਅਵੈਸ ਨੇ ਹਿੱਸਾ ਲਿਆ। ਪ੍ਰਸਿੱਧ ਗਾਇਕ ਰੇਸ਼ਮ ਸਿੰਘ ਰੇਸ਼ਮ ਨੇ ਸ਼ਹੀਦਾਂ ਨੂੰ ਸਮਰਪਿਤ ਸ਼ਿਅਰਾਂ ਨਾਲ਼ ਸ਼ਰਧਾਂਜਲੀ ਭੇਟ ਕੀਤੀ।

ਅਗਲੇ ਦੌਰ ਵਿਚ ਬੁਲਾਰਿਆਂ ਨੇ ਆਪਣੇ ਵਿਚਾਰ ਸਰੋਤਿਆਂ ਨਾਲ਼ ਸਾਂਝੇ ਕੀਤੇ। ਸਭ ਤੋਂ ਪਹਿਲਾਂ ਉਂਕਾਰ ਸਿੰਘ ਡੁਮੇਲੀ ਨੇ ਇਤਿਹਾਸ ਦੇ ਵਰਕੇ ਫਰੋਲਦਿਆਂ ਆਪਣੀ ਗੱਲ ਅੰਗਰੇਜ਼ਾਂ ਦੇ ਭਾਰਤ ਜਾਣ ਦੇ ਕਾਰਨਾਂ ਤੋਂ ਸ਼ੁਰੂ ਕਰ ਕੇ ਉਨ੍ਹਾਂ ਦੇ ਜ਼ੁਲਮੋ-ਸਿਤਮ ਤੱਕ ਲਿਆ ਕੇ ਮੁਕਾਈ। ਕਾਂਗਣਾਂ ਨੇ ਆਪਣੀ ਤਕਰੀਰ ਵਿਚ ਕਰਤਾਰ ਸਿੰਘ ਸਰਾਭਾ ਦੇ ਅਮਰੀਕਾ ਪਹੁੰਚਣ ਵੇਲ਼ੇ ਇਮੀਗ੍ਰੇਸ਼ਨ ਆਫ਼ੀਸਰ ਨਾਲ਼ ਹੋਈ ਗੱਲਬਾਤ ਦਾ ਅਹਿਮ ਦਸਤਾਵੇਜ਼ ਸਰੋਤਿਆਂ ਨਾਲ਼ ਸਾਂਝਾ ਕੀਤਾ।

ਮੁੱਖ ਬੁਲਾਰੇ ਪ੍ਰੋ. ਪ੍ਰੀਤਮ ਸਿੰਘ ਯੂ.ਕੇ. ਨੇ ਬੇਹੱਦ ਸਰਲ ਤਰੀਕੇ ਨਾਲ਼ ਗ਼ਦਰੀ ਬਾਬਿਆਂ ਦੀ ਸੋਚ, ਉਨ੍ਹਾਂ ਦੇ ਧਾਰਮਿਕ ਅਕੀਦੇ, ਦੇਸ਼ ਪ੍ਰਤੀ ਮੁਹੱਬਤ ਅਧੀਨ ਲੜਨ-ਮਰਨ ਦੇ ਜਜ਼ਬੇ ਅਤੇ ਪ੍ਰਤੀਬੱਧਤਾ ਦੀ ਬਾਤ ਪਾਈ।

ਡਾ. ਸਵੈਮਾਨ ਸਿੰਘ ਨੇ 'ਕਿਸਾਨ ਮੋਰਚੇ' ਨਾਲ ਸੰਬੰਧਿਤ ਆਪਣੇ ਅਨੁਭਵ ਪ੍ਰਗਟ ਕਰਦਿਆਂ ਇਹ ਆਸ ਜ਼ਾਹਿਰ ਕੀਤੀ ਕਿ ਜਿਵੇਂ ਗ਼ਦਰੀ ਬਾਬੇ ਆਪਣੇ ਮੁਲਕ ਨੂੰ ਆਜ਼ਾਦ ਕਰਾਉਣ ਲਈ ਤਤਪਰ ਸਨ ਇਉਂ ਹੀ ਅੱਜ ਦੀ ਪੀੜ੍ਹੀ ਨੂੰ ਕਿਸਾਨਾਂ ਨਾਲ਼ ਖੜ੍ਹੇ ਹੋਣਾ ਚਾਹੀਦਾ ਹੈ।

ਰਿਚਮੰਡ ਹਿੱਲ ਗੁਰੂਘਰ ਦੇ ਸਾਬਕਾ ਪ੍ਰਧਾਨ ਸ. ਗੁਰਦੇਵ ਸਿੰਘ ਕੰਗ ਨੇ ਇੰਡੋ-ਅਮੈਰਿਕਨ ਹੈਹੈਰੀਟੇਜ ਫਾਊਂਡੇਸ਼ਨ ਦੇ ਇਸ ਕਾਰਜ ਦੀ ਸ਼ਲਾਘਾ ਕੀਤੀ।

ਮਾਸਟਰ ਧਰਮ ਪਾਲ ਉੱਗੀ ਨੇ ਕਿਹਾ ਕਿ ਜੋਤ ਤੋਂ ਹੀ ਜੋਤ ਜਗਦੀ ਹੈ। ਇਸ ਪ੍ਰੋਗਰਾਮ ਤੋਂ ਪ੍ਰੇਰਨਾ ਲੈ ਕੇ ਹੋਰ ਅਗਾਂਹਵਧੂ ਲੋਕ ਵੀ ਇਸ ਲੋਅ ਨੂੰ ਅਗਾਂਹ ਤੋਰਨਗੇ। ਸ਼ਫ਼ੀਕ ਮੁਹੰਮਦ ਨੇ ਬੇਹੱਦ ਭਾਵੁਕ ਅੰਦਾਜ਼ ਵਿਚ ਸ਼ਹੀਦਾਂ ਨੂੰ ਯਾਦ ਕੀਤਾ। ਦੇਵ ਰੰਧਾਵਾ ਨੇ ਵੀ ਸਰੋਤਿਆਂ ਨਾਲ਼ ਸ਼ਬਦੀ ਸਾਂਝ ਪੁਆਈ।

ਇਸ ਮੌਕੇ ਟ੍ਰਾਈ ਸਟੇਟ ਤੋਂ ਲੋਕਾਂ ਭਰਪੂਰ ਹਾਜ਼ਰੀ ਭਰੀ। ਲੰਗਰ ਦੀ ਸੇਵਾ ਸਤਿਗੁਰ ਸਵੀਟਸ ਵੱਲੋਂ ਨਿਭਾਈ ਗਈ। ਜਲ ਦੀ ਸੇਵਾ ਗੁਰਿੰਦਰ ਕੌਰ ਪੂਨੀ ਅਤੇ ਚਾਹ-ਪਕੌੜਿਆਂ ਦੀ ਰਸਦ ਚਰਨਜੀਤ ਸਿੰਘ ਸਮਰਾ ਵੱਲੋਂ ਮੁਹੱਈਆ ਕਰਵਾਈ ਗਈ ਸੀ। ਅਮਰੀਕ ਗ਼ਾਫ਼ਿਲ ਅਤੇ ਰਾਜਿੰਦਰ ਬਿੱਟੂ ਨੇ ਨਾਮਧਾਰੀ ਸੰਗਤ ਨਾਲ਼ ਮਿਲ ਕੇ ਸਾਰਾ ਹਾਲ ਸ਼ਹੀਦਾਂ ਦੀਆਂ ਤਸਵੀਰਾਂ ਨਾਲ਼ ਪ੍ਰੇਰਨਾਦਾਇਕ ਬਣਾਇਆ।

ਇਸ ਸਮਾਗਮ ਨੂੰ ਸਫਲ ਬਣਾਉਣ ਵਿਚ ਮਨਮੋਹਨ ਪੂਨੀ (ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ ਨਿਊਯਾਰਕ), ਸਵਰਨ ਸਿੰਘ ਸਲੈਚ (ਪ੍ਰਧਾਨ ਨਾਮਧਾਰੀ ਸਿੱਖ ਸੰਗਤ ਨਿਊਯਾਰਕ), ਜਗਤਾਰ ਸਿੰਘ ਕਾਰੀ (ਪ੍ਰਧਾਨ ਕਪੂਰਥਲਾ ਸਪੋਰਟਸ ਕਲੱਬ ਨਿਊਯਾਰਕ), ਰਘਬੀਰ ਸਿੰਘ ਸਭਾਨਪੁਰ, ਕੁਲਵੰਤ ਸਿੰਘ ਦਿਓਲ, ਬਾਈ ਸ਼ਮਸ਼ੇਰ ਸਿੰਘ (ਪ੍ਰਧਾਨ ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ ਨਿਊਯਾਰਕ), ਦਰਸ਼ਨ ਸਿੰਘ ਪ੍ਰੀਤ, ਸੰਤੋਖ ਸਿੰਘ ਚੇਅਰਮੈਨ, ਰਮੇਸ਼ ਕੁਮਾਰ ਦਾ ਵਿਸ਼ੇਸ਼ ਯੋਗਦਾਨ ਰਿਹਾ।

ਇਸ ਮੌਕੇ ਬਲਦੇਵ ਸਿੰਘ ਗਰੇਵਾਲ (ਗਲਪ-ਲਿਖਾਰੀ), ਤਰਲੋਕਬੀਰ (ਕਵੀ), ਡਾ. ਸੰਦੀਪ (ਆਲੋਚਕ), ਜਸਵੀਰ ਉੱਭੀ (ਲੇਖਕ) ਬਲਬੀਰ ਡੁਮੇਲੀ (ਕਵੀ), ਜਸਵੀਰ ਡੁਮੇਲੀ (ਕਵੀ), ਰੀਟਾ ਕੋਹਲੀ (ਸੰਗੀਤਕਾਰ) ਆਦਿ ਤੋਂ ਇਲਾਵਾ ਹਰਪ੍ਰੀਤ ਸਿੰਘ ਤੂਰ, ਇਕਬਾਲ ਸਿੰਘ ਜੱਬੋਵਾਲ, ਬਲਵਿੰਦਰ ਸਿੰਘ ਜੰਡਿਆਲਾ, ਨਿਰਮਲ ਸਿੰਘ (ਸਾਬਕਾ ਪ੍ਰਧਾਨ ਰਵਿਦਾਸ ਗੁਰੂਘਰ), ਮੈਡਮ ਪਰਮਜੀਤ ਕੌਰ, ਮਲਕੀਤ ਮਾਣਾ, ਦਵਿੰਦਰ ਸਿੰਘ ਬੋਪਰਾਇ (ਪ੍ਰਧਾਨ ਸਿੱਖ ਕਲਚਰਲ ਸੁਸਾਇਟੀ) ਆਦਿ ਹਾਜ਼ਰ ਸਨ। ਸਟੇਜ ਦੀ ਕਾਰਵਾਈ ਸੁਰਿੰਦਰ ਸੋਹਲ ਨੇ ਨਿਭਾਈ।



ਪ੍ਰੋ. ਪ੍ਰੀਤਮ ਸਿੰਘ | ਡਾ. ਸਵੈਮਾਨ ਸਿੰਘ | ਜਸਵੀਰ ਦਿਓਲ | ਕਸ਼ਮੀਰ ਸਿੰਘ ਕਾਂਗਣਾ | ਸੁਰਿੰਦਰ ਸੋਹਲ | ਮਨਮੋਹਨ ਪੁਨੀ | ਸ. ਗੁਰਦੇਵ ਸਿੰਘ ਕੰਗ | ਉਂਕਾਰ ਸਿੰਘ ਡੁਮੇਲੀ | ਮਾ. ਧਰਮ ਪਾਲ ਉੱਗੀ

ਰਾਜਾ ਅਵੈਸ | ਅਮਰੀਕ ਗ਼ਾਫ਼ਿਲ | ਮੋਹਨ ਸਿੰਘ ਭੰਵਰਾ | ਸੁਖਜੀਤ ਕੌਰ | ਦੇਵ ਰੰਧਾਵਾ | ਰੇਸ਼ਮ ਸਿੰਘ ਰੇਸ਼ਮ | ਪ੍ਰਿਤਪਾਲ ਕੌਰ ਪ੍ਰੀਤ



*ਇੰਡੋ-ਅਮੈਰਿਕਨ ਹੈਰੀਟੇਜ ਫ਼ਾਊਂਡੇਸ਼ਨ (ਨਿਊ ਯਾਰਕ) ਵਲੋਂ ਗ਼ਦਰੀ ਬਾਬਿਆਂ ਦੀ ਯਾਦ ਵਿਚ ਕਰਵਾਏ ਗਏ ਸਮਾਗਮ ਦੌਰਾਨ ਕਿਤਾਬਾਂ ਰਿਲੀਜ਼ ਕਰਦੇ ਹੋਏ (ਖੱਬਿਓਂ ਸੱਜੇ) ਸੁਰਿੰਦਰ ਸੋਹਲ, ਡਾ. ਸੰਦੀਪ ਸਿੰਘ, ਅਮਰੀਕ ਗਾਫ਼ਿਲ, ਮਨਮੋਹਨ ਪੂਨੀ, ਪ੍ਰੋ.ਪ੍ਰੀਤਮ ਸਿੰਘ ਯੂ.ਕੇ., ਕਸ਼ਮੀਰ ਸਿੰਘ ਕਾਂਗਣਾਂ, ਜਸਵੀਰ ਸਿੰਘ ਦਿਓਲ, ਡਾ. ਸਵੈਮਾਨ ਸਿੰਘ ਅਤੇ ਸਵਰਨ ਸਿੰਘ ਸਲੋਚ।*

# ਲਿਖਾਈ ਸਰੀਰਕ ਅਤੇ ਮਾਨਸਿਕ ਸਥਿਤੀ ਦੀ ਸੂਚਕ ਹੈ

**ਜਗਤਾਰ ਸਿੰਘ ਸੋਖੀ**
ਸੰਪਰਕ: 9417166386

ਕਿਸੇ ਵੀ ਵਿਅਕਤੀ ਦੇ ਲਿਖਣ ਢੰਗ ਤੋਂ ਉਸ ਦੇ ਵਿਅਕਤੀਤਵ ਦਾ ਪਤਾ ਲੱਗਦਾ ਲੱਗਣ ਪਿੱਛੇ ਕਈ ਮਨੋਵਿਗਿਆਨਿਕ ਕਾਰਨ ਵੀ ਹੁੰਦੇ ਹਨ। ਹਰ ਵਿਅਕਤੀ ਦੇ ਕੰਮ ਪਿੱਛੇ ਉਸਦੀ ਇਸ਼ਾਵਾਂ ਅਤੇ ਵਿਚਾਰ ਖੜੇ ਹੁੰਦੇ ਹਨ। ਇਹ ਨਿਰਨਾ ਕਰਨਾ ਬੜਾ ਕਠਨ ਹੈ ਕਿ ਸਰੀਰਕ ਸ਼ਕਤੀ ਵੱਡੀ ਹੈ ਜਾਂ ਮਾਨਸਿਕ। ਮਾਨਸਿਕ ਸਥਿਤੀ ਜੇਕਰ ਸੰਤੁਲਨ ਵਿੱਚ ਹੈ ਤਾਂ ਵਿਅਕਤੀ ਬਹੁਤ ਵੱਡਾ ਕੰਮ ਕਰ ਸਕਦਾ ਹੈ। ਇੱਛਾ ਸ਼ਕਤੀ ਉਹਦੇ ਵਿਚਾਰਾਂ ਨੂੰ ਪ੍ਰਭਾਵਿਤ ਕਰਕੇ ਬਹੁਤ ਤਰ੍ਹਾਂ ਦੇ ਕੰਮ ਕਰਵਾ ਸਕਦੀ ਹੈ। ਪਰ ਜੇਕਰ ਉਸਦੀ ਸਰੀਰਕ ਸਥਿਤੀ ਠੀਕ ਨਹੀਂ ਤਾਂ ਕਈ ਵਾਰ ਉਸਦੀਆਂ ਇੱਛਾਵਾਂ ਵੀ ਦੱਬੀਆਂ ਰਹਿ ਜਾਂਦੀਆਂ ਹਨ। ਸਰੀਰਕ ਸ਼ਕਤੀ ਨਾਲ਼ ਬਾਹਰੀ ਵਿਅਕਤੀਤਵ ਬਣਦਾ ਹੈ ਅਤੇ ਇਹ ਵਿਅਕਤੀ ਦੀ ਸਫ਼ਲਤਾ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ।

ਕਿਸੇ ਵਿਅਕਤੀ ਦਾ ਬਹੁਤ ਜਲਦੀ ਥੱਕ ਜਾਣਾ, ਉਸ ਦਾ ਦੋ ਚਿੱਤੀ ਵਿੱਚ ਹੋਣਾ, ਕੰਮ ਕਰਨ ਤੋਂ ਪਹਿਲਾਂ ਬਹੁਤ ਸੋਚਣਾ ਜਾਂ ਬਿਲਕੁਲ ਨਾ ਸੋਚਣਾ, ਤੱਤਫੱਟ ਨਿਰਨਾ ਲੈਣਾ, ਬਹੁਤ ਹੌਲੀ ਜਾਂ ਬਹੁਤ ਤੇਜ਼ ਚੱਲਣਾ, ਸ਼ਾਰਟਕਟ ਰਸਤਾ ਅਪਣਾਉਣਾ, ਅਚਾਨਕ ਤੇਜ਼ੀ ਫੜ ਲੈਣੀ ਜਾਂ ਸੁਸਤ ਹੋ ਜਾਣਾ। ਆਪਣਾ ਦਿਮਾਗ਼ੀ ਸਮਰੱਥਾ ਤੋਂ ਘੱਟ ਕੰਮ ਕਰਨਾ ਜਾਂ ਕੰਮ ਵਿੱਚ ਰੁਚੀ ਨਾ ਦਿਖਾਉਣੀ ਆਦਿ ਅਜਿਹੇ ਕਈ ਸਵਾਲਾਂ ਦੇ ਜਵਾਬ ਉਸਦੀ ਲਿਖਾਵਟ ਵਿੱਚੋਂ ਲੱਭ ਲਏ ਜਾਂਦੇ ਹਨ।

ਵਿਅਕਤੀ ਦੀ ਸਰੀਰਕ ਸ਼ਕਤੀ ਅਤੇ ਕੰਮ ਕਰਨ ਦੀ ਸਮਰੱਥਾ ਬਾਰੇ ਉਸ ਦੀ ਲਿਖਾਈ ਦੱਸ ਦਿੰਦੀ ਹੈ। ਲਿਖਣ ਦੀ ਗਤੀ ਅੱਖਰ ਬਣਤਰ ਅਤੇ ਲਿਖਾਵਟ ਦੀ ਦਿਸ਼ਾ ਤੋਂ ਇਸ ਬਾਰੇ ਅਨੁਮਾਨ ਲੱਗ ਜਾਂਦਾ ਹੈ। ਜਦੋਂ ਵਿਅਕਤੀ ਗੋਲ ਜਾਂ ਚੌਰਸ ਅੱਖਰ ਲਿਖਦਾ ਹੈ ਤਾਂ ਲਿਖਣ ਦੀ ਗਤੀ ਘੱਟ ਹੋ ਜਾਂਦੀ ਹੈ। ਨੁਕੀਲੇ ਅਤੇ ਛੋਟੇ ਅੱਖਰ ਛੇਤੀ ਲਿਖੇ ਜਾਂਦੇ ਹਨ। ਇਸ ਤੋਂ ਇਲਾਵਾ ਜੇਕਰ ਲਿਖਣ ਸਮੇਂ ਕਾਗਜ਼ ਦਾ ਹੇਠਲਾ ਧਰਾਤਲ ਨਰਮ ਹੋਵੇ ਤਾਂ ਵੀ ਲਿਖਣ ਦੀ ਗਤੀ ਘੱਟ ਜਾਂਦੀ ਹੈ। ਜੇਕਰ ਕਲਮ ਜਾਂ ਪੈਨਸਲ ਸਖ਼ਤ ਹੋਵੇ ਤਾਂ ਵੀ ਲਿਖਾਈ ਦੀ ਗਤੀ ਘੱਟ ਜਾਂਦੀ ਹੈ। ਅੱਗੇ ਨੂੰ ਝੁਕੇ ਅੱਖਰ ਛੇਤੀ ਲਿਖੇ ਜਾ ਸਕਦੇ ਹਨ। ਲਿਖਣ ਦੀ ਗਤੀ ਤੋਂ ਸਰੀਰ ਤੇ ਮਨ ਦੇ ਵਿਚਾਰਾਂ ਪਿਛਲੇ ਸੰਤੁਲਨ ਦਾ ਪਤਾ ਲੱਗਦਾ ਹੈ।



ਪਤਲੇ ਤੇ ਨੁਕੀਲੇ ਅੱਖਰ ਵਿਚਾਰਵਾਨ ਹੋਣ ਦਾ ਅਤੇ ਛੋਟੇ ਅੱਖਰ ਇਕਾਗਰਤਾ ਦਾ ਸੂਚਕ ਹਨ। ਛੋਟੀ ਲਿਖਾਈ ਪ੍ਰਗਤੀਸ਼ੀਲ ਅਤੇ ਊਰਜਾ ਨਾਲ਼ ਭਰਪੂਰ ਹੋਣ ਦਾ ਸੰਕੇਤ ਦਿੰਦੀ ਹੈ। ਕੰਮ ਤਾਂ ਸਾਰਿਆਂ ਨੂੰ ਕਰਨਾ ਪੈਂਦਾ ਹੈ ਸਰੀਰਕ ਤੌਰ ਤੇ ਬਿਮਾਰ, ਥੱਕੇ ਤੇ ਬਜ਼ੁਰਗ ਵਿਅਕਤੀ ਦੀ ਲਿਖਾਈ ਦੀ ਗਤੀ ਤੇਜ਼ ਨਹੀਂ ਹੋ ਸਕਦੀ। ਵਿਆਕਤੀ ਦੀ ਸਫ਼ਲਤਾ ਤੇ ਉਸਦਾ ਮਾਨਸਿਕ ਵਿਕਾਸ ਬਹੁਤ ਪ੍ਰਭਾਵ ਪਾਉਂਦਾ ਹੈ। ਉਸ ਦੀ ਇੱਛਾ ਸ਼ਕਤੀ ਕਿੰਨੀ ਕੁ ਹੈ ਇਸ ਬਾਰੇ ਲਿਖਾਈ ਲਿਖਣ ਸਮੇਂ ਉਸ ਦੀ ਕਲਮ ਤੇ ਪਾਇਆ ਦਬਾਅ ਦੱਸਦਾ ਹੈ। ਜਿਵੇਂ ਜਿਵੇਂ ਲਿਖਾਵਟ ਵਿੱਚ ਕਲਮ ਦਾ ਦਬਾਅ ਵੱਧਦਾ ਜਾਂਦਾ ਹੈ ਉਸ ਦੀ ਊਰਜਾ ਵੱਧਦੀ ਜਾਂਦੀ ਹੈ। ਉਸ ਵਿੱਚ ਅਧਿਕਾਰ ਵਧਾਉਣ ਦੀ ਇੱਛਾ ਵਧਦੀ ਜਾਂਦੀ ਹੈ। ਜੋ ਵਿਅਕਤੀ ਬਹੁਤ ਜਿਆਦਾ ਦਬਾਅ ਨਾਲ਼ ਲਿਖਦਾ ਹੈ ਉਸਦਾ ਸੁਭਾਅ ਹੰਕਾਰੀ ਹੁੰਦਾ ਹੈ। ਸਰੀਰਕ ਸੁੱਖਾਂ ਪ੍ਰਤੀ ਉਸਦਾ ਮੋਹ ਵੀ ਵੱਧ ਹੁੰਦਾ ਹੈ। ਉਹ ਦੂਜਿਆਂ ਪ੍ਰਤੀ ਸੰਵੇਦਨਸ਼ੀਲ ਨਹੀਂ ਹੁੰਦਾ। ਉਸ ਦੀ ਲਿਖਾਈ ਤੋਂ ਇਹ ਸੰਕੇਤ ਮਿਲਦਾ ਹੈ ਕਿ ਉਹ ਕਿਸੇ ਪ੍ਰਤੀ ਪ੍ਰਤਿਕਿਰਿਆਵਾਂ ਨੂੰ ਦਬਾਉਂਦਾ ਹੈ ਤੇ ਸਾਹਮਣੇ ਵਾਲ਼ੇ ਨੂੰ ਪਤਾ ਵੀ ਨਹੀਂ ਲੱਗਣ ਦੇਣਾ ਚਾਹੁੰਦਾ। ਇਸ ਦੇ ਉਲਟ ਹਲਕੇ ਦਬਾਅ ਦੇ ਨਾਲ਼ ਲਿਖਣ ਵਾਲ਼ੇ ਵਿੱਚ ਦ੍ਰਿੜਤਾ ਦੀ ਕਮੀ ਹੁੰਦੀ ਹੈ। ਉਹ ਕਮਜ਼ੋਰ ਵਿਅਕਤੀਤਵ ਵਾਲ਼ਾ ਹੁੰਦਾ ਹੈ। ਉਸ ਤੇ ਕਿਸੇ ਘਟਨਾ ਦਾ ਪ੍ਰਭਾਵ ਬਹੁਤੀ ਦੇਰ ਤੱਕ ਨਹੀਂ ਰਹਿੰਦਾ। ਉਹ ਭਾਵਕ ਛੇਤੀ ਹੋ ਜਾਂਦਾ ਹੈ।

ਅੰਤ ਵਿੱਚ ਅਸੀਂ ਇਹ ਕਹਾਂਗੇ ਕਿ ਸੱਜੇ ਪਾਸੇ ਝੁਕਾਅ ਤੇ ਥੋੜੇ ਜਿਹੇ ਦਬਾਅ ਨਾਲ਼ ਲਿਖਣ ਵਾਲ਼ਾ ਮਿਲਣਸਾਰ ਹੁੰਦਾ ਹੈ। ਬਿਲਕੁਲ ਸਿੱਧਾ ਲਿਖਣ ਵਾਲ਼ਾ ਅੰਤਰਮੁਖੀ ਹੁੰਦਾ ਹੈ ਅਤੇ ਖੱਬੇ ਪਾਸੇ ਝੁਕਾਅ ਵਾਲਾ ਸ਼ਰਾਰਤੀ ਅਤੇ ਮਾਨਸਿਕ ਤੌਰ ਤੇ ਵਿਗੜੇ ਸੰਤੁਲਨ ਵਾਲ਼ਾ ਹੁੰਦਾ ਹੈ।

## ਹਰਸ਼ਰਨ ਕੌਰ ਹੈਪੀ ਮੁੜ ਕਾਂਗਰਸ ਸ਼ਾਮਿਲ

ਸਾਬਕਾ ਕੌਂਸਲਰ ਅਤੇ ਖੇਡ ਪ੍ਰਮੋਟਰ ਸੁਰਿੰਦਰ ਸਿੰਘ ਭਾਪਾ ਦੀ ਧਰਮ ਪਤਨੀ ਹਰਸ਼ਰਨ ਕੌਰ ਹੈਪੀ ਅੱਜ ਘਰ ਵਾਪਸੀ ਕਰਦਿਆਂ ਮੁੜ ਕਾਂਗਰਸ ਵਿੱਚ ਸ਼ਾਮਿਲ ਹੋ ਗਏ। ਜਿਸ ਕਰਕੇ ਸਾਬਕਾ ਮੇਅਰ ਦੇ "ਆਪ" ਵਿੱਚ ਜਾਣ ਨਾਲ ਜਿੱਥੇ ਕਾਂਗਰਸ ਨੂੰ ਝਟਕਾ ਲੱਗਾ ਸੀ ਤੇ ਨਾਲ ਹੀ ਹੈਪੀ ਦੇ ਵਾਪਸ ਆਉਣ ਨਾਲ ਕਾਂਗਰਸ ਨੂੰ ਕੁਝ ਰਾਹਤ ਮਿਲੀ ਹੈ। ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਰਜਿੰਦਰ ਬੇਰੀ, ਵਿਧਾਇਕ ਹਰਦੇਵ ਲਾਡੀ ਸ਼ੇਰੋਵਾਲੀਆ, ਡਾਕਟਰ ਨਵਜੋਤ ਦਾਈਆ, ਹਲਕਾ ਇੰਚਾਰਜ ਕਰਤਾਰਪੁਰ ਰਾਜਿੰਦਰ ਸਿੰਘ ਸਾਬਕ ਐਸ.ਐਸ.ਪੀ. ਨੇ ਹਰਸ਼ਰਨ ਕੌਰ ਹੈਪੀ ਦਾ ਕਾਂਗਰਸ ਵਿੱਚ ਵਾਪਸ ਆਉਣ ਤੇ ਸਵਾਗਤ ਕਰਦਿਆਂ ਕਿਹਾ ਕਿ ਹੈਪੀ ਵਰਗੇ ਤੇਜ਼ ਤਰਾਰ ਆਗੂਆਂ ਦੀ ਘਰ ਵਾਪਸੀ ਨਾਲ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੀ ਹੈ।

ਇਸ ਮੌਕੇ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਰਜਿੰਦਰ ਬੇਰੀ ਨੇ ਕਿਹਾ ਕਿ ਪਾਰਟੀ ਨੂੰ ਹੈਪੀ ਵਰਗੇ ਆਗੂਆਂ ਦੀ ਹਮੇਸ਼ਾ ਲੋੜ ਹੈ ਤੇ ਪਾਰਟੀ ਵਰਕਰਾਂ ਨੂੰ ਹੈਪੀ ਦੀ ਵਾਪਸੀ ਨਾਲ ਉਤਸ਼ਾਹ ਮਿਲਿਆ ਹੈ।

ਇਸ ਮੌਕੇ ਹਰਸ਼ਰਨ ਕੌਰ ਹੈਪੀ ਨੇ ਆਏ ਹੋਏ ਸਾਰੇ ਆਗੂਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਅੱਜ ਆਪਣੇ ਪਰਿਵਾਰ ਵਿੱਚ ਵਾਪਸ ਆ ਕੇ ਬਹੁਤ ਖੁਸ਼ੀ ਮਹਿਸੂਸ ਕਰ ਰਹੇ ਹਨ।

## ਨਵੀਂ ਜੀ.ਐੱਸ.ਟੀ. ਸਲੈਬ ਦਾ ਵਿਰੋਧ ਕਰੇਗੀ ਕਾਂਗਰਸ

ਨਵੀਂ ਦਿੱਲੀ: ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਇਕ ਪਾਸੇ ਨਰਿੰਦਰ ਮੋਦੀ ਸਰਕਾਰ ਆਮ ਆਦਮੀ ਲਈ ਆਮਦਨ ਕਰ ਤੇ ਹੋਰ ਟੈਕਸਾਂ ਦੀਆਂ ਦਰਾਂ 'ਚ ਵਾਧਾ ਕਰ ਰਹੀ ਹੈ, ਅਤੇ ਦੂਜੇ ਪਾਸੇ ਅਰਬਪਤੀਆਂ ਨੂੰ ਛੋਟ ਦੇ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਲੋਕਾਂ 'ਤੇ ਭਾਰ ਪਾਉਣ ਲਈ ਜੀ.ਐੱਸ.ਟੀ. ਦੀ ਇੱਕ ਹੋਰ ਸਲੈਬ ਲਿਆਉਣ ਦੀ ਤਿਆਰੀ 'ਚ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਰੋਜ਼ਾਨਾ ਵਰਤੋਂ ਦੀਆਂ ਵਸਤਾਂ 'ਤੇ ਵੱਧ ਤੋਂ ਵੱਧ ਟੈਕਸ ਲਾਉਣ ਅਤੇ ਵੱਡੇ ਅਰਬਪਤੀਆਂ ਨੂੰ ਛੋਟ ਦੇਣ ਦਾ ਵਿਰੋਧ ਕਰਦੀ ਰਹੇਗੀ।

# ਅਕਾਲੀ ਦਲ ਸੁਧਾਰ ਲਹਿਰ ਵੱਲੋਂ ਸਲਾਹਕਾਰ ਬੋਰਡ ਅਤੇ ਪ੍ਰਜ਼ੀਡੀਅਮ ਭੰਗ

ਅੰਮ੍ਰਿਤਸਰ : ਸ੍ਰੀ ਅਕਾਲ ਤਖਤ ਸਾਹਿਬ ਵਿਖੇ ਫਰਿਆਦ ਕਰਨ ਲਈ ਕਰੀਬ ਛੇ ਮਹੀਨੇ ਪਹਿਲਾਂ ਗਠਤ ਕੀਤੀ ਗਈ ਅਕਾਲੀ ਦਲ ਸੁਧਾਰ ਲਹਿਰ ਦੇ ਸਲਾਹਕਾਰ ਬੋਰਡ ਅਤੇ ਪ੍ਰੋਜੀਡੀਅਮ ਮੈਂਬਰਾਂ ਦੀ ਅੱਜ ਇੱਥੇ ਸੰਸਥਾ ਦੇ ਕਨਵੀਨਰ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਦੀ ਅਗਵਾਈ ਵਿੱਚ ਹੋਈ ਅਹਿਮ ਇਕੱਤਰਤਾ ਦੌਰਾਨ ਪੰਜ ਸਿੰਘ ਸਾਹਿਬਾਨ ਵੱਲੋਂ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਸਾਰੇ ਧੜਿਆਂ ਨੂੰ ਇੱਕ ਪੰਥਕ ਪਲੇਟਫਾਰਮ ਤੇ ਇਕੱਠੇ ਹੋਣ ਦੇ ਆਦੇਸ਼ ਦਾ ਪਾਲਣ ਕਰਦਿਆਂ ਅਕਾਲੀ ਦਲ ਸੁਧਾਰ ਲਹਿਰ ਨੂੰ ਭੰਗ ਕਰਨ ਦਾ ਐਲਾਨ ਕੀਤਾ ਗਿਆ।

ਜਥੇਦਾਰ ਵਡਾਲਾ ਦੀ ਅਗਵਾਈ ਵਿੱਚ ਸਥਾਨਕ ਮਾਲ ਰੋਡ ਵਿਖੇ ਹੋਈ ਇਸ ਇਕੱਤਰਤਾ ਵਿੱਚ ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂ ਮਾਜਰਾ, ਸਰਜੀਤ ਸਿੰਘ ਰੱਖੜਾ ਪਰਮਿੰਦਰ ਸਿੰਘ ਢੀਂਡਸਾ, ਗਗਨਦੀਪ ਸਿੰਘ ਬਰਨਾਲਾ, ਸੁੱਚਾ ਸਿੰਘ ਛੋਟੇਪੁਰ, ਬੀਬੀ ਪਰਮਜੀਤ ਕੌਰ ਲਾਂਡਰਾਂ, ਬੀਬੀ ਕਿਰਨਜੋਤ ਕੌਰ, ਸੰਤਾ ਸਿੰਘ ਉਮੈਦਪੁਰੀ, ਸਰਵਨ ਸਿੰਘ ਫਿਲੌਰ, ਤਜਿੰਦਰਪਾਲ ਸਿੰਘ ਸੰਧੂ, ਹਰਿੰਦਰਪਾਲ ਸਿੰਘ ਚੰਦੂ ਮਾਜਰਾ ਅਤੇ ਹੋਰ ਅਕਾਲੀ ਆਗੂ ਸ਼ਾਮਿਲ ਹੋਏ। ਇਸ ਇਕੱਤਰਤਾ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਵਡਾਲਾ ਨੇ ਕਿਹਾ ਕਿ ਉਹਨਾਂ ਅਤੇ ਉਹਨਾਂ ਦੇ ਸਾਥੀਆਂ ਨੇ ਕੁਝ ਮਹੀਨੇ ਪਹਿਲਾਂ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਪੱਤਰ ਸੌਂਪ ਕੇ ਭੁੱਲਾਂ ਗਲਤੀਆਂ ਲਈ ਖਿਮਾ ਯਾਚਨਾ ਦੀ ਅਪੀਲ ਕੀਤੀ ਸੀ। ਜਿਸ ਤੇ ਕਾਰਵਾਈ ਕਰਦਿਆਂ ਸਿੰਘ ਸਾਹਿਬਾਨ ਵੱਲੋਂ 2 ਦਿਸੰਬਰ ਨੂੰ ਸ਼੍ਰੀ ਅਕਾਲ ਤਖਤ



ਸਾਹਿਬ ਤੋਂ ਅਹਿਮ ਫੈਸਲਾ ਸੁਣਾਉਣ ਅਤੇ ਧਾਰਮਿਕ ਸਜ਼ਾਵਾਂ ਦੇਣ ਦੇ ਐਲਾਨ ਦੇ ਨਾਲ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਸੁਧਾਰ ਲਹਿਰ ਭੰਗ ਕਰਨ ਦਾ ਵੀ ਬੜੀ ਦੂਰ ਅੰਦੇਸ਼ੀ ਵਾਲਾ ਆਦੇਸ਼ ਦਿੱਤਾ ਸੀ, ਜਿਸ ਤੇ ਅਮਲ ਕਰਦਿਆਂ ਹੋਇਆਂ ਅੱਜ ਅਕਾਲੀ ਦਲ ਸੁਧਾਰ ਲਹਿਰ ਨੂੰ ਸਮੇਟ ਦਿੱਤਾ ਗਿਆ ਹੈ। ਜਥੇਦਾਰ ਵਡਾਲਾ ਨੇ ਕਿਹਾ ਕਿ ਅਕਾਲ ਤਖਤ ਸਾਹਿਬ ਦੀ ਮਾਣ ਮਰਿਆਦਾ ਬਹਾਲ ਕਰਾਉਣਾ ਸੁਧਾਰ ਲੈਣ ਦਾ ਸਭ ਤੋਂ ਅਹਿਮ ਏਜੰਡਾ ਸੀ ।ਅੱਜ ਸੁਧਾਰ ਲਹਿਰ ਦੀ ਹੋਈ ਇਕੱਤਰਤਾ ਵਿੱਚ ਸਾਰੇ ਹੀ ਮੈਂਬਰਾਂ ਵੱਲੋਂ ਸਮੁੱਚਤਾ ਨਾਲ ਇਹ ਫੈਸਲਾ ਲਿਆ ਗਿਆ ਕਿ ਸਾਰੇ ਹੀ ਮੈਂਬਰ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹਨ। ਅਤੇ ਸਿੰਘ ਸਾਹਿਬ ਵੱਲੋਂ ਕੀਤੇ ਗਏ ਫੈਸਲਿਆਂ ਨੂੰ ਇੰਨ ਬਿੰਨ ਲਾਗੂ ਕਰਨਗੇ।

ਉਹਨਾਂ ਕਿਹਾ ਕਿ ਸਿੰਘ ਸਾਹਿਬਾਨ ਵੱਲੋਂ ਜੋ ਭਰਤੀ ਕਮੇਟੀ ਬਣਾਈ ਗਈ ਹੈ, ਉਸ ਨੂੰ ਪੂਰਾ ਸਹਿਯੋਗ ਦੇਵਾਂਗੇ ਤੇ ਭਵਿੱਖ ਵਿੱਚ ਵੀ ਸਿੱਖ ਪੰਥ ਅਤੇ ਸਿੱਖ ਸੰਸਥਾਵਾਂ ਦੀ ਚੜ੍ਹਦੀ ਕਲਾ ਲਈ ਪੰਥਕ ਸਿਧਾਂਤਾਂ ਉੱਤੇ ਪਹਿਰਾ ਦਿੰਦੇ ਰਹਾਂਗੇ। ਜਥੇਦਾਰ ਵਡਾਲਾ ਨੇ ਕਿਹਾ ਕਿ ਉਹ ਅਕਾਲੀ ਦਲ ਦੀ ਮੈਂਬਰਸ਼ਿਪ ਭਰਤੀ ਲਈ ਗਠਿਤ ਕੀਤੀ ਗਈ ਕਮੇਟੀ ਦੇ ਮੁਖੀ ਹਰਜਿੰਦਰ ਸਿੰਘ ਧਾਮੀ ਨਾਲ ਵੀ ਜਲਦੀ ਹੀ ਮੁਲਾਕਾਤ ਕਰਨਗੇ ਤੇ ਕਿ ਭਰਤੀ ਮੁਹਿੰਮ ਨੂੰ ਜਲਦੀ ਸ਼ੁਰੂ ਕਰਨ ਦੀ ਅਪੀਲ ਕਰਨਗੇ ਉਹਨਾਂ ਕਿਹਾ ਕਿ ਸਿੰਘ ਸਾਹਿਬਾਨ ਦਾ ਦਲ ਦੀ ਪੁਨਰ ਸਰਜੀਤੀ ਦਾ ਫੈਸਲਾ ਦੂਰ ਅੰਦੇਸ਼ੀ ਵਾਲਾ ਫੈਸਲਾ ਹੈ ਤੇ ਹੁਣ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਇੱਕ ਨਵੀਂ ਸ਼ਕਤੀ ਲੈ ਕੇ ਮੁੜ ਉਭਰੇਗੀ। ਉਹਨਾਂ ਕਿਹਾ ਕਿ ਸਿੰਘ ਸਾਹਿਬਾਨ ਦੇ ਆਦੇਸ਼ਾਂ ਦੀ ਇੰਨ ਬਿੰਨ ਪਾਲਣਾ ਹੋਣੀ ਚਾਹੀਦੀ ਹੈ ਅਤੇ ਲੋਕਤੰਤਰੀ ਢੰਗ ਨਾਲ ਡੈਲੀਗੇਟਸ ਵੱਲੋਂ ਵੀ, ਜੋ ਵੀ ਪਾਰਟੀ ਦਾ ਪ੍ਰਧਾਨ ਚੁਣਿਆ ਜਾਵੇਗਾ, ਉਸ ਦੀ ਅਗਵਾਈ ਵਿੱਚ ਪਾਰਟੀ ਨੂੰ ਮਜਬੂਤ ਕਰਾਂਗੇ।

ਉਹਨਾਂ ਸੁਖਬੀਰ ਸਿੰਘ ਬਾਦਲ ਤੇ ਹੋਏ ਕਾਤਲਾਨਾ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਕਿ ਅਜਿਹੀ ਮੰਦਭਾਗੀ ਘਟਨਾ ਨਹੀਂ ਸੀ ਵਾਪਰਨੀ ਚਾਹੀਦੀ ਅਤੇ ਹੁਣ ਇਸ ਘਟਨਾ ਤੇ ਸਿਆਸਤ ਨਹੀਂ ਹੋਣੀ ਚਾਹੀਦੀ, ਬਲਕਿ ਇਸ ਦੀ ਤਹਿ ਤੱਕ ਜਾ ਕੇ ਪੜਤਾਲ ਹੋਣੀ ਚਾਹੀਦੀ ਹੈ, ਕਿ ਗੋਲੀ ਕਿਉਂ ਚਲਾਈ ਗਈ ਤੇ ਇਸ ਪਿੱਛੇ ਕਿਸ ਦੀ ਸਾਜਸ਼ਿ ਹੈ। ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਪ੍ਰਵਾਨ ਕਰਨ ਬਾਰੇ ਪ੍ਰਧਾਨ ਧਾਮੀ ਵੱਲੋਂ ਕਾਨੂੰਨੀ ਅੜਚਣ ਦੇ ਤਰਕ ਨੂੰ ਖਾਰਜ ਕਰਦਿਆਂ ਉਹਨਾਂ ਕਿਹਾ ਕਿ ਅਜਿਹੀ ਕੋਈ ਅੜਚਨ ਨਹੀਂ ਹੈ।


ਇਸ ਮੌਕੇ ਸੁਧਾਰ ਲਹਿਰ ਨਾਲ ਸੰਬੰਧਿਤ ਬੀਬੀ ਜਗੀਰ ਕੌਰ ਪ੍ਰੇਮ ਸਿੰਘ ਚੰਦੂ ਮਾਜਰਾ, ਭਾਈ ਮਨਜੀਤ ਸਿੰਘ ਭੂਰਾ ਕੋਹਲਾ, ਨੇ ਵੀ ਗੱਲਬਾਤ ਕਰਦਿਆਂ ਕਿਹਾ ਕਿ ਜੇਕਰ ਪਿਛਲੇ ਸਮੇਂ ਵਿੱਚ ਅਕਾਲੀ ਦਲ ਦੀ ਲੀਡਰਸ਼ਿਪ ਵੱਲੋਂ ਭੁੱਲਾਂ ਗਲਤੀਆਂ ਨਾ ਕੀਤੀਆਂ ਗਈਆਂ ਹੁੰਦੀਆਂ ਤਾਂ ਅੱਜ ਪੰਥਕ ਪਾਰਟੀ ਦੇ ਇਹ ਹਾਲਾਤ ਨਾ ਹੁੰਦੇ। ਉਹਨਾਂ ਕਿਹਾ ਕਿ ਜਥੇਦਾਰ ਸਾਹਿਬਾਨ ਵੱਲੋਂ ਜਾਰੀ ਆਦੇਸ਼ਾਂ ਦਾ ਇੰਨ ਬਿੰਨ ਪਾਲਣ ਕਰਦਿਆਂ ਉਹ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਸੁਰਜੀਤ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦੇਣਗੇ।

## ਸੀਰੀਆ ਵਿੱਚ ਤਖਤਾ ਪਲਟ

### ਅਸਦ ਪਰਿਵਾਰ ਦੇ ਸ਼ਾਸਨ ਦਾ ਅੰਤ

ਦਮਿਸ਼ਕ: ਸੀਰੀਆ ਵਿੱਚ ਬਾਗੀ ਸਮੂਹਾਂ ਦੇ ਗੱਠਜੋੜਾਂ ਨੇ ਸੀਰੀਆ ਦੀ ਰਾਜਧਾਨੀ ਦਮਿਸ਼ਕ ਸਮੇਤ ਬਹੁਤ ਸਾਰੇ ਸ਼ਹਿਰਾਂ ਤੇ ਕਬਜ਼ਾ ਕਰ ਲਿਆ ਹੈ। ਜਿਸ ਨਾਲ ਪੱਛਮੀ ਏਸ਼ੀਆ ਦੇ ਇਸ ਦੇਸ਼ ਵਿੱਚ ਬਸ਼ਰ ਅਸਦ ਦੇ 24 ਸਾਲ ਅਤੇ ਅਸਦ ਪਰਿਵਾਰ ਦੇ 50 ਸਾਲਾਂ ਦੇ ਸ਼ਾਸਨ ਦਾ ਅੰਤ ਹੋ ਗਿਆ ਹੈ।

ਜਾਣਕਾਰੀ ਅਨੁਸਾਰ ਰਾਸ਼ਟਰਪਤੀ ਅਸਦ ਦੇਸ ਛੱਡ ਚੁੱਕੇ ਹਨ ਤੇ ਸੀਰੀਆ ਦੇ ਸਰਕਾਰੀ ਟੈਲੀਵਿਜ਼ਨ ਤੇ ਪ੍ਰਸਾਰਿਤ ਕੀਤੇ ਗਏ ਇੱਕ ਬਿਆਨ ਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਬਸ਼ਰ ਅਸਦ ਦਾ ਤਖਤਾ ਪਲਟ ਦਿੱਤਾ ਗਿਆ ਹੈ ਅਤੇ ਜੇਲ ਚ ਬੰਦ ਸਾਰੇ ਨਜ਼ਰਬੰਦਾਂ ਨੂੰ ਰਿਹਾ ਕਰ ਦਿੱਤਾ ਗਿਆ ਹੈ। ਬਿਆਨ ਚ ਕਿਹਾ ਗਿਆ ਕਿ ਅਸਦ ਕਿਸੇ ਅਗਿਆਤ ਜਗ੍ਹਾ ਤੇ ਚਲੇ ਗਏ ਹਨ। ਬਾਗੀ ਧੜੇ ਨੇ ਕਿਹਾ ਕਿ ਪ੍ਰਧਾਨ ਮੰਤਰੀ ਗਾਜ਼ੀ ਅਲ ਜਲਾਲੀ ਸੱਤਾ ਦੇ ਤਬਾਦਲੇ ਤੱਕ ਕੰਮ ਦੇਖਣਗੇ ਇਸ ਦੌਰਾਨ ਪ੍ਰਧਾਨ ਮੰਤਰੀ ਨੇ ਸੀਰੀਆ ਦੇ ਲੋਕਾਂ ਨੂੰ ਜਨਤਕ ਅਪੀਲ ਕਰਕੇ ਸ਼ਾਂਤ ਰਹਿਣ ਲਈ ਕਿਹਾ।ਬਾਅਦ ਵਿੱਚ ਇਹ ਖਬਰ ਆਈ ਕਿ ਅਸਦ ਰੂਸ ਵਿੱਚ ਚਲਿਆ ਗਿਆ ਹੈ ਰੂਸ ਦੇ ਰਾਸ਼ਟਰਪਤੀ ਭਵਨ ਦੇ ਸੂਤਰਾਂ ਵੱਲੋਂ ਇੱਕ ਬਿਆਨ ਜਾਰੀ ਕਰਕੇ ਇਸ ਦੀ ਪੁਸ਼ਟੀ ਵੀ ਕੀਤੀ ਗਈ। ਰੇਡੀਓ ਤੇ ਇੱਕ ਬਿਆਨ ਵਿੱਚ ਦੱਸਿਆ ਗਿਆ ਕਿ ਦਮਿਸ਼ਕ ਹਵਾਈ ਅੱਡੇ ਨੂੰ ਖਾਲੀ ਕਰਵਾ ਲਿਆ ਗਿਆ ਹੈ



ਤੇ ਸਾਰੀਆਂ ਹੀ ਉਡਾਨਾਂ ਰੱਦ ਕਰ ਦਿੱਤੀਆਂ ਗਈਆਂ ਹਨ। ਭੀੜਾਂ ਸ਼ਹਿਰਾਂ ਦੀਆਂ ਮਸਜਿਦਾਂ ਚ ਨਵਾਜ਼ ਅਦਾ ਕਰਨ ਲਈ ਅਤੇ ਚੌਂਕਾਂ ਵਿੱਚ ਜਸ਼ਨ ਮਨਾਉਣ ਲਈ ਇਕੱਠੀਆਂ ਹੋ ਗਈਆਂ ਸਨ। ਲੋਕ "ਰੱਬ ਮਹਾਨ ਹੈ" ਦੇ ਨਾਅਰੇ ਲਾਉਂਦੇ ਹੋਏ, ਕਾਰਾਂ ਦੇ ਹਾਰਨ ਵਜਾਉਂਦੇ ਹੋਏ, ਰੱਖਿਆ ਮੰਤਰਾਲੇ ਦੇ ਹੈਡਕੁਆਰਟਰ ਚ ਦਾਖਲ ਹੋ ਗਏ।

## ਸੁਖਬੀਰ ਉੱਤੇ ਹਮਲੇ ਸੰਬੰਧੀ ਐਫ.ਆਈ.ਆਰ. ਦੀ ਸ਼ਬਦਾਵਲੀ ਦੋਸ਼ੀ ਨੂੰ ਬਚਾਉਣ ਵਾਲੀ: ਡਾ. ਚੀਮਾ

ਤਲਵੰਡੀ ਸਾਬੋ : ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਉੱਤੇ ਬੀਤੇ ਦਿਨੀ ਹੋਈ ਗੋਲੀਬਾਰੀ ਮਾਮਲੇ ਚ ਦਰਜ ਐਫ.ਆਈ.ਆਰ. ਵਿੱਚ ਪੁਲਿਸ ਵੱਲੋਂ ਵਰਤੀ ਸ਼ਬਦਾਵਲੀ ਦੋਸ਼ੀ ਨੂੰ ਬਚਾਉਣ ਵਾਲੀ ਹੈ। ਜਿਸ ਨਾਲ ਸਰਕਾਰ ਦੀ ਮਨਸ਼ਾ ਸ਼ੱਕੀ ਜਾਪ ਰਹੀ ਹੈ ।ਉਕਤ ਵਿਚਾਰਾਂ ਦਾ ਪ੍ਰਗਟਾਵਾ ਅਕਾਲੀ ਦਲ ਦੇ ਆਗੂ ਡਾਕਟਰ ਦਲਜੀਤ ਸਿੰਘ ਚੀਮਾ ਨੇ ਪੱਤਰਕਾਰ ਸੰਮੇਲਨ ਵਿੱਚ ਕੀਤਾ। ਉਹਨਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਉੱਤੇ ਹੋਈ ਗੋਲੀਬਾਰੀ ਮਾਮਲੇ ਦੀਆਂ ਪਹਿਲਾਂ ਹੀ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਵਲੋਂ ਵੀਡੀਓਜ਼ ਜਾਰੀ ਕਰਕੇ ਇਹ ਦੱਸਿਆ ਜਾ ਚੁੱਕਿਆ ਹੈ ਕਿ ਹਮਲਾਵਰ ਨੂੰ ਸੁਰੱਖਿਅਤ ਰਸਤਾ ਦੇ ਕੇ ਪੁਲਿਸ ਦੇ ਇੱਕ ਅਧਿਕਾਰੀ ਵੱਲੋਂ ਸੁਖਬੀਰ ਸਿੰਘ ਤੱਕ ਲਿਆਂਦਾ ਗਿਆ ਅਤੇ ਹੁਣ ਜਦੋਂ ਐਫ. ਆਈ.ਆਰ. ਦੀ ਕਾਪੀ ਸਾਡੇ ਹੱਥ ਆਈ ਤਾਂ ਉਸ ਵਿੱਚ ਵੀ ਹਮਲਾਵਰ ਨੂੰ ਬਚਾਉਣ ਵਾਲੀ ਸ਼ਬਦਾਵਲੀ ਵਰਤੀ ਗਈ ਹੈ। ਜਿਸ ਤੋਂ ਇਉਂ ਜਾਪਦਾ ਹੈ ਕਿ



ਪੰਜਾਬ ਪੁਲਿਸ ਅਤੇ ਸਰਕਾਰ ਚਟਾਨ ਬਣ ਕੇ ਹਮਲਾਵਰ ਦੇ ਨਾਲ ਖੜੀ ਹੈ ਤਾਂ ਕਿ ਕਿਸੇ ਤਰੀਕੇ ਨਾਲ ਵੀ ਉਸ ਦਾ ਵਾਲ ਵਿੰਗਾ ਨਹੀਂ ਹੋਣਾ ਚਾਹੀਦਾ। ਉਹਨਾਂ ਦਾਅਵਾ ਕੀਤਾ ਕਿ ਐਫ. ਆਈ.ਆਰ. ਚ ਦਰਜ ਕੀਤਾ ਗਿਆ ਹੈ ਕਿ ਜਦੋਂ ਸੁਖਬੀਰ ਸਿੰਘ ਬਾਦਲ ਧਾਰਮਿਕ ਸੇਵਾ ਨਿਭਾਉਣ ਲਈ ਘੰਟਾ ਘਰ ਗੇਟ ਦੇ ਬਾਹਰ ਮੌਜੂਦ ਸਨ, ਤਾਂ ਸੰਗਤ ਵਿੱਚੋਂ ਅਚਾਨਕ ਇੱਕ ਆਦਮੀ ਆਪਣੇ ਡੱਬ ਵਿੱਚੋਂ ਪਿਸਤੌਲ ਕੱਢ ਕੇ ਹਮਲਾ ਕਰਨ ਲੱਗਾ ਸੀ ਕਿ ਸੁਰੱਖਿਆ ਮੁਲਾਜ਼ਮਾਂ ਨੇ ਮੁਸਤੈਦੀ ਨਾਲ ਉਸ ਨੂੰ ਕਾਬੂ ਕਰ ਲਿਆ ਅਤੇ ਇਸ ਗੁੱਥਮ ਗੁੱਥੀ ਦੌਰਾਨ ਉਸਦੇ ਪਿਸਤੌਲ ਵਿੱਚੋਂ ਇੱਕ ਹਵਾਈ ਫਾਇਰ ਹੋ ਗਿਆ।

ਚੀਮਾ ਨੇ ਕਿਹਾ ਕਿ ਜਦੋਂ ਕਿ ਸੱਚ ਇਹ ਹੈ ਕਿ ਜੇਕਰ ਸੁਰੱਖਿਆ ਚ ਤਾਇਨਾਤ ਮੁਲਾਜ਼ਮ ਜਸਵੀਰ ਸਿੰਘ ਹਮਲਾਵਰ ਦਾ ਹੱਥ ਉੱਪਰ ਨਾ ਝੁਕਦਾ ਤਾਂ ਕੋਈ ਵੀ ਅਣਹੋਣੀ ਘਟਨਾ ਵਾਪਰ ਸਕਦੀ ਸੀ। ਪਰ ਐਫ. ਆਈ.ਆਰ. ਦਰਸਾਉਂਦੀ ਹੈ ਕਿ ਪੁਲਿਸ ਨੇ ਹੁਣੇ ਤੋਂ ਹਮਲਾਵਰ ਨੂੰ ਹਮਲੇ ਦੇ ਕੇਸ ਚੋਂ ਬਰੀ ਕਰ ਦਿੱਤਾ ਹੈ।

ਉਹਨਾਂ ਮੁਤਾਬਕ ਹਮਲਾਵਰ ਨੇ ਹਮਲਾ ਵਿਓਂਤਬੰਦੀ ਨਾਲ ਸੋਚੀ ਸਮਝੀ ਸਕੀਮ ਅਧੀਨ ਕੀਤਾ ਪਰ ਪੁਲਿਸ ਦਿਖਾ ਰਹੀ ਹੈ ਕਿ ਗੁੱਥਮ ਗੁੱਥੀ ਦੌਰਾਨ ਗੋਲੀ ਚੱਲੀ। ਉਹਨਾਂ ਮੰਗ ਕੀਤੀ ਕਿ ਸਮੁੱਚੇ ਮਾਮਲੇ ਦੀ ਉੱਚ ਪੱਧਰੀ ਨਿਆਇਕ ਜਾਂਚ ਹੋਣੀ ਚਾਹੀਦੀ ਹੈ।

## ਕਸਾਨਾਂ ਵਲੋਂ ਭੁੱਖ ਹੜਤਾਲ ਸ਼ੁਰੂ

ਨਵੀਂ ਦਿੱਲੀ-ਗ੍ਰੇਟਰ ਨੋਇਡਾ 'ਚ ਆਪਣੀਆਂ ਮੰਗਾਂ ਨੂੰ ਲੈ ਕੇ ਲੁਕਸਰ ਜੇਲ੍ਹ ਬੰਦ 20 ਕਿਸਾਨਾਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਕਿਸਾਨਾਂ ਨੇ ਅਲਟੀਮੇਟਮ ਦਿੰਦਿਆਂ ਕਿਹਾ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ, ਤੱਦ ਤੱਕ ਭੁੱਖ ਹੜਤਾਲ ਜਾਰੀ ਰਹੇਗੀ। ਕਿਸਾਨਾਂ ਨੇ ਸਰਕਾਰ ਅਤੇ ਪ੍ਰਸ਼ਾਸਨ ਪ੍ਰਤੀ ਆਪਣੀ ਨਾਰਾਜ਼ਗੀ ਪ੍ਰਗਟਾਉਂਦਿਆਂ ਕਿਹਾ ਕਿ ਸਾਡੇ ਹੱਕ ਨੂੰ ਜ਼ਬਰਦਸਤੀ ਖੋਹਿਆ ਨਹੀਂ ਜਾ ਸਕਦਾ। ਜ਼ਿਕਰਯੋਗ ਹੈ ਕਿ ਕਿਸਾਨਾਂ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਰਾਸ਼ਟਰੀ ਲੋਕ ਦਲ ਦੇ ਇਕ ਵਫ਼ਦ ਨੇ ਪੁਲਿਸ ਕਮਿਸ਼ਨਰ ਲਕਸ਼ੀ ਸਿੰਘ ਨਾਲ ਮੁਲਾਕਾਤ ਕੀਤੀ। ਕਮਿਸ਼ਨਰ ਨੇ ਭਰੋਸਾ ਦਿਵਾਇਆ ਕਿ ਕਿਸਾਨਾਂ ਦੇ ਨਾਲ ਕਿਸੇ ਤਰ੍ਹਾਂ ਦੀ ਜ਼ਬਰਦਸਤੀ ਨਹੀਂ ਕੀਤੀ ਜਾਏਗੀ।

## ਪੰਜਾਬ ਵਿੱਚ ਨਗਰ ਨਿਗਮ, ਨਗਰ ਕੌਂਸਲ ਅਤੇ ਨਗਰ ਪੰਚਾਇਤ ਚੋਣਾਂ 21 ਦਸੰਬਰ ਨੂੰ

ਚੰਡੀਗੜ੍ਹ: ਪੰਜਾਬ ਰਾਜ ਚੋਣ ਕਮਿਸ਼ਨ ਰਾਜ ਕਮਲ ਚੌਧਰੀ ਵੱਲੋਂ ਪੰਜਾਬ ਚ ਨਗਰ ਨਿਗਮਾਂ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ 21 ਦਸੰਬਰ ਨੂੰ ਕਰਵਾਉਣ ਦਾ ਐਲਾਨ ਕਰ ਦਿੱਤਾ ਗਿਆ।



ਚੰਡੀਗੜ੍ਹ ਦੇ ਪੰਜਾਬ ਭਵਨ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਰਾਜ ਕਮਲ ਚੌਧਰੀ ਨੇ ਕਿਹਾ ਕਿ ਇਹਨਾਂ ਚੋਣਾਂ ਦੇ ਮੱਦੇ ਨਜ਼ਰ ਉਸੇ ਦਿਨ ਤੋਂ ਤੁਰੰਤ ਪ੍ਰਭਾਵ ਨਾਲ ਆਦਰਸ਼ ਚੋਣ ਜਾਬਤਾ ਵੀ ਲਾਗੂ ਹੋ ਗਿਆ ਹੈ। ਜੋ ਚੋਣ ਪ੍ਰਕਿਰਿਆ ਦੇ ਮੁਕੰਮਲ ਹੋਣ ਤੱਕ ਜਾਰੀ ਰਹੇਗਾ। ਵੋਟਾਂ ਦੀਆਂ ਤਰੀਕਾਂ ਦਾ ਐਲਾਨ ਕਰਦਿਆਂ ਆਰ ਕੇ ਚੌਧਰੀ ਨੇ ਦੱਸਿਆ ਕਿ ਉਮੀਦਵਾਰ ਆਪਣੀਆਂ ਨਾਮਜਦਗੀਆਂ ਦਾਖਲ ਕਰਕੇ ਜਲਦੀ ਆਰੰਭ ਦੇਣਗੇ। ਉਹਨਾਂ ਦੱਸਿਆ ਕਿ ਨਾਮਜ਼ਾਦੀਆਂ ਦੂਸਰੇ ਦਿਨ ਤੋਂ ਹੀ ਸ਼ੁਰੂ ਹੋ ਜਾਣਗੀਆਂ ਅਤੇ 14 ਦਸੰਬਰ ਦੁਪਹਿਰ ਤੱਕ ਉਮੀਦਵਾਰ ਆਪਣੇ ਨਾਮ ਵਾਪਸ ਲੈ ਸਕਣਗੇ।

ਇਹਨਾਂ ਚੋਣਾਂ ਦੌਰਾਨ ਵੋਟਾਂ ਲਈ ਵੀ ਈ.ਵੀ. ਐੱਮ ਦੀ ਵਰਤੋਂ ਕੀਤੀ ਜਾਵੇਗੀ। ਇਸ ਲਈ ਲੋੜੀਂਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹ ਵੋਟਾਂ 21 ਦਸੰਬਰ 2024 ਨੂੰ ਸਵੇਰੇ 7 ਵਜੇ ਤੋਂ ਸ਼ਾਮ 4 ਵਜੇ ਤੱਕ ਪੈਣਗੀਆਂ। ਵੋਟਿੰਗ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਉਸੇ ਦਿਨ ਪੋਲਿੰਗ ਸਟੇਸ਼ਨ ਤੇ ਹੀ ਵੋਟਾਂ ਦੀ ਗਿਣਤੀ ਕਰ ਦਿੱਤੀ ਜਾਵੇਗੀ। ਨਿਗਮਾ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਦੇ ਸੰਬੰਧ ਵਿੱਚ ਕਮਿਸ਼ਨਰ ਵੱਲੋਂ ਇਹ ਵੀ ਦੱਸਿਆ ਗਿਆ ਕਿ ਇਹਨਾਂ ਵਿੱਚ ਕੁੱਲ ਵੋਟਰ 37 ਲੱਖ 32636 ਰਜਿਸਟਰਡ ਹਨ।

## ਪੰਜਾਬ ਕਾਂਗਰਸ ਦੇ ਵਫ਼ਦ ਵੱਲੋਂ ਸਪੀਕਰ ਨਾਲ ਮੁਲਾਕਾਤ

ਚੰਡੀਗੜ੍ਹ: ਪੰਜਾਬ ਕਾਂਗਰਸ ਦੇ ਵਫਦ ਵੱਲੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਬੜਿੰਗ ਦੀ ਅਗਵਾਈ ਵਿੱਚ ਵਿਧਾਨ ਸਭਾ ਦੇ ਸਪੀਕਰ ਕਰਤਾਰ ਸਿੰਘ ਸੰਧਵਾਂ ਨਾਲ ਮੁਲਾਕਾਤ ਕੀਤੀ ਗਈ। ਇਸ ਮੌਕੇ ਵਫ਼ਦ ਨੇ ਸਪੀਕਰ ਨੂੰ ਸਦਨ ਦਾ ਸਰਦ ਰੁੱਤ ਇਜਲਾਸ ਤੁਰੰਤ ਬੁਲਾਉਣ ਦੀ ਅਪੀਲ ਕੀਤੀ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਸਪੀਕਰ ਨੂੰ ਇਸ ਸੰਬੰਧ ਵਿੱਚ ਲਿਖੀ ਚਿੱਠੀ ਸੌਂਪਦਿਆਂ ਸਰਦ ਰੁੱਤ ਇਜਲਾਸ ਸੱਦਣ ਦੀ ਮੰਗ ਕੀਤੀ ਗਈ ਹੈ।




ਚਿੱਠੀ ਚ ਬਾਜਵਾ ਨੇ ਲਿਖਿਆ ਕਿ ਪਿਛਲਾ ਇਜਲਾਸ 4 ਸਤੰਬਰ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ ਸੀ ਤੇ ਨਿਯਮ 14-1 ਦੇ ਅਨੁਸਾਰ ਵਿਧਾਨ ਸਭਾ ਨੂੰ ਇੱਕ ਵਿੱਤੀ ਸਾਲ ਦੇ ਅੰਦਰ ਤਿੰਨ ਸੈਸ਼ਨ ਕਰਨ ਦਾ ਅਧਿਕਾਰ ਹੈ। ਇਸ ਸਾਲ ਇਹ ਸਦਨ ਫਰਵਰੀ 2024 ਵਿੱਚ ਬਜਟ ਸੈਸ਼ਨ ਅਤੇ ਸਤੰਬਰ 2024 ਵਿੱਚ ਗਰਮੀਆਂ/ਪੱਤਝੜ ਸੈਸ਼ਨ ਹੋਇਆ ਸੀ। ਉਹਨਾਂ ਦੱਸਿਆ ਕਿ ਬਦਕਿਸਮਤੀ ਨਾਲ ਘੱਟ ਤੋਂ ਘੱਟ ਨੋਟਿਸ ਦੇ ਨਾਲ ਵਿਧਾਨ ਸਭਾ ਇਜਲਾਸ ਬੁਲਾਉਣ ਦੀ ਪ੍ਰਥਾ ਨੇ ਸਦਨ ਦੇ ਮੈਂਬਰਾਂ ਦੀ ਆਪਣੇ ਵੋਟਰਾਂ ਨੂੰ ਦਰਪੇਸ਼ ਮੁੱਦਿਆਂ ਨੂੰ ਹੱਲ ਕਰਨ ਦੀ ਯੋਗਤਾ ਵਿੱਚ ਵੱਡੀ ਰੁਕਾਵਟ ਪਾਈ ਹੈ। ਪੰਜਾਬ ਵਿਧਾਨ ਸਭਾ ਵਿੱਚ ਪ੍ਰਕਿਰਿਆ ਅਤੇ ਕੰਮ ਕਾਜ ਦੇ ਨਿਯਮਾਂ ਦੇ ਨਿਯਮ 34 ਤਹਿਤ ਲੜੀਂਦੇ 15 ਦਿਨਾਂ ਦੇ ਨੋਟਿਸ ਤੇ ਪਾਲਣਾ ਨਹੀਂ ਕੀਤੀ ਗਈ। ਇਸ ਨਾਲ ਮੈਂਬਰਾਂ ਨੂੰ ਸਮੇਂ ਸਿਰ ਸਵਾਲ ਉਠਾਉਣ ਵਿੱਚ ਰੁਕਾਵਟ ਪੈਦਾ ਹੋਈ ਹੈ। ਉਹਨਾਂ ਸਪੀਕਰ ਨੂੰ ਕਿਹਾ ਕਿ ਸਦਨ ਦੇ ਰੱਖਿਅਕ ਵਜੋਂ, ਉਹ ਬੇਨਤੀ ਕਰਦੇ ਹਨ ਕਿ ਸਰਦ ਰੁੱਤ ਇਜਲਾਸ ਨੂੰ ਸਮੇਂ ਸਿਰ ਬੁਲਾਉਣ ਨੂੰ ਯਕੀਨੀ ਬਣਾ ਕੇ ਮੈਂਬਰਾਂ ਦੇ ਅਧਿਕਾਰਾਂ ਅਤੇ ਵਿਸ਼ੇਸ਼ ਅਧਿਕਾਰਾਂ ਦੀ ਰੱਖਿਆ ਕਰਨ।

# ਭਾਸ਼ਾ ਵਿਭਾਗ ਪੰਜਾਬ ਨੇ 'ਪੰਜਾਬੀ ਭਾਸ਼ਾ ਦੀਆਂ ਕੰਪਿਊਟਰੀ ਲੋੜਾਂ' ਬਾਰੇ ਕਰਵਾਈ ਵਰਕਸ਼ਾਪ







ਪਟਿਆਲਾ: ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਭਾਸ਼ਾ ਦੀਆਂ ਕੰਪਿਊਟਰੀ ਲੋੜਾਂ' ਬਾਰੇ ਇੱਕ ਦਿਨਾ ਵਰਕਸ਼ਾਪ ਲਗਵਾਈ ਗਈ। ਵਰਕਸ਼ਾਪ ਦੌਰਾਨ ਉੱਘੇ ਕੰਪਿਊਟਰ ਮਾਹਿਰ ਤੇ ਪੰਜਾਬੀ ਭਾਸ਼ਾ ਦੇ ਕੰਪਿਊਟਰੀਕਰਨ ਲਈ ਲੰਬੇ ਅਰਸੇ ਤੋਂ ਕਾਰਜਸ਼ੀਲ ਡਾ. ਸੀ.ਪੀ. ਕੰਬੋਜ ਨੇ ਵੱਖ-ਵੱਖ ਤਕਨੀਕੀ ਨੁਕਤਿਆਂ ਬਾਰੇ ਅਭਿਆਸ ਰੂਪ 'ਚ ਜਾਣਕਾਰੀ ਸਾਂਝੀ ਕੀਤੀ।

ਉਨ੍ਹਾਂ ਦੀ ਟੀਮ 'ਚ ਸੁਰਿੰਦਰ ਸਿੰਘ ਤੇ ਮਨਿੰਦਰ ਸਿੰਘ ਸ਼ਾਮਲ ਸਨ। ਇਸ ਵਰਕਸ਼ਾਪ ਵਿੱਚ ਕੰਪਿਊਟਰ ਦੀ ਸਿੱਖਿਆ ਹਾਸਲ ਕਰ ਰਹੇ ਵੱਖ-ਵੱਖ ਸੰਸਥਾਵਾਂ ਦੇ ਵਿਦਿਆਰਥੀਆਂ, ਪ੍ਰੋਫੈਸਰਾਂ, ਲਿਖਾਰੀਆਂ, ਭਾਸ਼ਾ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਤੋਂ ਇਲਾਵਾ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਲਈ ਯਤਨਸ਼ੀਲ ਹੋਰਨਾਂ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਵੀ ਹਿੱਸਾ ਲਿਆ।

ਭਾਸ਼ਾ ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਆਪਣੇ ਸਵਾਗਤੀ ਭਾਸ਼ਨ ਦੌਰਾਨ ਵਰਕਸ਼ਾਪ ਦੀ ਰੂਪ-ਰੇਖਾ ਅਤੇ ਟੀਚਿਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਅਜੋਕੇ ਡਿਜੀਟਲ ਯੁੱਗ ਦੇ ਹਾਣ ਦੀ ਬਣਾਉਣ ਲਈ ਬਹੁਤ ਵੱਡੇ ਉਪਰਾਲਿਆਂ ਦੀ ਜ਼ਰੂਰਤ ਹੈ। ਇਸੇ ਤਹਿਤ ਹੀ ਭਾਸ਼ਾ ਵਿਭਾਗ ਵੱਲੋਂ ਪੰਜਾਬੀ ਭਾਸ਼ਾ ਨੂੰ ਮਸ਼ੀਨੀ ਬੁੱਧੀਮਾਨਤਾ 'ਚ ਸਥਾਪਤ ਕਰਨ ਲਈ ਯਤਨ ਆਰੰਭ ਕੀਤੇ ਹਨ। ਜਿਸ ਦਾ ਮਕਸਦ ਹੋਰਨਾਂ ਲੋਕਾਂ ਨੂੰ ਜਾਗਰੂਕ ਕਰਨਾ ਅਤੇ ਇਸ ਮਿਸ਼ਨ ਨਾਲ ਜੋੜਨਾ ਹੈ।

ਉਨ੍ਹਾਂ ਪੰਜਾਬੀ ਹਿਤੈਸ਼ੀਆਂ ਨੂੰ ਅਪੀਲ ਕੀਤੀ ਕਿ ਉਹ ਜੁਝਾਰੂ ਸਿਪਾਹੀਆਂ ਵਾਂਗ ਅਜੋਕੇ ਯੁੱਗ ਦੀ ਵੱਡੀ ਲੋੜ ਮਸ਼ੀਨੀ ਬੁੱਧੀਮਾਨਤਾ ਲਈ ਸਾਂਝੇ ਤੌਰ 'ਤੇ ਹੰਭਲੇ ਮਾਰਨ।

ਡਾ. ਸੀ. ਪੀ. ਕੰਬੋਜ ਨੇ ਚਾਰ ਸ਼ੈਸ਼ਨਾਂ ਵਾਲੀ ਵਰਕਸ਼ਾਪ ਦੌਰਾਨ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਲਈ ਕੰਪਿਊਟਰ ਤੇ ਫੋਨ ਦੀ ਵਰਤੋਂ, ਪੰਜਾਬੀ ਫੌਂਟਸ ਤੇ ਭਾਸ਼ਾ ਨਾਲ ਸਬੰਧਤ ਸਾਫਟਵੇਅਰਜ਼ ਦੀ ਸਹੀ ਤੇ ਸੁਚੱਜੀ ਵਰਤੋਂ, ਪੰਜਾਬੀ ਸਾਹਿਤ ਤੇ ਭਾਸ਼ਾ ਨਾਲ ਸਬੰਧਤ ਹੋਰ ਸਮੱਗਰੀ ਦੀ ਡਿਜੀਟਲਾਈਜੇਸ਼ਨ ਬਾਰੇ ਵੱਖ-ਵੱਖ ਸ਼ੈਸ਼ਨਾਂ ਦੌਰਾਨ ਪ੍ਰੋਜੈਕਟਰ ਦੀ ਮੱਦਦ ਨਾਲ ਅਭਿਆਸ ਰੂਪ 'ਚ ਵੱਡਮੁੱਲੀ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਡਾ. ਕੰਬੋਜ ਨੇ ਕਿਹਾ ਕਿ ਭਾਸ਼ਾ ਵਿਭਾਗ ਨੇ ਇਸ ਵਰਕਸ਼ਾਪ ਰਾਹੀਂ ਬੜੀ ਵੱਡੀ ਸ਼ੁਰੂਆਤ ਕੀਤੀ ਹੈ।

ਸਾਡੇ ਕੋਲ ਪੰਜਾਬੀ ਭਾਸ਼ਾ 'ਚ ਰਚਿਆ ਵੱਡਮੁੱਲਾ ਸਾਹਿਤਕ ਤੇ ਬਹੁਪੱਖੀ ਖਜ਼ਾਨਾ ਉਪਲਬਧ ਹੈ, ਜਿਸ ਨੂੰ ਡਿਜੀਟਲ ਰੂਪ 'ਚ ਵੱਖ-ਵੱਖ ਪਲੇਟਫਾਰਮਾਂ 'ਤੇ ਅੱਪਲੋਡ ਕਰਨ ਦੀ ਜ਼ਰੂਰਤ ਹੈ। ਜਿਸ ਨਾਲ ਸਾਡੀ ਭਾਸ਼ਾ ਆਪਣੇ-ਆਪ ਹੀ ਮਸ਼ੀਨੀ ਬੁੱਧੀਮਾਨਤਾ ਦੇ ਖੇਤਰ 'ਚ ਅਮੀਰ ਹੋ ਜਾਵੇਗੀ। ਇਸੇ ਦੌਰਾਨ ਸ. ਸੰਦਿਰਪਾਲ ਸਿੰਘ ਮਾਹਲ ਨੇ ਕਿਹਾ ਕਿ ਭਾਸ਼ਾ ਵਿਭਾਗ ਦਾ ਉੱਦਮ ਸਮੇਂ ਦੀ ਮੰਗ ਅਨੁਸਾਰ ਬਹੁਤ ਢੁਕਵਾਂ ਅਤੇ ਲੋੜੀਦਾ ਹੈ। ਅਜਿਹੀਆਂ ਵਰਕਸ਼ਾਪਾਂ ਦੇ ਆਯੋਜਨ ਲਈ ਵੱਡੀ ਗਿਣਤੀ 'ਚ ਟਰੇਨਰ ਤਿਆਰ ਕੀਤੇ ਜਾਣੇ ਚਾਹੀਦੇ ਹਨ। ਸ. ਮਹਿੰਦਰ ਸਿੰਘ ਸੇਖੋਂ ਨੇ ਕਿਹਾ ਕਿ

ਇਸ ਤਰ੍ਹਾਂ ਦੀਆਂ ਮਿਆਰੀ ਵਰਕਸ਼ਾਪਾਂ ਦਾ ਆਯੋਜਨ ਹਰ ਜ਼ਿਲ੍ਹੇ 'ਚ ਹੋਣਾ ਚਾਹੀਦਾ ਹੈ। ਉਨ੍ਹਾਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਯਤਨਸ਼ੀਲ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਭਾਸ਼ਾ ਵਿਭਾਗ ਦੇ ਸਹਿਯੋਗ ਨਾਲ ਅਜਿਹੀਆਂ ਵਰਕਸ਼ਾਪਾਂ ਕਰਵਾਉਣ ਲਈ ਹੰਭਲੇ ਮਾਰਨ।

ਅਖੀਰ ਵਿੱਚ ਭਾਸ਼ਾ ਵਿਭਾਗ ਵੱਲੋਂ ਸੰਦਿਰਪਾਲ ਸਿੰਘ ਮਾਹਲ, ਮਹਿੰਦਰ ਸਿੰਘ ਸੇਖੋਂ, ਕੰਪਿਊਟਰ ਮਾਹਿਰ ਡਾ. ਸੀ.ਪੀ. ਕੰਬੋਜ ਅਤੇ ਉਨ੍ਹਾਂ ਦੀ ਟੀਮ ਦਾ ਸ਼ਾਲਾਂ ਨਾਲ ਸਨਮਾਨ ਕੀਤਾ ਗਿਆ। ਸਹਾਇਕ ਡਾਇਰੈਕਟਰ ਆਲੋਕ ਚਾਵਲਾ ਨੇ ਸਭ ਦਾ ਧੰਨਵਾਦ ਕੀਤਾ।

ਇਸ ਸਮਾਗਮ ਦੀ ਸਫਲਤਾ ਲਈ ਵਿਭਾਗ ਦੇ ਸਹਾਇਕ ਨਿਰਦੇਸ਼ਕ ਅਮਰਿੰਦਰ ਸਿੰਘ, ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ, ਸੁਪਰਡੈਂਟ ਭੁਪਿੰਦਰਪਾਲ ਸਿੰਘ ਤੇ ਹਰਪ੍ਰੀਤ ਸਿੰਘ ਨੇ ਭਰਵਾਂ ਯੋਗਦਾਨ ਪਾਇਆ। ਮੰਚ ਸੰਚਾਲਨ ਡਾ. ਮਨਜਿੰਦਰ ਸਿੰਘ ਨੇ ਕੀਤਾ।

## ਨਸ਼ੇ ਕਾਰਨ ਨੌਜਵਾਨ ਦੀ ਮੌਤ

ਰੁਪਾਣਾ (ਮੁਕਤਸਰ): ਫੂਲੇਵਾਲਾ 'ਚ ਇਕ ਨੌਜਵਾਨ ਦੀ ਲਾਸ਼ ਮਿਲੀ, ਜਿਸ ਦੇ ਹੱਥ 'ਚ ਟੀਕੇ ਵਾਲੀ ਸਰਿੰਜ ਸੀ, ਇਸ ਦੀ ਪਛਾਣ ਚਾਨਣ ਸਿੰਘ ਉਰਫ਼ ਚੰਨੀ ਪੁੱਤਰ ਜਗਰੂਪ ਸਿੰਘ ਵਾਸੀ ਪਿੰਡ - ਰੁਪਾਣਾ ਵਜੋਂ ਹੋਈ ਹੈ। ਪਿੰਡ ਰੁਪਾਣਾ ਵਾਸੀਆਂ ਦੇ ਦੱਸਣ 'ਤੇ ਪਤਾ ਲੱਗਾ ਕਿ 10 ਦਿਨ ਪਹਿਲਾਂ ਵੀ ਨਸ਼ੇ ਦਾ ਟੀਕਾ ਲਾਉਣ ਨਾਲ ਇਕ ਨੌਜਵਾਨ ਦੀ ਖੇਡ ਮੈਦਾਨ 'ਚ ਮੌਤ ਹੋ ਚੁੱਕੀ ਹੈ। ਵਰਣਨਯੋਗ ਗੱਲ ਇਹ ਹੈ ਕਿ ਪਿੰਡ 'ਚ ਪੁਲਿਸ ਚੌਕੀ ਅਤੇ 7 ਕਿੱਲੋਮੀਟਰ ਦੂਰ ਥਾਣਾ ਸਦਰ ਹੋਣ ਦੇ ਬਾਵਜੂਦ ਪਿੰਡ ਰੁਪਾਣਾ 'ਚ ਬਿਨਾਂ ਡਰ ਤੋਂ ਨਸ਼ਾ ਮਿਲ ਰਿਹਾ ਹੈ। ਗ੍ਰਾਮ ਪੰਚਾਇਤ ਅਤੇ ਮੁਹਤਬਰ ਵਿਅਕਤੀਆਂ ਨੇ ਜ਼ਿਲ੍ਹਾ ਪੁਲਿਸ ਮੁਖੀ ਅੱਗੇ ਮੰਗ ਕੀਤੀ ਕਿ ਜੇਕਰ ਪਿੰਡ ਰੁਪਾਣਾ 'ਚ ਘਰਾਂ ਤੇ ਦੁਕਾਨਾਂ 'ਤੇ ਚੈਕਿੰਗ ਕੀਤੀ ਜਾਵੇ, ਤਾਂ ਵੱਡੀ ਮਾਤਰਾ 'ਚ ਨਸ਼ਾ ਬਰਾਮਦ ਹੋ ਸਕਦਾ ਹੈ।



## "ਅਜੀਤ ਸੈਣੀ ਯਾਦਗਾਰੀ ਪੁਰਸਕਾਰ" ਲਖਵਿੰਦਰ ਸਿੰਘ ਜੌਹਲ ਨੂੰ ਭੇਟ

ਜਲੰਧਰ : ਜਲੰਧਰ ਵੈਲਫੇਅਰ ਸੋਸਾਇਟੀ ਵੱਲੋਂ ਅੱਜ ਇੱਥੇ ਇੱਕ ਭਾਵਪੂਰਤ ਸਮਾਗਮ ਕਰਕੇ ਉੱਘੇ ਸੁਤੰਤਰਤਾ ਸੈਨਾਨੀ ਅਜੀਤ ਸੈਣੀ ਦੀ ਯਾਦ ਵਿੱਚ ਦਿੱਤੇ ਜਾਣ ਵਾਲਾ "ਅਜੀਤ ਸੈਣੀ ਯਾਦਗਾਰੀ ਪੁਰਸਕਾਰ" ਉੱਘੇ ਕਵੀ ਡਾਕਟਰ ਲਖਵਿੰਦਰ ਸਿੰਘ ਜੌਹਲ ਨੂੰ ਭੇਟ ਕੀਤਾ ਗਿਆ।

ਪੰਜਾਬ ਪ੍ਰੈਸ ਕਲੱਬ ਜਲੰਧਰ ਵਿਖੇ ਹੋਏ ਇਸ ਸਮਾਗਮ ਦੀ ਪ੍ਰਧਾਨਗੀ ਸੁਸਾਇਟੀ ਦੀ ਪ੍ਰਧਾਨ ਡਾਕਟਰ ਸੁਸ਼ਮਾ ਚਾਵਲਾ ਨੇ ਕੀਤੀ। ਸਮਾਗਮ ਦੇ ਮੁੱਖ ਮਹਿਮਾਨ ਉੱਘੇ ਹਿੰਦੀ ਲੇਖਕ ਸੁਰੇਸ਼ ਸੇਠ ਸਨ। ਪ੍ਰਧਾਨਗੀ ਮੰਡਲ ਵਿੱਚ ਉੱਘੇ ਪੱਤਰਕਾਰ ਸਤਨਾਮ ਸਿੰਘ ਮਾਣਕ ਅਤੇ ਡਾਕਟਰ ਕਮਲੇਸ਼ ਸਿੰਘ ਦੁੱਗਲ ਵੀ ਸ਼ਾਮਿਲ ਰਹੇ। ਉੱਘੇ ਪੱਤਰਕਾਰ ਅਤੇ ਕਹਾਣੀਕਾਰ ਕੁਲਦੀਪ ਸਿੰਘ ਬੇਦੀ, "ਆਪਣੀ ਆਵਾਜ਼" ਮੈਗਜ਼ੀਨ ਦੇ ਮੁੱਖ ਸੰਪਾਦਕ ਸੁਰਿੰਦਰ ਸਿੰਘ ਸੁੰਨੜ, ਡਾਕਟਰ ਸੁਸ਼ਮਾ ਚਾਵਲਾ, ਯੂਨੀਵਰਸਿਟੀ ਕਾਲਜ ਜਲੰਧਰ ਦੇ ਓਐਸਡੀ ਡਾਕਟਰ ਕਮਲੇਸ਼ ਸਿੰਘ ਦੁੱਗਲ ਅਤੇ ਸਤਨਾਮ ਸਿੰਘ ਮਾਣਕ ਨੇ ਅਜੀਤ ਸੈਣੀ ਅਤੇ ਡਾਕਟਰ



ਲਖਵਿੰਦਰ ਸਿੰਘ ਜੌਹਲ ਦੀਆਂ ਸਖਸ਼ੀਅਤਾਂ ਅਤੇ ਘਾਲਣਾਵਾਂ ਦਾ ਜ਼ਿਕਰ ਕੀਤਾ,ਅਤੇ ਕਿਹਾ ਕਿ ਸੁਸਾਇਟੀ ਦੀ ਚੋਣ ਸ਼ਲਾਘਾਯੋਗ ਹੈ।

ਸੋਸਾਇਟੀ ਦੇ ਅਹੁਦੇਦਾਰਾਂ ਐਚ.ਐਸ.ਕਾਲੜਾ,ਦੀਪਕ ਸ਼ਰਮਾ,ਅਤੇ ਕਰਨਲ ਜਗਦੀਪ ਸਿੰਘ ਸੈਣੀ ਦੇ ਨਾਲ ਨਾਲ ਸਮਾਗਮ ਵਿੱਚ ਡਾਕਟਰ ਉਮਿੰਦਰ ਸਿੰਘ ਜੌਹਲ ਦੁਆਬਾ ਕਾਲਜ, ਗੁਰਮੀਤ ਸਿੰਘ ਵਿਰਸਾ ਵਿਹਾਰ, ਮਲਕੀਤ ਸਿੰਘ ਬਰਾੜ "ਅੱਜ ਦੀ ਆਵਾਜ਼" ਅਤੇ ਬਲਦੇਵ ਕਿਸ਼ੋਰ ਸਮੇਤ ਉੱਘੇ ਪੱਤਰਕਾਰ ਅਤੇ ਸਾਹਿਤਕਾਰ ਹਾਜ਼ਰ ਰਹੇ। ਸਮਾਗਮ ਦੇ ਆਰੰਭ ਵਿੱਚ ਸੁਸਾਇਟੀ ਦੇ ਜਨਰਲ ਸਕੱਤਰ ਸੁਰਿੰਦਰ ਸੈਣੀ ਨੇ ਅਜੀਤ ਸੈਣੀ ਦੇ ਜੀਵਨ ਸੰਘਰਸ਼ ਬਾਰੇ ਚਾਨਣਾ ਪਾਇਆ। ਡਾਕਟਰ ਲਖਵਿੰਦਰ ਸਿੰਘ ਜੌਹਲ ਨੇ ਆਪਣੇ ਭਾਸ਼ਣ ਵਿੱਚ ਸੁਸਾਇਟੀ ਦਾ ਧੰਨਵਾਦ ਕਰਦਿਆਂ ਅਜੀਤ ਸੈਣੀ ਨਾਲ ਬਿਤਾਏ ਸਾਲਾਂ ਦਾ ਬੇਹੱਦ ਭਾਵੁਕਤਾ ਨਾਲ ਜ਼ਿਕਰ ਕੀਤਾ।

## ਸ਼ੰਭੂ ਬਾਰਡਰ ਤੋਂ ਕਿਸਾਨਾਂ ਨੂੰ ਹਟਾਉਣ ਦੀ ਮੰਗ ਵਾਲੀ ਪਟੀਸ਼ਨ ਸੁਪਰੀਮ ਕੋਰਟ ਵਲੋਂ ਖ਼ਾਰਜ

ਨਵੀਂ ਦਿੱਲੀ -ਪੰਜਾਬ- ਹਰਿਆਣਾ ਦੇ ਸ਼ੰਭੂ ਬਾਰਡਰ 'ਤੇ ਅੰਦੋਲਨ ਕਰ ਕਰ ਰਹੇ ਕਿਸਾਨਾਂ ਨੂੰ ਉੱਥੋਂ ਹਟਾਉਣ ਦੀ ਮੰਗ ਕਰਨ ਵਾਲੀ ਪਟੀਸ਼ਨ



ਸੁਪਰੀਮ ਕੋਰਟ ਨੇ ਖ਼ਾਰਜ ਕਰ ਦਿੱਤੀ। ਪਟੀਸ਼ਨ ਖ਼ਾਰਜ ਕਰਦੇ ਹੋਏ ਸੁਪਰੀਮ ਕੋਰਟ ਨੇ ਇਹ ਵੀ ਪੁੱਛਿਆ ਕਿ ਇਕ ਹੀ ਤਰ੍ਹਾਂ ਦੀ ਪਟੀਸ਼ਨ ਵਾਰ-ਵਾਰ ਕਿਉਂ ਦਾਇਰ ਕੀਤੀ ਜਾ ਰਹੀ ਹੈ। ਅਦਾਲਤ ਨੇ ਕਿਹਾ ਕਿ ਇਸ ਸੰਬੰਧੀ ਕੇਸ ਪਹਿਲਾਂ ਹੀ ਵਿਚਾਰ ਅਧੀਨ ਹੈ। ਦੱਸਣਯੋਗ ਹੈ ਕਿ ਸੁਪਰੀਮ ਕੋਰਟ 'ਚ ਬਾਰਡਰ 'ਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦੇ ਮਾਮਲੇ ਦੀ ਸੁਣਵਾਈ ਦੌਰਾਨ ਸ਼ੰਭੂ ਬਾਰਡਰ ਸਮੇਤ ਹੋਰ ਬਾਰਡਰਾਂ ਨੂੰ ਖੋਲ੍ਹਣ ਦੀ ਬੇਨਤੀ ਕਰਨ ਵਾਲੀ ਨਵੀਂ ਅਰਜ਼ੀ ਦਾਇਰ ਕੀਤੀ ਗਈ ਸੀ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਕੌਮੀ ਸ਼ਾਹ ਮਾਰਗ ਬੰਦ ਕਰਨਾ ਲੋਕਾਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੈ । ਇਹ ਵੀ ਕਿਹਾ ਗਿਆ ਕਿ ਇਹ ਨੈਸ਼ਨਲ ਹਾਈਵੇਅ ਐਕਟ ਅਤੇ ਬੀ. ਐਨ. ਐਸ. ਦੇ ਤਹਿਤ ਵੀ ਅਪਰਾਧ ਹੈ। ਇਸ 'ਤੇ ਸੁਪਰੀਮ ਕੋਰਟ ਦੇ ਜਸਟਿਸ ਸੂਰਿਆਕਾਂਤ ਨੇ ਪਟੀਸ਼ਨ ਖ਼ਾਰਜ ਕਰਦੇ ਹੋਏ ਕਿਹਾ ਕਿ ਅਜਿਹਾ ਜਾਪਦਾ ਹੈ ਕਿ ਇਹ ਮੁਕੱਦਮੇਬਾਜ਼ੀ ਪ੍ਰਚਾਰ ਲਈ ਹੋ ਰਹੀ ।


## ਅਦਾਲਤ ਵਲੋਂ ਟਾਇਟਲਰ ਵਿਰੁੱਧ ਗਵਾਹ ਲੱਭਣ ਲਈ ਸੀ.ਬੀ.ਆਈ. ਨੂੰ ਨਿਰਦੇਸ਼



ਨਵੀਂ ਦਿੱਲੀ : ਦਿੱਲੀ ਦੀ ਇੱਕ ਅਦਾਲਤ ਨੇ ਸੀ.ਬੀ.ਆਈ. ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਵਿਰੁੱਧ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਚ ਗਵਾਹਾ ਨੂੰ ਲੱਭੇ। ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਜਤਿੰਦਰ ਸਿੰਘ ਨੇ ਸੀ.ਬੀ.ਆਈ. ਨੂੰ ਮਨਮੋਹਨ ਕੌਰ, ਜੋ ਕਿ ਇਸ ਕੇਸ ਚ ਟਾਇਟਲਰ ਖਿਲਾਫ ਸਰਕਾਰੀ ਗਵਾਹੀ ਹੈ, ਨੂੰ ਲੱਭਣ ਅਤੇ ਤਲਬ ਕਰਨ ਦਾ ਇੱਕ ਹੋਰ ਮੌਕਾ ਦਿੱਤਾ ਗਿਆ ਹੈ।

ਜੱਜ ਨੂੰ ਪਹਿਲਾਂ ਕੇਂਦਰੀ ਜਾਂਚ ਏਜੰਸੀ ਵੱਲੋਂ ਸੂਚਿਤ ਕੀਤਾ ਗਿਆ ਸੀ ਕਿ ਮਨਮੋਹਨ ਕੌਰ ਲਾਪਤਾ ਹੈ। ਅਦਾਲਤ ਨੇ ਇਸਤਗਾਸਾ ਪੱਖ ਦੇ ਇੱਕ ਹੋਰ ਗਵਾਹ ਨਾਲ ਬਾਲ ਕ੍ਰਿਸ਼ਨ ਆਰੀਆ ਦੇ ਬਿਆਨ ਦਰਜ ਕੀਤੇ, ਜਦ ਕਿ ਦੂਜੇ ਗਵਾਹਾਂ ਅਨੁਜ ਸਿਨਹਾ ਅਤੇ ਐਨ.ਡੀ. ਪੰਚੋਲੀ ਨੂੰ 20 ਦਸੰਬਰ ਨੂੰ ਤਲਬ ਕੀਤਾ ਹੈ।

## ਦੀਪਕ ਬਾਲੀ ਵਲੋਂ ਨਵੀਂ ਨਿਯੁਕਤੀ ਲਈ ਪਾਰਟੀ ਦਾ ਧੰਨਵਾਦ



ਜਲੰਧਰ: ਉੱਘੇ ਸਮਾਜ ਸੇਵਕ ਦੀਪਕ ਬਾਲੀ ਨੇ ਉਨਾਂ ਨੂੰ ਪੰਜਾਬ ਹੈਰੀਟੇਜ ਐਂਡ ਟੂਰਿਜ਼ਮ ਪ੍ਰਮੋਸ਼ਨ ਬੋਰਡ ਦਾ ਸਲਾਹਕਾਰ ਨਿਯੁਕਤ ਕਰਨ ਲਈ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ ਹੈ।

ਉਹਨਾਂ ਕਿਹਾ ਕਿ ਪਾਰਟੀ ਵੱਲੋਂ ਸੌਂਪੀ ਗਈ ਜ਼ੰਮੇਵਾਰੀ ਨੂੰ ਉਹ ਤਨਦੇਹੀ ਨਾਲ ਨਿਭਾਉਣਗੇ।

ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਹਰ ਵਰਕਰ ਦਾ ਸਤਿਕਾਰ ਕੀਤਾ ਜਾਂਦਾ ਹੈ। ਦੀਪਕ ਬਾਲੀ ਨੇ ਰਾਜਸਭਾ ਮੈਂਬਰ ਸੰਦੀਪ ਪਾਠਕ, ਰਾਜਸਭਾ ਮੈਂਬਰ ਰਾਗਵ ਚੱਢਾ ਸੱਭਿਆਚਾਰਕ ਅਤੇ ਸੈਰ ਸਪਾਟਾ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਦਾ ਵੀ ਧੰਨਵਾਦ ਕੀਤਾ। ਦੀਪਕ ਬਾਲੀ ਦੀ ਨਿਯੁਕਤੀ ਤੇ ਕਲਾ ਪ੍ਰੇਮੀਆਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਕਲਾ ਪ੍ਰੇਮੀਆਂ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਨੇ ਇਸ ਅਹੁਦੇ ਲਈ ਅਜਿਹੇ ਵਿਅਕਤੀ ਦੀ ਚੋਣ ਕੀਤੀ ਹੈ, ਜਿਹੜੇ ਪਹਿਲਾਂ ਹੀ ਇਸ ਖੇਤਰ ਵਿੱਚ ਅਹਿਮ ਯੋਗਦਾਨ ਪਾ ਰਹੇ ਹਨ। ਚੇਤੇ ਰਹੇ ਕਿ ਦੀਪਕ ਬਾਲੀ ਦੇਸ਼ ਦੀ ਸਭ ਤੋਂ ਪੁਰਾਣੀ ਸ਼ਾਸਤਰੀ ਸੰਗੀਤ ਸੰਸਥਾ ਸ੍ਰੀ ਹਰਬਲ ਸੰਗੀਤ ਮਹਾਸਭਾ ਦੇ ਜਨਰਲ ਸਕੱਤਰ ਵਜੋਂ ਵੀ ਸੇਵਾ ਨਿਭਾ ਰਹੇ ਹਨ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 14 ਦਸੰਬਰ, 2024*

# ਸਰਕਾਰ ਕਿਸਾਨਾਂ ਨਾਲ ਗੱਲਬਾਤ ਕਰੇ

ਸ਼ੰਭੂ ਅਤੇ ਖਨੌਰੀ ਸਰਹੱਦਾਂ ਉੱਤੇ ਲਾਗਾਤਾਰ ਚੱਲ ਰਿਹਾ ਕਿਸਾਨਾਂ ਦਾ ਸੰਘਰਸ਼ ਦਿਨ-ਬ-ਦਿਨ ਨਵੀਂ ਦਿਸ਼ਾ ਅਖਤਿਆਰ ਕਰ ਰਿਹਾ ਹੈ।

ਖੇਤੀ ਜਿਣਸਾਂ ਦੇ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦਾ ਮੁੱਦਾ ਪੂਰੀ ਤਰ੍ਹਾਂ ਭਖਿਆ ਹੋਇਆ ਹੈ। ਇਸ ਮੁੱਦੇ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਮੋਰਚੇ ਵਲੋਂ ਪਿਛਲੇ ਲਗਭਗ 10 ਮਹੀਨਿਆਂ ਤੋਂ ਹਰਿਆਣਾ ਨਾਲ ਲਗਦੀਆਂ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ 'ਤੇ ਅੰਦੋਲਨ ਕੀਤਾ ਜਾ ਰਿਹਾ ਹੈ। ਇਸ ਅੰਦੋਲਨ ਦੌਰਾਨ ਪਹਿਲਾਂ ਵੀ ਅਤੇ ਹੁਣ ਵੀ ਪੰਜਾਬ ਦੇ ਕਿਸਾਨਾਂ ਅਤੇ ਹਰਿਆਣੇ ਦੀ ਸਰਹੱਦ 'ਤੇ ਤਾਇਨਾਤ ਸੁਰੱਖਿਆ ਦਲਾਂ ਦਰਮਿਆਨ ਕਈ ਵਾਰ ਝੜਪਾਂ ਹੋ ਚੁੱਕੀਆਂ ਹਨ। ਇਨ੍ਹਾਂ ਝੜਪਾਂ ਵਿਚ ਅਨੇਕਾਂ ਕਿਸਾਨ ਗੰਭੀਰ ਰੂਪ 'ਚ ਜ਼ਖ਼ਮੀ ਵੀ ਹੁੰਦੇ ਰਹੇ ਹਨ। ਹੁਣ ਇਕ ਵਾਰ ਫਿਰ ਇਹ ਅੰਦੋਲਨ ਕਾਫ਼ੀ ਤੇਜ਼ ਹੁੰਦਾ ਨਜ਼ਰ ਆ ਰਿਹਾ ਹੈ। ਸੰਯੁਕਤ ਕਿਸਾਨ ਮੋਰਚਾ (.ਗੈਰ-ਸਿਆਸੀ) ਦੇ ਪ੍ਰਮੁੱਖ ਆਗੂ ਜਗਜੀਤ ਸਿੰਘ ਡੱਲੇਵਾਲ ਇਸ ਸਮੇਂ ਮਰਨ ਵਰਤ 'ਤੇ ਬੈਠੇ ਹਨ। ਇਨ੍ਹਾਂ ਕਿਸਾਨ ਸੰਗਠਨਾਂ ਵਲੋਂ 'ਦਿੱਲੀ ਚੱਲੋ' ਦੇ ਦੁਬਾਰਾ ਦਿੱਤੇ ਗਏ ਸੱਦੇ ਨੂੰ ਸ਼ੰਭੂ ਦੀ ਸਰਹੱਦ 'ਤੇ ਹਰਿਆਣਾ ਦੇ ਸੁਰੱਖਿਆ ਦਲਾਂ ਵਲੋਂ ਵਾਰ-ਵਾਰ ਨਾਕਾਮ ਕਰ ਦਿੱਤਾ ਗਿਆ ਹੈ। ਉਨ੍ਹਾਂ ਸੁਰੱਖਿਆ ਦਲਾਂ ਵਲੋਂ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਵੀ ਛੱਡੇ ਗਏ ਹਨ। ਜਿਸ ਵਿੱਚ ਕੁਝ ਕਿਸਾਨ ਜ਼ਖ਼ਮੀ ਹੋਏ ਹਨ।

ਇਸੇ ਦੌਰਾਨ ਰਾਜ ਸਭਾ 'ਚ ਕਿਸਾਨਾਂ ਦੇ ਸਮਰਥਨ ਮੁੱਲ ਦੀ ਗਾਰੰਟੀ ਦਾ ਮੁੱਦਾ ਉੱਠਣ 'ਤੇ ਦੇਸ਼ ਦੇ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਆਖਿਆ ਹੈ ਕਿ ਮੋਦੀ ਸਰਕਾਰ ਕਿਸਾਨਾਂ ਦੀਆਂ ਜਿਣਸਾਂ ਸਮਰਥਨ ਮੁੱਲ 'ਤੇ ਖਰੀਦਣ ਲਈ ਤਿਆਰ ਹੈ ਅਤੇ ਇਸ ਨੂੰ ਸਰਕਾਰ ਵਲੋਂ ਗਾਰੰਟੀ ਸਮਝਿਆ ਜਾਣਾ ਚਾਹੀਦਾ ਹੈ।ਪਰ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੇ ਕੇਵਲ ਅਜਿਹੇ ਬਿਆਨਾਂ ਨਾਲ ਹੀ ਕਿਸਾਨਾਂ ਦੀ ਸੰਤੁਸ਼ਟੀ ਹੋਣੀ ਸੰਭਵ ਨਹੀਂ ਹੈ। ਸਰਕਾਰ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਹ ਸਿਧਾਂਤਕ ਤੌਰ 'ਤੇ ਸਵਾਮੀਨਾਥਨ ਕਮਿਸ਼ਨ ਦੀ ਸਿਫ਼ਾਰਸ਼ ਅਨੁਸਾਰ ਸੀ 2. 50 ਫ਼ੀਸਦੀ ਦੇ ਫਾਰਮੂਲੇ ਅਨੁਸਾਰ ਸਮਰਥਨ ਮੁੱਲ ਦੇਣ ਦੀ ਕਾਨੂੰਨੀ ਗਾਰੰਟੀ ਦੇਣ ਲਈ ਤਿਆਰ ਹੈ ਜਾਂ ਨਹੀਂ। ਜੇਕਰ ਸਰਕਾਰ ਅਜਿਹਾ ਕਰਨ ਦੀ ਥਾਂ ਕੋਈ ਹੋਰ ਵਿਚਕਾਰਲਾ ਰਸਤਾ ਕੱਢਣ ਲਈ ਵੀ ਆਪਣੀ ਪ੍ਰਤੀਬੱਧਤਾ ਪ੍ਰਗਟਾਉਣ ਲਈ ਸਹਿਮਤ ਹੈ ਤਾਂ ਵੀ ਸਰਕਾਰ ਨੂੰ ਅੰਦੋਲਨਕਾਰੀ ਕਿਸਾਨ ਸੰਗਠਨਾਂ ਸਮੇਤ ਦੇਸ਼ ਦੇ ਹੋਰਨਾਂ ਪ੍ਰਮੁੱਖ ਕਿਸਾਨ ਸੰਗਠਨਾਂ ਨਾਲ ਵੀ ਗੱਲਬਾਤ ਕਰਨੀ ਚਾਹੀਦੀ ਹੈ। ਕਿਸਾਨਾਂ ਨੂੰ ਵਿਸ਼ਵਾਸ 'ਚ ਲੈਣ ਤੋਂ ਬਿਨਾਂ ਸੰਸਦ 'ਚ ਖੇਤੀਬਾੜੀ ਮੰਤਰੀ ਵਲੋਂ ਦਿੱਤੇ ਜਾਣ ਵਾਲੇ ਬਿਆਨਾਂ ਨਾਲ ਨਾ ਤਾਂ ਕਦੇ ਪਹਿਲਾਂ ਕਿਸਾਨਾਂ ਦੀ ਸੰਤੁਸ਼ਟੀ ਹੋਈ ਹੈ ਅਤੇ ਨਾ ਹੀ ਹੁਣ ਹੋ ਸਕਦੀ ਹੈ। ਬਿਹਤਰ ਇਹੀ ਹੋਵੇਗਾ ਕਿ ਹੋਰ ਸਮਾਂ ਗੁਆਉਣ ਦੀ ਥਾਂ ਇਕ ਵਾਰ ਫਿਰ ਕੇਂਦਰ ਸਰਕਾਰ ਕਿਸਾਨ ਸੰਗਠਨਾਂ ਨਾਲ ਗੱਲਬਾਤ ਦਾ ਸਿਲਸਿਲਾ ਆਰੰਭ ਕਰੇ।

ਅਜਿਹੀ ਗੱਲਬਾਤ ਕਿਸਾਨ ਸੰਗਠਨਾਂ ਨੂੰ ਬੁਲਾ ਕੇ ਦਿੱਲੀ ਵਿਚ ਵੀ ਹੋ ਸਕਦੀ ਹੈ ਅਤੇ ਚੰਡੀਗੜ੍ਹ ਵਿਚ ਵੀ ਹੋ ਸਕਦੀ ਹੈ। ਲੋਕ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਅੰਦੋਲਨਕਾਰੀ ਕਿਸਾਨ ਸੰਗਠਨਾਂ ਨਾਲ ਚੰਡੀਗੜ੍ਹ 'ਚ ਗੱਲਬਾਤ ਦੇ ਕਈ ਦੌਰ ਹੋਏ ਸਨ ਅਤੇ ਇਨ੍ਹਾਂ ਵਿਚ ਕੇਂਦਰੀ ਮੰਤਰੀਆਂ ਨੇ ਪੰਜਾਬ ਦੇ ਕਿਸਾਨਾਂ ਨਾਲ 5 ਫ਼ਸਲਾਂ ਦੀ ਸਮਰਥਨ ਮੁੱਲ 'ਤੇ ਖਰੀਦ ਕਰਨ ਦਾ ਭਰੋਸਾ ਦਿੱਤਾ ਸੀ, ਪਰ ਕਿਸਾਨ ਆਗੂ ਸਾਰੀਆਂ 23 ਫ਼ਸਲਾਂ ਦੀ ਸਮਰਥਨ ਮੁੱਲ 'ਤੇ ਖਰੀਦ ਦੀ ਕਾਨੂੰਨੀ ਗਾਰੰਟੀ ਚਾਹੁੰਦੇ ਸਨ, ਜਿਸ ਕਾਰਨ ਗੱਲਬਾਤ ਸਫਲ ਨਾ ਹੋ ਸਕੀ। ਇਹ ਵੱਡਾ ਮਸਲਾ ਗੱਲਬਾਤ ਰਾਹੀਂ ਹੀ ਸੁਲਝਾਇਆ ਜਾ ਸਕਦਾ ਹੈ। ਕੇਂਦਰੀ ਸਰਕਾਰ ਨੂੰ ਕਿਸਾਨਾਂ ਪ੍ਰਤੀ ਆਪਣਾ ਸਖ਼ਤ ਵਤੀਰਾ ਛੱਡਣਾ ਚਾਹੀਦਾ ਹੈ ਅਤੇ ਦੂਜੇ ਪਾਸੇ ਅੰਦੋਲਨਕਾਰੀ ਕਿਸਾਨ ਸੰਗਠਨਾਂ ਅਤੇ ਦੇਸ਼ ਦੇ ਹੋਰ ਕਿਸਾਨ ਸੰਗਠਨਾਂ ਨੂੰ ਵੀ ਤਰਕਸੰਗਤ ਅਤੇ ਬਾਦਲੀਲ ਢੰਗ ਨਾਲ ਕੇਂਦਰ ਸਰਕਾਰ ਨਾਲ ਗੱਲਬਾਤ ਸ਼ੁਰੂ ਕਰਨ ਲਈ ਸਹਿਮਤੀ ਬਣਾਉਣੀ ਚਾਹੀਦੀ ਹੈ। ਹਰਿਆਣਾ ਅਤੇ ਪੰਜਾਬ ਵਿਚਕਾਰ ਆਵਾਜਾਈ ਦੇ ਰਸਤੇ ਪਿਛਲੇ ਲੰਬੇ ਸਮੇਂ ਤੋਂ ਬੰਦ ਹੋਣ ਕਾਰਨ ਪੰਜਾਬ ਦੇ ਸਨਅਤਕਾਰਾਂ ਤੇ ਕਾਰੋਬਾਰੀਆਂ ਸਮੇਤ ਆਮ ਲੋਕਾਂ ਨੂੰ ਵੀ ਵੱਡਾ ਨੁਕਸਾਨ ਹੋ ਰਿਹਾ ਹੈ। ਲੋਕਾਂ ਦੀ ਇਸ ਸਮੱਸਿਆ ਨੂੰ ਵੀ ਸਮਝਿਆ ਜਾਣਾ ਚਾਹੀਦਾ ਹੈ। ਆਸ ਕਰਦੇ ਹਾਂ ਕਿ ਕੇਂਦਰ ਸਰਕਾਰ, ਹਰਿਆਣਾ ਸਰਕਾਰ ਅਤੇ ਪੰਜਾਬ ਦੇ ਅੰਦੋਲਨਕਾਰੀ ਕਿਸਾਨ ਸੰਗਠਨ ਅਤੇ ਹੋਰ ਕਿਸਾਨ ਜਥੇਬੰਦੀਆਂ ਦੇਸ਼ ਦੇ ਲੋਕਾਂ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਇਕ ਵਾਰ ਫਿਰ ਗੱਲਬਾਤ ਦੀ ਮੇਜ਼ 'ਤੇ ਆਉਣ ਲਈ ਰਾਹ ਲੱਭਣ। ਦੇਸ਼, ਪੰਜਾਬ ਅਤੇ ਕਿਸਾਨੀ ਦਾ ਇਸੇ ਵਿੱਚ ਹੀ ਭਲਾ ਹੈ।

## ਠਾਹ-ਸੋਟਾ


-ਚਾਚਾ ਬੇਲਿਹਾਜ਼

### ਕੁੱਬੇ ਦੇ ਵੱਜੀ ਲੱਤ!

*ਹੋਣ ਲਈ ਪ੍ਰਵਾਨ ਸਿੱਖ ਪੰਥ ਅੰਦਰ ਮਿਲੀ ਸਜ਼ਾ ਨੂੰ 'ਸੇਵਾ' ਪ੍ਰਚਾਰਦੇ ਨੇ।*
*ਹੁਕਮ ਤਖਤ ਦਾ ਅੱਧਾ ਕੁ ਮੰਨ ਲੀਤਾ ਲੱਲੇ-ਭੱਬੇ ਲਾ ਉਸਨੂੰ ਤ੍ਰਿਸਕਾਰਦੇ ਨੇ।*
*ਪੋਚੇ ਪਾਉਣ ਲਈ ਮੁੱਦਾ ਕੋਈ ਲੱਭਦੇ ਸੀ ਹੋਏ 'ਹਮਲੇ' ਨੂੰ ਅੰਦਰੋਂ ਪਿਆਰਦੇ ਨੇ।*
*ਕਹਿੰਦੇ ਸਾਡੇ 'ਗੁਨਾਹਾਂ' ਨੂੰ ਭੁੱਲ ਜਾਉ ਹਰ ਥਾਂਹ ਗੋਲੀ ਦਾ ਮੁੱਦਾ ਉਭਾਰਦੇ ਨੇ।*
*ਝਗੜਾ ਚੱਲਦਾ ਦਾਗੀਆਂ ਬਾਗੀਆਂ ਦਾ ਚਰਚਾ ਰੋਜ਼ ਡਿਬੇਟਾਂ ਵਿਚ ਮਾਣੀਏਂ ਜੀ।*
*ਵੱਜੀ ਲੱਤ ਜਿਉਂ ਕੁੱਬੇ ਦੇ ਰਾਸ ਆ ਗਈ ਚੱਲੀ ਗੋਲੀ ਇਉਂ ਚੌੜੇ ਦੀ ਜਾਣੀਏਂ ਜੀ!*

# ਟਰੰਪ ਦੀ ਚੋਣ ਅਤੇ ਔਰਤ ਅਧਿਕਾਰਾਂ ਬਾਰੇ ਪੱਛਮੀ ਸੱਭਿਆਚਾਰ ਦੀ ਸਮਝ

ਪੇਸ਼ਕਸ਼
ਡਾ. ਅਜੀਤਪਾਲ ਸਿੰਘ
ਐਮ ਡੀ



ਅਮਰੀਕਾ ਵਿੱਚ ਜੇ ਕੋਈ ਅਦਾਲਤ ਕਿਸੇ ਚੁਣਾਵੀ ਉਮੀਦਵਾਰ ਨੂੰ ਬਲਾਤਕਾਰੀ ਠਹਿਰਾ ਦਿੰਦੀ ਹੈ ਤਾ ਉਸਦਾ ਰਾਜਸੀ ਕੈਰੀਅਰ ਉੱਥੇ ਹੀ ਖਤਮ ਹੋ ਜਾਂਦਾ ਸੀ। ਅਜਿਹਾ ਲੱਗਦਾ ਹੈ ਕਿ ਇਹ ਗੱਲ ਹੁਣ ਪੁਰਾਣੀ ਹੋ ਚੁੱਕੀ ਹੈ। ਪਿੱਛੇ ਜਿਹੇ ਹੀ ਪੂਰੇ ਹੋਏ ਅਮਰੀਕੀ ਰਾਸ਼ਟਰਪਤੀ ਦੀ ਚੋਣ ਦਾ ਅਮਲ ਗਵਾਹ ਹੈ ਕਿ ਇੱਕ ਉਮੀਦਵਾਰ ਦੇ ਖਿਲਾਫ ਪਿਛਲੇ ਸਾਲ ਹੀ ਆਏ ਅਦਾਲਤੀ ਫੈਸਲੇ ਨਾਲ ਕਿਸੇ ਨੂੰ ਕਿਸੇ ਤਰ੍ਹਾਂ ਦਾ ਕੋਈ ਫਰਕ ਨਹੀਂ ਪਿਆ। ਦੂਜੀ ਵਾਰ ਰਾਸ਼ਟਰਪਤੀ ਬਣ ਚੁੱਕੇ ਡੋਨਾਲਡ ਟਰੰਪ ਨੂੰ ਮਈ 2023 ਵਿੱਚ ਨਿਊਯਾਰਕ ਦੀ ਅਦਾਲਤ ਨੇ ਜਿਣਸੀ ਸੋਸ਼ਣ ਦਾ ਦੋਸ਼ੀ ਠਹਿਰਾਇਆ ਸੀ। ਇਹ ਘਟਨਾ 1996 ਦੀ ਸੀ ਅਤੇ ਔਰਤ ਇੱਕ ਪੱਤਰਕਾਰ ਸੀ,ਜਿਨਾਂ ਦਾ ਨਾਮ ਈ.ਜੀਨ ਕੈਰਲ ਹੈ। ਅਦਾਲਤ ਨੇ ਟਰੰਪ ਨੂੰ ਨੁਕਸਾਨ ਦੀ ਭਰਪਾਈ ਵਜੋਂ ਕੈਰਲ ਨੂੰ 50 ਲੱਖ ਡਾਲਰ ਦੇਣ ਦਾ ਹੁਕਮ ਦਿੱਤਾ ਸੀ। ਟਰੰਪ ਦੇ ਉੱਪਰ ਦੋ ਆਰਥਕ ਜੁਰਮਾਨੇ ਹਨ, ਜਿਹਨਾਂ ਦੀ ਕੀਮਤ 90 ਲੱਖ ਡਾਲਰ ਤੋਂ ਜਿਆਦਾ ਹੈ,ਜੋ ਉਹਨਾਂ ਨੇ ਕੈਰਲ ਨੂੰ ਦੇਣੇ ਹਨ। ਟਰੰਪ ਇਸ ਖਿਲਾਫ ਅਪੀਲ ਕਰ ਚੁੱਕੇ ਹਨ, ਪਰ ਦੇਣ ਵਾਲੀ ਰਾਸ਼ੀ ਤੇ ਵਿਆਜ ਵਧਦਾ ਰਿਹਾ ਹੈ। ਆਰਥਿਕ ਸਜਾ ਸਬੰਧੀ ਅਦਾਲਤੀ ਦੋ ਹੁਕਮਾਂ ਚੋਂ ਪਹਿਲਾਂ ਦੇ ਖਿਲਾਫ ਟਰੰਪ ਦੇ ਵਕੀਲ ਦੀ ਅਪੀਲ ਵਿੱਚ ਇਹ ਦਲੀਲ ਦਿੱਤੀ ਗਈ ਸੀ ਕਿ ਟਰੰਪ ਨੂੰ 'ਬਲਾਤਕਾਰ' ਦਾ ਦੋਸ਼ੀ ਨਹੀਂ ਪਾਇਆ ਗਿਆ ਸੀ। ਨਿਆਂ ਅਥਾਰਟੀ ਦਾ ਕਹਿਣਾ ਸੀ ਕਿ ਟਰੰਪ ਇੱਕ ਦੁਕਾਨ ਦੇ ਇੱਕ ਕਮਰੇ ਵਿੱਚ ਕੈਰਲ ਦੇ ਨਾਲ ਗੰਦੀ ਹਰਕਤ ਕਰਨ ਦੇ ਦੋਸ਼ੀ ਹਨ। ਇਸ ਹਰਕਤ ਨੂੰ ਆਮ ਸਮਝਦਾਰੀ ਦੇ ਹਿਸਾਬ ਨਾਲ ਬਲਾਤਕਾਰ ਮੰਨਿਆ ਜਾ ਸਕਦਾ ਹੈ,ਉਹ ਕਹਿੰਦੇ ਹੋਏ ਅਦਾਲਤ ਨੇ ਅਪੀਲ ਖ਼ਾਰਜ਼ ਕਰ ਦਿੱਤੀ ਸੀ।




ਜੁਲਾਈ 2023 ਵਿੱਚ ਜੱਜ ਨੂੰ ਏ.ਕਾਪਲਾਨ ਨੇ ਆਪਣੇ ਹੁਕਮ ਵਿੱਚ ਲਿਖਿਆ ਸੀ " ਨਿਊਯਾਰਕ ਫੌਜਦਾਰੀ ਕਾਨੂੰਨ ਦੀ ਵਿਆਖਿਆ ਦੇ ਹਿਸਾਬ ਨਾਲ ਇਹ ਸਿੱਟਾ ਹੈ ਕਿ ਸੁਸ਼੍ਰੀ ਕੈਰਲ ਆਪਣੇ ਨਾਲ ਹੋਏ 'ਬਲਾਤਕਾਰ' ਨੂੰ ਸਾਬਤ ਕਰਨ ਵਿੱਚ ਨਾਕਾਮ ਹੋ ਗਈ। ਇਸ ਦਾ ਅਰਥ ਇਹ ਨਹੀਂ ਕਿ ਲੋਕਾਂ ਨੂੰ 'ਬਲਾਤਕਾਰ' ਤੇ ਆਮ ਸਮਝਦਾਰੀ ਦੇ ਹਿਸਾਬ ਨਾਲ ਵੀ ਉਹ ਇਹ ਸਾਬਤ ਕਰਨ ਵਿੱਚ ਨਾਕਾਮ ਹਨ ਕਿ ਟਰੰਪ ਨੇ ਉਹਨਾਂ ਦਾ 'ਬਲਾਤਕਾਰ' ਨਹੀਂ ਕੀਤਾ। ਅਸਲ ਵਿੱਚ ਸੁਣਾਈ ਦੇ ਦੌਰਾਨ ਰੱਖੇ ਗਏ ਸਬੂਤਾਂ ਤੋਂ ਸਪਸ਼ਟ ਹੁੰਦਾ ਹੈ। ਅਦਾਲਤ ਨੇ ਇਹੀ ਪਾਇਆ ਹੈ ਕਿ ਟਰੰਪ ਨੇ ਬਿਲਕੁਲ ਉਹੀ ਕੀਤਾ ਹੈ। " ਟਰੰਪ ਨੇ ਆਪਣੇ ਖਿਲਾਫ ਸਾਰੇ ਦੋਸ਼ਾਂ ਦਾ ਖੰਡਨ ਕੀਤਾ ਹੈ। ਉਹ ਮੁਸ਼ਕਿਲ ਹੀ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਹੋਣਗੇ ਜਿਨਾਂ ਉੱਪਰ ਯੌਨ ਸ਼ੋਸ਼ਣ ਦੇ ਦੋਸ਼ ਲੱਗੇ ਹਨ,ਪਰ ਉਹ ਇਸ ਮਾਮਲੇ ਵਿੱਚ ਪਹਿਲੇ ਹਨ ਕਿ ਉਹਨਾਂ ਖਿਲਾਫ ਯੌਨ ਦੁਰਾਚਾਰ ਦਾ ਅੱਛਾ ਖਾਸਾ ਜਨਤਕ ਰਿਕਾਰਡ ਹੈ ਅਤੇ ਇਸ ਦੀ ਪੁਸ਼ਟੀ ਕਰਦੇ ਹੋਏ ਅਦਾਲਤੀ ਫੈਸਲੇ ਵੀ ਮੌਜੂਦ ਹਨ। ਇਸ ਮਾਮਲੇ ਵਿੱਚ ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰਾਂ ਦੇ ਇਤਿਹਾਸ ਵਿੱਚ ਇਹ ਮਹੱਤਵਪੂਰਨ ਹੈ। ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਮਰਦਾਂ ਖਾਸ ਕਰਕੇ ਗੋਰੇ ਮਰਦਾਂ ਵਿੱਚ ਉਹਨਾਂ ਦੀ ਹਰਮਨ ਪਿਆਰਤਾ 'ਤੇ ਇਹਨਾਂ ਦੋਸ਼ਾਂ ਦੇ ਬਾਵਜੂਦ ਕੋਈ ਫਰਕ ਨਹੀਂ ਪੈਂਦਾ,ਜੋ ਉਹਨਾਂ ਨੂੰ ਹੀਰੋ ਮੰਨਦੇ ਹਨ ਤੇ ਉਹਨਾਂ ਨੂੰ ਆਪਣਾ ਰਹਿਨੁਮਾ ਮੰਨਦੇ ਹਨ। ਹੈਰਾਨੀ ਦੀ ਗੱਲ ਇਹ ਕਿ ਜਿਨ੍ਹਾਂ ਨੇਤਾਵਾਂ ਨੇ ਕਦੀ ਮੋਨਿਕਾ ਲੇਵਿੰਸਕੀ ਦੇ ਨਾਲ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਦੀ ਯੌਨ ਸਬੰਧਾਂ ਬਾਰੇ ਝੂਠ ਤੇ ਚਲਦਿਆਂ ਵੀ ਉਹਨਾਂ ਉੱਪਰ ਮਹਾਂਭਿਯੋਗ ਚਲਾਇਆ ਸੀ,ਉਹਨਾਂ ਦੇ ਮੂੰਹ ਤੋਂ ਟਰੰਪ ਦੇ ਖਿਲਾਫ ਅਦਾਲਤੀ ਹੁਕਮਾਂ ਤੇ ਦੋ ਦਰਜਨ ਤੋਂ ਵੱਧ ਉਹਨਾਂ ਔਰਤਾਂ ਬਾਰੇ ਇੱਕ ਸ਼ਬਦ ਵੀ ਨਹੀਂ ਨਿਕਲਿਆ ਜਿਨਾਂ ਨੇ ਟਰੰਪ ਤੇ ਦੁਰਾਚਾਰ ਦੇ ਦੋਸ਼ ਲਾਏ ਸਨ। ਸ਼ਾਇਦ ਇਸੇ ਲਈ ਰਾਜਨੀਤੀ ਪਖੰਡ ਦਾ ਦੂਜਾ ਨਾਂ ਹੈ।

ਕਿਤੇ ਵੱਧ ਚਿੰਤਾਜਨਕ ਉਹਨਾਂ ਔਰਤਾਂ ਦਾ ਪੱਖ ਹੈ ਜੋ ਇਹਨਾਂ ਦੋਸ਼ਾਂ ਦੇ ਬਾਵਜੂਦ ਟਰੰਪ ਦੀ ਹਮਾਇਤ ਕਰਦੀਆਂ ਹਨ। ਉਹ ਔਰਤਾਂ ਵੀ ਮੁੱਖ ਤੌਰ ਤੇ ਗੋਰੀਆਂ ਹੀ ਹਨ। ਸੰਨ ਵੀ 2016 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ 47 ਫੀਸਦੀ ਗੋਰੀਆਂ

***(ਬਾਕੀ ਅਗਲੇ ਸਫੇ 'ਤੇ)***

# ਪੰਜਾਬ ਦੇ ਨਾਜ਼ੁਕ ਹਾਲਾਤ ਤੇ ਪੰਥਕ ਸੰਕਟ

ਸਤਨਾਮ ਸਿੰਘ ਮਾਣਕ



ਸ੍ਰੀ ਹਰਿਮੰਦਰ ਸਾਹਿਬ ਸਮੂਹ ਦੇ ਮੁੱਖ ਦੁਆਰ ਦੇ ਨੇੜੇ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ (ਜਿਨ੍ਹਾਂ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦਿੱਤਾ ਹੋਇਆ ਹੈ ਪਰ ਅਜੇ ਤੱਕ ਅਕਾਲੀ ਦਲ ਦੀ ਵਰਕਿੰਗ ਕਮੇਟੀ ਵਲੋਂ ਪ੍ਰਵਾਨ ਨਹੀਂ ਹੋਇਆ) ਅਤੇ ਪੰਜਾਬ ਦੇ ਸਾਬਕਾ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਹੋਏ ਜਾਨਲੇਵਾ ਹਮਲੇ ਦੀ ਰਾਜਨੀਤਕ ਅਤੇ ਪੱਤਰਕਾਰੀ ਹਲਕਿਆਂ ਵਿਚ ਵੱਡੀ ਚਰਚਾ ਹੋ ਰਹੀ ਹੈ। ਪੰਜਾਬ ਦੀਆਂ ਲਗਭਗ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੇ ਇਸ ਘਟਨਾਕ੍ਰਮ ਦੀ ਸਖ਼ਤ ਆਲੋਚਨਾ ਕੀਤੀ ਹੈ ਅਤੇ ਇਸ ਗੱਲ 'ਤੇ ਸੰਤੁਸ਼ਟੀ ਪ੍ਰਗਟ ਕੀਤੀ ਹੈ ਕਿ ਸੁਖਬੀਰ ਸਿੰਘ ਬਾਦਲ ਇਸ ਹਮਲੇ ਤੋਂ ਵਾਲ-ਵਾਲ ਬਚ ਗਏ ਹਨ। ਇਸ ਮੌਕੇ 'ਤੇ ਪੰਜਾਬ ਪੁਲਿਸ ਦੇ ਸੁਰੱਖਿਆ ਕਰਮੀ ਜਸਬੀਰ ਸਿੰਘ ਵਲੋਂ ਤੁਰੰਤ ਹਰਕਤ ਵਿਚ ਆ ਕੇ ਕੀਤੇ ਗਏ ਬਚਾਅ ਕਾਰਜ ਦੀ ਵੀ ਭਾਰੀ ਪ੍ਰਸੰਸਾ ਹੋਈ ਹੈ। ਉਂਝ ਪੁਲਿਸ 'ਤੇ ਇਸ ਗੱਲੋਂ ਸਵਾਲ ਵੀ ਉਠ ਰਹੇ ਹਨ ਕਿ ਹਮਲਾ ਕਰਨ ਵਾਲਾ ਵਿਅਕਤੀ ਨਰਾਇਣ ਸਿੰਘ ਚੌੜਾ ਜਿਸ 'ਤੇ ਪਹਿਲਾਂ ਹੀ ਕਈ ਕੇਸ ਚੱਲ ਰਹੇ ਹਨ, ਦੀਆਂ ਹਰਿਮੰਦਰ ਸਾਹਿਬ ਸਮੂਹ ਅੰਦਰਲੀਆਂ ਪਿਛਲੇ ਕਈ ਦਿਨਾਂ ਦੀਆਂ ਸਰਗਰਮੀਆਂ ਤੋਂ ਉਹ ਅਵੇਸਲੀ ਕਿਉਂ ਰਹੀ?

ਬਿਨਾਂਸ਼ੱਕ ਇਸ ਘਟਨਾ ਨੇ ਪੰਜਾਬ ਦੀ ਨਾਜ਼ੁਕ ਸਥਿਤੀ ਵੱਲ ਇਕ ਵਾਰ ਫਿਰ ਸਭ ਦਾ ਧਿਆਨ ਖਿੱਚਿਆ ਹੈ। ਇਸ ਸਮੇਂ ਰਾਜ ਅਸਥਿਰਤਾ ਅਤੇ ਬੇਵਿਸ਼ਵਾਸੀ ਦੇ ਦੌਰ 'ਚੋਂ ਗੁਜ਼ਰ ਰਿਹਾ ਹੈ। ਲੋਕਾਂ ਦੇ ਵੱਖ-ਵੱਖ ਵਰਗ ਅਨੇਕਾਂ ਪ੍ਰਕਾਰ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਆਪਣੀ ਸਮਰੱਥਾ ਮੁਤਾਬਕ ਆਪੋ-ਆਪਣੇ ਮੁੱਦਿਆਂ ਲਈ ਸੰਘਰਸ਼ ਦੇ ਰਾਹ ਵੀ ਪਏ ਹੋਏ ਹਨ। ਹਰਿਆਣੇ ਨਾਲ ਲੱਗਦੀ ਖਨੌਰੀ ਦੀ ਸਰਹੱਦ 'ਤੇ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਮੋਰਚੇ ਵਲੋਂ ਕਿਸਾਨੀ ਜਿਣਸਾਂ ਦੇ ਸਮਰਥਨ ਮੁੱਲ ਅਤੇ ਕਿਸਾਨਾਂ ਦੀਆਂ ਹੋਰ ਮੰਗਾਂ ਨੂੰ ਲੈ ਕੇ ਸਾਢੇ 9 ਮਹੀਨਿਆਂ ਤੋਂ ਸੰਘਰਸ਼ ਵਿੱਢਿਆ ਹੋਇਆ ਹੈ ਅਤੇ ਇਸ ਸਮੇਂ ਬਜ਼ੁਰਗ ਕਿਸਾਨ ਆਗੂ ਜਗਜੀਤ ਸਿੰਘ ਡੱਲਾ ਮਰਨ ਵਰਤ 'ਤੇ ਬੈਠੇ ਹਨ ਅਤੇ ਉਨ੍ਹਾਂ ਦੇ ਵਰਤ ਨੂੰ 7 ਦਿਨ ਗੁਜ਼ਰ ਚੁੱਕੇ ਹਨ। ਇਸ ਦੇ ਨਾਲ ਹੀ ਉਪਰੋਕਤ ਕਿਸਾਨ ਸੰਗਠਨਾਂ ਨੇ 6 ਦਸੰਬਰ ਤੋਂ ਜਥਿਆਂ ਦੇ ਰੂਪ ਵਿਚ ਪੈਦਲ ਦਿੱਲੀ ਜਾਣ ਦਾ ਪ੍ਰੋਗਰਾਮ ਵੀ ਐਲਾਨਿਆ ਹੋਇਆ ਹੈ। ਦਿੱਲੀ ਜਾ ਕੇ ਉਹ ਜੰਤਰ-ਮੰਤਰ ਜਾਂ ਰਾਮ ਲੀਲ੍ਹਾ ਗਰਾਊਂਡ ਵਿਚ ਕਿਸਾਨੀ ਮੰਗਾਂ ਵਲ



ਧਿਆਨ ਨਾ ਦੇਣ ਕਾਰਨ ਕੇਂਦਰ ਸਰਕਾਰ ਦੇ ਖ਼ਿਲਾਫ਼ ਧਰਨੇ ਦੇ ਰੂਪ ਵਿਚ ਆਪਣਾ ਰੋਸ ਪ੍ਰਗਟ ਕਰਨਾ ਚਾਹੁੰਦੇ ਸਨ। ਪਰ ਸ਼ੰਭੂ ਦੀ ਸਰਹੱਦ 'ਤੇ ਹਰਿਆਣੇ ਵਾਲੇ ਪਾਸੇ ਤਾਇਨਾਤ ਸੁਰੱਖਿਆ ਦਲਾਂ ਨੇ ਕੇਂਦਰ ਦੀ ਸ਼ਹਿ 'ਤੇ ਉਨ੍ਹਾਂ ਨੂੰ ਦਿੱਲੀ ਜਾਣ ਦੀ ਇਜਾਜ਼ਤ ਨਹੀਂ ਦਿੱਤੀ। ਕਿਸਾਨ ਜੱਥਿਆਂ ਨੇ ਜਦੋਂ ਵੀ ਹਰਿਆਣਾ ਸਰਹੱਦ ਵਲ ਵਧਣ ਦਾ ਯਤਨ ਕੀਤਾ, ਅਥਰੂ ਗੈਸ ਦੇ ਗੋਲੇ ਛੱਡ ਕੇ ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕਿਆ ਗਿਆ, ਜਿਸ ਵਿਚ ਅਨੇਕਾਂ ਕਿਸਾਨ ਜ਼ਖ਼ਮੀ ਵੀ ਹੋਏ। ਉਂਝ ਵੀ ਹਰਿਆਣਾ ਨੇ 12 ਫਰਵਰੀ ਤੋਂ ਪੰਜਾਬ ਦਾ ਦਿੱਲੀ ਜਾਣ ਦਾ ਰਸਤਾ ਪੱਕੇ ਤੌਰ 'ਤੇ ਬੰਦ ਕੀਤਾ ਹੋਇਆ ਹੈ।

ਦੂਜੇ ਪਾਸੇ ਲੁਧਿਆਣੇ ਵਿਚ ਫਿਲਮ ਨਿਰਦੇਸ਼ਕ ਅਤੇ ਕਲਾਕਾਰ ਅਮਿਤੋਜ ਮਾਨ, ਲੱਖਾ ਸਿਧਾਣਾ ਅਤੇ ਹੋਰ ਵਾਤਾਵਰਨ ਪ੍ਰੇਮੀਆਂ ਵਲੋਂ ਕਾਲੇ ਪਾਣੀਆਂ ਦਾ ਮੋਰਚਾ ਆਰੰਭ ਕੀਤਾ ਹੋਇਆ ਹੈ। ਪਿਛਲੇ ਲੰਮੇ ਸਮੇਂ ਤੋਂ ਇਹ ਵਾਤਾਵਰਨ ਪ੍ਰੇਮੀ ਲੁਧਿਆਣੇ ਦੇ ਬੁੱਢੇ ਨਾਲੇ ਵਿਚ ਲੁਧਿਆਣੇ ਦੀਆਂ ਸਨਅਤਾਂ ਦੇ ਪੈ ਰਹੇ ਗੰਦੇ ਪਾਣੀ ਵਿਰੁੱਧ ਰੋਸ ਪ੍ਰਗਟ ਕਰਦੇ ਆ ਰਹੇ ਹਨ। ਪਰ ਪੰਜਾਬ ਦੀ ਕੋਈ ਵੀ ਸਰਕਾਰ ਇਸ ਮਸਲੇ ਦਾ ਹੱਲ ਨਹੀਂ ਕੱਢ ਸਕੀ। ਬੀਤੇ ਦਿਨ ਇਨ੍ਹਾਂ ਵਾਤਾਵਰਨ ਪ੍ਰੇਮੀਆਂ ਦੀ ਅਗਵਾਈ ਵਿਚ ਵੱਡੀ ਗਿਣਤੀ ਵਿਚ ਲੋਕ ਵੇਰਕਾ ਮਿਲਕ ਪਲਾਂਟ ਨੇੜੇ ਇਕੱਤਰ ਹੋਏ ਅਤੇ ਉਨ੍ਹਾਂ ਨੇ ਉਨ੍ਹਾਂ ਟ੍ਰੀਟਮੈਂਟ ਪਲਾਂਟਾਂ ਨੂੰ ਬੰਦ ਕਰਨ ਲਈ ਉਸ ਪਾਸੇ ਵੱਲ ਵਧਣ ਦੀ ਅਸਫ਼ਲ ਕੋਸ਼ਿਸ਼ ਕੀਤੀ, ਜਿਨ੍ਹਾਂ ਰਾਹੀਂ ਰੰਗਾਈ ਸਨਅਤਾਂ ਦਾ ਦੂਸ਼ਿਤ ਪਾਣੀ ਬੁੱਢੇ ਨਾਲੇ ਵਿਚ ਪੈ ਰਿਹਾ ਹੈ। ਇਨ੍ਹਾਂ ਵਾਤਾਵਰਨ ਪ੍ਰੇਮੀਆਂ ਦਾ ਦੋਸ਼ ਹੈ ਕਿ ਇਨ੍ਹਾਂ ਟ੍ਰੀਟਮੈਂਟ ਪਲਾਂਟਾਂ ਦੇ ਬਾਵਜੂਦ ਬੁੱਢੇ ਨਾਲੇ ਵਿਚ ਪਾਇਆ ਜਾ ਰਿਹਾ ਪਾਣੀ ਬੇਹੱਦ ਗੰਦਾ ਅਤੇ ਤੇਜ਼ਾਬੀ ਹੈ ਤੇ ਇਸ ਨੂੰ ਪੰਜਾਬ ਦੇ ਮਾਲਵੇ ਇਲਾਕੇ ਅਤੇ ਰਾਜਸਥਾਨ ਦੇ ਜੋ ਲੋਕ ਪੀਣ ਲਈ ਅਤੇ ਹੋਰ ਲੋੜਾਂ ਲਈ ਵਰਤਦੇ ਹਨ, ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਇਨ੍ਹਾਂ ਦਾ ਰੋਸ ਹੈ ਕਿ ਪੰਜਾਬ ਦੀਆਂ ਦੂਜੀਆਂ ਸਰਕਾਰਾਂ ਦੀ ਤਰ੍ਹਾਂ ਮੌਜੂਦਾ ਪੰਜਾਬ ਸਰਕਾਰ ਵੀ ਇਸ ਮਸਲੇ ਨੂੰ ਹੱਲ ਕਰਨ ਲਈ ਕੋਈ ਠੋਸ ਪਹਿਲਕਦਮੀ ਕਰਨ ਵਿਚ

***(ਬਾਕੀ ਅਗਲੇ ਸਫੇ 'ਤੇ)***

# ਰਵਨੀਤ ਦੀ ਸੁਖਬੀਰ ਦੇ ਹਮਲਾਵਰ ਦੀ ਤਾਰੀਫ਼ ਕਰਨ ਵਾਲੀ ਟਿੱਪਣੀ 'ਤੇ ਛਿੜਿਆ ਵਿਵਾਦ



ਚੰਡੀਗੜ੍ਹ: ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ, ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਸ਼ਨੀਵਾਰ ਨੂੰ ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ) ਨੂੰ ''ਕੌਮ ਦੇ ਹੀਰੇ'' ਜਾਂ ''ਕੌਮ ਦੇ ਹੀਰੋ'' ਵਜੋਂ ਮਾਨਤਾ ਦੇਣ ਦੀ ਅਪੀਲ ਕਰਕੇ ਵਿਵਾਦ ਛੇੜ ਦਿੱਤਾ, ਜਿਸ ਨੇ ਨਰਾਇਣ ਸਿੰਘ ਚੌੜਾ ਦਾ ਉਦਘਾਟਨ ਕੀਤਾ। ਇਸ ਹਫਤੇ ਦੇ ਸ਼ੁਰੂ ਵਿਚ ਇੱਕ ਕਥਿਤ ਕਤਲ ਦੀ ਕੋਸ਼ਿਸ਼ ਵਿੱਚ ਅਕਾਲੀ ਆਗੂ ਸੁਖਬੀਰ ਸਿੰਘ ਬਾਦਲ 'ਤੇ ਫਾਇਰਿੰਗ।

ਦਿੱਲੀ ਵਿੱਚ ਬੋਲਦਿਆਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਬਿੱਟੂ ਨੇ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨੂੰ ਆਪਣੇ ਮਾਮਲੇ ਵਿੱਚ ਚੌੜਾ ਨੂੰ ਕਾਨੂੰਨੀ ਸਹਾਇਤਾ ਦੇਣ ਦੀ ਮੰਗ ਕੀਤੀ ਹੈ।

''ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਹਮਲਾ ਨਿੰਦਣਯੋਗ ਹੈ ਕਿਉਂਕਿ ਇਹ ਬਹੁਤ ਪਵਿੱਤਰ ਸਥਾਨ ਹੈ... ਸੁਖਬੀਰ ਸਿੰਘ ਬਾਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਮੰਨਿਆ ਕਿ ਉਸ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਹੈ... ਨਰਾਇਣ ਸਿੰਘ ਚੌੜਾ (ਹਮਲਾਵਰ) ਦੀ ਕੋਈ ਨਿੱਜੀ ਦੁਸ਼ਮਣੀ ਨਹੀਂ ਸੀ। ਸੁਖਬੀਰ ਸਿੰਘ ਬਾਦਲ ਦੇ ਨਾਲ... ਉਸ ਨੇ ਭਾਵੁਕ ਹਾਲਤ ਵਿਚ ਸੁਖਬੀਰ ਸਿੰਘ ਬਾਦਲ 'ਤੇ ਗੋਲੀਆਂ ਚਲਾ ਦਿੱਤੀਆਂ ਕਿਉਂਕਿ ਉਨ੍ਹਾਂ (ਸੁਖਬੀਰ ਸਿੰਘ ਬਾਦਲ) ਨੇ ਖੁਦ ਮੰਨਿਆ ਹੈ ਕਿ ਉਹ ਬੇਅਦਬੀ ਕਾਂਡ ਵਿਚ ਸ਼ਾਮਲ ਸੀ। ਜਿਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਬਲਵੰਤ ਸਿੰਘ ਰਾਜੋਆਣਾ (ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਫਾਂਸੀ ਦੀ ਸਜ਼ਾ ਸੁਣਾਏ ਗਏ ਦੋਸ਼ੀ) ਨੂੰ ਜੱਫੀ ਪਾਈ ਹੈ, ਉਨ੍ਹਾਂ ਨੂੰ ਵੀ ਨਰਾਇਣ ਸਿੰਘ ਚੌੜਾ ਦਾ ਸਨਮਾਨ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਫੋਟੋ ਵੀ ਲਗਾਈ ਜਾਣੀ ਚਾਹੀਦੀ ਹੈ।

# ਪਾਕਿਸਤਾਨ ਵਿੱਚ ਡਰੋਨ ਹਮਲੇ ਨਾਲ 13 ਅੱਤਵਾਦੀ ਢੇਰ

ਅੰਮ੍ਰਿਤਸਰ : ਪਾਕਿਸਤਾਨ ਦੇ ਕਬਾਇਲੀ ਜ਼ਿਲ੍ਹੇ ਉੱਤਰੀ ਵਜ਼ੀਰਸਥਾਨ 'ਚ ਅਫ਼ਗਾਨ ਸਰਹੱਦ ਨੇੜੇ ਅੱਤਵਾਦੀ ਟਿਕਾਣਿਆਂ ਨੂੰ ਸੁਰੱਖਿਆ ਬਲਾਂ ਵੱਲੋਂ ਡਰੋਨ ਨਾਲ ਨਿਸ਼ਾਨਾ ਬਣਾਇਆ ਗਿਆ, ਜਿਸ ਚ ਘੱਟੋ ਘੱਟ 13 ਅੱਤਵਾਦੀ ਮਾਰੇ ਗਏ ਅਤੇ ਕਈ ਜ਼ਖ਼ਮੀ ਹੋ ਗਏ।

ਹਾਲਾਂਕਿ ਪਾਕਿਸਤਾਨੀ ਫੌਜ ਦੇ ਮੀਡੀਆ ਬ੍ਰੈਂਚ ਇੰਟਰ ਸਰਵਿਸਿਜ ਪਬਲਿਕ ਰਿਲੇਸ਼ਨ ਆਈ.ਐਸ. ਪੀ. ਆਰ. ਵੱਲੋਂ ਅਧਿਕਾਰਤ ਤੌਰ ਤੇ ਇਸ ਬਾਰੇ ਕੋਈ ਬਿਆਨ ਜਾਰੀ ਨਹੀਂ ਕੀਤਾ ਗਿਆ। ਪਰ ਪਾਕ ਮੀਡੀਆ ਨੇ ਦਾਅਵਾ ਕੀਤਾ ਹੈ ਕਿ ਵੱਖ-ਵੱਖ ਕਾਰਵਾਈਆਂ ਚ ਗੈਰ ਕਾਨੂੰਨੀ ਤਹਿਰੀਕੇ ਤਾਲਿਬਾਨ ਪਾਕਿਸਤਾਨ ਦੇ ਇੱਕ ਪ੍ਰਮੁੱਖ ਕਮਾਂਡਰ ਸਮੇਤ 13 ਅੱਤਵਾਦੀ ਮਾਰੇ ਗਏ ਹਨ। ਇਹ ਘਟਨਾ ਉੱਤਰੀ ਵਜ਼ੀਰਸਥਾਨ ਦੀ ਸ਼ਾਮਿਲ ਤਹਿਸੀਲ ਦੇ ਗਜ਼ੂਮ ਮੰਡੀ ਇਲਾਕੇ ਚ ਵਾਪਰੀ। ਇਲਾਕੇ ਚ ਟੀ. ਟੀ. ਪੀ. ਦੇ ਹਾਫ਼ਿਜ਼ ਗੁਲ ਬਹਾਦਰ ਸਮੂਹ ਨਾਲ ਸੰਬੰਧਿਤ ਮਜਲਸੇ ਅਸਕਰੀ ਕਾਰਵਾਂ ਸਮੂਹ ਦੀਆਂ ਦੋ ਵੱਖ ਵੱਖ ਲੁੱਕਣ ਗਾਹਾਂ ਤੇ ਡਰੋਨ ਹਮਲੇ ਕੀਤੇ ਗਏ ਸਨ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਮਰਨ



ਵਾਲਿਆਂ ਚ ਆਤਮਘਾਤੀ ਹਮਲਿਆਂ ਦਾ ਸਾਜ਼ਿਸ਼ਕਾਰ ਟੀ.ਟੀ.ਪੀ ਦਾ ਪ੍ਰਮੁੱਖ ਕਮਾਂਡਰ ਅਜ਼ਮਾਨ ਉਰਫ਼ ਆਸਕਿ ਵੀ ਸ਼ਾਮਿਲ ਹੈ। ਜਦਕਿ ਹਮਲਿਆਂ ਚ ਮਜਲਸੇ ਅਸਕਰੀ ਕਾਰਵਾਂ ਗਰੁੱਪ ਦੇ ਦੋ ਹੋਰ ਕਮਾਂਡਰ ਗੌਹਰ ਵਜ਼ੀਰ ਅਤੇ ਅਬੂ ਬਕਰ ਉਰਫ ਮੋਸਨ ਜਖਮੀ ਹੋਏ ਹਨ।

ਲੋਕਾਂ ਨੇ ਦੱਸਿਆ ਕਿ ਸੁਰੱਖਿਆ ਅਭਿਆਨ ਤੋਂ ਬਾਅਦ ਅੱਤਵਾਦੀਆਂ ਦੇ ਠਿਕਾਣੇ ਤੋਂ ਕਾਲੇ ਧੂੰਏ ਦੇ ਬੱਦਲ ਉੱਠਦੇ ਵੇਖੇ ਗਏ ਅਤੇ ਅੱਤਵਾਦੀ ਆਪਣੇ ਸਾਥੀਆਂ ਦੀਆਂ ਲਾਸ਼ਾਂ ਨੂੰ ਛੱਡ ਕੇ ਭੱਜ ਗਏ।

# ਕੈਨੇਡਾ 'ਚ ਪੰਜਾਬੀ ਵਿਦਿਆਰਥੀ ਦੀ ਗੋਲੀ ਮਾਰ ਕੇ ਹੱਤਿਆ

ਐਡਮਿੰਟਨ-ਕੈਨੇਡਾ ਦੇ ਐਡਮਿੰਟਨ ਸ਼ਹਿਰ ਦੇ ਇਕ ਅਪਾਰਟਮੈਂਟ 'ਚ ਪੰਜਾਬ ਦੇ ਇਕ 20 ਸਾਲਾ ਵਿਦਿਆਰਥੀ, ਜਿਸ ਪਛਾਣ ਹਰਸ਼ਨਦੀਪ ਸਿੰਘ ਵਜੋਂ ਹੋਈ, ਦੀ ਗੋਲੀ ਮਾਰ ਕੇ ਹੱਤਿਆ



ਕਰ ਦਿੱਤੀ ਗਈ। ਐਡਮਿੰਟਨ ਪੁਲਿਸ ਸਰਵਿਸ (ਈ.ਪੀ.ਐਸ.) ਦੇ ਅਧਿਕਾਰੀਆਂ ਨੇ ਰਾਤ 12:30 ਵਜੇ ਦੇ ਕਰੀਬ 107 ਐਵੇਨਿਊ 'ਤੇ ਇਕ ਅਪਾਰਟਮੈਂਟ ਕੰਪਲੈਕਸ 'ਚ ਗੋਲੀਬਾਰੀ ਦੀਆਂ ਰਿਪੋਰਟਾਂ 'ਤੇ ਕਾਰਵਾਈ ਕੀਤੀ। ਉਨ੍ਹਾਂ ਨੂੰ ਹਰਸ਼ਨਦੀਪ ਪੌੜੀਆਂ 'ਚ ਡਿੱਗਿਆ ਹੋਇਆ ਮਿਲਿਆ, ਜਿਸ ਨੂੰ ਮੌਕੇ 'ਤੇ ਮੁੱਢਲੀ ਸਹਾਇਤਾ ਦਿੱਤੀ ਗਈ ਪਰ ਬਾਅਦ 'ਚ ਉਸ ਨੇ ਹਸਪਤਾਲ 'ਚ ਦਮ ਤੋੜ ਦਿੱਤਾ। ਜਾਣਕਾਰੀ ਅਨੁਸਾਰ ਹਰਸ਼ਨਦੀਪ ਉਥੇ ਸੁਰੱਖਿਆ ਗਾਰਡ ਵਜੋਂ ਵੀ ਕੰਮ ਕਰਦਾ ਸੀ।

## ਟਰੰਪ ਦੀ ਚੋਣ ਅਤੇ ---

(ਪਿਛਲੇ ਸਫੇ ਦਾ ਬਾਕੀ)

ਔਰਤਾਂ ਨੇ ਟਰੰਪ ਨੂੰ ਵੋਟ ਦਿੱਤਾ ਸੀ। ਉਸੇ ਚੋਣ ਤੋਂ ਪਹਿਲਾਂ 2005 ਦੀ ਇੱਕ ਹਾਲੀਵੁੱਡ ਟੇਪ ਜਾਰੀ ਹੋਈ ਸੀ,ਜਿਸ ਵਿੱਚ ਟਰੰਪ ਨੂੰ ਔਰਤਾਂ ਦੀ ਇੱਛਾ ਦੇ ਖਿਲਾਫ ਉਹਨਾਂ ਦੇ ਯੌਨ ਅੰਗ ਫੜਨ ਨੂੰ ਲੈ ਕੇ ਖੁੱਲ੍ਹੇ ਆਮ ਸ਼ੇਖੀ ਮਾਰਦੇ ਹੋਏ ਦੇਖਿਆ ਗਿਆ ਸੀ। ਸ਼ੁਰੂਆਤ ਵਿੱਚ ਟਰੰਪ ਨੇ ਟੇਪ ਵਿੱਚ ਆਪਣੇ ਹੋਣ ਦਾ ਖੰਡਨ ਕੀਤਾ ਸੀ, ਫਿਰ ਉਹਨਾਂ ਨੇ ਇਸੇ ਨੂੰ ''ਲਾਕਰ ਰੂਪ ਦੀ ਗੱਪਸ਼ੱਪ ਕਰਾਰ ਦਿੱਤਾ। ਟਰੰਪ ਦੀ ਜਿੱਤ ਵਿੱਚ ਗੋਰੀਆਂ ਔਰਤਾਂ ਦੀ ਹਮਾਇਤ ਦਾ ਵੱਡਾ ਯੋਗਦਾਨ ਹੈ। ਚਾਰ ਸਾਲਾਂ ਬਾਅਦ ਉਸ ਦੀ ਹਮਾਇਤ ਵਿੱਚ ਵਾਧਾ ਦੇਖਿਆ ਗਿਆ ਹੈ ਅਤੇ 2020 ਵਿੱਚ 55 ਫੀਸਦੀ ਗੋਰੀਆਂ ਔਰਤਾਂ ਨੇ ਟਰੰਪ ਨੂੰ ਵੋਟ ਪਾਈ (ਇਸ ਤੇ ਉਲਟਾ ਕਾਲੀਆਂ,ਲੈਟੀਨਾ ਤੇ ਏਸ਼ੀਆਈ ਔਰਤਾਂ ਦੀ ਵੱਡੀ ਗਿਣਤੀ ਦੇ ਡੈਮੋਕਰੇਟਿਕ ਉਮੀਦਵਾਰ ਨੂੰ ਵੋਟ ਦਿੱਤੀ,ਜਿਵੇਂ ਕਿ ਸੈਂਟਰ ਫਾਰ ਅਮਰੀਕਨ ਪੋਲੀਟਿਕਸ ਦੇ ਨਸਲ ਅਤੇ ਲਿੰਗ ਅਧਾਰਤ ਡੇਟਾ ਤੋਂ ਸਪਸ਼ਟ ਹੁੰਦਾ ਹੈ। ਟਰੰਪ ਨੂੰ ਸਭ ਤੋਂ ਤਕੜੀ ਹਮਾਇਤ ਗੋਰੇ ਇਸਾਈ ਧਰਮ-ਪ੍ਰਚਾਰਕਾਂ ਅਤੇ ਕੈਥੋਲਿਕ ਦੀ ਮਿਲੀ ਹੈ। ਇਸਾਈਅਤ ਦੀਆਂ ਇਹ ਰੂੜੀਵਾਦੀ ਸ਼ਾਖਾਵਾਂ ਜਬਰਦਸਤ ਪਿਤ੍ਰਿਸਤਾ ਦੀਆਂ ਹਮਾਇਤੀ ਹਨ,ਜੋ ਮੰਨਦੀਆਂ ਹਨ ਕਿ ਔਰਤਾਂ ਦਾ ਕੰਮ ਮਰਦਾ ਦਾ ਹੁਕਮ ਵਜਾਉਣਾ ਹੈ।

ਟਰੰਪ ਦੀ ਹਮਾਇਤ ਕਰਨ ਵਾਲੀਆਂ ਔਰਤਾਂ ਵਲੋਂ ਉਹਨਾਂ ਤੇ ਬਚਾਅ ਵਿੱਚ ਦਿੱਤੀ ਗਈਆਂ ਦਲੀਲਾਂ ਬਿਲਕੁਲ ਉਹੀ ਹਨ ਜੋ ਦੁਨੀਆਂ ਭਰ ਵਿੱਚ ਬਲਾਤਕਾਰ ਦੇ ਸੱਭਿਆਚਾਰ ਵਿੱਚ ਪ੍ਰਚਲਿਤ ਹਨ, ਜਿਵੇਂ 'ਜਿਆਦਾਤਰ ਮਰਦ ਐਸੇ ਹੀ ਹੁੰਦੇ ਹਨ ਜਾਂ ਔਰਤਾਂ ਦੇ ਖੁਦ ਜਾਗਰੂਕ ਹੋਣਾ ਚਾਹੀਦਾ ਹੈ ਜਾਂ ਫਿਰ ਕੇ ਪੀੜ੍ਹਤ ਲੜਕੀ ਨੇ ਹੀ ਉਕਸਾਉਣ ਵਾਲੀ ਕੋਈ ਹਰਕਤ ਕੀਤੀ ਹੋਵੇਗੀ ਅਤੇ ਇਹ ਸਭ ਬਹੁਤ ਪੁਰਾਣੀ ਗੱਲ ਹੋ ਗਈ ਹੈ।' ਸਭ ਤੋਂ ਆਮ ਦਲੀਲ ਇਹ ਹੈ ਕਿ ਸਾਰੀਆਂ 26 ਔਰਤਾਂ ਝੂਠ ਬੋਲ ਰਹੀਆਂ ਹਨ ਪੀੜਤ ਨੂੰ ਹੀ ਦੋਸ਼ੀ ਠਹਿਰਾਉਣ ਦੀ ਪ੍ਰਵਿਰਤੀ ਅਕਸਰ ਔਰਤਾਂ ਵਿੱਚ ਵੇਖੀ ਜਾਂਦੀ ਹੈ,ਭਲੇ ਹੀ ਉਹ ਖੁਦ ਪੀੜਤ ਹੋਣ। ਸਾਊਥ ਕੈਰੋਲੀਨਾ ਦੀ ਰਿਪਬਲਿਕ ਨੇਤਾ ਨੇ ਨੈਂਸੀ ਮੇਸ ਦਾ ਮਾਮਲਾ ਐਸਾ ਹੀ ਹੈ ਜੋ ਖੁਦ ਨੂੰ ਜਨਤਕ ਤੌਰ ਤੇ ਯੌਨ ਹਿੰਸਾ ਦਾ ਸ਼ਿਕਾਰ ਠਹਿਰਾ ਚੁੱਕੀ ਆ ਚੁੱਕੀ ਹੈ। ਬਾਵਜੂਦ ਇਸ ਦੇ ਟਰੰਪ ਦੇ ਨਾਲ ਉਹ ਮਜਬੂਤੀ ਨਾਲ ਖੜੀ ਰਹੀ। ਮਾਰਚ ਵਿੱਚੋਂ ਉਹ ਏਬੀਸੀ ਨਿਊਜ਼ ਦੇ ''ਦਿਸ ਵੀਕ'' ਪ੍ਰੋਗਰਾਮ ਵਿਚ ਆਈ ਸੀ। ਉਥੇ ਉਹਨਾਂ ਨੇ ਅਦਾਲਤੀ ਹੁਕਮਾਂ ਦੇ ਬਾਵਜੂਦ ਟਰੰਪ ਦਾ ਬਚਾਅ ਕੀਤਾ ਸੀ। ਉਹਨਾਂ ਦੀ ਦਲੀਲ ਸੀ ਕਿ ਅਦਾਲਤਾਂ ਵੱਲੋਂ ਜੁਰਮ ਦਾ ਦੋਸ਼ੀ ਪਾਇਆ ਜਾਣਾ ਇੱਕ ਗੱਲ ਹੈ ਪਰ ਜਨਤਾ ਦਾ ਫੈਸਲਾ ਉਸ ਤੋਂ ਬਿਲਕੁਲ ਵੱਖਰਾ ਹੁੰਦਾ ਹੈ। ਉਨ੍ਹਾਂ ਦੀ ਇਹ ਦਲੀਲ ਇਸ ਤੱਥ ਦੀ ਉਲੰਘਣਾ ਕਰਦੀ ਹੈ ਕਿ ਟਰੰਪ ਤੇ ਪਹਿਲਾਂ ਹੀ 2016 ਦੀਆਂ ਚੋਣਾਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਪ੍ਰਭਾਵਿਤ ਕਰਨ ਦੀ ਸਾਜਿਸ਼ ਦੇ ਮਾਮਲੇ ਚ 34 ਧਾਰਾਵਾਂ ਅਧਿਨ ਮੁਕਦਮੇ ਚੱਲ ਰਹੇ ਹਨ। ਇਸ ਵਿੱਚ ਇੱਕ ਪੋਰਨ ਅਭਿਨੇਤਾ ਨੂੰ ਪੈਸੇ ਦੇਣ ਦਾ ਕੇਸ ਵੀ ਸ਼ਾਮਿਲ ਹੈ,ਜਿਸ ਵਿੱਚ ਉਹ ਦੋਸ਼ੀ ਹਨ। ਅਮਰੀਕਾ ਦੇ ਇਤਿਹਾਸ ਵਿੱਚ ਇੱਕ ਦੋਸ਼ੀ ਮੁਜਰਮ ਦਾ ਰਾਸ਼ਟਰਪਤੀ ਦੇ ਅਹੁਦੇ ਲਈ ਖੜਾ ਹੋਣਾ ਉਹਨਾਂ ਦੇ ਹਮਾਇਤੀਆਂ ਨੂੰ ਬੇਚੈਨ ਨਹੀਂ ਕਰਦਾ। ਹੋ ਸਕਦਾ ਹੈ ਕਿ ਟਰੰਪ ਦੇ ਖਿਲਾਫ ਇੱਕ ਹੋਰ ਫੈਸਲਾ ਵੀ ਉਹਨਾਂ ਨੂੰ ਡੇਗ ਨਾ ਪਾਏ। ਫਿਲਹਾਲ ਟਰੰਪ ਦੇ ਵਕੀਲਾਂ ਨੇ ਏਬੀਸੀ ਨਿਊਜ਼ ਅਤੇ ਉਹਨਾਂ ਦੇ ਪ੍ਰਸਤੋਤਾ ਉੱਪਰ ਮਨਹਾਲੀ ਦਾ ਮੁਕਦਮਾ ਕੀਤਾ ਹੋਇਆ ਹੈ,ਕਿਉਂਕਿ ਉਸ ਨੇ ਮੇਸ ਤੋਂ ਸਵਾਲ ਪੁੱਛਣ ਦੀ ਲੜੀ ਵਿੱਚ ਟਰੰਪ ਨੂੰ ਕੈਰਲ ਦਾ ਬਲਾਤਕਾਰੀ ਕਹਿ ਦਿੱਤਾ ਸੀ। ਖੁਦ ਨੂੰ ਔਰਤਾਂ ਦੀ ਅਧਿਕਾਰਾਂ ਦਾ ਸਭ ਤੋਂ ਮਜਬੂਰ ਦਾਵੇਦਾਰ ਦਸਣ ਵਾਲੇ ਪੱਛਮ ਦਾ ਖੋਖਲਾਪਣ ਟਰੰਪ ਦੀ ਇਸ ਚੋਣ ਨੇ ਲੀਰੋ ਲੀਰ ਕਰ ਦਿੱਤਾ ਹੈ। ਅਮਰੀਕੇ ਦੇ ਵੋਟਰਾਂ ਨੇ ਇਸ ਵਾਰ ਅਜਿਹਾ ਰਾਸ਼ਟਰਪਤੀ ਚੁਣਿਆ ਜੋ ਔਰਤਾਂ ਦੇ ਹੱਕਾਂ ਦੀ ਹਮਾਇਤ ਨਹੀਂ ਕਰਦਾ(ਸਰੋਤ ਆਊਟ ਲੁੱਕ)

-ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ
98156 29301

## ਪੰਜਾਬ ਦੇ ਨਾਜ਼ੁਕ----

(ਪਿਛਲੇ ਸਫੇ ਦਾ ਬਾਕੀ)

ਅਸਫਲ ਰਹੀ ਹੈ। ਦੂਜੇ ਪਾਸੇ ਰੰਗਾਈ ਸਨਅਤਾਂ ਚਲਾਉਣ ਵਾਲੇ ਕਾਰੋਬਾਰੀਆਂ ਵਲੋਂ ਵੱਡੀ ਗਿਣਤੀ ਵਿਚ ਉਨ੍ਹਾਂ ਦੀਆਂ ਫੈਕਟਰੀਆਂ ਵਿਚ ਕੰਮ ਕਰਦੇ ਪ੍ਰਵਾਸੀ ਮਜ਼ਦੂਰਾਂ ਨੂੰ ਲਾਮਬੰਦ ਕਰ ਕੇ ਇਨ੍ਹਾਂ ਵਾਤਾਵਰਨ ਪ੍ਰੇਮੀਆਂ ਦੇ ਵਿਰੋਧ ਵਿਚ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜੇਕਰ ਇਸ ਮਸਲੇ ਨੂੰ ਠੀਕ ਤਰ੍ਹਾਂ ਸੁਲਝਾਇਆ ਨਹੀਂ ਜਾਂਦਾ ਤਾਂ ਇਹ ਆਉਣ ਵਾਲੇ ਸਮੇਂ ਵਿਚ ਰਾਜ 'ਚ ਵੱਡੇ ਟਕਰਾਅ ਨੂੰ ਜਨਮ ਦੇ ਸਕਦਾ ਹੈ।

ਇਸ ਤੋਂ ਇਲਾਵਾ ਪੰਜਾਬ ਦੇ ਵੱਖ-ਵੱਖ ਮੁਲਾਜ਼ਮ ਵਰਗ ਆਪੋ-ਆਪਣੀਆਂ ਮੰਗਾਂ ਲਈ ਵੱਖ-ਵੱਖ ਥਾਵਾਂ 'ਤੇ ਧਰਨੇ ਅਤੇ ਮੁਜ਼ਾਹਰੇ ਕਰ ਰਹੇ ਹਨ। ਇਨ੍ਹਾਂ ਵਿਚ ਨਿਯੁਕਤੀਆਂ ਦੀ ਉਡੀਕ ਕਰ ਰਹੇ ਕਾਲਜ ਅਧਿਆਪਕ, ਲਾਇਬ੍ਰੇਰੀਅਨ ਨਿਯੁਕਤੀਆਂ ਲਈ ਅਤੇ ਕੰਪਿਊਟਰ ਟੀਚਰ ਤੇ ਹੋਰ ਸ਼੍ਰੇਣੀਆਂ ਦੇ ਮੁਲਾਜ਼ਮ ਪੱਕੇ ਹੋਣ ਲਈ ਤਰਸ ਰਹੇ ਕਾਲਜ ਹਨ। ਸਰਕਾਰ ਇਨ੍ਹਾਂ ਮੁਲਾਜ਼ਮ ਵਰਗਾਂ ਨਾਲ ਗੱਲਬਾਤ ਕਰਕੇ ਕਦੋਂ ਤੱਕ ਉਨ੍ਹਾਂ ਦੇ ਮਸਲੇ ਹੱਲ ਕਰਨ ਵਿਚ ਸਫ਼ਲ ਹੋਵੇਗੀ, ਇਸ ਸੰਬੰਧੀ ਅਜੇ ਕੁਝ ਕਿਹਾ ਨਹੀਂ ਜਾ ਸਕਦਾ। ਰਾਜ ਦਾ ਨੌਜਵਾਨ ਵਰਗ ਪਿਛਲੇ ਕਈ ਦਹਾਕਿਆਂ ਤੋਂ ਇਥੇ ਆਪਣਾ ਕੋਈ ਵੀ ਭਵਿੱਖ ਨਾ ਦੇਖ ਕੇ ਸਿੱਖਿਆ ਹਾਸਲ ਕਰਨ ਦੇ ਨਾਂਅ 'ਤੇ ਇਥੋਂ ਵਿਦੇਸ਼ਾਂ ਨੂੰ ਹਿਜਰਤ ਕਰੀ ਜਾ ਰਿਹਾ ਹੈ। ਪਰ ਹੁਣ ਕੈਨੇਡਾ, ਅਮਰੀਕਾ ਅਤੇ ਆਸਟ੍ਰੇਲੀਆ ਆਦਿ ਦੀਆਂ ਸਰਕਾਰਾਂ ਵਲੋਂ ਪ੍ਰਵਾਸ ਸੰਬੰਧੀ ਨਿਯਮ ਸਖ਼ਤ ਕੀਤੇ ਜਾਣ ਨਾਲ ਵਿਦੇਸ਼ਾਂ ਵਿਚ ਵੀ ਨੌਜਵਾਨਾਂ ਦੀਆਂ ਸੰਭਾਵਨਾਵਾਂ ਸੁੰਗੜਦੀਆਂ ਜਾ ਰਹੀਆਂ ਹਨ। ਇਹ ਵੀ ਚਿੰਤਾ ਵਾਲੀ ਗੱਲ ਹੈ ਕਿ ਪੰਜਾਬ ਦੇ ਨੌਜਵਾਨਾਂ ਦਾ ਇਕ ਵੱਡਾ ਵਰਗ ਅਪਰਾਧਾਂ ਦੀ ਦੁਨੀਆ ਵਿਚ ਦਾਖ਼ਲ ਹੋ ਚੁੱਕਾ ਹੈ, ਜਿਨ੍ਹਾਂ ਵਲੋਂ ਗੈਂਗਸਟਰਾਂ ਦੇ ਨਾਂਅ 'ਤੇ ਆਪਣੇ ਵੱਖ-ਵੱਖ ਗਿਰੋਹ ਬਣਾਏ ਹੋਏ ਹਨ ਅਤੇ ਇਨ੍ਹਾਂ ਗਰੋਹਾਂ ਵਲੋਂ ਲੋਕਾਂ ਨੂੰ ਡਰਾ ਧਮਕਾ ਕੇ ਫਿਰੌਤੀਆਂ ਵਸੂਲੀਆਂ ਜਾ ਰਹੀਆਂ ਹਨ। ਅਜਿਹੇ ਅਪਰਾਧੀ ਗਰੋਹਾਂ ਵਲੋਂ ਨਸ਼ਿਆਂ ਦੀ ਤਸਕਰੀ, ਝਪਟਮਾਰੀ, ਪੈਟਰੋਲ ਪੰਪ ਲੁੱਟਣ ਅਤੇ ਬੈਂਕ ਲੁੱਟਣ ਵਰਗੇ ਅਪਰਾਧ ਵੀ ਕੀਤੇ ਜਾ ਰਹੇ ਹਨ। ਇਥੋਂ ਤੱਕ ਕਿ ਘਰਾਂ ਵਿਚ ਦਿਨ-ਦਿਹਾੜੇ ਦਾਖ਼ਲ ਹੋ ਕੇ ਵੀ ਅਜਿਹੇ ਲੁਟੇਰੇ ਟੋਲਿਆਂ ਵਲੋਂ ਲੋਕਾਂ ਨੂੰ ਹਿੰਸਾ ਦਾ ਨਿਸ਼ਾਨਾ ਵੀ ਬਣਾਇਆ ਜਾ ਰਿਹਾ ਹੈ। ਸਮੇਂ ਦੀ ਕੇਂਦਰੀ ਸਰਕਾਰ ਵਲੋਂ ਵੀ ਕਿਸਾਨੀ ਅਤੇ ਪੰਜਾਬ ਦੇ ਹੋਰ ਭਖਦੇ ਮਸਲਿਆਂ ਪ੍ਰਤੀ ਨਾਂਹਪੱਖੀ ਰੁਖ਼ ਅਖ਼ਤਿਆਰ ਕੀਤਾ ਹੋਇਆ ਹੈ।

ਅਜਿਹੀ ਬੇਵਿਸ਼ਵਾਸੀ ਵਾਲੀ ਸਥਿਤੀ ਵਿਚ ਰਾਜ ਦੇ ਬਹੁਤ ਸਾਰੇ ਲੋਕ ਮਹਿਸੂਸ ਕਰਦੇ ਹਨ ਕਿ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਜਿਹੜੀ ਕਦੇ ਪੰਜਾਬ ਦੇ ਹੱਕਾਂ-ਹਿਤਾਂ ਲਈ ਡੱਟ ਕੇ ਸੰਘਰਸ਼ ਕਰਦੀ ਸੀ, ਕਿਸਾਨਾਂ, ਮਜ਼ਦੂਰਾਂ ਅਤੇ ਲੋਕਾਂ ਦੇ ਹੋਰ ਵਰਗਾਂ ਦੇ ਹਿਤਾਂ ਦੀ ਰਾਖੀ ਕਰਦੀ ਸੀ, ਸਿੱਖ ਪੰਥ ਵਿਚ ਏਕਤਾ ਤੇ ਉਤਸ਼ਾਹ ਬਣਾਈ ਰੱਖਦੀ ਸੀ, ਉਹ ਮੁੜ ਮਜ਼ਬੂਤ ਹੋਵੇ ਅਤੇ ਦੁਬਾਰਾ ਤੋਂ ਆਪਣਾ ਪ੍ਰਭਾਵਸ਼ਾਲੀ ਰੋਲ ਅਦਾ ਕਰੇ। ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਕਿ ਜੇਕਰ ਪੰਜਾਬ ਦੇ ਰਾਜਨੀਤਕ ਇਤਿਹਾਸ ਨੂੰ ਦੇਖੀਏ ਤਾਂ ਸ਼੍ਰੋਮਣੀ ਅਕਾਲੀ ਦਲ ਹੀ ਇਕ ਅਜਿਹੀ ਪਾਰਟੀ ਰਹੀ ਹੈ ਜਿਸ ਨੇ ਪੰਜਾਬ ਲਈ ਨਿਰੰਤਰ ਲੜਾਈਆਂ ਲੜੀਆਂ ਹਨ। ਪਰ ਅੱਜ ਸ਼੍ਰੋਮਣੀ ਅਕਾਲੀ ਦਲ ਜਿਸ ਤਰ੍ਹਾਂ ਦੀ ਸਥਿਤੀ ਵਿਚੋਂ ਗੁਜ਼ਰ ਰਿਹਾ ਹੈ, ਉਹ ਬੇਹੱਦ ਦੁਖਦਾਈ ਹੈ। 2007 ਤੋਂ ਲੈ ਕੇ 2017 ਦਰਮਿਆਨ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੀ ਜੋ 10 ਸਾਲਾਂ ਤੱਕ ਸਰਕਾਰ ਰਹੀ ਹੈ, ਉਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵਲੋਂ ਕੁੱਝ ਅਜਿਹੀਆਂ ਗ਼ਲਤੀਆਂ ਕੀਤੀਆਂ ਗਈਆਂ ਹਨ, ਜਿਨ੍ਹਾਂ ਕਾਰਨ ਲੋਕਾਂ ਵਿਚ ਰੋਹ ਤੇ ਰੋਸ ਪੈਦਾ ਹੋਇਆ ਅਤੇ ਅਕਾਲੀ ਦਲ ਆਪਣਾ ਜਨਤਕ ਆਧਾਰ ਗੁਆ ਬੈਠਾ ਹੈ। ਇਨ੍ਹਾਂ ਹੋਈਆਂ ਵੱਡੀਆਂ ਗ਼ਲਤੀਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦਿਆਂ ਨਾਲ ਠੀਕ ਤਰ੍ਹਾਂ ਨਾ ਨਿਪਟ ਸਕਣਾ, ਝੂਠੇ ਪੁਲਿਸ ਮੁਕਾਬਲੇ ਬਣਾਉਣ ਲਈ ਬਦਨਾਮ ਰਹੇ ਪੁਲਿਸ ਅਧਿਕਾਰੀ ਸੁਮੇਧ ਸੈਣੀ ਨੂੰ ਰਾਜ ਦਾ ਡਾਇਰੈਕਟਰ ਜਨਰਲ ਪੁਲਿਸ ਨਿਯੁਕਤ ਕਰਨਾ ਅਤੇ ਵੋਟਾਂ ਹਾਸਿਲ ਕਰਨ ਲਈ ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਨੂੰ ਮੁਆਫ਼ੀ ਦੁਆਉਣਾ ਅਤੇ ਕੇਂਦਰ ਵਲੋਂ 2020 ਵਿਚ ਬਣਾਏ ਗਏ ਖੇਤੀ ਵਿਰੋਧੀ ਕਾਨੂੰਨਾਂ ਵਿਰੁੱਧ ਕਈ ਮਹੀਨਿਆਂ ਤੱਕ ਸਪੱਸ਼ਟ ਸਟੈਂਡ ਨਾ ਲੈਣਾ ਆਦਿ ਸ਼ਾਮਿਲ ਹਨ। ਇਸ ਦਾ ਹੀ ਇਹ ਸਿੱਟਾ ਨਿਕਲਿਆ ਕਿ 2017 ਤੋਂ ਬਾਅਦ ਹੋਈਆਂ ਵਿਧਾਨ ਸਭਾ ਅਤੇ ਲੋਕ ਸਭਾ ਦੀਆਂ ਸਾਰੀਆਂ ਚੋਣਾਂ ਵਿਚ ਪਾਰਟੀ ਨੂੰ ਨਿਰੰਤਰ ਹਾਰਾਂ ਦਾ ਸਾਹਮਣਾ ਕਰਨਾ ਪਿਆ। ਅੱਜ ਦੀ ਸਥਿਤੀ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ 2022 ਵਿਚ ਚੁਣੀ ਗਈ ਵਿਧਾਨ ਸਭਾ ਵਿਚ ਸਿਰਫ਼ 3 ਮੈਂਬਰ ਚੁਣੇ ਗਏ ਸਨ ਤੇ ਉਨ੍ਹਾਂ ਵਿਚੋਂ ਵੀ ਇਕ ਦਲ-ਬਦਲੀ ਕਰ ਗਿਆ ਹੈ। ਇਸ ਸਾਲ ਹੋਈਆਂ ਲੋਕ ਸਭਾ ਦੀਆਂ ਚੋਣਾਂ ਵਿਚ ਵੀ ਸ਼੍ਰੋਮਣੀ ਅਕਾਲੀ ਦਲ ਨੂੰ ਸਿਰਫ਼ 1 ਹੀ ਸੀਟ ਪ੍ਰਾਪਤ ਹੋਈ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਇਸ ਘਟਨਾਕ੍ਰਮ ਨੂੰ ਮੁੱਖ ਰੱਖਦਿਆਂ ਹੀ ਬਹੁਤ ਸਾਰੇ ਅਕਾਲੀ ਆਗੂ ਇਸ ਨੂੰ ਛੱਡ ਗਏ ਅਤੇ ਬਾਹਰ ਨਿਕਲ ਕੇ ਉਨ੍ਹਾਂ ਵਲੋਂ 'ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ' ਦੇ ਨਾਂਅ ਹੇਠ ਅਕਾਲੀ ਦਲ ਦੀ ਮੁੜ ਬਹਾਲੀ ਲਈ ਯਤਨ ਸ਼ੁਰੂ ਕੀਤੇ ਗਏ ਸਨ। ਇਨ੍ਹਾਂ ਲੀਡਰਾਂ ਨੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਕੋਲ ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਆਗੂਆਂ ਦੀਆਂ ਪਿਛਲੀਆਂ ਗ਼ਲਤੀਆਂ ਦੇ ਸੰਦਰਭ ਵਿਚ ਉਨ੍ਹਾਂ ਦੀ ਜਵਾਬਦੇਹੀ ਕਰਨ ਲਈ ਲਿਖਤੀ ਰੂਪ ਵਿਚ ਪਹੁੰਚ ਕੀਤੀ ਸੀ। ਇਸ ਨੂੰ ਮੁੱਖ ਰੱਖਦਿਆਂ ਹੀ ਸਿੰਘ ਸਾਹਿਬਾਨ ਨੇ ਲੰਮੇ ਇੰਤਜ਼ਾਰ ਤੋਂ ਬਾਅਦ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਤਿਹਾਸਕ ਫ਼ੈਸਲਾ ਸੁਣਾਇਆ ਹੈ, ਜਿਸ ਵਿਚ 2007 ਤੋਂ ਲੈ ਕੇ 2017 ਤੱਕ ਸੱਤਾਧਾਰੀ ਹੁੰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵਲੋਂ ਕੀਤੀਆਂ ਗਈਆਂ ਗ਼ਲਤੀਆਂ ਲਈ ਉਨ੍ਹਾਂ ਦੀ ਜਵਾਬਦੇਹੀ ਕਰਦਿਆਂ ਉਨ੍ਹਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਧਾਰਮਿਕ ਸਜ਼ਾਵਾਂ (ਸੇਵਾਵਾਂ) ਲਾਈਆਂ ਗਈਆਂ ਹਨ। ਇਨ੍ਹਾਂ ਤੋਂ ਇਲਾਵਾ ਸਿਆਸੀ ਦਬਾਅ ਅਧੀਨ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫ਼ੀ ਦੇਣ ਵਾਲੇ ਸਾਬਕ ਸਿੰਘ ਸਾਹਿਬਾਨ ਵਿਰੁੱਧ ਵੀ ਕਾਰਵਾਈ ਕੀਤੀ ਗਈ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਜੀ ਦੀ ਅਗਵਾਈ ਵਿਚ ਇਕ ਕਮੇਟੀ ਵੀ ਬਣਾਈ ਗਈ ਹੈ, ਜਿਸ ਨੂੰ 6 ਮਹੀਨਿਆਂ ਦੇ ਅੰਦਰ-ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਭਰਤੀ ਕਰਕੇ ਨਵੇਂ ਡੈਲੀਗੇਟਾਂ ਰਾਹੀਂ ਸ਼੍ਰੋਮਣੀ ਅਕਾਲੀ ਦਲ ਦੇ ਨਵੇਂ ਪ੍ਰਧਾਨ ਦੀ ਚੋਣ ਕਰਵਾਉਣ ਦੀ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ। ਮੌਜੂਦਾ ਸਿੰਘ ਸਾਹਿਬਾਨ ਗਿਆਨੀ ਰਘਬੀਰ ਸਿੰਘ, ਗਿਆਨੀ ਹਰਪ੍ਰੀਤ ਸਿੰਘ ਅਤੇ ਬਾਕੀ ਸਿੰਘ ਸਾਹਿਬਾਨ ਵਲੋਂ ਸਮੂਹਿਕ ਤੌਰ 'ਤੇ ਜਿਸ ਤਰ੍ਹਾਂ ਹੌਂਸਲੇ, ਦ੍ਰਿੜ੍ਹਤਾ, ਸਪੱਸ਼ਟਤਾ ਅਤੇ ਪਾਰਦਰਸ਼ੀ ਢੰਗ ਨਾਲ ਇਸ ਵੱਡੇ ਪੰਥਕ ਸੰਕਟ ਨਾਲ ਨਜਿੱਠਣ ਦਾ ਉਪਰਾਲਾ ਕੀਤਾ ਗਿਆ ਹੈ, ਉਸ ਦੀ ਦੇਸ਼-ਵਿਦੇਸ਼ ਵਿਚ ਵੱਡੀ ਪ੍ਰਸੰਸਾ ਹੋਈ ਹੈ। ਹੁਣ ਇਹ ਦੇਖਣਾ ਬਣਦਾ ਹੈ ਹੈ ਕਿ ਅਕਾਲੀ ਨੇਤਾਵਾਂ ਨੂੰ 11 ਦਿਨਾਂ ਤੱਕ ਚੱਲਣ ਵਾਲੀ ਲਾਈ ਗਈ ਧਾਰਮਿਕ ਸੇਵਾ ਤੋਂ ਬਾਅਦ ਇਹ ਆਗੂ ਸੁਰਖਰੂ ਹੋ ਕੇ ਮੁੜ ਤੋਂ ਸਿੱਖ ਪੰਥ ਦੇ ਧਾਰਮਿਕ ਅਤੇ ਰਾਜਨੀਤਕ ਖੇਤਰਾਂ ਵਿਚ ਵਿਚਰਦੇ ਹੋਏ ਅਤੇ ਪਿਛਲੀਆਂ ਗ਼ਲਤੀਆਂ ਤੋਂ ਸਬਕ ਸਿਖਦੇ ਹੋਏ, ਕਿਸ ਤਰ੍ਹਾਂ ਦਾ ਰੋਲ ਅਦਾ ਕਰਦੇ ਹਨ, ਰਾਜ ਦੇ ਪੰਥਕ ਅਤੇ ਗੈਰ-ਪੰਥਕ ਹਲਕਿਆਂ ਨੂੰ ਇਸ ਗੱਲ ਦੀ ਵੀ ਵੱਡੀ ਉਡੀਕ ਰਹੇਗੀ ਕਿ ਰਾਜ ਦੀ ਇਕੋ-ਇਕ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਆਉਣ ਵਾਲੇ ਸਮੇਂ ਵਿਚ ਕਿਸ ਤਰ੍ਹਾਂ ਆਪਣੇ ਆਪ ਨੂੰ ਮੁੜ ਉਭਾਰਦੀ ਹੈ ਅਤੇ ਕਿਸ ਤਰ੍ਹਾਂ ਪੰਥ ਤੇ ਪੰਜਾਬ ਨੂੰ ਦਰਪੇਸ਼ ਵੱਡੀਆਂ ਚੁਣੌਤੀਆਂ ਨੂੰ ਹੱਲ ਕਰਨ ਲਈ ਆਪਣਾ ਬਣਦਾ ਇਤਿਹਾਸਕ ਰੋਲ ਅਦਾ ਕਰਨ ਵਿਚ ਕਾਮਯਾਬ ਹੁੰਦੀ ਹੈ। ਦੇਸ਼ ਦੀਆਂ ਅਜੋਕੀਆਂ ਰਾਜਨੀਤਕ ਸਥਿਤੀਆਂ, ਜਿਨ੍ਹਾਂ ਵਿਚ ਜਮਹੂਰੀਅਤ, ਧਰਮ ਨਿਰਪੱਖਤਾ ਤੇ ਸੰਘੀ ਸੰਵਿਧਾਨਿਕ ਵਿਵਸਥਾ ਖ਼ਤਰੇ ਵਿਚ ਪਈ ਹੋਈ ਹੈ, ਵੀ ਮੰਗ ਕਰਦੀਆਂ ਹਨ ਕਿ ਜਮਹੂਰੀਅਤ, ਮਨੁੱਖੀ ਅਧਿਕਾਰਾਂ ਤੇ ਸਰਬੱਤ ਦੇ ਭਲੇ ਆਦਿ ਮੁੱਲਾਂ ਲਈ ਕੰਮ ਕਰਦੀ ਰਹੀ ਅਕਾਲੀ ਪਾਰਟੀ ਮੁੜ ਮਜ਼ਬੂਤ ਹੋਵੇ। ਕੌਮੀ ਤੇ ਕੌਮਾਂਤਰੀ ਪੱਧਰ 'ਤੇ ਸਿੱਖ ਭਾਈਚਾਰੇ ਨੂੰ ਦਿਸ਼ਾ ਤੇ ਅਗਵਾਈ ਦੇਣ ਉਨ੍ਹਾਂ ਦੇ ਸਰੋਕਾਰਾਂ ਲਈ ਆਵਾਜ਼ ਬੁਲੰਦ ਕਰਨ ਲਈ ਵੀ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਆਦਿ ਪੰਥਕ ਸੰਗਠਨਾਂ ਤੇ ਸੰਸਥਾਵਾਂ ਦਾ ਮਜ਼ਬੂਤ ਤੇ ਪ੍ਰਭਾਵੀ ਹੋਣਾ ਜ਼ਰੂਰੀ ਹੈ।

ਇਸ ਦੇ ਨਾਲ ਹੀ ਇਹ ਗੱਲ ਮੁੜ ਉੱਭਰ ਕੇ ਸਾਹਮਣੇ ਆਈ ਹੈ ਕਿ ਜੇਕਰ ਸਿੱਖ ਪੰਥ ਦੀ ਸਿਆਸੀ ਜਮਾਤ ਸ਼੍ਰੋਮਣੀ ਅਕਾਲੀ ਦਲ ਇਕਜੁਟ ਹੋ ਕੇ ਸਾਹਮਣੇ ਨਹੀਂ ਆਉਂਦੀ ਤਾਂ ਇਹ ਖ਼ਲਾਅ ਭਰਨ ਲਈ ਅਜਿਹੇ ਲੋਕ ਅੱਗੇ ਆ ਸਕਦੇ ਹਨ, ਜਿਨ੍ਹਾਂ ਨੇ ਪਿਛਲੇ ਸਮਿਆਂ ਵਿਚ ਵੀ ਪੰਥ ਅਤੇ ਪੰਜਾਬ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ। ਸੁਖਬੀਰ ਸਿੰਘ ਬਾਦਲ 'ਤੇ ਹੋਏ ਤਾਜ਼ਾ ਹਮਲੇ ਨੇ ਪੰਜਾਬ ਅਤੇ ਦੇਸ਼ ਦੀ ਰਾਜਨੀਤੀ ਵਿਚ ਅਕਾਲੀ ਦਲ ਦੇ ਮੁੜ ਉਭਾਰ ਅਤੇ ਇਸ ਦੀ ਮਜ਼ਬੂਤੀ ਦੀ ਲੋੜ ਨੂੰ ਹੋਰ ਵਧੇਰੇ ਸ਼ਿੱਦਤ ਨਾਲ ਸਾਹਮਣੇ ਲਿਆਂਦਾ ਹੈ ਅਤੇ ਇਕ ਵੱਡੇ ਖ਼ਤਰੇ ਦਾ ਅਭਾਸ ਵੀ ਕਰਵਾਇਆ ਹੈ।

-0-

# 211 ਨੋਬੇਲ ਇਨਾਮ ਜਿੱਤਣ ਵਾਲੀ ਯਹੂਦੀ ਕੌਮ ਦੀਆਂ ਜੜ੍ਹਾਂ ਇਸਰਾਈਲ ਦੀ ਧਰਤੀ ਵਿਚ ਬਹੁਤ ਗਹਿਰੀਆਂ ਹਨ

ਕੁਝ ਪੁਰਾਤਨ ਘਟਨਾਵਾਂ ਅਜਿਹੀਆਂ ਹਨ ਜੋ ਇਸਰਾਈਲ, ਫਲਸਤੀਨ ਝਗੜੇ ਨੂੰ ਜੜ ਤੋਂ ਸਮਝਣ ਵਿੱਚ ਕਾਰਗਰ ਸਾਬਿਤ ਹੋ ਸਕਦੀਆਂ ਹਨ :-

ਪਹਿਲੀ ਪੈਗੰਬਰ ਅਬਰਾਹਮ ਨੇ 1800 ਈ.ਪੂ. ਵਿੱਚ ਮੈਸੋਪੋਟਾਮੀਆਂ ਦੇ ਉਰ (ਇਰਾਕ) ਵਿੱਚ ਇੱਕ ਮੂਰਤੀਆਂ ਬਣਾਉਣ ਵਾਲੇ ਦੇ ਘਰ ਜਨਮ ਲਿਆ। ਬਚਪਨ ਵਿੱਚ ਹੀ ਉਹ ਆਪਣੇ ਪਿਤਾ ਸਾਹਮਣੇ ਮੂਰਤੀ ਦੀ ਸ਼ਕਤੀ ਉੱਪਰ ਪ੍ਰਸ਼ਨ ਚਿੰਨ੍ਹ ਖੜ੍ਹਾ ਕਰਦੇ



**ਅਮਰ ਗਰਗ**
ਮੋਬਾਇਲ 98143-41746,
E-mail : amargargp@gmail.com

ਰਹਿੰਦੇ ਸਨ। ਉਨ੍ਹਾਂ ਨੇ ਮੂਰਤੀਆਂ ਤੋੜੀਆਂ ਵੀ ਸਨ। ਉਨ੍ਹਾਂ ਨੇ ਇੱਕ ਨਿਰਾਕਾਰ ਈਸ਼ਵਰ ਦਾ ਮੱਤ ਪੇਸ਼ ਕੀਤਾ। ਫਿਰ ਉਨ੍ਹਾਂ ਨੇ ਦੇਖਿਆ ਕਿ ਉਰ ਬੇਬੀਲੋਨ ਸਾਮਰਾਜ ਦਾ ਭਾਗ ਹੈ, ਜਿੱਥੇ ਲੋਕ ਮੈਸੋਪੈਟਾਮੀਆਂ ਸੱਭਿਅਤਾ ਦੇ ਪ੍ਰਭਾਵ ਅਧੀਨ ਹਨ, ਜਿਨ੍ਹਾਂ ਦਾ ਪ੍ਰਕ੍ਰਿਤੀ ਅਤੇ ਕਲਾ ਨਾਲ਼ ਅਥਾਹ ਪਿਆਰ ਅਤੇ ਲਗਾਵ ਹੈ, ਇਸ ਲਈ ਇੱਥੇ ਉਨ੍ਹਾਂ ਦਾ ਸਿਧਾਂਤ ਕੰਮ ਨਹੀਂ ਕਰਨਾ। ਉਹ ਇੱਕ ਅਜਿਹੇ ਇਲਾਕੇ ਦੀ ਭਾਲ ਵਿੱਚ ਸਨ, ਜੋ ਕਿਸੇ ਸ਼ਕਤੀਸ਼ਾਲੀ ਸਾਮਰਾਜ ਵਿੱਚ ਨਾ ਹੋ ਕੇ ਜਾਣਿਆ ਪਹਿਚਾਣਿਆ ਵੀ ਨਾ ਹੋਵੇ। ਉਨ੍ਹਾਂ ਨੇ ਮੌਜੂਦਾ ਇਸਰਾਈਲ ਦਾ ਇਲਾਕਾ ਚੁਣਿਆ, ਜਿੱਥੇ ਉਸ ਵੇਲੇ ਕੇਨਾਨ ਸੱਭਿਅਤਾ ਦਾ ਰਾਜ ਸੀ, ਜੋ ਭਾਵੇਂ ਮੂਰਤੀ ਪੂਜਾ ਅਤੇ ਪ੍ਰਕ੍ਰਿਤੀ ਵਿੱਚ ਵਿਸਵਾਸ਼ ਕਰਦੀ ਸੀ, ਪਰ ਇੰਨੀ ਸ਼ਕਤੀਸ਼ਾਲੀ ਨਹੀਂ ਸੀ। ਇਸ ਵਿੱਚ ਇਸਰਾਈਲ, ਲੈਬਨਾਨ, ਸੀਰੀਆ ਅਤੇ ਜੋਰਡਨ ਦੇ ਇਲਾਕੇ ਆਉਂਦੇ ਸਨ। ਅਬਰਾਹਮ ਦੀ ਪਹਿਲੀ ਪਤਨੀ ਸਾਰਾ ਦੀ ਕੁੱਖੋਂ ਇਸਾਕ ਦਾ ਜਨਮ ਹੋਇਆ ਅਤੇ ਇਸਾਕ ਦਾ ਪੁੱਤਰ ਯਾਕੂਬ ਸੀ। ਯਾਕੂਬ ਦਾ ਹੀ ਦੂਸਰਾ ਨਾਮ ਇਸਰਾਈਲ ਸੀ। ਇਸਰਾਈਲ ਦਾ ਅਰਥ ਹੈ, ਈਸ਼ਵਰ ਨਾਲ਼ ਯੁੱਧ ਕਰਨ ਵਾਲਾ। ਯਾਕੂਬ ਤੋਂ ਹੀ ਇਸ ਇਲਾਕੇ ਦਾ ਨਾਮ ਇਸਰਾਈਲ ਪਿਆ। ਇਸ ਗੱਲ ਤੇ ਧਿਆਨ ਦੇਵੋ, ਇਹ ਗੱਲ 1800 ਈ.ਪੂ. ਦੀ ਹੈ। ਯਾਕੂਬ ਦੇ ਬਾਰਾਂ ਪੁੱਤਰਾਂ ਚੋਂ ਇੱਕ ਦਾ ਨਾਮ ਜੂਡਾਹ ਸੀ, ਜਿੱਥੋਂ ਯਹੂਦੀ ਸ਼ਬਦ ਦੀ ਉਤਪਤੀ ਹੁੰਦੀ ਹੈ।

ਦੂਜੀ ਘਟਨਾ ਹੈ ਪੈਗੰਬਰ ਦੀ ਮੂਸਾ ਦੀ, ਪੈਗੰਬਰ ਮੂਸਾ ਦਾ ਜਨਮ ਯਹੂਦੀ ਪਰਿਵਾਰ ਵਿੱਚ ਹੋਇਆ ਅਤੇ ਪਾਲਣ-ਪੋਸ਼ਣ ਮਿਸਰ ਦੇ ਰਾਜੇ ਰਾਮੇਸਿਸ ਦੂਜੇ ਦੇ ਰਾਜ ਮਹਿਲਾਂ ਚ ਹੋਇਆ। ਉਸ ਵੇਲੇ ਰਾਮੇਸਿਸ ਦੂਜਾ ਯਹੂਦੀਆਂ ਤੋਂ ਗੁਲਾਮਾ ਵਾਲਾ ਕੰਮ ਲੈਂਦਾ ਸੀ, ਯਹੂਦੀਆਂ ਦੀ ਹਾਲਤ ਬਹੁਤ ਭੈੜੀ ਸੀ। ਜਦੋਂ ਮੂਸੇ ਨੂੰ ਆਪਣਾ ਯਹੂਦੀ ਹੋਣ ਦਾ ਪਤਾ ਚੱਲਿਆ ਤਾਂ ਉਹ ਆਪਣੀ ਕੌਮ ਦੇ ਸਾਰੇ ਗੁਲਾਮਾਂ ਨੂੰ ਨਾਲ਼ ਲੈ ਕੇ ਇਸਰਾਈਲ ਵੱਲ ਚੱਲ ਪਿਆ। ਇਹ ਵੀ ਦੱਸਿਆ ਜਾਂਦਾ ਹੈ ਕਿ ਮਿਸਰ ਵਿੱਚ ਪੈਂਦੇ ਸਿਨਾਈ ਪੈਨੀਸੁਲਾ ਵਿੱਚ ਪੈਂਦੀ ਹੋਰੇਬ ਚੋਟੀ ਤੋਂ ਪੈਗੰਬਰ ਮੂਸੇ ਨੂੰ ਰੋਸ਼ਨੀ ਦੀ ਕਿਰਨ ਪ੍ਰਾਪਤ ਹੋਈ ਸੀ। ਇਸਰਾਈਲ ਦੇ ਲੋਕਾਂ ਨੇ ਮੂਸੇ ਨੂੰ ਆਪਣਾ ਪੈਗੰਬਰ ਮੰਨ ਲਿਆ। ਇਹ ਸਮਾਂ ਸੀ 1391-1271 ਈ. ਪੂ. ਦਾ। ਪੈਗੰਬਰ ਮੂਸੇ ਨੇ ਵਿਧੀਵਤ ਯਹੂਦੀ ਧਰਮ ਦੀ ਨੀਂਹ ਰੱਖ ਦਿੱਤੀ ਅਤੇ ਆਪਣੀ ਕੌਮ ਨੂੰ ਇੱਕ ਲਿਖਤ ਉਲਡ ਟੈਸਟਾਮੈਂਟ (ਪੁਰਾਣਾ ਅਹਿਦਨਾਮਾ) ਦਿੱਤਾ। ਉਸਨੇ ਨਿਰਾਕਾਰ ਈਸ਼ਵਰ ਨੂੰ ਯਹੋਵਾ ਕਹਿ ਕੇ ਪੁਕਾਰਿਆ।

ਇਹ ਦਸ ਨੇਮ ਹਨ :

1. ਮੂਰਤੀ ਪੂਜਾ ਦੀ ਮਨਾਹੀ
2. ਰੱਬ ਦਾ ਨਾਮ ਅਕਾਰਥ ਨਹੀਂ ਲੈਣਾ। ਰੱਬ ਨਿੱਜੀ ਸੋਚ ਹੈ, ਰੱਬ ਨੀਤੀਵਾਨ ਯਹੋਵਾ ਹੈ।
3. ਮਾਤਾ-ਪਿਤਾ ਦਾ ਸਤਿਕਾਰ ਕਰਨਾ।
4. ਚੋਰੀ ਨਹੀਂ ਕਰਨੀ।
5. ਗੁਆਂਢੀ ਦੀ ਝੂਠੀ ਗਵਾਹੀ ਨਹੀਂ ਦੇਣੀ।
6. ਵਿਭਚਾਰ ਨਹੀਂ ਕਰਨਾ।
7. ਕਿਸੇ ਦਾ ਖ਼ੂਨ ਨਹੀਂ ਕਰਨਾ।
8. ਗੁਆਂਢੀ ਦੀ ਕਿਸੇ ਚੀਜ ਦਾ ਲੋਭ ਨਹੀਂ ਕਰਨਾ।
9. ਕਿਸੇ ਨੂੰ ਗੁਲਾਮ ਨਹੀਂ ਰੱਖਣਾ।
10. ਸੱਤਵਾਂ ਦਿਨ ਪਵਿੱਤਰ ਦਿਨ ਹੈ, ਇਸ ਲਈ ਇਹ ਅਰਾਮ ਕਰਨ ਦਾ ਦਿਨ ਹੋਵੇਗਾ।

ਇਹ ਦਸ ਨੇਮ ਹੀ ਯਹੂਦੀ ਧਰਮ ਨੂੰ ਇੱਕ ਨਿਰਾਕਾਰ ਈਸ਼ਵਰ ਵਾਦ ਦੀ ਨਿਰਪੇਖ ਸੋਚ ਤੋਂ ਸਾਪੇਖਤਾ ਵੱਲ ਲੈ ਕੇ ਜਾਂਦੇ ਹਨ।

ਤੀਜਾ ਬਿੰਦੂ ਹੈ ਹਿਬਰੂ ਭਾਸ਼ਾ ਪੁਰਾਣੇ ਅਹਿਦਨਾਮੇ ਦਾ ਵੱਡਾ ਭਾਗ ਹਿਬਰੂ ਭਾਸ਼ਾ ਵਿੱਚ ਲਿਖਿਆ ਗਿਆ ਹੈ, ਇਸਦੇ ਕੁਝ ਪਾਠ ਅਰਾਮਿਕ ਭਾਸ਼ਾ ਵਿੱਚ ਹਨ। ਹਿਬਰੂ ਭਾਸ਼ਾ ਇੱਕ ਬਹੁਤ ਹੀ ਪ੍ਰਾਚੀਨ ਭਾਸ਼ਾ ਹੈ, ਇਹ ਮਿਸਰੀ ਅਤੇ ਕੇਨੇਨਾਈਟ ਭਾਸ਼ਾ ਦਾ ਸੁਮੇਲ ਹੈ ਅਤੇ ਇਸ ਖੇਤਰ ਚੋਂ ਉਪਜੀ ਇੱਕੋ-ਇੱਕ ਸੱਭਿਆਚਾਰਕ ਭਾਸ਼ਾ ਹੈ। ਇਸਰਾਈਲ ਅਤੇ ਦੁਨੀਆਂ ਦੇ ਕਿਸੇ ਭਾਗ ਵਿੱਚ ਵੱਸਦੇ ਯਹੂਦੀ ਹਿਬਰੂ ਭਾਸ਼ਾ ਨੂੰ ਉਨ੍ਹਾਂ ਹੀ ਪਵਿੱਤਰ ਮੰਨਦੇ ਹਨ, ਜਿਨ੍ਹਾਂ ਆਪਣੇ ਦੇਵਤਿਆਂ ਨੂੰ। ਜਦੋਂ ਕਿ ਇਸੇ ਖੇਤਰ ਵਿੱਚ ਰਹਿਣ ਵਾਲੇ ਫਿਲਸਤੀਨੀ ਅਰਬੀ ਭਾਸ਼ਾ ਬੋਲਦੇ ਹਨ। ਯੇਰੋਸਲਮ, 1918 ਵਿੱਚ ਹਿਬਰੂ ਯੂਨੀਵਰਸਿਟੀ ਦੀ ਸਥਾਪਨਾ ਲਈ ਪ੍ਰਮੁੱਖ ਯਹੂਦੀ ਵਿਗਿਆਨੀ ਅਲਵਰਟ ਆਈਨਸਟਾਈਨ ਨੇ ਆਪਣਾ ਪ੍ਰਮੁੱਖ ਯੋਗਦਾਨ ਪਾਇਆ ਸੀ।



ਚੌਥੀ ਘਟਨਾ 1000 ਈ.ਪੂ. ਵਿੱਚ ਯੇਰੋਸਲਮ ਦੇ ਰਾਜਾ ਡੇਵਿਡ ਤੋਂ ਬਾਅਦ ਰਾਜਾ ਸੋਲੋਮਨ ਹੋਏ ਹਨ, ਜਿਨ੍ਹਾਂ ਨੇ ਯੇਰੋਸਲਮ ਵਿੱਚ ਪਹਿਲਾ ਮੰਦਿਰ ਬਣਾਇਆ ਸੀ। ਪਰ ਬੈਬੀਲੋਨ ਦੇ ਰਾਜੇ ਨੇਬੂਛਦਨੇਜਾਰ ਨੇ ਯੇਰੋਸਲਮ ਤੇ ਕਬਜਾ ਕਰਕੇ 566 ਈ.ਪੂ. ਵਿੱਚ ਇਹ ਮੰਦਿਰ ਢਾਹ ਦਿੱਤਾ। ਯਹੂਦੀ ਆਪਣੇ ਰਾਜੇ ਡੇਵਿਡ ਦੇ ਰਾਜ ਨੂੰ ਇਸਰਾਈਲ ਦਾ ਸੁਨਹਿਰੀ ਕਾਲ ਕਹਿੰਦੇ ਹਨ। ਉਸ ਨੇ ਕੇਨਾਨ ਰਾਜ ਦੀਆਂ ਸਰਹੱਦਾਂ ਨੂੰ ਮੁੜ ਸਥਾਪਿਤ ਕਰ ਦਿੱਤਾ ਸੀ। ਉਸਨੇ ਯੇਰੋਸਲਮ ਨੂੰ ਇਸਰਾਈਲ ਦੀ ਰਾਜਧਾਨੀ ਬਣਾਇਆ। ਮੌਜੂਦਾ ਇਸਰਾਈਲ ਦੇ ਪ੍ਰਧਾਨ ਮੰਤਰੀ ਨੇ ਇਸਰਾਈਲ ਦਾ ਇੱਕ ਨਕਸ਼ਾ ਜਾਰੀ ਕੀਤਾ ਹੈ, ਇਹ ਨਕਸ਼ਾ ਰਾਜਾ ਡੇਵਿਡ ਦੀਆਂ ਸਰਹੱਦਾਂ ਨੂੰ ਪ੍ਰਗਟ ਕਰਦਾ ਹੈ। ਰਾਜਾ ਡੇਵਿਡ ਤੋਂ ਬਾਅਦ ਉਸਦਾ ਪੁੱਤਰ ਸੋਲੋਮੋਨ ਗੱਦੀ ਉੱਪਰ ਬੈਠਿਆ ਸੀ।

ਰਾਜਾ ਸੋਲੋਮੋਨ ਦੀ ਮੌਤ ਤੋਂ ਬਾਅਦ ਯਹੂਦੀ ਰਾਜ ਕਮਜੋਰ ਹੋ ਗਿਆ ਅਤੇ ਦੋ ਭਾਗਾਂ ਵਿੱਚ ਵੰਡਿਆ ਗਿਆ। ਉੱਤਰੀ ਭਾਗ ਇਸਰਾਈਲ ਸੀ ਅਤੇ ਦੱਖਣੀ ਭਾਗ ਜੁਡਾਹ ਸੀ। ਯੇਰੋਸਲਮ ਜੁਡਾਹ ਰਾਜ ਦੀ ਰਾਜਧਾਨੀ ਸੀ। ਇਸਰਾਈਲ ਦੀ ਰਾਜਧਾਨੀ ਸਮਾਰੀਆ ਸੀ।

516 ਈ.ਪੂ. ਬੈਬੀਲੋਨ ਤੋਂ ਪਰਤ ਕੇ ਆਏ ਯਹੂਦੀਆਂ ਨੇ, ਯੂਡੀਆ ਦੇ ਪਰਸ਼ੀਅਨ ਗਵਰਨਰ ਜੇਰੂਬਾਬੇਲ ਦੀ ਸਹਿਮਤੀ ਨਾਲ਼ ਦੂਜਾ ਮੰਦਰ ਬਣਾਇਆ ਸੀ। ਇਸ ਮੰਦਰ ਨੂੰ ਹਿਰੋਡਜ ਟੈਂਪਲ ਵੀ ਕਿਹਾ ਜਾਂਦਾ ਸੀ। ਇਹ ਮੰਦਰ ਯੇਰੋਸਲਮ ਦੀ ਨੀਮ ਪਹਾੜੀ ਮੌਰੀਆ ਤੇ ਸਥਿਤ ਸੀ। 100ਈ.ਪੂ. ਵਿੱਚ ਰੋਮਨ ਅਤੇ ਯਹੂਦੀ ਸੇਨਾਵਾਂ ਵਿਚਕਾਰ ਯੁੱਧ ਹੋਇਆ, ਰੋਮਨ ਸੇਨਾਵਾਂ ਨੇ ਯੇਰੋਸਲਮ ਤੇ ਕਬਜਾ ਕਰਕੇ ਦੂਜਾ ਮੰਦਰ ਢਾਹ ਦਿੱਤਾ। ਇਸ ਮੰਦਰ ਦੀ ਇੱਕ ਪ੍ਰਾਚੀਨ ਕੰਧ ਬਚੀ ਹੈ, ਜਿਸ ਨੂੰ ਪੱਛਮੀ ਕੰਧ ਕਿਹਾ ਜਾਂਦਾ ਹੈ। ਹੁਣ ਯਹੂਦੀ ਇਸ ਕੰਧ ਨੂੰ ਹੀ ਸ਼ੀਸ਼ ਝੁਕਾਉਂਦੇ ਹਨ।

ਪੰਜਵੀਂ ਸਦੀ ਈ. ਪੂ. ਗ੍ਰੀਕ ਫਿਲਾਸਫਰ ਹੈਰੋਡੋਟਸ ਦੀ ਲਿਖਤ ਵਿੱਚ ਸੀਰੀਆ ਦੇ ਇੱਕ ਜ਼ਿਲ੍ਹੇ ਦਾ ਨਾਮ ਫਿਲਸਤੀਆ ਵਰਤਿਆ ਗਿਆ ਹੈ। ਪਰ ਇੱਕ ਸਰਵਤੰਤਰ ਰਾਜ ਦੇ ਤੌਰ ਤੇ ਪ੍ਰਾਚੀਨ ਸਮੇਂ ਵਿੱਚ ਫਲਸਤੀਨ ਦਾ ਨਾਮ ਨਹੀਂ ਮਿਲਦਾ।

***ਪੰਜਵੀਂ ਸਦੀ ਈ. ਪੂ. ਗ੍ਰੀਕ ਫਿਲਾਸਫਰ ਹੈਰੋਡੋਟਸ ਦੀ ਲਿਖਤ ਵਿੱਚ ਸੀਰੀਆ ਦੇ ਇੱਕ ਜ਼ਿਲ੍ਹੇ ਦਾ ਨਾਮ ਫਿਲਸਤੀਆ ਵਰਤਿਆ ਗਿਆ ਹੈ। ਪਰ ਇੱਕ ਸਰਵਤੰਤਰ ਰਾਜ ਦੇ ਤੌਰ ਤੇ ਪ੍ਰਾਚੀਨ ਸਮੇਂ ਵਿੱਚ ਫਲਸਤੀਨ ਦਾ ਨਾਮ ਨਹੀਂ ਮਿਲਦਾ।***

ਚੌਥੀ ਘਟਨਾ ਦੋ ਭਾਗਾਂ ਵਿੱਚ ਟੁੱਟਣ ਕਾਰਨ ਇੱਥੋਂ ਹੀ ਸੰਯੁਕਤ ਇਸਰਾਈਲ (ਜੁਡੀਆ) ਕਮਜ਼ੋਰ ਪੈਣ ਦੀ ਸ਼ੁਰੂਆਤ ਹੋ ਗਈ। 100 ਈ.ਪੂ. ਸੰਯੁਕਤ ਜੁਡੀਆ ਖੇਤਰ ਉੱਪਰ ਰੋਮਨ ਸਾਮਰਾਜ ਨੇ ਆਪਣੀ ਸੱਤਾ ਸਥਾਪਿਤ ਕਰ ਲਈ। ਜੁਡੀਆ ਖੇਤਰ ਉੱਪਰ ਰੋਮਨ ਸਾਮਰਾਜ ਦੇ ਅਧੀਨ ਹੋ ਕੇ ਗਵਰਨਰ ਹੀਰੋਡ ਇੱਕ ਯਹੂਦੀ (ਹੈਰੋਦੇਸ ਏਂਟੀਪਸ) ਗੱਦੀ ਤੇ ਬੈਠਿਆ। ਹੈਰੋਦੇਸ ਏਂਟੀਪਸ ਉਹੀ ਗਵਰਨਰ ਸੀ, ਜਿਸਨੇ ਜੀਸਸ ਕ੍ਰਾਈਸਟ ਨੂੰ ਸੂਲੀ ਤੇ ਟੰਗਣ ਦਾ ਹੁਕਮ ਦਿੱਤਾ ਸੀ। ਬਾਅਦ ਵਿੱਚ ਹੈਰੋਦੇਸ ਏਂਟੀਪਸ ਨੂੰ ਰੋਮਨ ਸਾਮਰਾਜ ਨੇ ਜੁਡੀਆ ਰਾਜ ਦਾ ਖੁਦ ਮੁਖਤਿਆਰ ਰਾਜਾ ਥਾਪ ਦਿੱਤਾ। ਕੁਝ ਲਿਖਤਾਂ ਚ ਇਹ ਵੀ ਕਿਹਾ ਗਿਆ ਹੈ, ਹੈਰੋਦੇਸ਼ ਜੁਡੀਆ ਦੇ ਉੱਤਰੀ ਰਾਜ (ਗੈਲਿਲੀ) ਦਾ ਗਵਰਨਰ ਸੀ, ਜਦੋਂ ਕਿ ਦੱਖਣੀ ਰਾਜ ਜੁਡਾਹ ਦਾ ਗਵਰਨਰ ਪੋਂਟੀਅਸ ਪੀਲੇਟ (ਪਿਲਾਤੂਸ) ਇੱਕ ਯਹੂਦੀ ਸੀ, ਜਿਸ ਨੇ ਜੀਸਸ ਕ੍ਰਾਈਸਟ ਨੂੰ ਸੂਲੀ ਤੇ ਟੰਗਣ ਦਾ ਹੁਕਮ ਦਿੱਤਾ ਸੀ।

ਧਰਤੀ ਉੱਪਰ ਵਿਕਸਤ ਹੋਈਆਂ ਪ੍ਰਾਚੀਨ ਸੱਭਿਆਤਾਵਾਂ ਦਾ ਇੱਕ ਵਿਲੱਖਣ ਅਤੇ ਮੁੱਢਲਾ ਗੁਣ ਇਹ ਸੀ ਕਿ ਉਹ ਕੇਵਲ ਪ੍ਰਾਕ੍ਰਿਤੀ ਦੇ ਤੱਤਾਂ ਦੀ ਮਾਨਤਾ ਅਤੇ ਪੂਜਾ ਕਰਦੇ ਸਨ। ਸੱਭਿਆਤਾਵਾਂ ਦੇ ਲੋਕਾਂ ਨੇ ਜੋ ਦੇਖਿਆ ਜਾਂ ਆਪਣੇ ਜੀਵਨ ਵਿੱਚ ਮਹਿਸੂਕ ਕੀਤਾ ਕੇਵਲ ਉਸ ਵਿੱਚ ਹੀ ਉਨ੍ਹਾਂ ਨੇ ਵਿਸਵਾਸ਼ ਕੀਤਾ। ਉਹਨਾਂ ਦੇ ਮਨਾਂ ਵਿੱਚ ਨਿਰਾਕਾਰ ਈਸ਼ਵਰ ਦੀ ਮਾਨਤਾ ਲਈ ਕੋਈ ਥਾਂ ਨਹੀਂ ਸੀ, ਨਾਂ ਹੀ ਉਨ੍ਹਾਂ ਨੂੰ ਇਸ ਦੀ ਲੋੜ ਸੀ। ਨਿਰਾਕਾਰ ਈਸ਼ਵਰ ਦੀ ਮਾਨਤਾ ਨੂੰ ਸਾਂਖਿਆ ਦਰਸ਼ਨ ਦੇ ਪਿਤਾਮਾ ਕਪਿਲ ਮੁਨੀ ਨੇ ਮਨੁੱਖਤਾ ਲਈ ਇੱਕ ਬੁਰਾਈ ਦੱਸਿਆ ਹੈ।

ਪੈਗੰਬਰ ਅਬਰਾਹਮ ਨੇ ਸੋਚਿਆ ਨਹੀਂ ਹੋਵੇਗਾ, ਕਿ ਉਸ ਦੁਆਰਾ ਇਜਾਦ ਕੀਤੀ ਨਿਰਾਕਾਰ ਈਸ਼ਵਰ ਦੀ ਸੋਚ ਵਿੱਚੋਂ ਅਜਿਹੇ ਵਿਰੋਧੀ ਈਸ਼ਵਰੀ ਮੱਤ ਪੈਦਾ ਹੋਣਗੇ, ਜੋ ਉਸ ਦੀ ਕੌਮ ਲਈ ਸਦਾ ਲਈ ਨਾਸੂਰ ਬਣ ਜਾਣਗੇ।

ਜੀਸਸ ਵਰ੍ਹਾ ਸ਼ੁਰੂ ਹੋਣ ਸਾਰ ਜੀਸਸ ਕ੍ਰਾਈਸਟ ਨੇ ਨਿਰਾਕਾਰ ਈਸ਼ਵਰ ਦੇ ਮੱਤ ਨੂੰ ਅਧਾਰ ਬਣਾਕੇ ਅਤੇ ਪੁਰਾਣੇ ਅਹਿਦਨਾਮੇ ਨਾਲ਼ ਨਵਾਂ ਅਹਿਦਨਾਮਾ ਜੋੜ ਕੇ ਇੱਕ ਨਵਾਂ ਈਸਾਈ ਮੱਤ ਚਲਾ ਦਿੱਤਾ, ਜਿਹੜਾ ਇਸਰਾਈਲ ਤੋਂ ਪੱਛਮ ਵਾਲੇ ਪਾਸੇ, ਆਪਣੇ ਕੁਲ ਤੋਂ ਬਾਹਰ ਸਾਰੇ ਯੂਰੋਪ ਉੱਪਰ ਫੈਲ ਗਿਆ। ਪਰ ਯਹੂਦੀ ਮੱਤ ਆਪਣੇ ਕੁਲ ਤੱਕ ਹੀ ਸੀਮਤ ਰਿਹਾ। ਕਿਤੇ ਈਸਾਈਆਂ ਵਿੱਚ ਇਹ ਟੀਸ ਵੀ ਘਰ ਕਰ ਚੁੱਕੀ ਸੀ, ਕਿ ਯਹੂਦੀਆਂ ਨੇ ਸਾਡੇ ਪੈਗੰਬਰ ਜੀਸਸ ਨੂੰ ਸੂਲੀ ਤੇ ਟੰਗਿਆ ਸੀ, ਇਸ ਲਈ ਯੂਰੋਪ ਵਿੱਚ ਯਹੂਦੀ ਨਫਰਤ ਦੇ ਪਾਤਰ ਬਣ ਚੁੱਕੇ ਸਨ।

6ਵੀਂ ਸਦੀ ਵਿੱਚ ਅਰਬ ਦੇਸ਼ ਵਿੱਚ ਹਜਰਤ ਮਹੁੰਮਦ ਸਾਹਿਬ ਹੋਏ, ਉਨ੍ਹਾ ਨੇ ਵੀ ਅਬਰਾਹਮ ਨੂੰ ਪੈਗੰਬਰ ਮੰਨਦੇ ਹੋਏ, ਉਨ੍ਹਾਂ ਵੱਲੋਂ ਦਿੱਤੇ ਨਿਰਾਕਾਰ ਈਸ਼ਵਰੀ ਸਿਧਾਂਤ ਨੂੰ ਲੈਕੇ ਉਸ ਨੂੰ ਪੂਰੀ ਤਰਾਂ ਨਿਰਪੇਖ ਬਣਾ ਕੇ ਲੋਕਾਂ ਦੇ ਸਨਮੁੱਖ ਪੇਸ਼ ਕੀਤਾ। ਉਨ੍ਹਾਂ ਨੇ ਪੰਥ ਵਿੱਚ ਰਾਜਨੀਤਿਕ ਸ਼ਕਤੀ ਦਾ ਮੇਲ ਕਰਕੇ ਇਸਨੂੰ ਤੇਜੀ ਨਾਲ਼ ਵਧਾਇਆ। ਇਸ ਮੁਸਲਿਮ ਮਤ ਦਾ ਵਿਸਥਾਰ ਅਰਬ ਦੇ ਚਾਰੇ ਪਾਸੇ ਹੋਇਆ, ਇਸ ਦੇ ਵਿਸਥਾਰ ਵਿੱਚ ਸ਼ਕਤੀ ਦਾ ਜਿਆਦਾ ਸਹਾਰਾ ਲਿਆ ਗਿਆ। 6-7 ਵੀਂ ਸਦੀ ਵਿੱਚ ਇਹ ਪੰਥ ਇਸਰਾਈਲ ਵੱਲ ਵੀ ਪਹੁੰਚ ਗਿਆ। ਸਮਾਰੀਆ (ਹੁਣ ਪੱਛਮੀ ਕਿਨਾਰਾ) ਦੇ ਲੋਕਾਂ ਨੇ ਇਸ ਮੱਤ ਨੂੰ ਆਪਣਾ ਲਿਆ। ਸਮਾਰੀਆ ਦੇ ਲੋਕਾਂ ਨੇ ਆਪਣੇ ਆਪ ਨੂੰ ਯਹੂਦੀ ਮੱਤ ਨਾਲੋਂ ਵੱਖ ਕਰ ਲਿਆ ਤੇ ਉਨ੍ਹਾਂ ਦੇ ਇਲਾਕੇ ਦਾ ਨਾਮ ਫਿਲਸਤੀਆ ਹੋ ਗਿਆ। ਦੋਵੇਂ ਕੌਮਾਂ ਵਿੱਚ ਸਦਾ ਲਈ ਝਗੜੇ ਦੀ ਬੁਨਿਆਦ ਰੱਖੀ ਗਈ। ਝਗੜੇ ਦੀ ਬੁਨਿਆਦ ਨੂੰ ਹੋਰ ਪੱਕਾ ਕਰਦਿਆ, ਯਹੂਦੀਆਂ ਦੇ ਢਾਹੇ ਹੋਏ ਮੰਦਰਾਂ ਕੋਲ 700 ਈ. ਵਿੱਚ ਅਲ-ਅਕਸ਼ਾ ਮਸਜਿਦ ਬਣਾਈ ਗਈ। ਉਸ ਵੇਲੇ ਇਸ ਖੇਤਰ ਉੱਪਰ ਮੁਸਲਿਮ ਖਲੀਫਿਆਂ ਦਾ ਰਾਜ ਸਥਾਪਿਤ ਹੋ ਚੁੱਕਾ ਸੀ, ਅਤੇ ਇਸ ਸਾਰੇ ਇਲਾਕੇ ਨੂੰ ਫਲਸਤੀਨ ਦਾ ਨਾਮ ਦਿੱਤਾ ਗਿਆ।

ਇਸ ਇਲਾਕੇ ਉੱਪਰ ਖਲੀਫਿਆ ਦਾ ਰਾਜ ਸਥਾਪਿਤ ਹੋਣ ਨਾਲ਼ ਯਹੂਦੀਆਂ ਦਾ ਯੂਰੋਪ ਵੱਲ ਪਲਾਇਨ ਸ਼ੁਰੂ ਹੋ ਜਾਂਦਾ ਹੈ। ਇਸ ਪਲਾਇਨ ਨੇ ਪੂਰੀ ਤਰਾਂ ਜੋਰ ਉਸ ਵੇਲੇ ਫੜ ਲਿਆ ਜਦੋਂ 1517ਈ. ਵਿੱਚ ਇੱਥੇ ਤੁਰਕੀ ਦੇ ਆਟੋਮਨ ਸਾਮਰਾਜ ਨੇ ਕਬਜਾ ਕਰ ਲਿਆ। ਉਨ੍ਹਾਂ ਨੇ ਫਿਲਸਤੀਨ ਨੂੰ ਸੀਰੀਆ ਰਾਜ ਦਾ ਭਾਗ ਬਣਾ ਲਿਆ। ਉਨ੍ਹਾਂ ਦਾ ਇਹ ਕਬਜਾ 1917 ਤੱਕ ਰਿਹਾ। ਇੱਕ ਵੀ ਘਟਨਾ ਅਜਿਹੀ ਨਹੀਂ ਮਿਲਦੀ ਕਿ ਫਿਲਸਤੀਨ ਦੇ ਮੁਸਲਿਮ ਵਸਨੀਕਾਂ ਨੇ ਆਟੋਮਨ ਸਾਮਰਾਜ ਤੋਂ ਆਪਣੀ ਅਜ਼ਾਦੀ ਦੀ ਗੱਲ ਕੀਤੀ ਹੋਵੇ। ਉਨ੍ਹਾ ਵਿੱਚ ਰਾਸ਼ਟਰ ਭਗਤੀ ਦੀ ਪੂਰੀ ਤਰਾਂ ਅਣਹੋਂਦ ਰਹੀ। ਮੁਸਲਿਮ ਵੱਸੋਂ ਪੱਛਮੀ ਕੰਢੇ ਤੱਕ ਹੀ ਸੀਮਤ ਰਹੀ, ਬਾਕੀ ਇਲਾਕਾ ਉਜਾੜ ਹੀ ਬਣਿਆ ਰਿਹਾ।

ਪਹਿਲੇ ਵਿਸ਼ਵ ਯੁੱਧ ਦੀ ਸਮਾਪਤੀ ਤੋਂ ਬਾਅਦ ਬ੍ਰਿਟਿਸ਼ ਸਾਮਰਾਜ ਨੇ ਯੇਰੋਸਲਮ ਅਤੇ ਸਮੁੱਚੇ ਫਿਲਸਤੀਨ ਉੱਪਰ ਆਪਣਾ ਅਧਿਕਾਰ ਸਥਾਪਿਤ ਕਰ ਲਿਆ। ਬ੍ਰਿਟਿਸ਼ ਸਾਮਰਾਜ ਦੇ ਇਸ ਅਧਿਕਾਰ ਨੇ ਯਹੂਦੀ ਮਨਾਂ ਵਿੱਚ ਆਪਣੇ ਸੁਤੰਤਰ ਦੇਸ਼ ਦੀ ਲੋਅ ਜਗਾ ਦਿੱਤੀ।

ਯੂਰੋਪ ਵਿੱਚ ਚੱਲੀ ''ਪੁਨਰ ਜਾਗਰਣ'' ਦੀ ਲਹਿਰ ਨੇ ਯੂਰੋਪ ਦੇ ਯਹੂਦੀਆਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਇਸੇ ਕਾਰਨ ਯੂਰੋਪ ਦੇ ਯਹੂਦੀ ਜਨ ਮਾਨਸ ਨੇ ਵਿਦਿਅਕ, ਤਕਨਾਲੋਜੀ ਅਤੇ ਆਰਥਿਕ ਪੱਧਰ ਉੱਪਰ ਤਰੱਕੀ ਦੀਆਂ ਬੁਲੰਦੀਆਂ ਨੂੰ ਛੋਹਿਆ। ਕਿੰਨੀ ਹੈਰਾਨੀ ਜਨਕ ਗੱਲ ਹੈ, ਕਿ 1901 ਤੋਂ ਸ਼ੁਰੂ ਹੋਏ ਨੋਬੇਲ ਇਨਾਮਾਂ ਵਿੱਚ ਅੱਜ ਇਕੱਲੇ ਯਹੂਦੀਆਂ ਵੱਲੋਂ ਪ੍ਰਾਪਤੀ ਦਾ 27 ਪ੍ਰਤੀਸ਼ਤ ਭਾਗ ਬਣਿਆ ਹੋਇਆ ਹੈ। ਜਦੋਂ ਕਿ ਸੰਸਾਰ ਵਿੱਚ ਇਹਨਾਂ ਦੀ ਅਬਾਦੀ ਮਸਾਂ 2 ਪ੍ਰਤੀਸ਼ਤ ਹੈ। ਹੁਣ ਤੱਕ 211 ਯਹੂਦੀ ਇਹ ਵੱਕਾਰੀ ਪੁਰਸਕਾਰ ਲੈ ਚੁੱਕੇ ਹਨ। ਭੌਤਿਕ ਵਿਗਿਆਨ ਦੇ ਖੇਤਰ ਵਿੱਚ 56, ਅਰਥ ਸ਼ਾਸ਼ਤਰ ਦੇ ਖੇਤਰ ਵਿੱਚ 38, ਸਾਹਿਤ ਲਈ 16, ਸ਼ਾਂਤੀ ਲਈ 9, ਮੈਡੀਸਨ ਦੇ ਖੇਤਰ ਵਿੱਚ 56 ਅਤੇ ਰਸਾਇਣ ਵਿਗਿਆਨ ਦੇ ਖੇਤਰ ਵਿੱਚ 36 ਨੋਬੇਲ ਪੁਰਕਸਾਰ ਲੈ ਚੁੱਕੇ ਹਨ। ਜੇਕਰ ਧਰਤੀ ਲਈ ਇੱਕ ਕੁਦਰਤੀ ਸੂਰਜ ਹੈ, ਤਾਂ ਯਹੂਦੀਆਂ ਵੱਲੋਂ ਦਿੱਤਾ ਦੂਜਾ ਸੂਰਜ ਅਲਬਰਟ ਆਈਨਸਟਾਈਨ ਹੈ। ਜਿਨ੍ਹਾ ਨੇ ਭੌਤਿਕ ਵਿਗਿਆਨ ਵਿੱਚ ਸਾਪੇਖਤਾ ਦਾ ਅਮਰ ਸਿਧਾਂਤ ਦਿੱਤਾ।


ਯੂਰੋਪ ਵਿੱਚ ਯਹੂਦੀ ਵਪਾਰ ਸਮੇਤ ਹਰ ਇੱਕ ਖੇਤਰ ਵਿੱਚ ਅੱਗੇ ਸਨ। 19 ਅਗਸਤ 1934 ਨੂੰ ਅਡੋਲਫ ਹਿਟਲਰ ਜਰਮਨੀ ਦੇ ਚਾਂਸਲਰ ਤੋਂ ਰਾਸ਼ਟਰਪਤੀ ਬਣ ਗਿਆ। ਅਡੋਲਫ ਹਿਟਲਰ ਅੰਨ੍ਹੇ ਰਾਸ਼ਟਰਵਾਦ ਦੇ ਰਾਹ ਤੇ ਤੁਰ ਪਿਆ, ਜਿਸ ਵਿੱਚ ਉਸਨੇ ਆਪਣੇ ਰਾਸ਼ਟਰਵਾਦ ਵਿੱਚ ਨਸਲਵਾਦ ਨੂੰ ਸ਼ਾਮਿਲ ਕਰ ਲਿਆ। ਉਸ ਨੇ ਜਰਮਨ ਨਸਲ ਨੂੰ ਉੱਤਮ ਆਰੀਆ ਨਸਲ ਦਾ ਖਿਤਾਬ ਦਿੱਤਾ। ਯਹੂਦੀਆਂ ਪ੍ਰਤੀ ਨਫਰਤੀ ਗੱਲਾਂ ਉਸਦੇ ਮਨ ਵਿੱਚ ਘਰ ਕਰ ਗਈਆਂ, ਪਰ ਉਸ ਨੂੰ ਮੁੱਖ ਸ਼ਿਕਵਾ ਇਹੋ ਸੀ ਕਿ ਯਹੂਦੀ ਇੰਗਲੈਂਡ ਦੀ ਜਿੱਤ ਵਿੱਚ ਆਪਣੀ ਚਾਹਤ ਅਤੇ ਹਿੱਤ ਰੱਖਦੇ ਹਨ। ਯਹੂਦੀਆਂ ਨੂੰ ਇਹ ਆਸ ਵੀ ਸੀ ਕਿ ਇੰਗਲੈਂਡ ਉਹਨਾ ਨੂੰ ਉਨ੍ਹਾਂ ਦੀ ਮਾਤ ਭੂਮੀ ਇਸਰਾਈਲ ਦੇਵੇਗਾ। ਹਿਟਲਰ ਨੇ ਯਹੂਦੀਆਂ ਨੂੰ ਮਾਰਨ ਲਈ ਤਸੀਹੇ ਕੈਂਪ ਬਣਾ ਦਿੱਤੇ, ਹਿਟਲਰ ਵੱਲੋਂ ਇੱਕੋ ਵੇਲੇ ਕਈ ਸੈਂਕੜੇ ਯਹੂਦੀਆਂ ਨੂੰ ਮਾਰਨ ਦੀਆਂ ਘਟਨਾਵਾਂ ਨੂੰ ਹੋਲੋਕਾਸਟ ਦਾ ਨਾਮ ਦਿੱਤਾ ਗਿਆ। ਹਿਟਲਰ ਨੇ 60 ਲੱਖ ਦੇ ਲਗਭਗ ਯਹੂਦੀਆਂ ਨੂੰ ਮਾਰ ਦਿੱਤਾ। 1939 ਵਿੱਚ ਦੂਸਰਾ ਵਿਸ਼ਵ ਯੁੱਧ ਸ਼ੁਰੂ ਹੋਣ ਸਾਰ ਯਹੂਦੀ ਫਿਲਸਤੀਨ ਵਿੱਚ ਆ ਕੇ ਵਸਣ ਲੱਗ ਪਏ ਸਨ। ਉਸੇ ਵੇਲੇ ਇਸਰਾਈਲ ਦੀ ਸਥਾਪਨਾ ਲਈ ਸਾਰੇ ਯੂਰੋਪ ਅਤੇ ਅਮਰੀਕਾ ਦੇ ਯਹੂਦੀਆਂ ਨੇ ਆਪਣਾ ਪੂਰਾ ਜੋਰ ਲਗਾ ਦਿੱਤਾ। ਇਸ ਮਕਸਦ ਲਈ ਫੈਸਲਾਕੁਨ ਮੋੜ ਉਸ ਵੇਲੇ ਆਇਆ ਜਦੋਂ, ਨਿਊਯਾਰਕ ਵਿੱਚ 11 ਮਈ 1944 ਈ. ਨੂੰ ਡੇਵਿਡ ਬੇਨਗੁਰੀਓਨ ਦੀ ਅਗਵਾਈ ਵਿੱਚ ਇੱਕ ਸਭਾ ਬੁਲਾਈ ਗਈ, ਜਿਸ ਵਿੱਚ ਤਿੰਨ ਮੁੱਖ ਮੰਗਾਂ ਰੱਖੀਆਂ ਗਈਆਂ ਜਿਸਨੂੰ ਬਾਲਟੀਮੋਰ ਪ੍ਰੋਗਰਾਮ ਕਿਹਾ ਜਾਂਦਾ ਹੈ। ਇਹ ਤਿੰਨ ਮੰਗਾਂ ਸਨ (1) ਫਿਲਸਤੀਨ ਵਿੱਚ ਯਹੂਦੀ ਰਾਜ ਦੀ ਸਥਾਪਨਾ (2) ਯਹੂਦੀ ਸੈਨਾ ਦਾ ਗਠਨ (3) ਯਹੂਦੀਆਂ ਦੇ ਫਿਲਸਤੀਨ ਵਿੱਚ ਵਸਣ ਦੀ ਪੂਰੀ ਸੁਤੰਤਰਤਾ। ਅਮਰੀਕਾ ਅਤੇ ਇੰਗਲੈਂਡ ਦੂਸਰੇ ਵਿਸ਼ਵਯੁੱਧ ਦੇ ਜੇਤੂ ਬਣੇ। ਫਿਲਸਤੀਨ ਉੱਪਰ ਪਹਿਲਾਂ ਹੀ ਅੰਗ੍ਰੇਜੀ ਹਕੂਮਤ ਦਾ ਰਾਜ ਸੀ। ਸੰਯੁਕਤ ਰਾਸ਼ਟਰ ਵੀ ਹੋਂਦ ਵਿੱਚ ਆ ਚੁੱਕਾ ਸੀ। ਬ੍ਰਿਟੇਨ ਨੇ ਅਪ੍ਰੈਲ 1947 ਵਿੱਚ ਇਸਰਾਈਲ ਦਾ ਮੁੱਦਾ ਸੰਯੁਕਤ ਰਾਸ਼ਟਰ ਵਿੱਚ ਪੇਸ਼ ਕੀਤਾ। ਸੰਯੁਕਤ ਰਾਸ਼ਟਰ ਵੱਲੋਂ ਇਸ ਮਸਲੇ ਦੇ ਹੱਲ ਲਈ 11 ਦੇਸ਼ਾਂ ਦੀ ਇੱਕ ਕਮੇਟੀ ਬਣਾਈ ਗਈ। ਇਸ ਵਿੱਚ ਕੈਨੇਡਾ, ਸਵੀਡਨ, ਗਵੇਟਮਾਲਾ, ਯੋਗੋਸਲਾਵੀਆ, ਈਰਾਨ, ਭਾਰਤ, ਹਾਲੈਂਡ, ਪੇਰੂ, ਯੂਰੂਗਵੇ, ਚੈਕੋਸਲੋਵਾਕੀਆ ਅਤੇ ਆਸਟ੍ਰੇਲੀਆ ਦੇਸ਼ ਸ਼ਾਮਲ ਸਨ। ਇਸ ਕਮੇਟੀ ਨੇ ਫਿਲਸਤੀਨ ਵੰਡ ਦੀ ਰੂਪ-ਰੇਖਾ ਪੇਸ਼ ਕੀਤੀ, ਯੇਰੋਸਲਮ ਨੂੰ ਅੰਤਰ ਰਾਸ਼ਟਰੀ ਕੰਟਰੋਲ ਵਿੱਚ ਰੱਖਣ ਦਾ ਸੁਝਾਅ ਦਿੱਤਾ ਗਿਆ। ਇਸਤੋਂ ਉਲਟ ਭਾਰਤ, ਈਰਾਨ ਅਤੇ ਯੋਗੋਸਲਾਵੀਆ ਨੇ ਯਹੂਦੀ ਅਤੇ ਅਰਬ ਰਾਜਾਂ ਦੀ ਫੈਡਰਲ ਸਰਕਾਰ ਦਾ ਪ੍ਰਸਤਾਵ ਰੱਖਿਆ। ਭਾਵ ਵੰਡ ਨੂੰ ਅਸਵੀਕਾਰ ਕਰ ਦਿੱਤਾ। ਕਾਫੀ ਵਾਦ-ਵਿਵਾਦ ਪਿੱਛੋਂ 29 ਨਵੰਬਰ 1947 ਈ. ਨੂੰ ਯੂ.ਐੱਨ. ਦੀ ਜਨਰਲ ਅਸੈਂਬਲੀ ਨੇ ਬਹੁਮਤ ਦੀ ਯੋਜਨਾ ਨੂੰ ਸਵੀਕਾਰ ਕਰ ਲਿਆ ਅਤੇ ਵੰਡ ਦੇ ਪੱਖ ਵਿੱਚ ਫੈਸਲਾ ਕੀਤਾ। ਜਿਸ ਵਿੱਚ 56ਪ੍ਰਤੀਸ਼ਤ ਭੂਮੀ ਯਹੂਦੀ ਦੇਸ਼ ਨੂੰ ਦਿੱਤੀ ਗਈ ਸੀ ਅਤੇ 44 ਪ੍ਰਤੀਸ਼ਤ ਭੂਮੀ ਫਿਲਸਤੀਨ ਨੂੰ। ਭਾਰਤ ਨੇ 17 ਸਤੰਬਰ 1950 ਨੂੰ ਇਸਰਾਈਲ ਨੂੰ ਆਪਣੀ ਮਾਨਤਾ ਦੀ ਘੋਸ਼ਣਾ ਕਰ ਦਿੱਤੀ ਅਤੇ ਯਹੂਦੀ ਏਜੰਸੀ ਨੇ ਆਪਣਾ ਇਮੀਗ੍ਰੇਸ਼ਨ ਦਫ਼ਤਰ ਮੁੰਬਈ ਵਿਖੇ ਖੋਲ ਦਿੱਤਾ, ਜਿਹੜਾ ਬਾਅਦ ਵਿੱਚ ਸਫਾਰਤ ਖਾਨੇ ਵਿੱਚ ਬਦਲ ਗਿਆ।

14 ਮਈ 1948 ਨੂੰ ਡੇਵਿਡ ਬੇਨਗੁਰੀਓਨ ਨੇ ਇਸਰਾਈਲ ਦੀ ਸਥਾਪਨਾ ਦੀ ਘੋਸ਼ਣਾ ਕਰ ਦਿੱਤੀ, ਉਸੇ ਵੇਲੇ ਸੰਯੁਕਤ ਰਾਜ ਅਮਰੀਕ ਨੇ ਇਸਰਾਈਲ ਨੂੰ ਮਾਨਤਾ ਦੇ ਦਿੱਤੀ। ਡੇਵਿਡ ਬੇਨਗੁਰੀਓਨ ਇਸਰਾਈਲ ਦੇ ਪਹਿਲੇ ਪ੍ਰਧਾਨ ਮੰਤਰੀ ਬਣੇ। ਜਦੋਂ ਕਿ ਫਿਲਸਤੀਨੀਆਂ ਨੇ ਅਰਬਾਂ ਦੀ ਸ਼ਹਿ ਤੇ ਵੰਡ ਨੂੰ ਮੰਨਜੂਰ ਨਹੀਂ ਕੀਤਾ, ਜਿਸ ਕਾਰਨ ਸਵਤੰਤਰ ਦੇਸ਼ ਫਿਲਸਤੀਨ ਹੋਂਦ ਵਿੱਚ

*(ਬਾਕੀ ਅਗਲੇ ਸਫੇ 'ਤੇ)*

# ਸੀਰੀਆ ਵਿਚ ਭਿਆਨਕ ਗ੍ਰਹਿਯੁਧ ਮੌਜੂਦਾ ਜੀਓਪੋਲਿਟਿਕਸ ਦੇ ਸਿੱਖਾਂ ਲਈ ਸਬਕ

ਮਾਰਚ 2011 ਵਿਚ ਸੀਰੀਆ ਦੇ ਹਾਕਮ ਬਸ਼ਰ-ਅਲ-ਅਸਦ ਖ਼ਿਲਾਫ਼ ਸ਼ੁਰੂ ਹੋਈ ਹਥਿਆਰਬੰਦ ਲਹਿਰ ਨੇ ਪਿਛਲੇ ਦਿਨੀਂ ਜਿੱਤ ਪ੍ਰਾਪਤ ਕਰ ਲਈ ਹੈ। ਇਸ ਜੰਗ ਵਿਚ ਹੁਣ ਤੱਕ ਪੰਜ ਲੱਖ ਤੋਂ ਉੱਤੇ ਮੌਤਾਂ ਹੋਈਆਂ ਹਨ ਅਤੇ 60 ਲੱਖ ਦੇ ਕਰੀਬ ਲੋਕ ਉੱਜੜੇ ਹਨ। ਅਸਦ ਵਿਰੋਧੀ ਲਹਿਰ ਦੇ ਵਿਆਪਕ ਪੱਧਰ ਉੱਤੇ ਫੈਲ ਜਾਣ ਦੇ ਬਾਵਜੂਦ ਵੀ ਉਹ ਲੰਮਾ ਸਮਾਂ ਜਿੱਤ ਨਾ ਸਕੇ। ਪਰ 7 ਅਕਤੂਬਰ 2023 ਨੂੰ ਇਜ਼ਰਾਈਲ ਉੱਤੇ ਹੋਏ ਹਮਲੇ ਅਤੇ ਉਹਦੇ ਤੋਂ ਵੀ ਪਹਿਲਾਂ ਰੂਸ-



**ਪ੍ਰਭਸ਼ਰਨਬੀਰ ਸਿੰਘ**

ਯੂਕਰੇਨ ਜੰਗ ਦੇ ਗੰਭੀਰ ਰੁਖ਼ ਅਖਤਿਆਰ ਕਰਨ ਨਾਲ ਹਾਲਾਤ ਬਦਲ ਗਏ। ਪਹਿਲਾਂ ਜਿਹੜੇ ਸੀਰੀਅਨ ਲੜਾਕੇ ਪੱਛਮੀ ਤਾਕਤਾਂ ਨੂੰ ਇਸਲਾਮੀ ਮੂਲਵਾਦੀ ਅਤੇ ਦਹਿਸ਼ਤਗਰਦ ਲੱਗਦੇ ਸਨ, ਪਿਛਲੇ ਦਸ ਦਿਨਾਂ ਦੌਰਾਨ ਉਹੀ ਲੜਾਕੇ ਆਜ਼ਾਦੀ ਘੁਲਾਟੀਏ ਬਣ ਗਏ। ਇਸਦਾ ਕਾਰਨ ਸਾਫ਼ ਹੈ।

ਇਜ਼ਰਾਈਲ ਅਤੇ ਅਮਰੀਕਾ ਨੇ ਬਸ਼ਰ-ਅਲ-ਅਸਦ ਨੂੰ ਸੀਰੀਆ ਤੋਂ ਬਾਹਰ ਕੱਢ ਕੇ ਇੱਕ ਤੀਰ ਨਾਲ ਦੋ ਨਿਸ਼ਾਨੇ ਫੁੰਡੇ ਹਨ। ਅਸਦ ਮੱਧ-ਏਸ਼ੀਆ ਵਿਚ ਰੂਸ ਅਤੇ ਇਰਾਨ ਦਾ ਵੱਡਾ ਹਮਾਇਤੀ ਸੀ। ਉਸਦੇ ਬਾਹਰ ਹੋਣ ਨਾਲ ਮੱਧ-ਏਸ਼ੀਆ ਵਿਚ ਤਾਕਤ ਦਾ ਸੰਤੁਲਨ ਬਦਲ ਗਿਆ ਹੈ। ਇਰਾਨ ਅਤੇ ਰੂਸ ਨੂੰ ਵੱਡਾ ਧੱਕਾ ਲੱਗਾ ਹੈ। ਅਸਲ ਵਿਚ ਇਹ ਘਟਨਾਕ੍ਰਮ ਅਮਰੀਕਾ ਦੀ ਲੁਕਵੀਂ ਡਿਪਲੋਮੇਸੀ ਦੀ ਵੱਡੀ ਜਿੱਤ ਹੈ। ਆਉਣ ਵਾਲ਼ੇ ਦਿਨਾਂ ਵਿਚ ਅਜਿਹੀਆਂ ਹੋਰ ਵੀ ਘਟਨਾਵਾਂ ਹੋਣ ਦੇ ਆਸਾਰ ਹਨ। ਇਨ੍ਹਾਂ ਨਾਜ਼ੁਕ ਹਾਲਾਤਾਂ ਦਾ ਸਭ ਤੋਂ ਵੱਧ ਫਾਇਦਾ ਅਮਰੀਕਾ ਨੂੰ ਹੋਣਾ ਹੈ। ਇਸ ਜੀਓਪੋਲੀਟੀਕਲ ਤੂਫਾਨ ਨੇ ਅਮਰੀਕਾ ਦੀ ਸਰਦਾਰੀ ਨੂੰ ਹੋਰ ਪੱਕਿਆਂ ਕਰਨਾ ਹੈ। ਹੁਣ ਤੱਕ ਖੱਬੇ-ਪੱਖੀ ਧਿਰਾਂ ਵੱਲੋਂ ਇਹ ਨੈਰੇਟਿਵ ਫੈਲਾਇਆ ਜਾਂਦਾ ਰਿਹਾ ਹੈ ਕਿ ਅਮਰੀਕਾ ਦੇ ਦਿਨ ਹੁਣ ਪੁੱਗ ਚੁੱਕੇ ਹਨ ਅਤੇ ਚੀਨ ਦੀ ਸਰਦਾਰੀ ਦਾ ਜ਼ਮਾਨਾ ਆ ਗਿਆ ਹੈ। ਪਰ ਮੌਜੂਦਾ ਘਟਨਾਵਾਂ ਨੇ ਇਸ ਗੱਲ ਨੂੰ ਗ਼ਲਤ ਸਾਬਤ ਕਰ ਦਿੱਤਾ ਹੈ। ਵਿਸ਼ਵ ਰਾਜਨੀਤੀ ਉੱਤੇ ਅਮਰੀਕਾ ਦੀ ਪਕੜ ਅਜੇ ਬਹੁਤ ਮਜ਼ਬੂਤ ਹੈ ਅਤੇ ਆਉਣ ਵਾਲ਼ੇ ਲੰਮੇ ਸਮੇਂ ਤੱਕ ਇਵੇਂ ਹੀ ਰਹਿਣ ਦੀ ਸੰਭਾਵਨਾ ਹੈ। ਨੈਤਿਕ ਪੱਖੋਂ ਇਸ ਵਰਤਾਰੇ ਉੱਤੇ ਬਹੁਤ ਸੁਆਲ ਕੀਤੇ ਜਾ ਸਕਦੇ ਹਨ ਪਰ ਅਮਲੀ ਪੱਖ ਤੋਂ ਵੇਖਿਆਂ ਇਹ ਇਵੇਂ ਹੀ ਹੋਣਾ ਹੈ। ਇਸ ਲੇਖ ਦਾ ਮਕਸਦ ਨੈਤਿਕ ਵਿਸ਼ਲੇਸ਼ਣ ਨਹੀਂ ਸਗੋਂ ਹਾਲਾਤ ਤੋਂ ਸਿੱਖੇ ਜਾ ਸਕਣ ਵਾਲ਼ੇ ਸਬਕ ਹਨ।

ਵੱਡਾ ਸੁਆਲ ਇਹ ਹੈ ਕਿ ਇਨ੍ਹਾਂ ਘਟਨਾਵਾਂ ਤੋਂ ਸਿੱਖ ਕੀ ਸਿੱਖ ਸਕਦੇ ਹਨ? ਪਹਿਲੀ ਗੱਲ ਇਹ ਕਿ ਤੇਜ਼ੀ ਨਾਲ ਬਦਲਦੇ ਅਤੇ ਅਣਸੁਖਾਵੇਂ ਹਾਲਾਤ ਆਮ ਕਰਕੇ ਕਿਸੇ ਗੁਲਾਮ ਕੌਮ ਲਈ ਫਾਇਦੇਮੰਦ ਹੀ ਹੁੰਦੇ ਹਨ ਬਸ਼ਰਤੇ ਉਹ ਕੌਮ ਹਾਲਾਤ ਨੂੰ ਆਪਣੇ ਪੱਖ ਵਿਚ ਭੁਗਤਾਉਣ ਦੇ ਸਮਰੱਥ ਹੋਵੇ। ਨਾਜ਼ੁਕ ਹਾਲਾਤ ਨੂੰ ਆਪਣੇ ਪੱਖ ਵਿਚ ਭੁਗਤਾਉਣ ਲਈ ਪਹਿਲੀ ਸ਼ਰਤ ਇਹ ਹੁੰਦੀ ਹੈ ਕਿ ਉਸ ਕੌਮ ਦੇ ਸਿਰਕੱਢਵੇਂ ਦਿਮਾਗਾਂ ਨੂੰ ਉਨ੍ਹਾਂ ਹਾਲਾਤ ਦੀ ਬਹੁਤ ਬਾਰੀਕੀ ਵਿਚ ਸਮਝ ਹੋਵੇ। ਜਿਵੇਂ ਦਿਲ ਦਾ ਅਪਰੇਸ਼ਨ ਉਹੀ ਸਰਜਨ ਕਰ ਸਕਦਾ ਹੈ ਜਿਸਨੂੰ ਦਿਲ ਵੱਲ ਜਾਂਦੀ ਹਰ ਨਾੜ, ਦਿਲ ਦੀ ਬਣਤਰ, ਉਸਦਾ ਸਰੀਰ ਨੂੰ ਜਿਉਂਦਾ ਰੱਖਣ ਵਿਚ ਰੋਲ ਅਤੇ ਹੋਰ ਅਣਗਿਣਤ ਗੱਲਾਂ ਦੀ ਬਾਰੀਕੀ ਵਿਚ ਸਮਝ ਹੋਵੇ। ਜੇ ਕਿਸੇ ਅਣਜਾਣ ਬੰਦੇ ਨੂੰ ਆਪਰੇਸ਼ਨ ਕਰਨ ਲਈ ਕਿਹਾ ਜਾਵੇ ਤਾਂ ਨਤੀਜਾ ਕੀ ਹੋਵੇਗਾ, ਸਾਨੂੰ ਸਭ ਨੂੰ ਪਤਾ ਹੈ। ਸਿੱਖਾਂ ਵਿਚ ਚੋਖੀ ਗਿਣਤੀ ਵਿਚ ਅਜਿਹੇ ਦਿਮਾਗ ਮੌਜੂਦ ਹਨ ਜਿਹੜੇ ਇਸ ਸਥਿਤੀ ਨੂੰ ਸਮਝ ਵੀ ਸਕਦੇ ਹਨ ਅਤੇ ਹੱਕ ਵਿਚ ਭੁਗਤਾ ਵੀ ਸਕਦੇ ਹਨ ਪਰ ਉਨ੍ਹਾਂ ਦਾ ਸਿੱਖ ਸੰਸਥਾਵਾਂ ਅਤੇ ਸੰਗਤ ਨਾਲ ਲੋੜੀਂਦਾ ਤਾਲਮੇਲ ਨਹੀਂ ਹੈ। ਅੱਜ ਪਹਿਲੀ ਲੋੜ ਅਜਿਹਾ ਤਾਲਮੇਲ ਪੈਦਾ ਕਰਨ ਦੀ ਹੈ।

ਦੂਜਾ ਸਬਕ ਇਹ ਹੈ ਕਿ ਕੋਈ ਵੀ ਹਕੂਮਤ ਦਸਾਂ ਦਿਨਾਂ ਵਿਚ ਸਿੱਟੀ ਜਾ ਸਕਦੀ ਹੈ ਜੇ ਸਿੱਟਣ ਵਾਲ਼ੇ ਡੂੰਘੀ ਸਮਝ ਰੱਖਦੇ ਹੋਣ। ਕਿਸੇ ਵੀ ਹਕੂਮਤ ਨੂੰ ਸਿਰਫ ਬਾਹਰੋਂ ਹਮਲਾ ਕਰ ਕੇ ਨਹੀਂ ਹਰਾਇਆ ਜਾ ਸਕਦਾ। ਉਸਨੂੰ ਹਰਾਉਣ ਲਈ ਉਹਦੇ ਅੰਦਰ ਪਹਿਲਾਂ ਤੋਂ ਹੀ ਪਈਆਂ ਤਰੇੜਾਂ ਨੂੰ ਵਰਤਣਾ ਪੈਂਦਾ ਹੈ। ਅਜਿਹੀਆਂ ਤਰੇੜਾਂ ਹਰ ਸਮਾਜ ਵਿਚ ਹੁੰਦੀਆਂ ਹਨ। ਅਮਰੀਕਾ ਵਿਚ ਇਹ ਤਰੇੜ ਲੈਫਟ ਤੇ ਰਾਈਟ ਦੀ ਹੈ। ਪੂਤਿਨ ਨੇ ਕੁਝ ਹੱਦ ਤੱਕ ਸਫਲਤਾ ਨਾਲ ਇਸ ਤਰੇੜ ਨੂੰ ਵਰਤਿਆ ਵੀ ਹੈ। ਪਰ ਅਮਰੀਕਨ ਸਥਾਪਤੀ ਨੇ ਇਸਦਾ ਬੇਹੱਦ ਜ਼ਬਰਦਸਤ ਜੁਆਬ ਦਿੱਤਾ ਹੈ। ਅਸਦ ਨੂੰ ਸਿੱਟਣ ਵਿਚ ਵੱਡਾ ਰੋਲ ਸੀਰੀਆ ਦੀ ਸੁੰਨੀ ਬਹੁ-ਗਿਣਤੀ ਅਤੇ ਅਲਾਵੀ ਹਕੂਮਤ ਵਿਚਲੀ ਤਰੇੜ ਦਾ ਹੈ। ਅਸਦ ਇਸ ਤਰੇੜ ਨੂੰ ਮੇਟ ਨਾ ਸਕਿਆ ਅਤੇ ਅੰਤ ਹਾਰ ਗਿਆ। ਇਹੀ ਕੰਮ ਪਹਿਲਾਂ ਇਰਾਕ ਵਿਚ ਸੱਦਾਮ ਹੁਸੈਨ ਨਾਲ ਹੋਇਆ ਹੈ।

ਅੱਜ ਦੇ ਮੁਸਲਿਮ ਜਗਤ ਨੂੰ ਦੋ ਤਰੇੜਾਂ ਨੇ ਉਲਝਾਇਆ ਹੋਇਆ ਹੈ। ਪਹਿਲੀ ਤਾਂ ਸ਼ੀਆ-ਸੁੰਨੀ ਦੀ ਹੈ ਜਿਹੜੀ ਸਦੀਆਂ ਤੋਂ ਚੱਲਦੀ ਆ ਰਹੀ ਹੈ। ਇਹਦੇ ਬਾਰੇ ਸਾਰੇ ਜਾਣਦੇ ਹਨ। ਦੂਜੀ ਤਰੇੜ ਨਵੀਂ ਹੈ ਪਰ ਉਹ ਵੀ ਪਹਿਲੀ ਜਿੰਨੀ ਹੀ ਖਤਰਨਾਕ ਹੈ। ਇਹ ਤਰੇੜ ਮੁਸਲਿਮ ਦੇਸ਼ਾਂ ਵਿਚ ਆਧੁਨਿਕਤਾ ਦੇ ਪ੍ਰਭਾਵ ਨਾਲ ਪੈਦਾ ਹੋਈ ਹੈ। ਲਗਪਗ ਹਰ ਮੁਸਲਿਮ ਮੁਲਕ ਵਿਚ ਲੋਕਾਂ ਦਾ ਇਕ ਅਜਿਹਾ ਵਰਗ ਪੈਦਾ ਹੋ ਗਿਆ ਹੈ ਜਿਹੜਾ ਪੱਛਮੀ ਮੁਲਕਾਂ ਦੀ ਤਰਜ਼ 'ਤੇ ਵਿਅਕਤੀਗਤ ਆਜ਼ਾਦੀਆਂ ਚਾਹੁੰਦਾ ਹੈ। ਇਸ ਨਾਲ ਹਰ ਮੁਸਲਿਮ ਸਮਾਜ ਵਿਚ ਇਕ ਵੱਡੀ ਤਰੇੜ ਪੈਦਾ ਹੋ ਗਈ ਹੈ। ਆਉਣ ਵਾਲ਼ੇ ਸਮੇਂ ਵਿਚ ਇਰਾਨ ਨੂੰ ਸਿੱਟਣ ਵਾਸਤੇ ਇਸੇ ਤਰੇੜ ਨੂੰ ਵਰਤਿਆ ਜਾਣਾ ਹੈ।

ਤੀਜਾ ਸਬਕ ਇਹ ਹੈ ਕਿ ਰਾਜਨੀਤੀ ਵਿਚ ਕੋਈ ਕਿਸੇ ਦਾ ਮਿੱਤ ਨਹੀਂ ਹੁੰਦਾ। ਜੇ ਅੱਜ ਸਿੱਖ ਇਹ ਮੰਨਣ ਲੱਗ ਜਾਣ ਕਿ ਪੱਛਮੀ ਮੁਲਕ ਉਨ੍ਹਾਂ ਦਾ ਕੁਝ ਬਣਾ ਦੇਣਗੇ ਤਾਂ ਇਹ ਵੱਡੀ ਭੁੱਲ ਹੋਵੇਗੀ। ਹਾਲਾਤ ਤੇਜ਼ੀ ਨਾਲ ਕਰਵਟ ਲੈ ਰਹੇ ਹਨ। ਜੋ ਅੱਜ ਨਾਲ ਹਨ, ਕੱਲ੍ਹ ਨੂੰ ਵਿਰੋਧ ਵਿਚ ਵੀ ਖੜ੍ਹ ਸਕਦੇ ਹਨ। ਸਿੱਖਾਂ ਨੂੰ ਸਿਰਫ ਦੋ ਗੱਲਾਂ 'ਤੇ ਟੇਕ ਰੱਖਣੀ ਚਾਹੀਦੀ ਹੈ: ਪਹਿਲੀ ਅਕਾਲ ਪੁਰਖ ਦੀ ਬਖਸ਼ਿਸ਼, ਅਤੇ ਦੂਜਾ ਨਿੱਜ-ਬਲ। ਇਹ ਨਿੱਜ-ਬਲ ਕਿਸੇ 'ਕੱਲੇ-ਕਹਿਰੇ ਸਿੱਖ ਦਾ ਬਲ ਨਹੀਂ ਹੈ, ਨਾ ਹੀ ਇਹ ਸਿੱਖਾਂ ਦੇ ਕਿਸੇ ਇਕ ਧੜੇ ਦਾ ਬਲ ਹੈ। ਇਹ ਬਲ ਖਾਲਸਾ ਪੰਥ ਦੀ ਸਮੂਹਿਕ ਹਸਤੀ ਦਾ ਹੈ। ਅਕਾਲ ਪੁਰਖ ਦਾ ਓਟ-ਆਸਰਾ ਲੈ ਕੇ ਇਸ ਬਲ ਵਿਚ ਨਿਤਦਿਨ ਵਾਧਾ ਕਰਨਾ ਅੱਜ ਦੀ ਪਹਿਲੀ ਲੋੜ ਹੈ।

ਹਾਂ, ਇਹ ਜ਼ਰੂਰ ਹੈ ਕਿ ਜਦੋਂ ਨਗਾਰੇ ਨੂੰ ਚੋਟ ਲੱਗ ਗਈ ਤਾਂ ਅੰਤਰਰਾਸ਼ਟਰੀ ਸਫਬੰਦੀ ਹੋਣੀ ਹੀ ਹੋਣੀ ਹੈ। ਕਈ ਸਾਡੇ ਨਾਲ ਖੜ੍ਹੇ ਮਿਲਣਗੇ ਅਤੇ ਕਈ ਵਿਰੋਧ ਵਿਚ। ਕਈ ਬਾਹਰੋਂ ਨਾਲ ਹੋਣਗੇ ਪਰ ਅੰਦਰੋਂ ਵਿਰੋਧ ਵਿਚ। ਉਦੋਂ ਦੁਸ਼ਮਣ-ਦੋਸਤ ਦੀ ਪਛਾਣ ਕਰਨ ਵਾਲੀ ਗਹਿਰ-ਗੰਭੀਰ ਸਮਝ ਖਾਲਸਾ ਪੰਥ ਦਾ ਹਰ ਮੋੜ ਉੱਤੇ ਸਾਥ ਦੇਵੇਗੀ।

ਚੌਥਾ ਸਬਕ ਇਹ ਹੈ ਕਿ ਨਿਰਣਾਇਕ ਇਤਿਹਾਸਕ ਮੋੜ ਉੱਤੇ ਕੋਈ ਕੌਮ ਆਪਣੇ ਅੰਦਰਲੀਆਂ ਤਰੇੜਾਂ ਬਾਰੇ ਵੀ ਚੇਤੰਨ ਹੋਵੇ। ਚੰਗੇ ਭਾਗਾਂ ਨੂੰ ਇਸ ਵੇਲ਼ੇ ਖਾਲਸਾ ਪੰਥ ਵਿਚ ਸ਼ੀਆ-ਸੁੰਨੀ ਵਰਗੀ ਕੋਈ ਵੱਡੀ ਤਰੇੜ ਨਹੀਂ ਹੈ। 2011 ਦੇ ਨੇੜੇ-ਤੇੜੇ ਮਿਸ਼ਨਰੀ ਲਹਿਰ ਦੇ ਉਭਾਰ ਨਾਲ ਅਜਿਹੀ ਤਰੇੜ ਪੈਦਾ ਹੋਣ ਦੇ ਆਸਾਰ ਬਣ ਗਏ ਸਨ ਪਰ ਪੰਥ ਨੇ ਛੇਤੀ ਹੀ ਇਸਨੂੰ ਪਛਾਣ ਲਿਆ ਅਤੇ ਇਹ ਤਰੇੜ ਬਹੁਤ ਵੱਡਾ ਰੂਪ ਅਖਤਿਆਰ ਨਾ ਕਰ ਸਕੀ। ਪਰ ਇਸਦਾ ਅਰਥ ਇਹ ਨਹੀਂ ਕਿ ਇਸ ਵੇਲੇ ਪੰਥ ਵਿਚ ਕੋਈ ਤਰੇੜ ਨਹੀਂ ਹੈ। ਕਈ ਛੋਟੀਆਂ-ਛੋਟੀਆਂ ਤਰੇੜਾਂ ਹਨ ਜਿਨ੍ਹਾਂ ਨੂੰ ਸਰਗਰਮੀ ਨਾਲ ਤੁਰੰਤ ਭਰਨ ਦੀ ਲੋੜ ਹੈ।

ਪਹਿਲੀ ਅਤੇ ਸਭ ਤੋਂ ਖਤਰਨਾਕ ਤਰੇੜ ਸਨਾਤਨਵਾਦ ਦੇ ਉਭਾਰ ਨਾਲ ਪੈਦਾ ਹੋ ਰਹੀ ਹੈ। ਇਹ ਬ੍ਰਾਹਮਣਵਾਦ ਦੇ ਖਾਲਸਾ ਪੰਥ ਉੱਤੇ ਅਠਾਰ੍ਹਵੀਂ ਸਦੀ ਦੇ ਸ਼ੁਰੂ ਤੋਂ ਹੋ ਰਹੇ ਹਮਲਿਆਂ ਦਾ ਸਭ ਤੋਂ ਨਵਾਂ ਰੂਪ ਹੈ। ਇਸਦਾ ਮੁੱਖ ਨਿਸ਼ਾਨਾ ਸਿੱਖ ਸੌਵਰੇਨਿਟੀ ਦੇ ਖ਼ਿਆਲ ਨੂੰ ਬੇਅਸਰ ਕਰਨਾ ਹੈ। ਆਉਣ ਵਾਲੀ ਵੱਡੀ ਜੰਗ ਵਿਚ ਇਹ ਵਰਗ ਉਹੀ ਰੋਲ ਨਿਭਾਵੇਗਾ ਜੋ ਸਿੱਖ ਰਾਜ ਦੇ ਅੰਤਲੇ ਦਿਨੀਂ ਡੋਗਰਿਆਂ ਤੇ ਬ੍ਰਾਹਮਣਾਂ ਨੇ ਨਿਭਾਇਆ ਸੀ।

ਦੂਜੀ ਵੱਡੀ ਤਰੇੜ ਖਾਲਸਾ ਪੰਥ ਦੇ ਵੱਖ-ਵੱਖ ਰਾਜਨੀਤਕ ਧੜਿਆਂ ਵਿਚ ਚੱਲ ਰਹੀ ਪਾਟੋਧਾੜ ਹੈ। ਇਹ ਭਾਵੇਂ ਆਪਣੇ-ਆਪ ਵਿਚ ਬਹੁਤ ਵੱਡਾ ਖਤਰਾ ਨਹੀਂ ਪਰ ਜੇ ਇਸਨੂੰ ਨਾ ਪੂਰਿਆ ਗਿਆ ਤਾਂ ਫੈਸਲੇ ਦੀ ਘੜੀ ਉੱਤੇ ਵੱਡਾ ਨੁਕਸਾਨ ਹੋ ਸਕਦਾ ਹੈ। ਸਮੂਹਿਕ ਅਤੇ ਸਰਬ-ਪ੍ਰਵਾਨਤ ਲੀਡਰਸ਼ਿਪ ਹੀ ਇਸ ਤਰੇੜ ਨੂੰ ਪੂਰ ਸਕਦੀ ਹੈ।

ਇਕ ਹੋਰ ਸੁਆਲ ਇਹ ਹੈ ਕਿ ਖਾਲਸਾ ਪੰਥ ਦੀ ਸਮੂਹਿਕ ਅਗਵਾਈ ਕਰਨ ਵਾਲ਼ੇ ਆਗੂਆਂ ਵਿਚ ਕਿਹੜੇ ਗੁਣ ਹੋਣੇ ਜ਼ਰੂਰੀ ਹਨ। ਮੇਰੇ ਖ਼ਿਆਲ ਵਿਚ ਖਾਲਸਾ ਪੰਥ ਦੇ ਹਰ ਆਗੂ ਵਿਚ ਦੋ ਗੁਣ ਹੋਣੇ ਲਾਜ਼ਮੀ ਹਨ: ਉਹ ਆਪਣੇ ਸਿੰਘ ਨਾਂ ਦੀ ਲਾਜ ਪਾਲਣੀ ਜਾਣਦਾ ਹੋਵੇ, ਭਾਵ ਸ਼ੇਰ ਵਾਂਗੂੰ ਨਿਡਰ ਹੋਵੇ। ਆਪ ਦੁਸ਼ਮਣ ਤੋਂ ਡਰਦਾ ਨਾ ਹੋਵੇ ਅਤੇ ਦੁਸ਼ਮਣ ਦਾ ਨਿਰਭੈ ਹੋ ਕੇ ਟਾਕਰਾ ਕਰਨ ਦੇ ਸਮਰੱਥ ਹੋਵੇ। ਬੁਜ਼ਦਿਲ ਅਤੇ ਡਰਪੋਕ ਆਗੂ ਕੌਮਾਂ ਦੇ ਪੱਲੇ ਸਦੀਆਂ ਦੀ ਨਮੋਸ਼ੀ ਪਾ ਜਾਂਦੇ ਹਨ। ਹਰ ਆਗੂ ਵਿਚ ਦੂਜਾ ਗੁਣ ਇਹ ਹੋਣਾ ਜ਼ਰੂਰੀ ਹੈ ਕਿ ਉਸਦੀ ਨਜ਼ਰ ਬਾਜ਼ ਵਰਗੀ ਹੋਵੇ ਜੋ ਸਦੀਆਂ ਦੇ ਚਿਤਰਪਟ ਉੱਤੇ ਫੈਲੇ ਇਤਿਹਾਸਕ ਵਰਤਾਰਿਆਂ ਨੂੰ ਵੇਖਣ ਅਤੇ ਸਮਝਣ ਦੇ ਸਮਰੱਥ ਹੋਵੇ। ਉਹ ਦੁਸ਼ਮਣ ਦੀ ਚਾਲ ਨੂੰ ਚੱਲੇ ਜਾਣ ਤੋਂ ਪਹਿਲਾਂ ਹੀ ਜਾਣਦਾ ਹੋਵੇ। ਅਣਕਿਆਸੇ ਸਮਿਆਂ ਅੰਦਰ ਅਜਿਹੀ ਨਜ਼ਰ ਕੌਮ ਦੀ ਕਿਸਮਤ ਘੜਨ ਦੀ ਸਮਰੱਥਾ ਰੱਖਦੀ ਹੈ।

ਤੀਜੀ ਤਰੇੜ ਪੰਜਾਬ ਦੀ ਖੱਬੇ-ਪੱਖੀ ਧਿਰ ਵੱਲੋਂ ਪੰਜਾਬ ਅੰਦਰ ਜਾਤ-ਪਾਤ ਬਾਰੇ ਫੈਲਾਏ ਗਏ ਝੂਠੇ ਨੈਰੇਟਿਵ ਨਾਲ ਪੈਦਾ ਹੋਈ ਹੈ। ਇਹ ਵਰਤਾਰਾ ਬ੍ਰਾਹਮਣਵਾਦ ਦੇ ਲੁਕਵੇਂ ਪ੍ਰਭਾਵ ਦਾ ਨਤੀਜਾ ਹੈ। ਇਸ ਨਾਲ ਨਜਿੱਠਣਾ ਔਖਾ ਤਾਂ ਹੈ ਪਰ ਅਸੰਭਵ ਨਹੀਂ।

ਮੌਜੂਦਾ ਸਮੇਂ ਅੰਦਰ ਦੱਖਣੀ ਏਸ਼ੀਆ ਦਾ ਖਿੱਤਾ ਅਣਗਿਣਤ ਫਾਲਟ ਲਾਈਨਾਂ ਨਾਲ ਭਰਿਆ ਪਿਆ ਹੈ। ਇਨ੍ਹਾਂ ਵਿਚੋਂ ਕੁਝ ਇਕ ਜਿਵੇਂ ਫਿਰਕੂ ਸੰਪਰਦਾਇਕਤਾ, ਕਾਰਪੋਰੇਟ ਉਭਾਰ ਨਾਲ ਪੈਦਾ ਹੋਈ ਆਰਥਿਕ ਸਫਬੰਦੀ, ਹਜ਼ਾਰਾਂ ਸਾਲ ਪੁਰਾਣਾ ਜਾਤ ਦਾ ਸੁਆਲ, ਦੱਖਣੀ ਭਾਰਤ ਦੀ ਸੱਭਿਆਚਾਰਕ ਵਿਲੱਖਣਤਾ ਅਤੇ ਇਸਦਾ ਪੰਜਾਬ ਨਾਲ ਪੁਰਾਤਨ ਰਿਸ਼ਤਾ, ਕੁਦਰਤੀ ਵਸੀਲਿਆਂ ਦੀ ਬਰਬਾਦੀ ਨਾਲ ਪੈਦਾ ਹੋਣ ਵਾਲੀ ਅਸਥਿਰਤਾ ਆਦਿ ਬੇਹੱਦ ਗੰਭੀਰ ਹਨ। ਇਨ੍ਹਾਂ ਸਾਰੀਆਂ ਤਰੇੜਾਂ ਨੇ ਆਉਣ ਵਾਲੇ ਸਮੇਂ ਵਿਚ ਵਧਣਾ ਹੈ ਅਤੇ ਇਤਿਹਾਸ ਦੀ ਦਿਸ਼ਾ ਨਿਰਧਾਰਤ ਕਰਨੀ ਹੈ। ਸਿੱਖਾਂ ਲਈ ਬਹੁਤ ਜ਼ਰੂਰੀ ਹੈ ਕਿ ਉਨ੍ਹਾਂ ਦੀ ਇਨ੍ਹਾਂ ਮਸਲਿਆਂ ਬਾਰੇ ਸਮਝ ਸਮੇਂ ਦੀਆਂ ਚੁਣੌਤੀਆਂ ਦੇ ਹਾਣ ਦੀ ਹੋਵੇ।

ਪਰ ਇਹ ਸਾਰੀਆਂ ਗੱਲਾਂ ਬੇਅਸਰ ਹੋ ਜਾਣਗੀਆਂ ਜੇ ਸਿੱਖਾਂ ਨੇ ਸਰਬ-ਸਾਂਝੀ ਅਤੇ ਸਰਬ-ਪ੍ਰਵਾਨਤ ਲੀਡਰਸ਼ਿਪ ਨਾ ਪੈਦਾ ਕੀਤੀ। ਅੱਜ ਸਮਾਂ ਕਮਰ-ਕੱਸੇ ਕਰ ਕੇ ਸਿਰੜ ਨਾਲ ਕੰਮ ਕਰਨ ਦਾ ਹੈ। ਅੱਜ ਸਮਾਂ ਨਿੱਜੀ ਝਗੜਿਆਂ ਨੂੰ ਪਾਸੇ ਰੱਖ ਕੇ ਪੰਥਕ ਇੱਕਜੁੱਟਤਾ ਲਈ ਕੰਮ ਕਰਨ ਦਾ ਹੈ। ਸਭ ਤੋਂ ਅਹਿਮ, ਅੱਜ ਸਮਾਂ ਇਹ ਪਛਾਣਨ ਦਾ ਹੈ ਕਿ ਉਹ ਲੋਕ ਪੰਥ ਦੇ ਸਭ ਤੋਂ ਵੱਡੇ ਦੁਸ਼ਮਣ ਹਨ ਜੋ ਇਹ ਮੰਨਦੇ ਹਨ ਕਿ ਸਿਰਫ ਉਨ੍ਹਾਂ ਦੇ ਧੜੇ ਦਾ ਆਗੂ ਹੀ ਸਾਰੇ ਪੰਥ ਦਾ ਇਕੋ-ਇਕ ਡਿਕਟੇਟਰ ਹੋਣਾ ਚਾਹੀਦਾ ਹੈ।

ਸਤਿਗੁਰ ਭਲੀ ਕਰਨਗੇ। ਸਮਾਂ ਬਦਲੇਗਾ। ਖਾਲਸੇ ਦੀ ਚੜ੍ਹਦੀ ਕਲਾ ਹੋਵੇਗੀ। ਚਹੁੰ ਕੂਟਾਂ ਅੰਦਰ ਸ਼ਹੀਦੀ ਫੌਜਾਂ ਦੇ ਘੋੜਿਆਂ ਦੇ ਪੌੜ ਖੜਕਾਰ ਪਾਉਣਗੇ। ਇਤਿਹਾਸ ਦੀ ਨਬਜ਼ ਨੂੰ ਪਛਾਣੀਏ ਤੇ ਨਿੱਜ ਨੂੰ ਪਾਸੇ ਰੱਖ ਕੇ ਪੰਥ ਦੀ ਚੜ੍ਹਦੀ ਕਲਾ ਲਈ ਕੰਮ ਕਰੀਏ। ਵਿਸ਼ਵ-ਇਤਿਹਾਸ ਦਾ ਨਵਾਂ ਦੌਰ ਸਾਡੇ ਦਰਾਂ ਦੇ ਬਾਹਰ ਸਾਨੂੰ ਉਡੀਕ ਰਿਹਾ ਹੈ।

---

*(ਪਿਛਲੇ ਸਫੇ ਦਾ ਬਾਕੀ)*

ਆਉਣ ਤੋਂ ਖੁੰਝ ਗਿਆ।

1948 ਦਾ ਅਰਬ ਇਸਰਾਈਲ ਯੁੱਧ 15 ਮਈ 1948 ਨੂੰ ਫਿਲਸਤੀਨੀਆਂ ਅਤੇ ਯਹੂਦੀਆਂ ਵਿਚਕਾਰ ਘਰੇਲੂ ਜੰਗ ਚੱਲ ਪਈ, ਜਿਹੜੀ ਅਰਬ-ਇਸਰਾਈਲ ਯੁੱਧ ਵਿੱਚ ਬਦਲ ਗਈ। ਮਿਸਰ, ਇਰਾਕ, ਜਾਰਡਨ, ਲੈਬਨਾਨ ਅਤੇ ਸੀਰੀਆ ਇਕੱਲੇ ਇਸਰਾਈਲ ਨਾਲ ਭਿੜ ਪਏ। ਜਿਸਦਾ ਨਤੀਜਾ ਇਹ ਨਿਕਲਿਆ ਕਿ ਇਸਰਾਈਲ ਨੇ ਵੰਡ ਚ ਨਿਰਧਾਰਿਤ ਕੀਤੀ ਫਿਲਸਤੀਨ ਦੀ ਭੂਮੀ ਤੇ ਹੋਰ ਕਬਜਾ ਕਰ ਲਿਆ, ਗਾਜਾ ਪੱਟੀ ਉਪਰ ਮਿਸਰ ਨੇ ਕਬਜਾ ਕਰ ਲਿਆ ਅਤੇ ਫਿਲਸਤੀਨ ਦੀ ਮੁੱਖ ਭੂਮੀ ਪੱਛਮੀ ਕਿਨਾਰੇ ਤੇ ਜਾਰਡਨ ਨੇ ਕਬਜਾ ਕਰ ਲਿਆ। ਫਿਲਸਤੀਨੀਆਂ ਨੇ ਆਪਣੀ ਅਜਾਦੀ ਦਾ ਘੋਲ ਕਦੇ ਅਰਬਾਂ ਦੇ ਖਿਲਾਫ਼ ਨਹੀਂ ਲੜਿਆ।

1967 ਦਾ ਅਰਬ ਇਸਰਾਈਲ 6 ਦਿਨਾਂ ਯੁੱਧ ਇਸਰਾਈਲ ਮਿਸਰ ਤੋਂ ਇਹ ਚਾਹੁੰਦਾ ਸੀ ਕਿ ਦੂਸਰੇ ਦੇਸ਼ਾਂ ਵਾਂਗ ਉਸਨੂੰ ਵੀ ਸਵੇਜ ਨਹਿਰ ਤੋਂ ਆਪਣੇ ਜਹਾਜ ਲੰਘਾਉਣ ਦੀ ਖੁੱਲ੍ਹ ਹੋਵੇ। ਮਿਸਰ ਨੇ ਇਸਰਾਈਲ ਦੇ ਜਹਾਜਾਂ ਉੱਪਰ ਰੋਕ ਲਗਾ ਦਿੱਤੀ ਸੀ। ਯੁੱਧ ਵਿੱਚ ਇਸਰਾਈਲ ਨੇ ਅਰਬਾਂ ਨੂੰ ਹਰਾ ਦਿੱਤਾ ਅਤੇ ਆਪਣੇ ਦੇਸ਼ ਦੇ ਖੇਤਰਫਲ ਨੂੰ ਚਾਰ ਗੁਣਾ ਵਧਾ ਲਿਆ। ਇਸਰਾਈਲ ਨੇ ਮਿਸਰ ਤੋਂ ਸਨਾਈ ਪੈਨਿਸੁਲਾ ਅਤੇ ਗਾਜਾ ਪੱਟੀ ਹਥਿਆ ਲਈ, ਜਾਰਡਨ ਤੋਂ ਪੂਰਬੀ ਯੇਰੋਸਲਮ ਤੇ ਪੱਛਮੀ ਕਿਨਾਰਾ ਅਤੇ ਸੀਰੀਆ ਤੋਂ ਗੋਲਨ ਹਾਈਟਸ ਖੋ ਲਈ। 1979 ਵਿੱਚ ਮਿਸਰ ਨਾਲ ਹੋਏ ਸ਼ਾਂਤੀ ਸਮਝੌਤੇ ਵਿੱਚ ਇਸਰਾਈਲ ਨੇ ਸਨਾਈ ਪੈਨਿਸੁਲਾ ਮਿਸਰ ਨੂੰ ਵਾਪਸ ਕਰ ਦਿੱਤਾ।

ਕਾਲਾ ਸਿੰਤਬਰ 1967 ਦੇ ਯੁੱਧ ਤੋਂ ਬਾਅਦ ਲੱਖਾਂ ਦੀ ਗਿਣਤੀ ਵਿੱਚ ਫਿਲਸਤੀਨੀ ਜਾਰਡਨ ਵਿੱਚ ਚਲੇ ਗਏ। ਜਿਨ੍ਹਾਂ ਨੂੰ ਸ਼ਰਨਾਰਥੀਆਂ ਦੇ ਤੌਰ ਤੇ ਤੰਬੂਆਂ ਵਿੱਚ ਰੱਖਿਆ ਗਿਆ। ਵਾਸਫੀ ਤਾਲ ਨੂੰ 1970 ਵਿੱਚ ਜਾਰਡਨ ਦਾ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ। ਜਿਸਨੇ ਸਮਝਦਾਰੀ ਅਤੇ ਸਖ਼ਤੀ ਨਾਲ ਫਿਲਸਤੀਨੀਆਂ ਦੀ ਜਾਰਡਨ ਦੇ ਖਿਲਾਫ਼ ਬਗਾਵਤ ਨੂੰ ਹੱਲ ਕੀਤਾ ਸੀ। ਜਾਰਡਨ ਦੇ ਰਾਜੇ ਅਤੇ ਪ੍ਰਧਾਨ ਮੰਤਰੀ ਨੇ ਪਾਕਿਸਤਾਨ ਦੀ ਮਿਲਟਰੀ ਤੋਂ ਫਿਲਸਤੀਨੀਆਂ ਦੀ ਬਗਾਵਤ ਨੂੰ ਕੁਚਲਨ ਲਈ ਮਦਦ ਮੰਗੀ। ਪਾਕਿਸਤਾਨ ਦਾ ਉਸ ਵੇਲੇ ਬ੍ਰਿਗੇਡੀਅਰ ਜਿਆਉਲਹਕ (ਜਿਹੜਾ ਬਾਅਦ ਵਿੱਚ ਪਾਕਿਸਤਾਨ ਦਾ ਰਾਸ਼ਟਰਪਤੀ ਬਣਿਆ) ਉਸਦੀ ਡਿਊਟੀ ਜਾਰਡਨ ਵਿੱਚ ਸੀ।

ਸਾਲ 1970 ਦਾ ਸਿਤੰਬਰ ਮਹੀਨਾ ਚੜ੍ਹ ਚੁੱਕਾ ਸੀ, ਜਿਆਉਲਹਕ ਨੇ ਸੈਨਿਕ ਸ਼ਕਤੀ ਨਾਲ ਬਹੁਤ ਸਾਰੇ ਫਿਲਸਤੀਨੀ ਜੱਥੇਬੰਦੀ ਪੀ.ਐੱਲ.ਓ ਦੇ ਲੜਾਕੇ ਮਾਰ ਦਿੱਤੇ ਅਤੇ ਫਿਲਸਤੀਨੀਆ ਨੂੰ ਪੱਛਮੀ ਕਿਨਾਰੇ ਵੱਲ ਧੱਕ ਦਿੱਤਾ। ਇਸ ਕਾਲੇ ਸਿੰਤਬਰ ਵਿੱਚ ਲਗਭਗ 25000 ਫਿਲਸਤਨੀਨੀ ਮਾਰੇ ਗਏ ਸਨ। 28 ਨਵੰਬਰ 1971 ਨੂੰ ਜਾਰਡਨ ਦੇ ਪ੍ਰਧਾਨ ਮੰਤਰੀ ਵਾਸਫੀ ਤਾਲ ਨੂੰ ਕਾਲੇ ਸਿੰਤਬਰ ਦਾ ਬਦਲਾ ਲੈਣ ਲਈ ਪੀ.ਐੱਲ.ਓ ਦੇ ਲੜਾਕਿਆਂ ਨੇ ਮਾਰ ਦਿੱਤਾ। ਇਸਤੋਂ ਪਹਿਲਾਂ 20 ਜੁਲਾਈ 1951 ਨੂੰ ਇੱਕ ਫਿਲਸਤੀਨੀ ਨੇ ਜਾਰਡਨ ਦੇ ਰਾਜੇ ਅਬਦੁੱਲਾ ਨੂੰ ਉਸ ਵੇਲੇ ਮਾਰ ਦਿੱਤਾ ਸੀ, ਜਦੋਂ ਉਹ ਯੇਰੋਸਲਮ ਵਿਖੇ ਅਲ-ਅਕਸਾ ਮਸਜਿਦ ਵਿੱਚ ਗਏ ਹੋਏ ਸਨ।

ਇਸਰਾਈਲ ਅਤੇ ਫਿਲਸਤੀਨ ਵਿੱਚ ਓਸਲੋ ਸਮਝੌਤੇ ਨਾਰਵੇ ਦੇ ਓਸਲੋ ਵਿੱਚ ਦੋਵਾਂ ਵਿਚਕਾਰ ਕਿਸੇ ਸਮਝੌਤ ਤੇ ਪਹੁੰਚਣ ਲਈ ਗੱਲਬਾਤ ਚੱਲਦੀ ਰਹੀ। ਦੋਵਾਂ ਵਿਚਕਾਰ ਓਸਲੋ 1 ਸਮਝੌਤਾ ਵਾਸ਼ਿੰਗਟਨ ਡੀ.ਸੀ. ਵਿੱਚ 1993 ਵਿੱਚ ਹੋਇਆ, ਅਤੇ ਓਸਲੋ 99 ਸਮਝੌਤਾ ਤਾਬਾ-ਮਿਸਰ ਚ 1995 ਵਿੱਚ ਹੋਇਆ। ਸਮਝੌਤਿਆ ਦਾ ਮੁੱਖ ਮੁੱਦਾ ਇੱਕ ਦੂਜੇ ਨੂੰ ਮਾਨਤਾ ਦੇਣਾ ਸੀ। ਪਰ ਫਿਲਸਤੀਨ ਦੀਆਂ ਖਾੜਕੂ ਜੱਥੇਬੰਦੀਆਂ ਨੇ ਓਸਲੋ ਸਮਝੌਤਿਆਂ ਦੀ ਵਿਰੋਧਤਾ ਕੀਤੀ। ਓਸਲੋ 9 ਅਤੇ 99 ਸਮਝੌਤੇ ਕਰਨ ਵਾਲੇ ਇਸਰਾਈਲੀ ਪ੍ਰਧਾਨ ਮੰਤਰੀ ਯਿਤਜਕ ਰਬੀਨ ਨੂੰ ਇਸਰਾਈਲ ਵਿੱਚ ਹੀ ਇੱਕ ਯਹੂਦੀ ਨੇ ਮਾਰ ਦਿੱਤਾ। ਇਤਿਹਾਸਿਕ ਓਸਲੋ 1 ਸਮਝੌਤੇ ਕਾਰਨ ਇਸਰਾਈਲ ਦੇ ਵਿਦੇਸ਼ ਮੰਤਰੀ ਸੀਮੋਨ ਪੇਰੇਸ ਪ੍ਰਧਾਨ ਮੰਤਰੀ ਯਿਤਜਕ ਰਬੀਨ ਅਤੇ ਫਿਲਸਤੀਨ ਦੇ ਆਗੂ ਯਾਸਰ ਅਰਾਫਾਤ ਨੂੰ ਸਾਂਝੇ ਤੌਰ ਤੇ 1994 ਦਾ ਨੋਬੇਲ ਸ਼ਾਂਤੀ ਪੁਰਸਕਾਰ ਮਿਲਿਆ ਸੀ।

2005 ਵਿੱਚ ਇਸਰਾਈਲ ਨੇ ਸਵੈ ਇੱਛਾ ਨਾਲ ਗਾਜਾ ਪੱਟੀ ਫਿਲਸਤੀਨ ਨੂੰ ਸੌਂਪ ਦਿੱਤੀ। ਫਿਲਸਤੀਨ ਦੀ ਮੁੱਖ ਧਰਤੀ ਪੱਛਮੀ ਕਿਨਾਰੇ ਉੱਪਰ ਯਾਸਰ ਅਰਾਫਾਤ ਦੀ ਪਾਰਟੀ ਪੀ.ਐੱਲ.ਓ ਦਾ ਰਾਜ ਕਾਇਮ ਹੋ ਗਿਆ ਅਤੇ ਗਾਜਾ ਪੱਟੀ ਜਿਹੜੀ ਕਿ ਪੱਛਮੀ ਕਿਨਾਰੇ ਤੋਂ ਹਟਵੀਂ ਹੈ, ਉੱਪਰ ਹਮਾਸ ਖਾੜਕੂ ਜੱਥੇਬੰਦੀ ਦਾ ਕਬਜਾ ਹੋ ਗਿਆ।

ਅਕਤੂਬਰ 2023 ਤੋਂ ਅੰਤਰਰਾਸ਼ਟਰੀ ਵਿਰੋਧਤਾਈਆਂ ਕਾਰਨ ਅਤੇ ਅੱਤਵਾਦੀ ਸੰਗਠਨਾਂ ਦੇ ਮਨਸੂਬਿਆਂ ਕਾਰਨ ਇਸਰਾਈਲ ਅਤੇ ਫਿਲਸਤੀਨ ਦਾ ਝਗੜਾ ਸਿਖਰ ਤੇ ਪਹੁੰਚ ਚੁੱਕਾ ਹੈ। ਰੂਸ ਅਤੇ ਚੀਨ, ਅਮਰੀਕਾ ਨੂੰ ਪੱਛਮੀ ਏਸ਼ੀਆ ਦੇ ਸੰਘਰਸ਼ ਵਿੱਚ ਉਲਝਾਉਣਾ ਚਾਹੁੰਦੇ ਸਨ ਤਾਂ ਕਿ ਰੂਸ, ਯੂਕ੍ਰੇਨ ਤੇ ਅਸਾਨੀ ਨਾਲ ਜਿੱਤ ਪ੍ਰਾਪਤ ਕਰ ਸਕੇ ਅਤੇ ਚੀਨ ਤਾਇਵਾਨ ਤੇ ਜਿੱਤ ਪ੍ਰਾਪਤ ਕਰ ਸਕੇ।

ਇਰਾਨ ਦੀ ਅਮਰੀਕਾ ਅਤੇ ਇਸਰਾਈਲ ਨਾਲ ਪਹਿਲਾਂ ਤੋਂ ਹੀ ਤਿੱਖੀ ਵਿਰੋਧਤਾਈ ਚੱਲ ਰਹੀ ਹੈ। ਰੂਸ ਅਤੇ ਚੀਨ ਨੇ ਈਰਾਨ ਨੂੰ ਆਪਣੇ ਗੁੱਟ ਚ ਸ਼ਾਮਿਲ ਕੀਤਾ ਹੋਇਆ ਹੈ। ਈਰਾਨ ਨੇ ਮੁਸਲਿਮ ਜਗਤ ਉੱਪਰ ਆਪਣੀ ਧੌਂਸ ਜਮਾਉਣ ਲਈ ਦੂਸਰੇ ਮੁਸਲਿਮ ਦੇਸ਼ਾਂ ਵਿੱਚ ਕਈ ਅੱਤਵਾਦੀ ਸੰਗਠਨ ਖੜੇ ਕਰ ਲਏ ਹਨ। ਈਰਾਨ ਨੇ ਯਮਨ ਵਿੱਚ ਸ਼ੀਆ ਹੂਥੀ ਅੱਤਵਾਦੀ ਸੰਗਠਨ ਖੜਾ ਕਰਕੇ ਯਮਨ ਦੀ ਗੱਦੀ ਤੇ ਕਬਜਾ ਕਰ ਲਿਆ ਹੈ।

ਭਾਵੇਂ ਉੱਥੇ ਸ਼ੀਆ ਦੀ ਗਿਣਤੀ 40 ਪ੍ਰਤੀਸ਼ਤ ਹੈ ਅਤੇ ਸੁੰਨੀਆਂ ਦੀ 60 ਪ੍ਰਤੀਸ਼ਤ ਇਸੇ ਤਰਾਂ ਉਸਨੇ ਲੈਬਨਾਨ ਦੀ ਸਰਕਾਰੀ ਫੌਜ ਦੇ ਸਮਾਨੰਤਰ ਸ਼ੀਆ ਹਿਜਬੁੱਲਾ ਅੱਤਵਾਦੀ ਸੰਗਠਨ ਬਣਾਇਆ ਹੈ। ਗਾਜਾ ਪੱਟੀ ਵਿੱਚ ਕਾਬਜ ਹੋਏ ਹਮਾਸ ਨੂੰ ਵੀ ਈਰਾਨ ਹੀ ਸੈਨਿਕ ਅਤੇ ਆਰਥਿਕ ਮਦਦ ਦਿੰਦਾ ਹੈ। ਗਾਜਾ ਪੱਟੀ ਨੂੰ ਜੋ ਬਾਹਰਲੇ ਦੇਸ਼ਾਂ ਤੋਂ ਵੱਡੀ ਆਰਥਿਕ ਮਦਦ ਆਉਂਦੀ ਸੀ, ਉਸ ਆਰਥਿਕ ਮਦਦ ਨਾਲ ਹਮਾਸ ਨੇ ਉੱਤਰੀ ਗਾਜਾ ਵਿੱਚ ਭੂਮੀਗਤ ਸੁਰੰਗਾਂ ਦਾ ਜਾਲ ਬਿਛਾ ਦਿੱਤਾ।

7 ਅਕਤੂਬਰ 2023 ਨੂੰ ਮਿਥੀ ਸਾਜਿਸ਼ ਅਧੀਨ ਹਮਾਸ ਲੜਾਕਿਆਂ ਨੇ ਗਾਜਾ ਪੱਟੀ ਦੇ ਨਾਲ ਲੱਗਦੇ ਇਸਰਾਈਲ ਦੇ ਸ਼ਹਿਰਾਂ ਵਿੱਚ ਭਾਰੀ ਕਤਲੇਆਮ ਮਚਾ ਦਿੱਤਾ। ਜਿਸ ਵਿੱਚ ਲਗਭਗ 1600 ਯਹੂਦੀ ਬੱਚੇ, ਔਰਤਾਂ, ਮਰਦ ਅਤੇ ਸੈਨਿਕ ਮਾਰੇ ਗਏ ਅਤੇ 250 ਤੋਂ ਉੱਪਰ ਬੰਦੀ ਬਣਾ ਲਏ ਗਏ। ਪ੍ਰਤੀਕਰਮ ਵਜੋਂ ਗਾਜਾ ਪੱਟੀ ਉੱਪਰ ਇਸਰਾਈਲੀ ਸੈਨਾਂ ਦੀ ਕਾਰਵਾਈ ਜਾਰੀ ਹੈ। ਹਮਾਸ ਲੜਾਕਿਆਂ ਦਾ ਸਾਥ ਦੇਣ ਲਈ ਲੈਬਨਾਨ ਦਾ ਹਿਜਬੁੱਲਾ ਸੰਗਠਨ ਅਤੇ ਯਮਨ ਦਾ ਹੂਥੀ ਸੰਗਠਨ ਇਸਰਾਈਲ ਦੇ ਵਿਰੁੱਧ ਗੁਰਿੱਲਾ ਕਾਰਵਾਈਆਂ ਕਰ ਰਹੇ ਹਨ।

ਇਸ ਯੁੱਧ ਵਿੱਚ ਫਿਲਸਤੀਨ ਨੂੰ ਆਪਣਾ ਹੋਰ ਇਲਾਕਾ ਅਤੇ ਨਾਗਰਿਕ ਖੋਣੇ ਪੈ ਸਕਦੇ ਹਨ। ਪਿੱਛੇ ਬੈਠੇ ਰੂਸ ਅਤੇ ਚੀਨ ਦਾ ਹਿੱਤ, ਇਸ ਯੁੱਧ ਦਾ ਵਿਸਥਾਰ ਕਰਕੇ, ਵਿਸ਼ਵ ਯੁੱਧ ਬਣਾਉਣ ਵੱਲ ਹੋਵੇਗਾ, ਅਮਰੀਕਾ ਅਤੇ ਇਸਰਾਈਲ ਦਾ ਹਿੱਤ ਇਸ ਯੁੱਧ ਨੂੰ ਅੱਤਵਾਦੀ ਸੰਗਠਨਾਂ ਵਿਰੁੱਧ ਸੀਮਤ ਰੱਖਣ ਚ ਹੋਵੇਗਾ।

ਪੂਰਵ ਇਤਿਹਾਸ ਕਾਲ ਵਿੱਚ ਭਾਰਤ, ਸ਼੍ਰੀਲੰਕਾ ਨਾਲ ਸੰਬੰਧਤ ਇੱਕ ਘਟਨਾ ਤੋਂ ਸਬਕ ਲੈ ਕੇ ਮੌਜੂਦਾ ਫਿਲਸਤੀਨ-ਇਸਰਾਈਲ ਸੰਘਰਸ਼ ਨੂੰ ਰੋਕਿਆ ਜਾ ਸਕਦਾ ਸੀ। ਲੰਕਾ ਦੇ ਰਾਜੇ ਰਾਵਣ ਦੀ ਇੱਕ ਸੈਨਿਕ ਟੁੱਕੜੀ ਨੇ ਆਰੀਆ ਰਿਸ਼ੀਆਂ ਨੂੰ ਮਾਰ ਕੇ ਉਨ੍ਹਾਂ ਦੇ ਖੂਨ ਦਾ ਭਰਿਆ ਘੜਾ ਰਾਵਣ ਦੇ ਦਰਬਾਰ ਵਿੱਚ ਪੇਸ਼ ਕਰ ਦਿੱਤਾ, ਤਾਂ ਰਾਵਣ ਚੀਕਿਆ ਅਤੇ ਕਹਿਣ ਲੱਗਾ, ਇਹ ਖੂਨ ਦਾ ਘੜਾ ਲੰਕਾ ਵਿੱਚ ਅਕਾਲ ਦਾ ਕਾਰਨ ਬਣੇਗਾ, ਇਸ ਨੂੰ ਲੰਕਾ ਤੋਂ ਬਹੁਤ ਦੂਰ ਦੱਬ ਆਓ। ਇਹੋ ਖੂਨ ਦੇ ਘੜੇ ਦੀ ਗੱਲ ਫਿਲਿਸਤੀਨ ਦੇ ਅੱਤਵਾਦੀਆਂ ਨੇ ਕੀਤੀ ਹੈ।

7 ਅਕਤੂਬਰ 2023 ਨੂੰ ਫਇਲਿਸਤੀਨੀ ਅੱਤਵਾਦੀਆਂ ਨੇ ਜਸ਼ਨ ਮਨਾ ਰਹੇ 1600 ਇਸਰਾਈਲੀਆਂ ਨੂੰ ਮਾਰ ਦਿੱਤਾ ਅਤੇ 250 ਨੂੰ ਬੰਧਕ ਬਣਾ ਲਿਆ ਸੀ।

ਇਨ੍ਹਾਂ ਬੰਧਕਾਂ ਵਿੱਚ ਇਸਰਾਈਲ ਅਤੇ ਹੋਰ ਦੇਸ਼ਾਂ ਦੀਆਂ ਔਰਤਾਂ, ਬੱਚੇ ਅਤੇ ਬੁੱਢੇ ਸਨ। ਆਪਣੇ ਬੰਧਕਾਂ ਨੂੰ ਛੁਡਾਉਣ ਲਈ ਇਸਰਾਈਲ ਨੂੰ ਇਹ ਹੱਕ ਮਿਲ ਜਾਂਦਾ ਹੈ ਕਿ ਉਹ ਆਪਣੇ ਬੰਦੀਆਂ ਨੂੰ ਛੁਡਾਉਣ ਲਈ ਫਿਲਸਤੀਨ (ਗਾਜਾ) ਵਿਰੁੱਧ ਜਾਂ ਇਨ੍ਹਾਂ ਦਾ ਸਾਥ ਦੇਣ ਵਾਲੇ ਲੇਬਨਾਨ ਦੇ ਹਿਜਬੁੱਲਾ ਜਾਂ ਯਮਨ ਦੇ ਹੂਥੀਆਂ ਅਤੇ ਪ੍ਰਾਕਸੀ ਅੱਤਵਾਦ ਦੇ ਮਾਸਟਰਮਾਈਂਡ ਈਰਾਨ ਵਿਰੁੱਧ ਵੱਡੀ ਤੋਂ ਵੱਡੀ ਕਾਰਵਾਈ ਕਰ ਸਕਦਾ ਹੈ ਅਤੇ ਜੋ ਉਹ ਕਰ ਵੀ ਰਿਹਾ ਹੈ। ਸੰਸਾਰ ਭਰ ਦੇ ਬੁੱਧੀਜੀਵੀ ਬੰਧਕਾਂ ਨੂੰ ਛੁਡਾਉਣ ਦੀ ਗੱਲ ਨਾ ਕਰਕੇ ਇਸਰਾਈਲ ਵੱਲੋਂ ਕੀਤੀ ਜਾ ਰਹੀ ਸੈਨਿਕ ਕਾਰਵਾਈ ਦੀ ਪ੍ਰੋੜ੍ਹਤਾ ਕਰ ਰਹੇ ਹਨ।

-ਪੰਜਾਬ ਫੁੱਟੀ ਰੋਡ ਧੂਰੀ-148024, ਜ਼ਿਲ੍ਹਾ ਸੰਗਰੂਰ (ਪੰਜਾਬ)।

# ਪੰਜਾਬੀ ਭਾਸ਼ਾ ਦੀ ਸਥਿਤੀ ਅਤੇ ਵਰਤਮਾਨ ਵਰਤਾਰੇ

**ਵਿਸ਼ਵਵਿਆਪੀ (ਗਲੋਬਲੀ) ਵੀ ਤਦ ਹੀ ਹੋਇਆ ਜਾ ਸਕੇਗਾ, ਜੇਕਰ ਕੋਈ ਸੱਭਿਆਚਾਰ ਆਪਣੀ ਸਥਾਨਕਤਾ ਅਤੇ ਵਿਸ਼ੇਸ਼ਤਾ ਬਾਰੇ ਸੁਚੇਤ ਹੋਵੇਗਾ। ਅੱਜ ਦਾ ਪੰਜਾਬੀ ਵਿਅਕਤੀ ਆਪਣੇ ਸੱਭਿਆਚਾਰ ਵਿੱਚ ਨਹੀਂ ਜੀ ਰਿਹਾ। ਉਹ ਆਪਣੀ ਰਵਾਇਤ, ਰਹਿਣ-ਸਹਿਣ, ਭਾਸ਼ਾ ਅਤੇ ਪਹਿਰਾਵੇ ਤੋਂ ਬੇਮੁੱਖ ਹੋ ਕੇ ਆਪਣੀ ਮੂਲ ਪਛਾਣ ਤੋਂ ਵਿਛੁੰਨਿਆ ਜਾ ਰਿਹਾ ਹੈ। ਵਿਡੰਬਨਾ ਇਹ ਹੈ ਕਿ ਇਸ ਸਥਿਤੀ ਪ੍ਰਤੀ ਉਦਾਸੀਨ ਹੋਣ ਦੀ ਬਜਾਏ, ਉਹ ਹੰਕਾਰ ਨਾਲ ਭਰੇ ਹੋਏ ਦਿਖਾਵੇ ਦਾ ਗਰੱਸਿਆ ਹੋਇਆ ਹੈ।**

ਪੰਜਾਬੀ ਭਾਸ਼ਾ ਦੀ ਸਥਿਤੀ ਅਤੇ ਵਰਤਮਾਨ ਵਰਤਾਰਿਆਂ ਦੀ ਵਿਆਪਕ ਚਰਚਾ ਆਰੰਭ ਕਰਦਿਆਂ ਪੰਜਾਬੀ ਭਾਸ਼ਾ ਅਤੇ ਪੰਜਾਬੀ ਲੋਕਾਂ ਨਾਲ ਸੰਬੰਧਿਤ ਕੁਝ ਤੱਥਾਂ ਨੂੰ ਧਿਆਨ ਵਿੱਚ ਲਿਆਉਣਾ ਜ਼ਰੂਰੀ ਹੈ।

-ਦੱਖਣੀ ਏਸ਼ੀਆ ਦੀ ਕੁੱਲ ਆਬਾਦੀ ਦਾ 75 ਫੀਸਦੀ ਹਿੱਸਾ ਭਾਰਤ ਵਿੱਚ ਵੱਸਦਾ ਹੈ। ਇਹ ਪੂਰੀ ਦੁਨੀਆਂ ਦੀ ਆਬਾਦੀ ਦਾ 17 ਪ੍ਰਤੀਸ਼ਤ ਹਿੱਸਾ ਹੈ।



-ਭਾਰਤ ਦੀ ਕੁੱਲ ਆਬਾਦੀ ਦਾ 77 ਪ੍ਰਤੀਸ਼ਤ ਹਿੱਸਾ ''ਆਮ ਆਦਮੀ'' ਹੈ। ਜਿਹੜਾ ਰੋਜ਼ਾਨਾ 20 ਰੁਪਏ ਤੋਂ ਘੱਟ ਵਿੱਚ ਗੁਜ਼ਾਰਾ ਕਰਦਾ ਹੈ।

**ਡਾ.ਲਖਵਿੰਦਰ ਸਿੰਘ ਜੌਹਲ**
20-ਪ੍ਰੋਫ਼ੈਸਰ ਕਾਲੋਨੀ, ਵਡਾਲਾ ਚੌਂਕ,
ਜਲੰਧਰ-144001 -9418194812
lakhvinderjohal@yahoo.com

-ਪ੍ਰਾਇਮਰੀ ਸਕੂਲਾਂ ਵਿੱਚ ਦਾਖਲੇ ਦੀ ਭਾਰਤ ਵਿੱਚ ਕੌਮੀ ਔਸਤ 96% ਹੈ, ਜਦੋਂ ਕਿ ਪੰਜਾਬ ਦੀ ਔਸਤ ਅਜੇ ਵੀ 72% ਹੈ।

-ਸਾਖਰਤਾ ਵਿੱਚ ਪੰਜਾਬ ਦੀ ਸਥਿਤੀ 16ਵੀਂ ਹੈ। ਪ੍ਰਾਇਮਰੀ ਸਿੱਖਿਆ ਲਈ ਰੱਖੇ ਜਾਣ ਵਾਲੇ ਬੱਜਟ ਵਿੱਚ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਸਮੇਤ ਭਾਰਤ ਦੇ ਕੁੱਲ 35 ਰਾਜਾਂ ਵਿੱਚੋਂ ਪੰਜਾਬ 31ਵੇਂ ਨੰਬਰ ਉੱਤੇ ਹੈ।

-ਭਾਰਤ ਵਿੱਚ 22 ਕੌਮੀ ਭਾਸ਼ਾਵਾਂ ਸਮੇਤ ਡੇਢ ਹਜ਼ਾਰ ਮਾਤ ਭਾਸ਼ਾਵਾਂ ਅਤੇ 1800 ਹੋਰ ਭਾਸ਼ਾਵਾਂ ਹਨ।

-ਪੰਜਾਬੀ ਭਾਸ਼ਾ ਦੁਨੀਆ ਵਿੱਚ ਗਿਆਰਵੀਂ ਵੱਡੀ ਭਾਸ਼ਾ ਹੈ। ਪਰ ਇਹ ਸੱਤਾ ਦੀ ਭਾਸ਼ਾ ਕਦੀ ਵੀ ਨਹੀਂ ਰਹੀ, ਸਿਵਾਏ ਪਟਿਆਲਾ ਰਾਜ ਦੀ ਭਾਸ਼ਾ ਦੇ। -ਨਵੇਂ ਪੰਜਾਬ ਵਿੱਚ ਪੰਜਾਬੀ ਭਾਸ਼ਾ ਦੀ ਬੇਹਤਰੀ ਲਈ ਤਿੰਨ ਵਾਰ ਕਾਨੂੰਨ ਬਣਿਆ। ਪਰ ਸਥਿਤੀ ਨਹੀਂ ਬਦਲੀ।

-ਸੰਸਾਰ ਵਿੱਚ ਲਗਭਗ 15 ਕਰੋੜ ਲੋਕ ਪੰਜਾਬੀ ਬੋਲਣ ਵਾਲੇ ਹਨ। ਜਿਨ੍ਹਾਂ ਵਿੱਚੋਂ ਲਗਭਗ 9 ਕਰੋੜ ਲੋਕ ਪਾਕਿਸਤਾਨ ਵਿੱਚ ਹਨ। ਯਾਨੀ ਅੱਧ ਤੋਂ ਵੱਧ।ਉਨ੍ਹਾਂ ਦੀ ਲਿੱਪੀ ਸ਼ਾਹਮੁਖੀ ਹੈ।ਪਰ ਸਾਰੇ ਪਾਕਿਸਤਾਨ ਵਿੱਚ ਇੱਕ ਵੀ ਸਕੂਲ ਵਿੱਚ ਪੰਜਾਬੀ ਨਹੀਂ ਪੜ੍ਹਾਈ ਜਾਂਦੀ।

-ਭਾਰਤ ਵਿੱਚ ਲਗਭਗ ਤਿੰਨ ਕਰੋੜ ਲੋਕ ਪੰਜਾਬੀ ਬੋਲਦੇ ਹਨ। ਜਦੋਂ ਕਿ ਬਰਤਾਨੀਆ ਵਿੱਚ ਦੋ ਕਰੋੜ ਲੋਕ ਪੰਜਾਬੀ ਬੋਲਣ ਵਾਲੇ ਹਨ। ਸਵਾ ਕਰੋੜ ਲੋਕ ਕਨੇਡਾ ਵਿੱਚ ਪੰਜਾਬੀ ਬੋਲਦੇ ਹਨ।ਇਸ ਤੋਂ ਇਲਾਵਾ ਅਮਰੀਕਾ, ਦੁਬਈ ਅਤੇ ਹੋਰ ਅਰਬ ਦੇਸ਼ਾਂ ਸਮੇਤ ਲਗਭਗ ਦੋ ਦਰਜਨ ਦੇਸ਼ਾਂ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਲਗਭਗ ਇਕ ਕਰੋੜ ਹੈ।

-ਪੂਰੀ ਦੁਨੀਆਂ ਦੀ ਕੁੱਲ ਆਬਾਦੀ ਦਾ ਸਿਰਫ਼ 8 ਪ੍ਰਤੀਸ਼ਤ ਹਿੱਸਾ ਅੰਗਰੇਜ਼ੀ ਬੋਲਦਾ ਹੈ।

-ਭਾਰਤ ਵਿੱਚ ਨਾਗਾਲੈਂਡ ਅਤੇ ਚੰਡੀਗੜ੍ਹ ਦੀ ਸਰਕਾਰੀ ਭਾਸ਼ਾ ਅੰਗਰੇਜ਼ੀ ਹੈ। ਅਤੇ ਭਾਰਤ ਵਿੱਚ ਸਿਰਫ਼ ਪੰਜ ਪ੍ਰਤੀਸ਼ਤ ਲੋਕ ਅੰਗਰੇਜ਼ੀ ਬੋਲਦੇ ਹਨ।

-ਦੁਨੀਆ ਦਾ 80 ਪ੍ਰਤੀਸ਼ਤ ਗਿਆਨ ਅੰਗਰੇਜ਼ੀ ਵਿੱਚ ਉਪਲੱਬਧ ਹੈ।

-ਪੰਜਾਬੀ ਵਿੱਚ ਛਪਣ ਵਾਲੀਆਂ ਅਖਬਾਰਾਂ ਰਸਾਲਿਆਂ ਆਨਲਾਈਨ ਈ-ਮੈਗਜ਼ੀਨਾਂ, ਟੀ ਵੀ ਅਤੇ ਰੇਡੀਓ ਸਮੇਤ ਯੂਟਿਊਬ ਅਤੇ ਵਟਸਐਪ ਚੈਨਲਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ ਤੇ ਇਹ ਰੁਝਾਨ ਭਾਰਤ ਨਾਲੋਂ ਵਧੇਰੇ ਵਿਦੇਸ਼ਾਂ ਵਿੱਚ ਹੈ।

-ਜੇਕਰ ਦੁਨੀਆ ਭਰ ਦੀਆਂ ਭਾਸ਼ਾਵਾਂ ਦੀ ਥਾਹ ਪਾਉਣੀ ਹੋਵੇ ਤਾਂ ਬੋਲਣ ਵਾਲਿਆਂ ਦੀ ਦ੍ਰਿਸ਼ਟੀ ਤੋਂ, ਦੁਨੀਆ ਚ ਪਹਿਲੀ ਭਾਸ਼ਾ ਮੈਂਡਰਿਨ (ਅਨ-ਦਅਰਨਿ) ਹੈ। ਜਿਹੜੀ ਚੀਨ, ਸਿੰਘਾਪੁਰ, ਤਾਈਵਾਨ ਵਗੈਰਾ 'ਚ ਬੋਲੀ ਜਾਂਦੀ ਹੈ ਅਤੇ ਲਗਭਗ 14% ਲੋਕ ਦੁਨੀਆ ਚ ਮੈਂਡਰਿਨ ਬੋਲਦੇ ਹਨ।

ਦੂਜੀ ਭਾਸ਼ਾ ਸਪੈਨਿਸ਼ ਹੈ, ਜਿਹਨੂੰ 5.85 ਪ੍ਰਤੀਸ਼ਤ ਲੋਕ ਬੋਲਦੇ ਹਨ। ਤੀਜੀ ਭਾਸ਼ਾ ਅੰਗਰੇਜ਼ੀ ਹੈ, ਜਿਹਨੂੰ ਦੁਨੀਆ ਵਿੱਚ 5.52 ਪ੍ਰਤੀਸ਼ਤ ਲੋਕ ਬੋਲਦੇ ਹਨ। ਚੌਥੀ ਭਾਸ਼ਾ ਹਿੰਦੀ ਹੈ, ਜਿਹਨੂੰ 4.46% ਲੋਕ ਬੋਲਦੇ ਹਨ। ਅੱਗੋਂ ਭਾਸ਼ਾਵਾਂ ਆਉਂਦੀਆਂ ਅਰਬੀ, ਪੁਰਤਗੀਜ਼, ਬੰਗਾਲੀ, ਰੂਸੀ, ਜਪਾਨੀ ਆਦਿ। ਗਿਆਰਵੇਂ ਨੰਬਰ ਤੇ ਪੰਜਾਬੀ ਦਾ ਨਾਮ ਆਉਂਦਾ ਹੈ। ਸੰਸਾਰ ਭਰ ਦੇ ਵਿੱਚ ਗਿਆਰਵੀਂ ਅਤੇ ਭਾਰਤ ਵਿੱਚ ਇਹ ਦਸਵੀਂ ਭਾਸ਼ਾ ਪੰਜਾਬੀ ਹੈ। ਜਿਹੜੀ ਲਗਭਗ 15 ਕਰੋੜ ਲੋਕ ਬੋਲਦੇ ਹਨ। ਪਾਕਿਸਤਾਨ ਵਿੱਚ 44% ਲੋਕ ਪੰਜਾਬੀ ਬੋਲਦੇ ਹਨ। ਜੋ ਲਗਭਗ 9 ਕਰੋੜ ਲੋਕਾਂ ਦੀ ਭਾਸ਼ਾ ਹੈ। ਭਾਰਤ ਵਿੱਚ ਇਹ ਲਗਭਗ ਤਿੰਨ ਕਰੋੜ ਲੋਕਾਂ ਦੀ ਭਾਸ਼ਾ ਹੈ।

-ਪੰਜਾਬੀ ਸੂਬਾ ਬਣਨ ਤੋਂ ਬਾਅਦ 29 ਦਸੰਬਰ 1967 ਨੂੰ 1960 ਦੇ ਐਕਟ ਨੂੰ ਰੱਦ ਕਰਕੇ ਨਵਾਂ ਰਾਜ ਭਾਸ਼ਾ ਐਕਟ 1967 ਬਣਾਇਆ ਗਿਆ ਸੀ। ਇਸ ਐਕਟ ਦੇ ਬਣਾਉਣ ਦਾ ਆਦੇਸ਼ ਪੰਜਾਬ ਰਾਜ ਦੇ ਸਾਰੇ ਜਾਂ ਕੁਝ ਦਫਤਰਾਂ ਦਫਤਰੀ ਕੰਮ ਕਾਜ ਨੂੰ ਪੰਜਾਬੀ ਵਿੱਚ ਕੀਤੇ ਜਾਣਾ ਨਿਸ਼ਚਿਤ ਕੀਤਾ ਗਿਆ ਸੀ।

ਬਾਅਦ ਵਿੱਚ 2008 ਅਤੇ 2021ਵਿਚ ਹੋਈਆਂ ਸੋਧਾਂ ਨੇ, ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਦਾ ਕਿਹੋ ਜਿਹਾ ਰੁਤਬਾ ਦਿੱਤਾ?, ਸਕੂਲਾਂ,ਕਾਲਜਾਂ ਅਤੇ ਦਫ਼ਤਰਾਂ ਵਿੱਚ ਪੰਜਾਬੀ ਕਿੰਨੀ ਕੁ ਲਾਗੂ ਹੋਈ?, ਇਹ ਸਭ ਦੇ ਸਾਹਮਣੇ ਹੈ। ਇਸ ਸਥਿਤੀ ਦਾ ਮੂਲ ਕਾਰਨ ਇਹ ਹੈ ਕਿ ਇਸ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਲਈ ਸਜ਼ਾ ਦੀ ਮੱਦ ਮਜ਼ਬੂਤ ਨਹੀਂ ਹੈ।

**ਪੰਜਾਬੀ ਸੂਬਾ ਬਣਨ ਤੋਂ ਬਾਅਦ 29 ਦਸੰਬਰ 1967 ਨੂੰ 1960 ਦੇ ਐਕਟ ਨੂੰ ਰੱਦ ਕਰਕੇ ਨਵਾਂ ਰਾਜ ਭਾਸ਼ਾ ਐਕਟ 1967 ਬਣਾਇਆ ਗਿਆ ਸੀ। ਇਸ ਐਕਟ ਦੇ ਬਣਾਉਣ ਦਾ ਆਦੇਸ਼ ਪੰਜਾਬ ਰਾਜ ਦੇ ਸਾਰੇ ਜਾਂ ਕੁਝ ਦਫਤਰਾਂ ਦਫਤਰੀ ਕੰਮ ਕਾਜ ਨੂੰ ਪੰਜਾਬੀ ਵਿੱਚ ਕੀਤੇ ਜਾਣਾ ਨਿਸ਼ਚਿਤ ਕੀਤਾ ਗਿਆ ਸੀ।**

-ਇਹ ਸਾਰੇ ਤੱਥ ਸਾਬਿਤ ਕਰਦੇ

ਹਨ ਕਿ ਇਹ ਦੌਰ ਸਥਾਨਕ ਭਾਸ਼ਾਵਾਂ ਅਤੇ ਸੱਭਿਆਚਾਰਾਂ ਦੇ ਵਿਪਰੀਤ ਹੈ। ਇਹ ਸਾਡੇ ਇਤਿਹਾਸ ਦਾ ਅਜਿਹਾ ਬਿੰਦੂ ਹੈ ਜਿੱਥੇ ਸੰਕਲਪਾਂ ਅਤੇ ਵਸਤਾਂ ਦੀ ਪਰਿਭਾਸ਼ਾ ਬਹੁਤ ਤੇਜ਼ੀ ਨਾਲ ਬਦਲ ਰਹੀ ਹੈ। ਅਜਿਹੀ ਸਥਿਤੀ ਵਿੱਚ ਪੰਜਾਬੀ ਸਮਾਜ ਦੀ ਗੁੰਝਲਦਾਰ ਸਥਿਤੀ ਨੂੰ ਸਮਝਣਾ ਬਹੁਤ ਜ਼ਰੂਰੀ ਹੈ।ਇਹ ਓਨਾ ਹੀ ਗੁੰਝਲਦਾਰ ਮਸਲਾ ਹੈ, ਜਿੰਨਾ ਵਿਸ਼ਵੀਕਰਨ ਅਤੇ ਉਦਾਰੀ ਕਰਨ ਦੀਆਂ ਬਰੀਕੀਆਂ ਦੀ ਥਾਹ ਪਾਉਣਾ।

ਅਜਿਹੀ ਸਥਿਤੀ ਵਿੱਚ ਵਰਤਮਾਨ ਵਰਤਾਰਿਆਂ ਦੇ ਸੰਦਰਭ ਵਿੱਚ ਪੰਜਾਬੀਅਤ ਨੂੰ ਇਸ ਦੇ ਗਲੋਬਲੀ ਸਰੂਪ ਰਾਹੀਂ ਨਿਹਾਰਨਾ ਸਮੇਂ ਦੀ ਲੋੜ ਹੈ। ਪੰਜਾਬ ਨੂੰ ਜੇਕਰ ਖਿੱਤੇ ਵਿਸ਼ੇਸ਼ ਉੱਤੇ ਕੇਂਦਰਿਤ ਕਰ ਲਿਆ ਜਾਏ ਤਾਂ ਹੁਣ ਇਹ ਸੰਪੂਰਨ ਅਰਥਾਂ ਵਾਲਾ ਪੰਜਾਬ ਨਹੀਂ ਹੈ। ਹਾਲਾਂਕਿ ਸਥਾਨਕਤਾ ਦੀ ਰਵਾਇਤੀ ਪਰਿਭਾਸ਼ਾ ਕਿਸੇ ਖਿੱਤੇ ਵਿਸ਼ੇਸ਼ ਨਾਲ ਜੁੜੀ ਹੋਈ ਹੈ। ਜਿਸ ਵਿੱਚ ਉਸ ਖਿੱਤੇ ਦੇ ਲੋਕਾਂ ਦੀ ਵਿਸ਼ੇਸ਼ ਸਭਿਆਚਾਰਕ ਪਛਾਣ, ਉਨ੍ਹਾਂ ਦੀ ਭਾਸ਼ਾ, ਉਨ੍ਹਾਂ ਦੀਆਂ ਪਰੰਪਰਾਵਾਂ, ਅਤੇ ਉਨ੍ਹਾਂ ਦੀ ਰਹਿਣੀ ਬਹਿਣੀ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਸ਼ਾਮਿਲ ਹੁੰਦੀਆਂ ਹਨ। ਪਰ ਵਿਸ਼ਵੀਕਰਨ ਨੇ ਸਥਾਨਕਤਾ ਦੀ ਇਹ ਪਰਿਭਾਸ਼ਾ ਵੀ ਬਦਲ ਦਿੱਤੀ ਹੈ। ਜਾਂ ਕਹਿ ਲਓ ਕਿ ਵਿਸਤਾਰ ਦਿੱਤੀ ਹੈ। ਹੁਣ ਸਥਾਨਕਤਾ ਕੋਈ ਸਥਿਰ ਵਰਤਾਰਾ ਨਹੀਂ ਹੈ, ਇਹ ਇਕ ਗਤੀਸ਼ੀਲ ਅਮਲ ਹੈ। ਇਸ ਗਤੀਸ਼ੀਲਤਾ ਦੀ ਸਾਰਥਕਤਾ ਇਹ ਹੈ, ਕਿ ਪੰਜਾਬੀ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਰਹਿੰਦੇ ਹੋਏ ਵੀ, ਪੰਜਾਬੀ ਸਮਾਜ ਦੇ ਸਰੋਕਾਰਾਂ ਨਾਲ ਜੁੜੇ ਰਹਿਣ ਦਾ ਯਤਨ ਕਰਦੇ ਹਨ। ਇਨ੍ਹਾਂ ਸਰੋਕਾਰਾਂ ਵਿੱਚ ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਧਰਮ ਦੇ ਸਰੋਕਾਰ ਵਧੇਰੇ ਪ੍ਰਬਲ ਹਨ। ਪਰੰਤੂ ਪੰਜਾਬ ਦੇ ਵਿਕਾਸ ਅਤੇ ਇਸ ਦੇ ਵਿਰਾਸਤੀ ਗੌਰਵ ਦੇ ਸਰੋਕਾਰ ਵਧੇਰੇ ਪ੍ਰਬਲ ਨਹੀਂ ਹਨ।

ਇਸ ਸਮੁੱਚੇ ਵਰਤਾਰੇ ਵਿੱਚ ਟੈਕਨੋਲੋਜੀ ਦੇ ਪਾਸਾਰ ਅਤੇ ਮਸਨੂਈ ਬੁੱਧੀਮਤਾ ਦੀ ਆਮਦ ਨੇ ਨਵੀਆਂ ਵੰਗਾਰਾਂ ਖੜ੍ਹੀਆਂ ਕਰ ਦਿੱਤੀਆਂ ਹਨ। ਇਸ ਵਿੱਚ ਸਾਹਿਤਕਾਰਾਂ ਦੀ ਭੂਮਿਕਾ,ਮੀਡੀਆ ਦਾ ਯੋਗਦਾਨ, ਪੂੰਜੀ ਦਾ ਪ੍ਰਚਲਨ, ਅਤੇ ਸੰਸਥਾਵਾਂ ਕੀ ਰੋਲ ਅਦਾ ਕਰ ਸਕਦੀਆਂ ਹਨ। ਇਹ ਸਭ ਕੁਝ ਵੀ ਗਹਿਰੇ ਵਿਚਾਰ ਦਾ ਵਿਸ਼ਾ ਹੈ।

ਦਿਨ ਬ ਦਿਨ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ, ਸਿੱਖਿਆ ਸਿਹਤ ਅਤੇ ਸੁਰੱਖਿਆ ਵਰਗੀਆਂ ਬੁਨਿਆਦੀ ਸਹੂਲਤਾਂ ਤੋਂ ਵੀ ਵਿਰਵੇ ਹੋ ਰਹੇ ਅਤੇ ਆਪਣੀ ਹੋਂਦ ਨੂੰ ਬਚਾਉਣ ਦੀਆਂ ਵੰਗਾਰਾਂ ਨਾਲ ਜੂਝਦੇ ਪੰਜਾਬੀਆਂ ਤੋਂ, ਗੁੰਝਲਦਾਰ ਸਥਿਤੀ ਵਿੱਚੋਂ ਨਿਕਲ ਕੇ ਅੱਗੇ ਵਧਣ ਲਈ, ਕੀ ਆਸ ਰੱਖੀ ਜਾ ਸਕਦੀ ਹੈ? ਇਹ ਮੁੱਦਾ ਬੇਹੱਦ ਅਹਿਮ ਹੈ।

ਭਾਰੂ ਸੱਭਿਆਚਾਰਾਂ ਦੇ ਸਾਮਰਾਜ ਨੇ ਆਪਣੇ ਅਥਾਹ ਪ੍ਰਸਾਰ ਅਤੇ ਵਿਸਥਾਰ ਨਾਲ, ਸਮਾਜ ਦੇ ਵਿਭਿੰਨ ਖੇਤਰਾਂ ਨੂੰ ਆਪਣੀ ਮਨਮਰਜ਼ੀ ਅਨੁਸਾਰ ਪ੍ਰਭਾਸ਼ਿਤ ਕਰਨਾ ਆਰੰਭ ਕਰ ਦਿੱਤਾ ਹੈ। ਹੁਣ ਫਿਜ਼ੀਕਲ ਡਿਫੈਂਸ ਜਾਂ ਜ਼ਮੀਨੀ ਹਮਲਿਆਂ ਦੀ ਗੱਲ ਛੋਟੀ ਹੋ ਗਈ ਹੈ। ਹੁਣ ਮਨ ਅਤੇ ਦਿਮਾਗ਼ ਉੱਤੇ ਹਮਲੇ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇਹਨਾਂ ਹਮਲਿਆਂ ਲਈ ਮੀਡੀਆ ਸਭ ਤੋਂ ਕਾਰਗਰ ਹਥਿਆਰ ਹੈ। ਜਿਨਾਂ ਖੇਤਰਾਂ ਵਿੱਚ ਵਿਕਾਸ ਦੀ ਕਿਰਨ ਮਾਤਰ ਵੀ ਨਹੀਂ ਪਹੁੰਚੀ, ਜਿੱਥੇ ਸੜਕ ਬਿਜਲੀ ਸਕੂਲ ਬਿਲਕੁਲ ਵੀ ਨਹੀਂ ਹਨ, ਉੱਥੇ ਵੀ ਮੀਡੀਆ, ਆਪਣੇ ਸਾਰੇ ਪਾਸਾਰਾਂ ਸਮੇਤ ਪਹੁੰਚਾ ਹੋਇਆ ਹੈ।

-ਆਰਟੀਫਿਸ਼ਲ ਇੰਟੈਲੀਜੈਂਸ (ਮਸਨੂਈ ਬੁੱਧੀਮਤਾ)

ਦੀ ਆਮਦ ਨੇ ਸਾਡੇ ਲਈ ਹੋਰ ਵੱਡੀਆਂ ਵੰਗਾਰਾਂ ਪੈਦਾ ਕਰ ਦਿੱਤੀਆਂ ਹਨ। ਸਪਸ਼ਟ ਹੈ ਕਿ ਹੁਣ ਉਹੀ ਸੱਭਿਆਚਾਰ ਜਿਊਂਦਾ ਰਹਿ ਸਕਦਾ ਹੈ, ਜਿਸ ਦੀ ਦ੍ਰਿਸ਼ਟੀ ਵਿਸ਼ਵ-ਵਿਆਪੀ ਹੋਵੇ, ਵਿਸ਼ਵ ਦੀਆਂ ਸਮੁੱਚੀਆਂ ਸਮੱਸਿਆਵਾਂ ਅਤੇ ਚਿੰਤਨ ਨੂੰ ਸਮਝ ਕੇ ਅਤੇ ਆਪਣੇ ਆਪ ਵਿੱਚ ਜਜ਼ਬ ਕਰਕੇ, ਚੱਲ ਸਕਣ ਦੀ ਸੋਝੀ ਅਤੇ ਸਮਰੱਥਾ ਰੱਖਦਾ ਹੋਵੇ।

ਵਿਸ਼ਵਵਿਆਪੀ (ਗਲੋਬਲੀ) ਵੀ ਤਦ ਹੀ ਹੋਇਆ ਜਾ ਸਕੇਗਾ, ਜੇਕਰ ਕੋਈ ਸੱਭਿਆਚਾਰ ਆਪਣੀ ਸਥਾਨਕਤਾ ਅਤੇ ਵਿਸ਼ੇਸ਼ਤਾ ਬਾਰੇ ਸੁਚੇਤ ਹੋਵੇਗਾ। ਅੱਜ ਦਾ ਪੰਜਾਬੀ ਵਿਅਕਤੀ ਆਪਣੇ ਸੱਭਿਆਚਾਰ ਵਿੱਚ ਨਹੀਂ ਜੀ ਰਿਹਾ। ਉਹ ਆਪਣੀ ਰਵਾਇਤ, ਰਹਿਣ-ਸਹਿਣ, ਭਾਸ਼ਾ ਅਤੇ ਪਹਿਰਾਵੇ ਤੋਂ ਬੇਮੁੱਖ ਹੋ ਕੇ ਆਪਣੀ ਮੂਲ ਪਛਾਣ ਤੋਂ ਵਿਛੁੰਨਿਆ ਜਾ ਰਿਹਾ ਹੈ। ਵਿਡੰਬਨਾ ਇਹ ਹੈ ਕਿ ਇਸ ਸਥਿਤੀ ਪ੍ਰਤੀ ਉਦਾਸੀਨ ਹੋਣ ਦੀ ਬਜਾਏ, ਉਹ ਹੰਕਾਰ ਨਾਲ ਭਰੇ ਹੋਏ ਦਿਖਾਵੇ ਦਾ ਗਰੱਸਿਆ ਹੋਇਆ ਹੈ।

ਇਸੇ ਕਰਕੇ ਪੰਜਾਬੀ ਬੁੱਧੀਜੀਵੀ ਦੇਸ਼ ਵਿੱਚ ਵੀ, ਅਤੇ ਵਿਦੇਸ਼ਾਂ ਵਿੱਚ ਵੀ,ਪੰਜਾਬੀ ਸੱਭਿਆਚਾਰ ਨੂੰ ਵਿਸਵ ਪੱਧਰ ਉੱਤੇ ਵਿਕਸਿਤ ਕਰਨ ਵਿੱਚ ਲਗਭਗ ਅਸਫ਼ਲ ਰਹੇ ਹਨ। ਆਪਣੀ ਭਾਸ਼ਾ ਨੂੰ ਸਵੀਕਾਰ ਕਰਨ ਤੋਂ ਬਿਨਾਂ, ਇਹ ਸੰਭਵ ਨਹੀਂ ਹੋ ਸਕਦਾ ਕਿ ਪੰਜਾਬੀ ਆਪਣੇ ਸਭਿਆਚਾਰ ਨੂੰ ਗਲੋਬਲੀ ਪਛਾਣ ਵਾਲਾ ਸਭਿਆਚਾਰ ਬਣਾ ਸਕਣ। ਮੱਧਕਾਲ ਦੀ ਭਗਤੀ ਲਹਿਰ ਅਤੇ ਗੁਰਬਾਣੀ ਦਾ ਸੰਦੇਸ਼ ਸੰਵਾਦ-ਦ੍ਰਿਸ਼ਟੀ ਹੈ। ਗੁਰੂ ਨਾਨਕ ਦੇਵ ਦੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਤੋਂ ਬਾਬਾ ਬੰਦਾ ਸਿੰਘ ਬਹਾਦਰ ਤੱਕ ਦੀ ਸਮੁੱਚੀ ਸਿੱਖ ਕ੍ਰਾਂਤੀ ਦੇ ਸਿਧਾਂਤਾਂ ਦੇ ਨਾਲ-ਨਾਲ, ਮਾਰਕਸਵਾਦੀ ਅਤੇ ਉਦਾਰਵਾਦੀ ਪੂੰਜੀਵਾਦ ਦੇ ਵਿਸਥਾਰ ਰਾਹੀਂ, ਵਰਤਮਾਨ ਤੱਕ ਪਹੁੰਚ ਕੇ ਨਵੇਂ ਪੰਜਾਬੀ ਸੱਭਿਆਚਾਰ ਦੀ ਵਿਲੱਖਣਤਾ ਨੂੰ ਨਿਹਾਰਨਾ ਬਹੁਤ ਜ਼ਰੂਰੀ ਹੈ।

ਭਾਰਤੀ ਸੰਸਕ੍ਰਿਤੀ ਦੇ ਉਥਾਨ ਉਤੇ ਕੇਂਦਰਿਤ ਹੋਈਏ ਤਾਂ ਭਾਰਤੀ ਸੰਸਕ੍ਰਿਤੀ ਬਹੁਤ ਜਟਲਤਾ ਵਾਲੀ ਸੰਸਕ੍ਰਿਤੀ ਹੈ। ਵਰਤਮਾਨ ਤੱਕ ਪਹੁੰਚਦਿਆਂ ਇਹ ਜਟਲਤਾ ਸਰਲਤਾ ਵਿੱਚ ਪਰਿਵਰਤਿਤ ਹੁੰਦੀ ਮਹਿਸੂਸ ਹੋ ਰਹੀ ਹੈ। ਬਾਕੀ ਭਾਰਤੀ ਸੱਭਿਆਚਾਰਾਂ ਦੇ ਮੁਕਾਬਲੇ ਪੰਜਾਬੀ ਸਭਿਆਚਾਰ ਬਹੁਤ ਸਰਲ ਸੱਭਿਆਚਾਰ ਹੈ।

ਬਹੁਤ ਜ਼ਰੂਰੀ ਗੱਲ ਕਿ ਪੰਜਾਬ ਕਦੇ ਵੀ ਇੱਕ ਭਾਸ਼ੀ ਨਹੀਂ ਰਿਹਾ। ਗੁਰੂ ਗੋਬਿੰਦ ਸਿੰਘ ਖੁਦ ਪੰਜ ਭਾਸ਼ਾਵਾਂ ਵਿੱਚ ਲਿਖਦੇ ਸਨ। ਸੰਸਕ੍ਰਿਤ, ਬ੍ਰਜ ਭਾਸ਼ਾ, ਫ਼ਾਰਸੀ, ਪੰਜਾਬੀ ਅਤੇ ਹਿੰਦੀ।

-ਭਗਤ ਕਬੀਰ ਜੀ ਦੇ "ਕੁਦਰਤ ਕੇ ਸਭ ਬੰਦੇ" ਗੁਰੂ ਨਾਨਕ ਦੇਵ ਜੀ ਦੇ ਸਰਬ ਸਾਂਝੀਵਾਲਤਾ ਦੇ ਸੰਦੇਸ਼, ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ, ਅਤੇ ਗੁਰੂ ਗੋਬਿੰਦ ਸਿੰਘ ਜੀ ਦੇ "ਮਾਨਸ ਕੀ ਜਾਤ ਸਭੇ ਏਕੋ ਪਹਿਚਾਨਬੋ" ਰਾਹੀਂ, ਬੰਦਾ ਸਿੰਘ ਬਹਾਦਰ ਦੀ ਅਗਵਾਈ ਵਾਲੀ ਸਿੱਖ ਕ੍ਰਾਂਤੀ ਦੀ ਰੌਸ਼ਨੀ ਵਿੱਚ ਅੱਗੇ ਵਧਦੇ ਹੋਏ, ਦੁਨੀਆ ਭਰ ਦੀਆਂ ਭਾਸ਼ਾਵਾਂ ਨੂੰ ਸਿੱਖਣ ਦੇ ਯਤਨਾਂ ਰਾਹੀਂ, ਵਿਸ਼ਵ ਸੱਭਿਆਚਾਰਾਂ ਦੀਆਂ ਗਹਿਰਾਈਆਂ ਨੂੰ ਸਮਝਦੇ ਹੋਏ, ਆਪਣੀ ਭਾਸ਼ਾ ਤੇ ਆਪਣੇ ਸੱਭਿਆਚਾਰ ਨੂੰ ਬਚਾਈ ਰੱਖਣਾ ਬੇਹੱਦ ਜ਼ਰੂਰੀ ਹੈ।

ਪੰਜਾਬੀਅਤ ਦਾ ਵਰਤਮਾਨ ਦੁਖਾਂਤ ਇਹ ਹੈ ਕਿ ਪੰਜਾਬੀਆਂ ਨੂੰ ਸਿਰਫ਼ ਪੰਜਾਬੀ ਭਾਸ਼ਾ ਤੱਕ ਹੀ ਸੀਮਤ ਕੀਤਾ ਜਾ ਰਿਹਾ ਹੈ। ਇਹ ਸਾਹਿਤ ਅਤੇ ਸੱਭਿਆਚਾਰ ਤੋਂ ਵਿਛੁੰਨੇ ਜਾ ਰਹੇ ਹਨ। ਅਗਲੀ ਪੀੜ੍ਹੀ ਤੱਕ ਸਿਰਫ ਭਾਸ਼ਾ ਹੀ ਜਾ ਰਹੀ ਹੈ, ਉਹ ਵੀ ਗੁਰਮੁਖੀ ਲਿੱਪੀ ਦੀ ਮੁਹਾਰਤ ਤੋਂ ਬਗੈਰ। ਸਾਡੀ ਵਿਰਾਸਤ, ਸਾਡਾ ਵਿਚਾਰ, ਸਾਡੀਆਂ ਕਦਰਾਂ ਕੀਮਤਾਂ (ਠਹੁੋਗਹਟਸ ਚ ਙਅਲੁਏਸ) ਗੁੰਮ ਹੋ ਰਹੇ ਹਨ। ਪੰਜਾਬ ਦੀ ਕਲਚਰਲ ਟ੍ਰਾਂਸਫਰਮੇਸ਼ਨ ਨਹੀਂ ਹੋ ਰਹੀ। ਇਤਿਹਾਸ ਦਾ ਗੌਰਵ ਸਾਡੇ ਮਨਾਂ ਵਿੱਚੋਂ ਮਨਫ਼ੀ ਹੋ ਰਿਹਾ ਹੈ। ਪੰਜਾਬ ਆਰਥਿਕ ਕੰਗਾਲੀ ਰਾਹੀਂ ਬੌਧਿਕ ਕੰਗਾਲੀ ਵੱਲ ਵਧ ਰਿਹਾ ਹੈ। ਜੋ ਸਾਧਨ ਸੰਪਨ ਹੈ, ਉਹ ਬਾਹਰ ਜਾ ਰਿਹਾ ਹੈ। ਬਾਹਰੋਂ ਗ਼ਰੀਬੀ ਆ ਰਹੀ ਹੈ। ਇੰਟਲੈਕਟ ਡਰੇਨ ਆਊਟ ਹੋ ਰਿਹਾ ਹੈ। ਅਨਪੜ੍ਹਤਾ ਡਰੇਨ ਇਨ ਹੋ ਰਹੀ ਹੈ।ਅਸੀਂ ਵਰਤਮਾਨ ਮੁਖੀ ਹੋਣ ਦੀ ਬਜਾਏ ਅਤੀਤ ਮੁਖੀ ਹੋ ਰਹੇ ਹਾਂ। ਪਰ ਇਸ ਅਤੀਤ ਮੁਖਤਾ ਵਿੱਚੋਂ ਇਤਿਹਾਸ ਮੁਖਤਾ ਗਾਇਬ ਹੈ, ਮਿਥਿਹਾਸ ਮੁਖਤਾ ਭਾਰੂ ਹੋ ਰਹੀ ਹੈ। ਸਮਾਜ ਦੀ ਪ੍ਰਗਤੀ ਸੱਭਿਆਚਾਰ ਰਾਹੀਂ ਹੋਣੀ ਹੁੰਦੀ ਹੈ, ਧਰਮ ਜਾਂ ਰਾਜਨੀਤੀ ਰਾਹੀਂ ਨਹੀਂ। ਪੰਜਾਬੀਆਂ ਨੂੰ ਇਸ ਬਰੀਕ ਜਿਹੇ ਫਰਕ ਨੂੰ ਸਮਝ ਕੇ ਅੱਗੇ ਵਧਣ ਦੀ ਲੋੜ ਹੈ ਤੇ ਅੱਗੇ ਵਧਣ ਦੇ ਤਿੰਨ ਹੀ ਨੁਕਤੇ ਹਨ :-

-ਸਿੱਖਿਆ -ਸਿਰਜਣਾ -ਅਕਾਦਮਿਕਤਾ

-ਇਸ ਵੇਲੇ ਵੱਡੀ ਵੰਗਾਰ ਆਰਟੀਫਿਸ਼ਅਲ ਇੰਟੈਲੀਜੈਂਸ ਦੀਆਂ ਲੱਭਤਾਂ ਨਾਲ ਵਰ ਮੇਚਣ ਦੀ ਵੀ ਹੈ। ਇਸ ਲਈ ਬਹੁਤ ਜ਼ਰੂਰੀ ਹੈ ਕਿ ਪੰਜਾਬੀ ਗਿਆਨ ਅਤੇ ਪੰਜਾਬੀ ਸਾਹਿਤ ਨੂੰ ਯੂਨੀਕੋਡ ਰਾਹੀਂ ਗੂਗਲ ਉੱਤੇ ਅਪਲੋਡ ਕੀਤਾ ਜਾਵੇ। ਇਹ ਕਾਰਜ ਪ੍ਰੋਜੈਕਟ ਬਣਾ ਬਣਾ ਕੇ ਅੱਗੇ ਵਧਾਉਣ ਦੀ ਲੋੜ ਹੈ। 'ਅਗਲੀ ਪੀੜ੍ਹੀ ਨੂੰ ਗੁਰਮੁਖੀ ਲਿਪੀ ਨਾਲ ਜੋੜਿਆ ਜਾਵੇ। ਗੁਰਮੁਖੀ ਲਿਪੀ ਵਿੱਚ ਲਿਖਣ ਅਤੇ ਪੜ੍ਹਨ ਦੀ ਆਦਤ ਵਿਕਸਿਤ ਕੀਤੀ ਜਾਵੇ

-ਸਿਹਤਮੰਦ ਸਾਹਿਤ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ ਜਾਵੇ।

## ਪੰਜਾਬ ਦਾ ਨਹਿਰੀ ਪਾਣੀ : ਇੱਕ ਤੱਥ



ਲਵਪ੍ਰੀਤ ਸਿੰਘ ਸੋਹਣੇਵਾਲਾ

ਪੰਜਾਬ ਵਿੱਚ ਮੁੱਖ ਚਾਰ ਖੇਤਰ ਹਨ,
ਚਾਰ ਖੇਤਰਾਂ ਵਿੱਚ ਮਾਝਾ, ਮਾਲਵਾ,
ਦੁਆਬਾ ਅਤੇ ਪੁਆਧਾ ਸ਼ਾਮਿਲ ਹੈ,
ਚੜਦੇ ਪੰਜਾਬ ਵਿੱਚ ਮੁੱਖ ਢਾਈ ਦਰਿਆ
ਹਨ , ਜਿਸ ਵਿੱਚ ਸਤਲੁਜ, ਬਿਆਸ
ਅਤੇ ਅੱਧਾ ਰਾਵੀ ਮੌਜੂਦ ਹੈ,
ਸਤਲੁਜ ਅਤੇ ਬਿਆਸ ਦਰਿਆਵਾਂ ਦਾ
ਸੰਗਮ ਹਰੀਕੇ ਪੱਤਣ ਹੋ ਜਾਂਦਾ ਹੈ,
ਇੱਥੋਂ ਇਹਨਾਂ ਦਾ ਪਾਣੀ ਦੋ ਨਹਿਰਾਂ ਰਾਹੀਂ
ਰਾਜਸਥਾਨ ਨੂੰ ਭੇਜਿਆ ਜਾਂਦਾ ਹੈ,
ਸਤਲੁਜ ਅਤੇ ਬਿਆਸ ਦਾ ਪਾਣੀ
ਰਾਜਸਥਾਨ ਵਰਤ ਲੈਂਦਾ ਹੈ,
ਮਾਝਾ ਦੁਆਬਾ ਅਤੇ ਪੁਆਧਾ ਖੇਤਰ ਨਹਿਰੀ
ਪਾਣੀ ਦੀ ਵਰਤੋਂ ਬਹੁਤ ਘੱਟ ਕਰਦੇ ਹਨ ,
ਕਿਓਕਿ ਇਹਨਾਂ ਇਲਾਕਿਆਂ 'ਚ ਧਰਤੀ
ਹੇਠਲੇ ਪਾਣੀ ਮਿੱਠੇ ਹਨ,
ਮਾਲਵਾ ਖੇਤਰ ਦੇ ਅੱਧੇ ਜਿਲੇ ਨਹਿਰੀ
ਪਾਣੀ ਦੀ ਵਰਤੋਂ ਕਰਦੇ ਹਨ , ਮਾਲਵੇ ਵਿੱਚ
ਖਾਰੇ ਪਾਣੀ ਹੋਣ ਕਰਕੇ ਏਥੋਂ ਦੀਆਂ ਜ਼ਮੀਨਾਂ
ਨਹਿਰੀ ਪਾਣੀ ਨੂੰ ਤਰਸਦੀਆਂ ਰਹਿੰਦੀਆਂ



ਹਨ , ਉਧਰ ਮਾਝਾ ਅਤੇ ਦੁਆਬਾ ਖੇਤਰ
ਰਾਵੀ ਦਰਿਆ ਦੇ ਪਾਣੀ ਦੀ ਮੰਗ ਨਹੀਂ ਕਰਦੇ,
ਜਿਸ ਕਾਰਨ ਰਾਵੀ ਦਰਿਆ ਦਾ ਪਾਣੀ
ਪਾਕਿਸਤਾਨ ਵਿੱਚ ਜਾ ਕੇ ਸਿੰਧ ਸਾਗਰ ਵਿੱਚ
ਮਿਲ ਕੇ ਅੰਤ ਕਰਾਚੀ ਸ਼ਹਿਰ ਚੋਂ ਹੁੰਦਾ ਹੋਇਆ
ਹਿੰਦ ਮਹਾਂਸਾਗਰ ਦੇ ਖਾਰੇ ਪਾਣੀ ਵਿੱਚ ਜਾ
ਰਲਦਾ ਹੈ, ਅਤੇ ਬਰਬਾਦ ਹੋ ਜਾਂਦਾ ਹੈ,

-ਸ਼੍ਰੀ ਮੁਕਤਸਰ ਸਾਹਿਬ

## ਮੇਰਾ ਪਿੰਡ ਮੇਰਾ ਮਾਣ

ਜਨਵਰੀ-2025 ਦੇ ਪਹਿਲੇ ਹਫ਼ਤੇ ਤੋਂ ''ਪੰਜਾਬ ਟਾਈਮਜ਼'' ਇੱਕ ਨਵਾਂ ਕਾਲਮ ''ਮੇਰਾ ਪਿੰਡ ਮੇਰਾ ਮਾਣ'' ਸ਼ੁਰੂ ਕਰ ਰਿਹਾ ਹੈ। ਪਾਠਕਾਂ/ਲੇਖਕਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਪਿੰਡ ਦੇ ਇਤਿਹਾਸ, ਪਿੰਡ ਦੀਆਂ ਖੂਬੀਆਂ, ਪਿੰਡ ਨਾਲ ਸੰਬੰਧਿਤ ਯਾਦਾਂ ਲਿਖ ਕੇ ਤਸਵੀਰਾਂ ਸਮੇਤ ਭੇਜਣ। - ਸੰਪਾਦਕ

# ਸੁਖਬੀਰ ਬਾਦਲ ਉੱਤੇ ਹੋਏ ਹਮਲੇ ਦੇ ਆ ਰਹੇ ਹਨ ਵਨ-ਸਵੰਨੇ ਬਿਰਤਾਂਤ

## ਪਰ ਭਾਈ ਨਰਾਇਣ ਸਿੰਘ ਦਾ ਆਪਣਾ ਬਿਰਤਾਂਤ ਨਹੀਂ ਆ ਰਿਹਾ ਸਾਹਮਣੇ

ਭਾਈ ਨਰਾਇਣ ਸਿੰਘ ਚੌੜਾ ਵਲੋਂ ਸੁਖਬੀਰ ਸਿੰਘ ਬਾਦਲ ਉੱਤੇ ਪਿਛਲੇ ਦਿਨੀਂ ਕੀਤੇ ਹਮਲੇ ਬਾਰੇ ਵੱਖ-ਵੱਖ ਅਖਬਾਰਾਂ ਵਿਚ ਛਪੀਆਂ ਤੇ ਛਪ ਰਹੀਆਂ ਖਬਰਾਂ ਅਤੇ ਟਿੱਪਣੀਆਂ ਨੂੰ ਤੁਸੀਂ ਨੀਝ ਨਾਲ ਪੜ੍ਹ ਰਹੇ ਹੋਵੋਗੇ, ਪਰ ਖਬਰਾਂ ਪੜ੍ਹਦਿਆਂ ਕੋਈ ਅਜਿਹੀ ਟਿੱਪਣੀ ਵੇਖਣ ਤੇ ਲੱਭਣ ਲਈ ਤੁਹਾਨੂੰ ਕਾਫੀ ਸਮਾਂ ਲੱਗਦਾ ਹੋਵੇਗਾ ਜਿਸ ਵਿਚ ਭਾਈ ਨਰਾਇਣ ਸਿੰਘ ਦੀ ਸ਼ਖ਼ਸੀਅਤ ਦੇ ਉਹ ਵੱਡੇ ਤੇ ਮਹਾਨ ਪਹਿਲੂ ਰੋਸ਼ਨ ਕੀਤੇ ਹੋਣ ਜੋ



**ਕਰਮਜੀਤ ਸਿੰਘ ਚੰਡੀਗੜ੍ਹ**
**ਸੀਨੀਅਰ ਪੱਤਰਕਾਰ**
**ਫੋਨ:+91-99150-91063**

ਵਿਰਲਿਆਂ 'ਚੋਂ ਵਿਰਲਿਆਂ ਨੂੰ ਹੀ ਨਸੀਬ ਹੁੰਦੇ ਹਨ। ਦਾਸ ਨੇ ਵੀ ਇਕ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਸੀ, ਕਿਉਂਕਿ ਇਹੋ ਜਿਹੇ ਸਮਿਆਂ 'ਤੇ ਇਤਿਹਾਸ ਮੈਨੂੰ ਘੇਰਾ ਪਾ ਲੈਂਦਾ ਹੈ।

ਇਹੋ ਜਿਹੀ ਘਟਨਾ ਸਮੇਂ ਜਿਵੇਂ ਕਿ ਅਕਸਰ ਹੀ ਹੁੰਦਾ ਹੈ, ਨਿੰਦਿਆ ਤੇ ਨਿਖੇਧੀਆਂ ਦੀਆਂ ਵੱਡੀਆਂ-ਵੱਡੀਆਂ ਭਾਰੀਆਂ ਪੰਡਾਂ ਪੜ੍ਹਨ ਨੂੰ ਮਿਲਦੀਆਂ ਹਨ। ਨਿੰਦਿਆ ਦੇ ਇਸ ਮਹਿਕਮੇ ਵਿਚ 'ਗੰਦੇ ਗੰਦੇ' ਤਾਂ ਬਹੁਤ ਸ਼ਾਮਿਲ ਹਨ ਹੀ ਪਰ ਕਈ ਚੰਗੇ ਚੰਗੇ ਵੀ ਸ਼ਾਮਿਲ ਹਨ; ਭਾਵੇਂ ਉਹ ਸ਼ਬਦਾਂ ਦੀ ਵਰਤੋਂ ਬੜੇ ਸਾਵਧਾਨ ਤੇ ਚੌਕਸ ਹੋ ਕੇ ਕਰਦੇ ਹਨ। ਕੁਝ ਵੀਰ ਇਸ ਤਰ੍ਹਾਂ ਵੀ ਕਰਦੇ ਹਨ ਕਿ ਇਹੋ ਜਿਹਾ ਬਿਆਨ ਦਿਓ ਕਿ ਸੱਪ ਵੀ ਮਰ ਜਾਵੇ ਤੇ ਸੋਟੀ ਵੀ ਬਚੀ ਰਹੇ। ਪਰ ਜਿਹੜੇ ਅਕਾਲ ਤਖਤ ਸਾਹਿਬ ਦਾ ਮੋਢਾ ਵਰਤ ਕੇ ਭਾਈ ਨਰਾਇਣ ਸਿੰਘ ਉੱਤੇ ਆਪਣੇ ਬਿਆਨਾਂ ਰਾਹੀਂ 'ਫੁੱਲ' ਮਾਰਦੇ ਹਨ ਜਾਂ ਚੁੱਪ ਕਰ ਕੇ ਬੈਠੇ ਹੋਏ ਹਨ, ਉਦੋਂ ਸਾਡੀ ਰੂਹ ਅੰਬਰਾਂ ਤਕ ਰੋਂਦੀ ਹੈ। ਚਲੋ, ਨਾਂ ਕੀ ਲੈਣਾ ਹੈ, ਨਵੀਂ ਬਹਿਸ ਫਿਰ ਛਿੜ ਜਾਵੇਗੀ।

ਕੱਲ੍ਹ ਦਾ ਅਖਬਾਰ 'ਇੰਡੀਅਨ ਐਕਸਪ੍ਰੈਸ' ਪੜ੍ਹਨ ਦਾ ਮੌਕਾ ਮਿਲਿਆ। ਕਿਤੇ-ਕਿਤੇ ਸਿਆਣੇ ਤੇ ਦੂਰਅੰਦੇਸ਼ ਪੱਤਰਕਾਰ ਆਪਣੀ ਜਗਿਆਸਾ ਤੇ ਮਿਹਨਤ ਨਾਲ ਘਟਨਾ ਦੀ ਜੜ੍ਹ ਤਕ ਪਹੁੰਚਣ ਦਾ ਯਤਨ ਕਰਦੇ ਹਨ ਤੇ ਉਦੋਂ ਉਹ 'ਉਹ ਗੱਲ' ਕਹਿ ਜਾਂਦੇ ਹਨ ਜਿਸ ਨੂੰ 'ਸਮਝਣ ਵਾਲੇ' ਸਮਝ ਜਾਂਦੇ ਹਨ। ਖਬਰ ਵਿਚ ਪੁਲਿਸ ਅਫਸਰਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਭਾਈ ਨਰਾਇਣ ਸਿੰਘ' had a very high degree of ideological motivation with separate tendency as was demonstrated by his consistent conduct over the past nearly 3 decades.'

ਉਪਰੋਕਤ ਟਿੱਪਣੀ ਵਿਚ ਇਕ ਵਾਕ ਤੁਹਾਡੇ ਧਿਆਨ ਦੀ ਮੰਗ ਕਰਦਾ ਹੈ ਅਤੇ ਉਹ ਵਾਕ ਹੈ ' very high degree of ideological motivation. ਇਸ ਦਾ ਤਰਜਮਾ ਇਹ ਹੈ ਕਿ ਭਾਈ ਨਰਾਇਣ ਸਿੰਘ ਸਿਧਾਂਤਕ ਰੰਗ ਵਿਚ ਰੰਗੀ ਹੋਈ ਬਹੁਤ ਹੀ ਉੱਚ ਕੋਟੀ ਦੀ (ਸਖ਼ਸੀਅਤ) ਹੈ। ਸ਼ਖ਼ਸੀਅਤ ਸ਼ਬਦ ਮੈਂ ਆਪਣੇ ਕੋਲੋਂ ਲਿਖਿਆ ਹੈ ਕਿਉਂਕਿ ਪੁਲਿਸ ਵਾਲੇ ਜਾਂ ਤੇ 'ਵਿਅਕਤੀ' ਕਹਿਣਗੇ ਅਤੇ ਜਾਂ 'ਬੰਦਾ'। ਪਰ ਇਕ ਗੱਲ ਹੈਰਾਨ ਕਰਦੀ ਹੈ ਕਿ ਪੁਲਿਸ ਵਾਲਿਆਂ ਨੇ ਭਾਈ ਨਰਾਇਣ ਸਿੰਘ ਨੂੰ 'ਗੁਮਰਾਹ ਹੋਇਆ ਵਿਅਕਤੀ' ਨਹੀਂ ਕਿਹਾ ਜਿਵੇਂ ਕਿ ਉਨ੍ਹਾਂ ਦਾ ਸੁਭਾਅ ਹੁੰਦਾ ਹੈ ਜਾਂ ਉਨ੍ਹਾਂ ਦੀ ਨੀਤੀ ਵਿਚ ਸ਼ਾਮਿਲ ਹੁੰਦਾ ਹੈ; ਕਿਉਂਕਿ ਉਨ੍ਹਾਂ ਨੇ ਸਰਕਾਰੀ ਬੋਲੀ ਦੀ ਵਰਤੋਂ ਹੀ ਕਰਨੀ ਹੁੰਦੀ ਹੈ।

'ਮੋਟੀਵੇਸ਼ਨ' ਸ਼ਬਦ ਦੀ ਵਰਤੋਂ ਸਬੰਧੀ ਟਿੱਪਣੀ ਪੜ੍ਹ ਕੇ ਜਨਰਲ ਸੁੰਦਰਜੀ ਯਾਦ ਆ ਗਏ ਜੋ ਦਰਬਾਰ ਸਾਹਿਬ ਉੱਤੇ ਹੋਏ ਹਮਲੇ ਵਿਚ ਵੀ ਸ਼ਾਮਿਲ ਸਨ। ਦਰਬਾਰ ਸਾਹਿਬ ਦੇ ਸਾਕੇ ਤੋਂ ਥੋੜ੍ਹੇ ਦਿਨ ਮਗਰੋਂ ਹੀ ਦਰਬਾਰ ਸਾਹਿਬ ਵਿਚ ਲੜਨ ਵਾਲੇ 'ਪਵਿੱਤਰ ਸਿਪਾਹੀਆਂ' ਬਾਰੇ ਉਨ੍ਹਾਂ ਨੇ ਮੋਟੀਵੇਸ਼ਨ ਸ਼ਬਦ ਦੀ ਵਰਤੋਂ ਕਰਦਿਆਂ ਉਨ੍ਹਾਂ ਯੋਧਿਆਂ ਨੂੰ ਨਾ ਚਾਹੁੰਦੇ ਹੋਏ ਵੀ ਸ਼ਰਧਾਂਜਲੀ ਭੇਟ ਕਰ ਦਿੱਤੀ। ਕਈ ਵਾਰ ਦੁਸ਼ਮਣ ਦੀ ਜ਼ਮੀਰ ਵੀ ਤੁਹਾਡੀ ਸਿਫਤ ਕਰਨ ਲਈ ਮਜਬੂਰ ਹੋ ਜਾਂਦੀ ਹੈ। ਵੱਡੇ ਮੁਗ਼ਲ ਜਰਨੈਲ ਵੀ ਸਿੱਖਾਂ ਦੀ ਜੰਗਜੂ ਯੋਗਤਾ ਉੱਤੇ ਹੈਰਾਨ ਹੁੰਦੇ ਸਨ।

ਪੁਲਿਸ ਸੂਤਰਾਂ ਨੂੰ ਯਕੀਨ ਹੈ ਕਿ ਭਾਈ ਨਰਾਇਣ ਸਿੰਘ ਨੇ ਹਮਲੇ ਕਰਨ ਦਾ ਇਕੱਲਿਆਂ ਹੀ ਇਹ ਕਦਮ ਚੁੱਕਿਆ ਸੀ ਅਤੇ ਇਸ ਕਦਮ ਪਿੱਛੇ ਕੋਈ ਵੱਡੀ ਸਾਜ਼ਿਸ਼ ਨਹੀਂ ਸੀ। ਇਸ ਸਬੰਧ ਵਿਚ 'loan wolf' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਮੈਂ ਇਸ ਦਾ ਤਰਜਮਾ 'ਇਕੱਲਾ ਸ਼ੇਰ' ਕਰਦਾ ਹਾਂ। ਹੁਣ ਲੋਨ ਵਲਫ ਬਾਰੇ ਜਦੋਂ ਦਾਸ ਡਿਕਸ਼ਨਰੀ ਵੱਲ ਮੁੜਿਆ ਤਾਂ ਉਸ ਦਾ ਅਰਥ ਇਹ ਮਿਲਿਆ: ਇਕ ਅਜਿਹਾ ਵਿਅਕਤੀ ਜੋ ਆਜ਼ਾਦ ਸੁਭਾਅ ਦਾ ਮਾਲਕ ਵੀ ਹੁੰਦਾ ਹੈ ਅਤੇ ਇਕੱਲਾ ਵੀ ਹੁੰਦਾ ਹੈ।

ਕੈਂਬਰਿਜ ਡਿਕਸ਼ਨਰੀ ਇਸ ਸ਼ਬਦ ਬਾਰੇ ਕੁਝ ਇਸ ਤਰ੍ਹਾਂ ਆਖਦੀ ਹੈ ਲੋਨ ਵੁਲਫ ਉਹ ਵਿਅਕਤੀ ਹੁੰਦਾ ਹੈ ਜਿਹੜਾ ਕਿਸੇ ਹੋਰ ਦੀ ਸਹਾਇਤਾ ਤੋਂ ਬਿਨਾਂ ਹੀ ਆਪ ਹੀ ਕਾਰਜ ਕਰਨ ਵਿਚ ਯਕੀਨ ਰੱਖਦਾ ਹੈ।

ਮਾਰਕ ਟਰੇਵਰਜ ਵੱਡੇ ਮਨੋਵਿਗਿਆਨੀ ਹਨ ਤੇ ਉਨ੍ਹਾਂ ਨੇ ਕੌਰਨਲ ਯੂਨੀਵਰਸਿਟੀ ਤੋਂ ਸਮਾਜਿਕ ਮਨੋਵਿਗਿਆਨ ਉੱਤੇ ਪੀਐਚਡੀ ਕੀਤੀ ਹੈ। ਲੋਨ ਵੁਲਫ ਉੱਤੇ ਉਨ੍ਹਾਂ ਦਾ ਇਕ ਵਿਸ਼ੇਸ਼ ਆਰਟੀਕਲ ਪੜ੍ਹਨ ਦਾ ਮੌਕਾ ਮਿਲਿਆ। ਮਾਰਕ ਟਰੇਵਜ ਦਾ ਕਹਿਣਾ ਹੈ ਕਿ 'ਲੋਨ ਵੁਲਫ ਕੋਈ ਬੁਰਾ ਇਨਸਾਨ ਨਹੀਂ ਹੁੰਦਾ। ਕੁਝ ਵਿਅਕਤੀ ਹੀ ਇਹੋ ਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਇਕੱਲਿਆਂ ਵਿਚਰਨ ਦਾ ਅਭਿਆਸ ਹੁੰਦਾ ਹੈ ਅਤੇ ਉਹ ਚੀਜ਼ਾਂ ਨੂੰ ਇਕੱਲਿਆਂ ਮਾਨਣ ਦਾ ਆਨੰਦ ਲੈਂਦੇ ਹਨ। ਇਹੋ ਜਿਹਾ ਸੁਭਾਅ ਵਿਅਕਤੀ ਦੇ ਵਿਕਾਸ ਅਤੇ ਕਲਿਆਣ ਵਿਚ ਅਹਿਮ ਰੋਲ ਅਦਾ ਕਰਦਾ ਹੈ'। ਪਰ ਮੈਂ ਜਿਵੇਂ ਭਾਈ ਨਰਾਇਣ ਸਿੰਘ ਨੂੰ ਜਾਣਿਆ, ਮੇਰੇ ਖਿਆਲ ਵਿਚ ਉਹ ਇਕੱਲੇ ਹੋਣ ਦੇ ਬਾਵਜੂਦ ਵੀ ਲੋਕਾਂ ਵਿਚ ਵਿਚਰਦੇ ਸਨ। ਮੈਂ ਇਸ ਨਤੀਜੇ 'ਤੇ ਪਹੁੰਚਿਆ ਹਾਂ ਕਿ ਉਹ ਭੀੜ ਵਿਚ ਰਹਿ ਕੇ ਵੀ ਇਕੱਲਾ ਸੀ। ਉਸ ਦਾ ਲੋਕਾਂ ਨਾਲ ਰਿਸ਼ਤਾ ਗੁਰਬਾਣੀ ਦੇ ਉਪਦੇਸ਼ ਮੁਤਾਬਕ 'ਠਾਠਾ ਬਾਗਾ' ਵਾਲਾ ਸੀ। ਉਹ ਬਾਕਾਇਦਾ ਲੋਕਾਂ ਦੀਆਂ ਗੱਲਾਂ ਸੁਣਦਾ। ਉਨ੍ਹਾਂ ਦੇ ਮਾਮਲਿਆਂ ਵਿਚ ਰੁਚੀ ਲੈਂਦਾ ਸੀ।

ਉਨ੍ਹਾਂ ਦੀ ਲੋਕਾਂ ਨਾਲ ਬੜੀ ਬਣੀ ਹੁੰਦੀ ਸੀ। ਪਰ ਉਸ ਦਾ ਧਿਆਨ ਸਦਾ ਆਪਣੇ 'ਨਿਸ਼ਾਨੇ' ਵੱਲ ਹੁੰਦਾ ਸੀ। ਉਹ ਨਿਸ਼ਾਨੇ ਨੂੰ ਹੀ 'ਆਪਣੇ ਦਿਲ' ਤਕ ਰੱਖਦਾ ਸੀ। ਸੰਤ ਮਹਾਂਪੁਰਸ਼ ਅਕਸਰ ਆਪਣੇ ਸੇਵਕਾਂ ਨੂੰ ਇਹ ਸ਼ਬਦ ਬਾਰ-ਬਾਰ ਪੜ੍ਹਨ ਅਤੇ ਆਪਣੇ ਅੰਦਰ ਵਸਾਉਣ ਦੀ ਤਾਕੀਦ ਕਰਦੇ ਹਨ; ਕਿਉਂਕਿ ਉਨ੍ਹਾਂ ਦਾ ਇਹ ਵਿਸ਼ਵਾਸ ਹੈ ਕਿ ਇਸ ਸ਼ਬਦ ਦਾ ਬਾਰ-ਬਾਰ ਸਿਮਰਨ ਕਰਨ ਨਾਲ ਸਿੱਖਾਂ ਦਾ ਅੰਦਰ ਤੇ ਬਾਹਰ ਪੂਰੀ ਤਰ੍ਹਾਂ ਰੌਸ਼ਨ ਹੋ ਜਾਂਦਾ ਹੈ। 384 ਅੰਗ ਉੱਤੇ ਇਸ ਸ਼ਬਦ ਦੀਆਂ ਪਹਿਲੀਆਂ ਸਤਰਾਂ ਇਸ ਤਰ੍ਹਾਂ ਹਨ:

ਸਾਚਿ ਨਾਮਿ ਮੇਰਾ ਮਨੁ ਲਾਗਾ।
ਲੋਗਨ ਸਿਉ ਮੇਰਾ ਠਾਠਾ ਬਾਗਾ।

ਇਕੋ ਇਕ ਸਿਆਸਤਦਾਨ ਸੁਖਪਾਲ ਸਿੰਘ ਖਹਿਰਾ ਨੇ ਘਟਨਾ ਦਾ ਸੱਚ ਪਛਾਨਣ ਦਾ ਯਤਨ ਕੀਤਾ ਹੈ। ਉਨ੍ਹਾਂ ਨੇ ਭਾਈ ਨਰਾਇਣ ਸਿੰਘ ਦੀ ਕਾਰਵਾਈ ਨੂੰ 'ਕੁਦਰਤੀ ਇਨਸਾਫ' ਨਾਲ ਤੁਲਨਾ ਕੀਤੀ ਹੈ ਪਰ ਪੁਲਿਸ ਅਧਿਕਾਰੀਆਂ ਨੂੰ ਇਹ ਟਿੱਪਣੀ ਚੰਗੀ ਨਹੀਂ ਲੱਗੀ। ਕੁਦਰਤੀ ਇਨਸਾਫ ਭਲਾ ਕੀ ਹੁੰਦਾ ਹੈ? ਇਸ ਦੀ ਸਿੱਧੀ ਵਿਆਖਿਆ ਇਹੋ ਹੈ ਕਿ ਇਹ ਘਟਨਾ ਕੁਦਰਤ ਨੇ ਯਾਨੀ 'ਗੁਰੂ' ਨੇ ਖੁਦ ਕਰਵਾਈ ਹੈ। ਨਰਾਇਣ ਸਿੰਘ ਤਾਂ ਵਸੀਲਾ ਹੀ ਬਣੇ ਹਨ। ਗੁਰੂ ਨੇ ਸੁਖਬੀਰ ਬਾਦਲ ਨੂੰ ਵੀ ਬਚਾ ਲਿਆ ਹੈ ਪਰ ਇਹ ਕਹਿ ਕੇ ਨਾ ਕੇਵਲ ਸੁਖਬੀਰ ਬਾਦਲ ਨੂੰ ਸਗੋਂ ਇਹੋ ਜਿਹੇ ਹੋਰਨਾਂ ਲੋਕਾਂ ਨੂੰ ਵੀ ਚੇਤਾਵਨੀ ਦਿੱਤੀ ਹੈ ਕਿ ਅੱਗੇ ਤੋਂ ਧਿਆਨ ਰੱਖੋ, ਗੁਰਬਾਣੀ ਤੇ ਸਿੱਖ ਇਤਿਹਾਸ ਦੀ ਸ਼ਰਨ ਵਿਚ ਸੱਚੇ ਦਿਲੋਂ ਆਓ, 'ਜੇ' ਦੀ ਸ਼ਰਤ ਰੱਖ ਕੇ ਗੁਰੂ ਘਰ ਵਿਚ ਮਾਫੀ ਪ੍ਰਵਾਨ ਨਹੀਂ ਹੁੰਦੀ ਕਿਉਂਕਿ ਸਿੱਖ ਗੁੱਸੇ ਵਿਚ ਇਹੋ ਜਿਹੇ ਕੰਮ ਫਿਰ ਕਰ ਸਕਦੇ ਹਨ ਅਤੇ ਬਾਰ-ਬਾਰ ਕਰ ਸਕਦੇ ਹਨ।

ਕੁਝ ਵੀਰਾਂ ਦਾ ਵਿਚਾਰ ਹੈ ਕਿ ਅਕਾਲ ਤਖਤ ਹੁਣ ਭਾਈ ਨਰਾਇਣ ਸਿੰਘ ਵਿਰੁੱਧ ਕੋਈ ਕਾਰਵਾਈ ਨਹੀਂ ਕਰ ਸਕੇਗਾ ਕਿਉਂਕਿ ਉਹ ਇਕ ਧਿਰ ਦਾ ਨੁਮਾਇੰਦਾ ਹੈ। ਪਰ ਉਹ ਮੇਰੇ ਖਿਆਲ ਮੁਤਾਬਕ ਇਕ ਧਿਰ ਦਾ ਨੁਮਾਇੰਦਾ ਨਹੀਂ ਸਗੋਂ ਖਾਲਸਾ ਪੰਥ ਦੀ ਜਰਖੇਜ਼, ਨਵੀਂ ਨਰੋਈ ਤੇ ਸਦ ਜਾਗਤ ਸੋਚ ਅਤੇ ਜਜ਼ਬੇ ਦਾ ਨੁਮਾਇੰਦਾ ਹੈ ਜੋ ਵਿਰਲੇ ਹਰਿਓ ਬੂਟ ਹੁੰਦੇ ਹਨ ਅਤੇ ਜੋ ਅੱਜ ਦੇ ਸ਼ਾਇਦ ਭਾਵੇਂ ਨਾ ਹੋਣ ਪਰ ਕੱਲ੍ਹ ਦੇ ਨਾਇਕ ਜ਼ਰੂਰ ਹੋਣਗੇ।

ਇਤਿਹਾਸ ਵੀ ਬੜਾ ਬੇਰਹਿਮ ਹੁੰਦਾ ਹੈ ਅਤੇ ਸਦਾ ਆਪਣੇ ਫੈਸਲੇ ਦੇਰ ਨਾਲ ਕਰਦਾ ਹੈ।

ਆਪਣੇ ਇਕ ਰਾਜਨੀਤਕ ਦੋਸਤ ਪ੍ਰਭਜੋਤ ਸਿੰਘ ਨਵਾਂ ਸ਼ਹਿਰ ਨੂੰ ਪੁੱਛਿਆ: ਕੀ ਹੈ ਤੁਹਾਡੀ ਟਿੱਪਣੀ? ਉੱਤਰ ਮਿਲਿਆ: ਉਹ ਸ਼ੁਰੂ ਤੋਂ ਲੈ ਕੇ ਆਖਰ ਤਕ ਮਿਲੀਟੈਂਟ ਸਿੱਧ ਹੋਇਆ।

ਇਹ ਟਿੱਪਣੀ ਵਧੀਆ ਲੱਗੀ ਕਿਉਂਕਿ ਬਾਕੀ ਸਾਰੇ ਪੁਰਾਣੇ ਤੇ ਸਾਬਕਾ ਮਿਲੀਟੈਂਟ ਬਣ ਕੇ ਆਪਣਾ ਜੀਵਨ ਬਸਰ ਕਰ ਰਹੇ ਹਨ, ਪਰ ਇਹ ਸਦ ਜਾਗਤ ਮਿਲੀਟੈਂਟ ਹੈ ਜਿਸ ਨੇ 68 ਵਰ੍ਹਿਆਂ ਤਕ ਵੀ ਐਕਸ਼ਨ ਨੂੰ ਸਿੱਖੀ ਸਿਧਾਂਤ ਵਿਚੋਂ ਮਨਫੀ ਨਹੀਂ ਹੋਣ ਦਿੱਤਾ, ਬੁੱਝਣ ਨਹੀਂ ਦਿੱਤਾ। ਪੁਲਿਸ ਸੂਤਰਾਂ ਵੱਲੋਂ ਭਾਈ ਨਰਾਇਣ ਸਿੰਘ ਬਾਰੇ ਅਖਬਾਰ ਵਿਚ ਛਪੀ ਇਹ ਟਿੱਪਣੀ ਫਿਰ ਪੜ੍ਹੋ: ਇਥੋਂ ਤਕ ਕਿ 68 ਵਰ੍ਹਿਆਂ ਤਕ ਪਹੁੰਚ ਕੇ ਵੀ ਉਸ ਨੇ ਕਦੇ ਵੀ ਆਪਣੇ ਅੱਤਵਾਦੀ ਸੁਭਾਅ ਨੂੰ ਨਾ ਬੁੱਝਣ ਦਿੱਤਾ ਅਤੇ ਨਾ ਹੀ ਉਸ ਦੀ ਸੁਰ ਨੂੰ ਨਰਮ ਕੀਤਾ।



### ..ਤੇ ਹੁਣ ਚੌੜਾ ਨੂੰ ਬਚਾਉਣ ਲਈ ਚਾਰਾਜ਼ੋਈ ਕਰੇ ਸ਼੍ਰੋਮਣੀ ਕਮੇਟੀ!

*ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਬਾਹਰ ਧਾਰਮਿਕ ਸੇਵਾ ਨਿਭਾ ਰਹੇ ਸੁਖਬੀਰ ਸਿੰਘ ਬਾਦਲ 'ਤੇ ਗੋਲੀ ਚਲਾਉਣ ਦੀ ਘਟਨਾ ਨੂੰ ਮੰਦਭਾਗਾ ਕਰਾਰ ਦਿੱਤਾ ਅਤੇ ਕਿਹਾ ਕਿ ਬਲਵੰਤ ਸਿੰਘ ਰਾਜੋਆਣਾ ਵਾਂਗ ਨਰੈਣ ਸਿੰਘ ਚੌੜਾ ਨੂੰ ਬਚਾਉਣ ਲਈ ਵੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੂੰ ਚਾਰਾਜ਼ੋਈ ਕਰਨੀ ਚਾਹੀਦੀ ਹੈ।*



*ਬਿੱਟੂ ਨੇ ਸੁਖਬੀਰ 'ਤੇ ਹਮਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਕਿਸੇ 'ਤੇ ਗੋਲੀ ਚਲਾਉਣਾ ਜਾਂ ਗੋਲੀ ਮਾਰ ਕੇ ਕਤਲ ਕਰ ਦੇਣਾ ਕਾਨੂੰਨੀ ਤੌਰ 'ਤੇ ਗਲਤ ਹੈ ਪਰ ਚੌੜਾ ਨੇ ਭਾਵਨਾਵਾਂ ਦੇ ਵਹਿਣ 'ਚ ਆ ਕੇ ਇਹ ਕਦਮ ਚੁੱਕਿਆ ਹੈ ਕਿਉਂਕਿ ਇੱਕ ਸਿੱਖ ਹੋਣ ਦੇ ਨਾਤੇ ਉਸ ਦੇ ਮਨ ਵਿਚ ਸੁਖਬੀਰ ਪ੍ਰਤੀ ਗੁੱਸਾ ਸੀ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਨੇ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋ ਕੇ ਧਾਰਮਿਕ ਗਲਤੀਆਂ ਮੰਨੀਆਂ ਹਨ। ਇਸ ਕਰਕੇ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਤੇ ਹੋਰ ਪੰਥਕ ਆਗੂਆਂ ਵੱਲੋਂ ਚੌੜਾ ਨੂੰ ਕਾਨੂੰਨੀ ਕਾਰਵਾਈ ਤੋਂ ਬਚਾਉਣ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ, ਕਿਉਂਕਿ ਉਸ (ਚੌੜਾ) ਦਾ ਸੁਖਬੀਰ ਨਾਲ ਕੋਈ ਨਿੱਜੀ ਵੈਰ ਨਹੀਂ ਸੀ। ਉਨ੍ਹਾਂ ਕਿਹਾ, 'ਜਿਸ ਤਰ੍ਹਾਂ ਅਕਾਲੀ ਦਲ ਵੱਲੋਂ ਸ਼ਹੀਦ ਬੇਅੰਤ ਸਿੰਘ ਦੇ ਕਾਤਲ ਬਲਵੰਤ ਸਿੰਘ ਰਾਜੋਆਣਾ ਨੂੰ ਬਚਾਉਣ ਲਈ ਯਤਨ ਕੀਤੇ ਜਾ ਰਹੇ ਹਨ ਉਸੇ ਤਰ੍ਹਾਂ ਚੌੜਾ ਲਈ ਵੀ ਹੋਣੇ ਚਾਹੀਦੇ ਹਨ।''*

# ਦੀਪਕ ਚਨਾਰਥਲ ਬਣੇ ਪੰਜਾਬੀ ਲੇਖਕ ਸਭਾ ਚੰਡੀਗੜ੍ਹ ਦੇ ਪ੍ਰਧਾਨ

**ਚੰਡੀਗੜ੍ਹ :** ਪੰਜਾਬੀ ਲੇਖਕ ਸਭਾ ਚੰਡੀਗੜ੍ਹ ਦੇ ਆਮ ਇਜਲਾਸ ਅਤੇ ਹੋਈ ਚੋਣ ਦੌਰਾਨ ਨਾਮਵਰ ਲੇਖਕ, ਕਵੀ ਅਤੇ ਪੰਜਾਬ ਚਿੰਤਕ ਦੀਪਕ ਸ਼ਰਮਾ ਚਨਾਰਥਲ ਬਿਨ ਮੁਕਾਬਲਾ ਪ੍ਰਧਾਨ ਬਣੇ। ਉਨ੍ਹਾਂ ਦੇ ਨਾਲ ਭੁਪਿੰਦਰ ਸਿੰਘ ਮਲਿਕ ਜਨਰਲ ਸਕੱਤਰ ਅਤੇ ਪਾਲ ਅਜਨਬੀ ਸੀਨੀਅਰ ਮੀਤ ਪ੍ਰਧਾਨ ਚੁਣੇ ਗਏ। ਡਾ. ਗੁਰਮੇਲ ਸਿੰਘ ਅਤੇ ਮਨਜੀਤ ਕੌਰ ਮੀਤ ਨੂੰ ਮੀਤ ਪ੍ਰਧਾਨ, ਸੁਖਵਿੰਦਰ ਸਿੰਘ ਸਿੱਧੂ ਅਤੇ ਸਿਮਰਜੀਤ ਕੌਰ ਗਰੇਵਾਲ ਨੂੰ ਸਕੱਤਰ ਚੁਣਿਆ ਗਿਆ ਤੇ ਹਰਮਿੰਦਰ ਕਾਲੜਾ ਵਿੱਤ ਸਕੱਤਰ ਬਣੇ।

ਪੰਜਾਬੀ ਲੇਖਕ ਸਭਾ (ਰਜਿ.) ਚੰਡੀਗੜ੍ਹ ਦੇ ਆਮ ਇਜਲਾਸ ਅਤੇ ਚੋਣ ਪ੍ਰੋਗਰਾਮ ਦੀ ਸ਼ੁਰੂਆਤ ਸੁਰਜੀਤ ਸਿੰਘ ਧੀਰ ਹੁਰਾਂ ਨੇ ਸ਼ਬਦ ਗਾਇਨ ਨਾਲ ਕੀਤੀ। ਉਪਰੰਤ ਸਮੁੱਚੇ ਇਜਲਾਸ ਦੀ ਕਾਰਵਾਈ ਚਲਾਉਂਦਿਆਂ ਭੁਪਿੰਦਰ ਮਲਿਕ ਹੁਰਾਂ ਨੇ ਪ੍ਰਧਾਨਗੀ ਮੰਡਲ ਵਿਚ ਮੁੱਖ ਚੋਣ ਅਧਿਕਾਰੀ ਪ੍ਰਿੰਸੀਪਲ ਗੁਰਦੇਵ ਕੌਰ ਪਾਲ, ਸਹਾਇਕ ਚੋਣ ਅਧਿਕਾਰੀ ਡਾ. ਬਲਦੇਵ ਸਿੰਘ ਖਹਿਰਾ ਹੁਰਾਂ ਦੇ ਨਾਲ ਪ੍ਰਧਾਨ ਚਲੇ ਆ ਰਹੇ ਬਲਕਾਰ ਸਿੰਘ ਸਿੱਧੂ ਤੇ ਸੀਨੀਅਰ ਵਾਈਸ ਵਾਈਸ ਪ੍ਰਧਾਨ ਦੀ ਸੇਵਾ ਨਿਭਾਉਂਦੇ ਰਹੇ ਅਵਤਾਰ ਸਿੰਘ ਪਤੰਗ ਹੁਰਾਂ ਨੂੰ ਮੰਚ 'ਤੇ ਸੁਸ਼ੋਭਿਤ ਕੀਤਾ। ਇਜਲਾਸ ਦੀ ਕਾਰਵਾਈ ਸ਼ੁਰੂ ਕਰਦਿਆਂ ਭੁਪਿੰਦਰ ਸਿੰਘ ਮਲਿਕ ਨੇ ਸ਼ੋਕ ਮਤਾ ਪੇਸ਼ ਕਰਦਿਆਂ ਡਾ. ਸੁਰਜੀਤ ਪਾਤਰ, ਇਮਰੋਜ਼, ਕਹਾਣੀਕਾਰ ਸੁਖਜੀਤ, ਸੁਰਿੰਦਰ ਛਿੰਦਾ ਆਦਿ ਸਣੇ ਵਿਛੜੀਆਂ ਨਾਮਵਰ ਸਖਸ਼ੀਅਤਾਂ ਅਤੇ ਲੇਖਕ ਸਭਾ ਨਾਲ ਸਬੰਧਤ ਵਿਛੜੇ ਸਰਗਰਮ ਮੈਂਬਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਸਮੁੱਚੇ ਇਜਲਾਸ 'ਚ ਹਾਜ਼ਰ ਡੈਲੀਗੇਟਾਂ ਨੇ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ। ਹੁਣ ਤੱਕ ਸਭਾ ਦੇ ਪ੍ਰਧਾਨ ਚਲੇ ਆ ਰਹੇ ਬਲਕਾਰ ਸਿੰਘ ਸਿੱਧੂ ਨੇ ਜਿੱਥੇ ਸਮੂਹ ਮੈਂਬਰਾਂ ਨੂੰ ਜੀ ਆਇਆਂ ਕਿਹਾ, ਚੋਣ ਅਧਿਕਾਰੀਆਂ ਦਾ ਧੰਨਵਾਦ ਕੀਤਾ, ਉਥੇ ਹੀ ਉਨ੍ਹਾਂ ਆਪਣੇ ਕਾਰਜਕਾਲ ਦੌਰਾਨ ਪੰਜਾਬੀ ਲੇਖਕ ਸਭਾ ਵੱਲੋਂ ਨਿਭਾਈਆਂ ਗਈਆਂ ਸੇਵਾਵਾਂ ਦਾ ਜ਼ਿਕਰ ਕਰਦਿਆਂ ਸਾਰਾ ਸਿਹਰਾ ਆਪਣੀ ਸਮੁੱਚੀ ਟੀਮ ਨੂੰ ਦਿੱਤਾ। ਸਭਾ ਦੇ ਸੀਨੀਅਰ ਮੀਤ ਪ੍ਰਧਾਨ ਚਲੇ ਆ ਰਹੇ ਅਵਤਾਰ ਸਿੰਘ ਪਤੰਗ ਨੇ ਵੀ ਪੰਜਾਬੀ ਲੇਖਕ ਸਭਾ ਦੇ ਸਮੁੱਚੇ ਇਤਿਹਾਸ ਨਾਲ ਸਮੂਹ ਮੈਂਬਰਾਂ ਦੀ ਸਾਂਝ ਪੁਆਈ। ਉਪਰੰਤ ਭੁਪਿੰਦਰ ਸਿੰਘ ਮਲਿਕ ਨੇ ਬਤੌਰ ਜਨਰਲ ਸਕੱਤਰ ਸਭਾ ਦੇ ਦੋ ਵਰ੍ਹਿਆਂ ਦੀ ਸਮੁੱਚੀ ਕਾਰਜਗੁਜ਼ਾਰੀ ਦੀ ਵਿਸਥਾਰਤ ਰਿਪੋਰਟ ਪੇਸ਼ ਕੀਤੀ ਅਤੇ ਉਨ੍ਹਾਂ ਦੇ ਨਾਲ ਹੀ ਸਭਾ ਦੇ ਵਿੱਤ ਸਕੱਤਰ ਵਜੋਂ ਹਰਮਿੰਦਰ ਸਿੰਘ ਕਾਲੜਾ ਨੇ ਦੋ ਵਰ੍ਹਿਆਂ ਦੀ ਵਿੱਤੀ ਰਿਪੋਰਟ ਵੀ ਪੇਸ਼ ਕੀਤੀ। ਜਿਸ ਨੂੰ ਹਾਜ਼ਰ ਮੈਂਬਰਾਂ ਨੇ ਹੱਥ ਖੜ੍ਹੇ ਕਰਕੇ ਪਾਸ ਕੀਤਾ।

ਚੋਣ ਪ੍ਰਕਿਰਿਆ ਸ਼ੁਰੂ ਕਰਦਿਆਂ ਮੁੱਖ ਚੋਣ ਅਧਿਕਾਰੀ ਪ੍ਰਿੰ. ਗੁਰਦੇਵ ਕੌਰ ਪਾਲ ਹੁਰਾਂ ਨੇ ਕਿਹਾ ਕਿ ਸਾਰੀ ਕਾਰਵਾਈ ਮੈਂ ਆਪਣੇ ਸਾਥੀ ਡਾ. ਬਲਦੇਵ ਸਿੰਘ ਖਹਿਰਾ ਨਾਲ ਮਿਲ ਅੱਗੇ ਵਧਾਈ ਅਤੇ ਸਮੁੱਚੀ ਚੋਣ ਪ੍ਰਕਿਰਿਆ ਪੂਰੀ ਤਰ੍ਹਾਂ ਪਾਰਦਰਸ਼ੀ ਹੈ। ਪ੍ਰਿੰਸੀਪਲ ਗੁਰਦੇਵ ਕੌਰ ਪਾਲ ਨੇ ਦੱਸਿਆ ਕਿ ਪ੍ਰਧਾਨ, ਜਨਰਲ ਸਕੱਤਰ ਸਣੇ ਕੁੱਲ ਅੱਠ ਅਹੁਦੇਦਾਰੀਆਂ ਲਈ ਅੱਠ ਹੀ ਨਾਮਜ਼ਦਗੀਆਂ ਪ੍ਰਾਪਤ ਹੋਈਆਂ ਤੇ ਇੰਝ ਬਿਨ ਮੁਕਾਬਲਾ ਪੰਜਾਬੀ ਲੇਖਕ ਸਭਾ (ਰਜਿ.) ਚੰਡੀਗੜ੍ਹ ਦੇ ਅੱਠੋਂ ਅਹੁਦੇਦਾਰ ਚੁਣੇ ਗਏ। ਚੁਣੇ ਅਹੁਦੇਦਾਰਾਂ ਦੇ ਨਾਮਾਂ ਦਾ ਐਲਾਨ ਕਰਦਿਆਂ ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਸਭਾ ਦੇ ਅਗਲੇ ਦੋ ਸਾਲਾਂ ਲਈ ਦੀਪਕ ਸ਼ਰਮਾ ਚਨਾਰਥਲ ਪ੍ਰਧਾਨ, ਭੁਪਿੰਦਰ ਸਿੰਘ ਮਲਿਕ ਜਨਰਲ ਸਕੱਤਰ, ਪਾਲ ਅਜਨਬੀ ਸੀਨੀਅਰ ਮੀਤ ਪ੍ਰਧਾਨ, ਡਾ. ਗੁਰਮੇਲ ਸਿੰਘ ਮੀਤ ਪ੍ਰਧਾਨ (1), ਮਨਜੀਤ ਕੌਰ ਮੀਤ ਪ੍ਰਧਾਨ (2), ਸੁਖਵਿੰਦਰ ਸਿੰਘ ਸਿੱਧੂ ਸਕੱਤਰ (1), ਸਿਮਰਜੀਤ ਕੌਰ ਗਰੇਵਾਲ ਸਕੱਤਰ (2) ਅਤੇ ਹਰਮਿੰਦਰ ਸਿੰਘ ਕਾਲੜਾ ਵਿੱਤ ਸਕੱਤਰ ਵਜੋਂ ਚੁਣੇ ਗਏ। ਚੁਣੇ ਅਹੁਦੇਦਾਰਾਂ ਦਾ ਜੰਗ ਬਹਾਦਰ ਗੋਇਲ, ਡਾ. ਦੀਪਕ ਮਨਮੋਹਨ ਸਿੰਘ, ਲਾਭ ਸਿੰਘ ਖੀਵਾ, ਸੁਸ਼ੀਲ ਦੁਸਾਂਝ, ਸਿਰੀਰਾਮ ਅਰਸ਼, ਗੁਰਮਿੰਦਰ ਸਿੱਧੂ, ਰਜਿੰਦਰ ਕੌਰ ਸਣੇ ਹੋਰ ਵੱਖੋ-ਵੱਖ ਲੇਖਕਾਂ, ਸਾਹਿਤਕਾਰਾਂ ਨੇ ਫੁੱਲਾਂ ਦੇ ਹਾਰ ਪਾ ਕੇ ਤੇ ਲੱਡੂਆਂ ਨਾਲ ਮੂੰਹ ਮਿੱਠਾ ਕਰਵਾ ਕੇ ਵਧਾਈਆਂ ਦਿੱਤੀਆਂ।

ਪ੍ਰਧਾਨ ਚੁਣੇ ਜਾਣ ਉਪਰੰਤ ਦੀਪਕ ਸ਼ਰਮਾ ਚਨਾਰਥਲ ਨੇ ਸਭਾ ਦੇ ਬਾਨੀ ਤੇਰਾ ਸਿੰਘ ਚੰਨ ਨੂੰ ਯਾਦ ਕਰਦਿਆਂ ਸਭਾ ਦੀ ਰਹਿਨੁਮਾਈ ਕਰਨ ਵਾਲੇ ਗੁਰਨਾਮ ਕੰਵਰ ਅਤੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਨੂੰ ਵੱਡੀ ਜ਼ਿੰਮੇਵਾਰੀ ਮਿਲੀ ਹੈ ਅਤੇ ਮੈਂ ਆਪ ਸਭ ਦੀਆਂ ਉਮੀਦਾਂ 'ਤੇ ਖਰਾ ਉਤਰਨ ਦੀ ਕੋਸ਼ਿਸ਼ ਕਰਦਿਆਂ ਪੰਜਾਬੀ ਸਾਹਿਤ, ਪੰਜਾਬੀ ਭਾਸ਼ਾ ਦੀ ਹੋਰ ਪ੍ਰਫੁੱਲਤਾ ਲਈ ਤਨਦੇਹੀ ਨਾਲ ਆਪਣਾ ਰੋਲ ਨਿਭਾਵਾਂਗਾ।

ਇਸ ਮੌਕੇ ਇਜਲਾਸ ਵਿਚ ਡਾ. ਦੀਪਕ ਮਨਮੋਹਨ ਸਿੰਘ, ਸੁਸ਼ੀਲ ਦੁਸਾਂਝ, ਡਾ. ਲਾਭ ਸਿੰਘ ਖੀਵਾ, ਪ੍ਰੋ. ਦਿਲਬਾਗ ਸਿੰਘ, ਵਰਿੰਦਰ ਚੱਠਾ, ਡਾ. ਗੁਰਮਿੰਦਰ ਸਿੱਧ, ਲਾਭ ਸਿੰਘ ਲਹਿਲੀ, ਨਵਨੀਤ



ਕੌਰ ਮਠਾੜੂ, ਰਜਿੰਦਰ ਕੌਰ, ਮਲਕੀਅਤ ਬਸਰਾ, ਸਿਰੀਰਾਮ ਅਰਸ਼, ਮਨਜੀਤ ਕੌਰ ਮੋਹਾਲੀ, ਸ਼ਾਇਰ ਭੱਟੀ, ਗੁਰਦੀਪ ਗੁਲ, ਪਰਮਜੀਤ ਪਰਮ, ਅਜੀਤ ਕੰਵਲ ਸਿੰਘ ਹਮਦਰਦ, ਡਾ. ਸ਼ਿੰਦਰਪਾਲ ਸਿੰਘ, ਰਮਨ ਸੰਧੂ, ਹਰਭਜਨ ਕੌਰ ਢਿੱਲੋਂ, ਸੁਰਜੀਤ ਕੌਰ ਬੈਂਸ, ਪੰਮੀ ਸਿੱਧੂ ਸੰਧੂ, ਡਾ. ਮਨਜੀਤ ਸਿੰਘ ਬੱਲ, ਸਰਿੰਦਰ ਗਿੱਲ, ਮਨਮੋਹਨ ਸਿੰਘ ਕਲਸੀ, ਸ਼ਮਸ਼ੀਲ ਸਿੰਘ ਸੋਢੀ, ਪਿਆਰਾ ਸਿੰਘ ਰਾਹੀ, ਜੈ ਸਿੰਘ ਛਿੱਬਰ, ਪਰਮਿੰਦਰ ਸਿੰਘ ਗਿੱਲ ਐਡਵੋਕੇਟ, ਸਣੇ ਸਭਾ ਦੇ ਵੱਡੀ ਗਿਣਤੀ ਮੈਂਬਰ ਹਾਜ਼ਰ ਸਨ।

# ਅਸਮਾਨ ਦਾ ਨਹੀਂ, ਧਰਤੀ ਦਾ ਫ਼ਲਸਫ਼ਾ

**(ਵਰਿਆਮ ਸਿੰਘ ਸੰਧੂ ਪੰਜਾਬੀ ਦਾ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਸਾਹਿਤਕਾਰ ਹੈ। ਪੰਜਾਬੀ ਕਹਾਣੀ ਦੇ ਮਾਣਮੱਤੇ ਹਸਤਾਖ਼ਰ ਨੇ ਵਾਰਤਕ ਲਿਖਣ ਵਿੱਚ ਵੀ ਮਾਣਯੋਗ ਸਥਾਨ ਗ੍ਰਹਿਣ ਕੀਤਾ ਹੈ। ਪੇਸ਼ ਹੈ ਉਸਦੀ ਇਕ ਸ਼ਾਨਦਾਰ ਲਿਖਤ - ਸੰਪਾਦਕ)**



ਗੱਲ ਤੋਰਨ ਲਈ ਮੈਨੂੰ ਭਾਈ ਗੁਰਦਾਸ ਜੀ ਦੀ ਸੱਚੇ ਪਾਤਸ਼ਾਹ ਬਾਰੇ ਲਿਖੀ ਵਾਰ ਦੀਆਂ ਪਹਿਲੀਆਂ ਦੋ ਪੰਕਤੀਆਂ ਦਾ ਆਸਰਾ ਲੈਣਾ ਪੈਣਾ ਹੈ।

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥

ਅਰਥ ਤੁਸੀਂ ਸਾਰੇ ਹੀ ਜਾਣਦੇ ਹੋ। ਗੁਰੂ ਨਾਨਕ ਸਾਹਿਬ ਦਾ ਪਰਗਟ (ਜਨਮ ਲੈਣਾ ਨਹੀਂ, ਗਿਆਨ ਦਾ ਪਰਗਟ ਹੋਣਾ) ਹੋਣਾ ਗਿਆਨ ਦਾ ਸੂਰਜ ਚੜ੍ਹਨ ਵਾਂਗ ਸੀ, ਜਿਸਦੇ ਚਾਨਣ ਵਿੱਚ ਅਗਿਆਨ, ਕੁਤਰਕ ਤੇ ਅਧਰਮ ਦੀ ਧੁੰਦ ਤੇ ਹਨੇਰਾ ਦੂਰ ਹੋ ਗਿਆ। ਜਦੋਂ ਸੂਰਜ ਚੜ੍ਹਦਾ ਹੈ ਤਾਂ ਉਹਦੇ ਚਾਨਣ ਵਿੱਚ ਧੁੰਦ ਤੇ ਹਨੇਰਾ ਹੀ ਦੂਰ ਨਹੀਂ ਹੁੰਦੇ, ਤਾਰੇ ਵੀ ਛਿਪ ਜਾਂਦੇ ਹਨ। ਧੁੰਦ ਤੇ ਹਨੇਰਾ ਤਾਂ ਨਾਂਹ-ਵਾਚਕ ਸ਼ਬਦ ਨੇ ਪਰ 'ਤਾਰੇ' ਨਾਂਹ-ਵਾਚਕ ਨਹੀਂ ਹਨ। ਉਹ ਤਾਂ ਟਿਮਟਮਾਉਂਦੀ ਰੌਸ਼ਨੀ ਦਾ ਸੋਮਾ ਹਨ। ਰਾਤ ਦੇ ਹਨੇਰੇ ਵਿੱਚ ਖਿਲਰੇ ਚਾਨਣ ਦੇ ਛੋਟੇ-ਛੋਟੇ ਟੋਟੇ ਹਨ। ਪਰ ਜਦ ਸੂਰਜ ਚੜ੍ਹਦਾ ਹੈ ਤਾਂ ਚਾਨਣ ਦੇ ਇਹ ਨਿੱਕੇ ਸੋਮੇ ਵੀ ਛਿਪ ਜਾਂਦੇ ਹਨ। ਪਰ ਹਕੀਕਤ ਵਿਚ ਇਹ 'ਛੋਟੇ' ਜਾਂ 'ਨਿੱਕੇ' ਨਹੀਂ ਹਨ। ਅਸਲ ਰਮਜ਼ ਏਹੋ ਹੈ ਸਮਝਣ ਵਾਲੀ!

ਜੇ ਗੁਰੂ ਸਾਹਿਬ ਦੀ ਵਿਚਾਰਧਾਰਾ/ਫ਼ਲਸਫ਼ਾ 'ਸੂਰਜ' ਸੀ ਤਾਂ ਚਾਨਣ ਬਿਖੇਰਦੇ ਇਹ ਛੋਟੇ ਛੋਟੇ ਤਾਰੇ ਕੀ ਸਨ? ਅਸਲ ਵਿੱਚ ਇਹ ਭਾਰਤ ਦੇ/ਸੰਸਾਰ ਦੇ ਉਹ ਫ਼ਲਸਫ਼ੇ ਸਨ, ਜਿਹੜੇ ਆਪਣੀ ਥਾਂ 'ਤੇ ਹੋ ਸਕਦਾ ਹੈ, ਬੜੇ ਵੱਡੇ ਹੋਣ, ਮਹਾਨ ਹੋਣ! ਅਸੀਂ ਜਾਣਦੇ ਹਾਂ ਕਿ ਇਸ ਬ੍ਰਹਿਮੰਡ ਵਿੱਚ ਸਾਡੇ ਸੂਰਜ-ਮੰਡਲ ਵਰਗੇ ਵੀ ਅਤੇ ਇਸਤੋਂ ਵੱਡੇਰੇ ਵੀ, ਕਈ ਹੋਰ ਸੂਰਜ-ਮੰਡਲ ਵੀ ਹਨ। ਕਈ ਤਾਰੇ ਤਾਂ ਸਾਡੇ ਸੂਰਜ ਤੋਂ ਵੀ ਕਈ ਗੁਣਾ ਵੱਡੇ ਹਨ। ਪਰ ਉਹ ਸਾਡੀ ਧਰਤੀ ਤੋਂ ਹਜ਼ਾਰਾਂ-ਲੱਖਾਂ ਮੀਲ ਦੂਰ ਹਨ। ਏਨੀ ਦੂਰ ਕਿ ਕਈਆਂ ਦੀ ਤਾਂ ਰੌਸ਼ਨੀ ਲੱਖਾਂ ਸਾਲਾਂ ਬਾਅਦ ਧਰਤੀ 'ਤੇ ਅੱਪੜਦੀ ਹੈ ਤੇ ਇਹ ਵੀ ਕਿਹਾ ਜਾਂਦਾ ਹੈ ਕਿ ਕਈਆਂ ਦੀ ਰੌਸ਼ਨੀ ਤਾਂ ਅਜੇ ਤੱਕ ਵੀ ਧਰਤੀ 'ਤੇ ਨਹੀਂ ਪਹੁੰਚੀ।

ਸੋ ਤਾਰਿਆਂ ਵਰਗੇ ਇਹ ਫ਼ਲਸਫ਼ੇ ਲੱਖ ਮਹਾਨ ਤੇ ਵੱਡੇ ਹੋਣ ਪਰ ਲੋਕਾਈ ਦੀ ਪਹੁੰਚ ਤੋਂ 'ਬਹੁਤ ਦੂਰ' ਹੋਣ ਕਰ ਕੇ ਉਹਨਾਂ ਦਾ ਨਿੱਘ ਤੇ ਰੌਸ਼ਨੀ ਲੋਕਾਂ ਦਾ ਕੁੱਝ ਨਹੀਂ ਸਨ ਸਵਾਰ ਸਕਦੇ।

ਨਿੱਘ ਹੈ ਨਾ ਰੌਸ਼ਨੀ ਹੈ, ਇਹ ਕੇਹੀ ਦੋਸਤੀ ਹੈ- (ਪਾਤਰ)

ਗੁਰੂ ਸਾਹਿਬ ਦਾ ਸੂਰਜੀ ਫ਼ਲਸਫ਼ਾ ਇਸ ਕਰ ਕੇ ਮਹਾਨ ਸੀ, ਕਿਉਂਕਿ ਇਹ ਜ਼ੁਲਮ-ਜਬਰ ਦੀ ਕੜਕਦੀ ਠੰਢ ਵਿੱਚ ਠਰਦੀ-ਕੰਬਦੀ ਲੋਕਾਈ ਨੂੰ ਨਿੱਘ ਦਿੰਦਾ ਸੀ। ਕੂੜ ਕੁਸੱਤ ਬੋਲਣ/ਕਰਨ ਵਾਲੀ, ਗਿਆਨ ਬਿਨਾਂ ਅੰਨ੍ਹੀ, ਪਰਜਾ ਨੂੰ ਰੌਸ਼ਨੀ ਦਿੰਦਾ ਸੀ, ਅੱਖਾਂ ਦਿੰਦਾ ਸੀ। ਸਦੀਆਂ ਬਾਅਦ ਲੋਕਾਂ ਨੂੰ ਲੱਗਾ, ਇਹ ਤਾਂ ਕੋਈ ਉਹਨਾਂ ਦੇ ਦੁੱਖਾਂ-ਦਰਦਾਂ ਨੂੰ ਸਮਝਣ ਵਾਲਾ, ਉਹਨਾਂ ਦੇ ਡੂੰਘੇ ਜ਼ਖ਼ਮਾਂ 'ਤੇ ਮਰ੍ਹਮ ਲਾਉਣ ਵਾਲਾ, ਉਹਨਾਂ ਦਾ ਕੋਈ ਡਾਢਾ ਦਰਦੀ ਆ ਗਿਆ ਹੈ। ਜਦੋਂ ਗੁਰੂ ਸਾਹਿਬ ਨੇ 'ਏਕ ਪਿਤਾ ਏਕਿਸ ਕੇ ਹਮ ਬਾਰਿਕ' ਆਖ ਕੇ 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਦੇ ਅੰਦਾਜ਼ ਵਿੱਚ ਬਾਹਵਾਂ ਖੋਲ੍ਹੀਆਂ ਤਾਂ ਦੁਖੀ-ਲਤਾੜੀ ਮਨੁੱਖਤਾ ਧਾਹ ਕੇ ਉਹਨਾਂ ਦੇ ਗ਼ਲ ਨਾਲ ਆਣ ਲੱਗੀ।

ਮਨੁੱਖਤਾ ਦੇ ਦੁੱਖ ਕੀ ਸਨ, ਜ਼ਖ਼ਮ ਕੀ ਸਨ ਤੇ ਮਰ੍ਹਮ ਕੀ ਸੀ! ਏਸੇ ਸਮਝ ਵਿੱਚ ਗੁਰੂ ਜੀ ਦੇ ਵਿਚਾਰਾਂ ਦੀ ਪ੍ਰਸੰਗਕਤਾ ਦਾ ਰਹੱਸ ਪਿਆ ਹੈ।

ਦੁੱਖ ਦੀ ਦਵਾਈ ਦੇਣ ਜਾਂ ਜ਼ਖ਼ਮ 'ਤੇ ਮਰ੍ਹਮ ਲਾਉਣ ਤੋਂ ਪਹਿਲਾਂ ਬੀਮਾਰੀ ਦੀ ਤਖ਼ਸ਼ੀਸ਼ ਕਰਨੀ ਬਹੁਤ ਜ਼ਰੂਰੀ ਹੁੰਦੀ ਹੈ। ਏਸੇ ਤਖ਼ਸ਼ੀਸ਼ ਦਾ ਯਤਨ ਹੀ ਸੀ, ਗੁਰੂ ਸਾਹਿਬ ਦਾ ਸੰਕੇਤਕ ਤੌਰ 'ਤੇ ਵੇਈਂ ਵਿੱਚ ਚੁੱਭੀ ਲਾਉਣਾ। ਇਹ ਅਸਲ ਵਿੱਚ ਅੰਤਰ-ਮਨ ਵਿੱਚ ਚੁੱਭੀ ਲਾਉਣਾ ਸੀ। ਅੰਤਰ-ਧਿਆਨ ਹੋ ਕੇ ਕਿਸੇ ਅੰਤਮ ਫ਼ੈਸਲੇ 'ਤੇ ਪੁੱਜਣਾ ਸੀ। ਉਸ ਵੇਲੇ ਦੇਸ਼ ਵਿੱਚ ਦੋ ਮੁੱਖ ਧਰਮ ਸਨ। ਹਿੰਦੂ ਤੇ ਮੁਸਲਮਾਨ। ਦੋਵੇਂ ਇੱਕ ਦੂਜੇ ਦੇ ਵਿਰੋਧੀ। ਇੱਕ ਹਾਕਮ ਦਾ ਧਰਮ, ਦੂਜਾ ਮਹਿਕੂਮ ਦਾ ਧਰਮ। ਇੱਕ ਹਮਲਾਵਰ, ਦੂਜਾ ਆਤਮ ਸੁਰੱਖਿਆ ਦੇ ਪੈਂਤੜੇ ਤੋਂ ਆਪਣੇ ਘੁਰਨਿਆਂ ਵਿੱਚ ਸਿਰ ਘਸੋੜ ਕੇ ਬੈਠਾ ਹੋਇਆ।

ਦੋਵਾਂ ਧਰਮਾਂ ਦਾ ਵਿਰੋਧ, ਇਸ ਦੰਦ-ਕਥਾ ਮੁਤਾਬਕ, ਕੁੱਝ ਇਸ ਅੰਦਾਜ਼ ਦਾ ਵੀ ਸੀ:

ਰੋਟੀ ਖਾਂਦਿਆਂ ਮੁਸਲਮਾਨ ਦੀ ਬੁਰਕੀ ਹੱਥੋਂ ਡਿਗ ਪਈ। ਮਨ ਦੁਬਿਧਾ ਵਿੱਚ ਪੈ ਗਿਆ। ਬੁਰਕੀ ਚੁੱਕ ਕੇ ਖਾਵੇ ਜਾਂ ਨਾ ਖਾਵੇ? ਮੌਲਵੀ ਸਾਹਿਬ ਕੋਲ ਚਲਾ ਗਿਆ, ਇਹ ਜਾਨਣ ਲਈ, ਕਿ ਇਸ ਮਸਲੇ ਬਾਰੇ ਸ਼ਰ੍ਹਾ ਕੀ ਕਹਿੰਦੀ ਹੈ। ਮੌਲਵੀ ਨੇ ਕਿਤਾਬਾਂ ਫ਼ੋਲ ਮਾਰੀਆਂ, ਪਰ ਕੋਈ ਤਸੱਲੀਬਖ਼ਸ਼ ਜਵਾਬ ਨਾ ਲੱਭਾ। ਆਖ਼ਰ ਹੈ ਤਾਂ 'ਮੌਲਵੀ' ਹੀ ਸੀ, ਲਾਜਵਾਬ ਥੋੜਾ ਹੋ ਸਕਦਾ ਸੀ! ਅਗਲੇ ਨੂੰ ਅੱਗੋਂ ਵਲਦਿਆਂ ਸਵਾਲ ਕਰ ਦਿੱਤਾ, ''ਪਹਿਲਾਂ ਤੂੰ ਮੈਨੂੰ ਇਹ ਦੱਸ ਕਿ ਹਿੰਦੂ ਡਿੱਗੀ ਹੋਈ ਬੁਰਕੀ ਦਾ ਕੀ ਕਰਦਾ ਹੈ?''

ਉਹ ਕਹਿੰਦਾ, ''ਜੀ, ਹਿੰਦੂ ਡਿੱਗੀ ਹੋਈ ਬੁਰਕੀ ਖਾਂਦਾ ਨਹੀਂ, ਸੁੱਟ ਦਿੰਦਾ ਹੈ।''

ਮੌਲਵੀ ਸਾਹਿਬ ਕਹਿੰਦੇ, ''ਸ਼ਰ੍ਹਾ ਕਹਿੰਦੀ ਹੈ ਕਿ, ਮੁਸਲਮਾਨ ਨੂੰ ਡਿੱਗੀ ਹੋਈ ਬੁਰਕੀ ਚੁੱਕ ਕੇ ਖਾ ਲੈਣੀ ਚਾਹੀਦੀ ਹੈ।''

ਗੁਰੂ ਸਾਹਿਬ ਨੂੰ ਅੰਤਰ ਮਨ ਦੀ ਵੇਈਂ 'ਚੋਂ ਬਾਹਰ ਆਉਂਦਿਆਂ ਜੋ ਚਾਨਣ ਹੋਇਆ, ਉਹ ਉਹਨਾਂ ਨੇ ਇਹਨਾਂ ਬੋਲਾਂ ਵਿੱਚ ਉਚਾਰਿਆ:

'ਨਾ ਹਮ ਹਿੰਦੂ ਨਾ ਮੁਸਲਮਾਨ'

ਜੇ ਮੈਂ ਨਾ ਹਿੰਦੂ ਹਾਂ, ਨਾ ਮੁਸਲਮਾਨ, ਤਾਂ ਮੈਂ ਹਾਂ ਕੌਣ?

ਉਹ ਅੰਤਰ-ਮਨ ਵਿੱਚ ਡੂੰਘੀ ਝਾਤ ਮਾਰ ਕੇ ਜਾਣ ਚੁੱਕੇ ਸਨ।

ਗੁਰੂ ਸਾਹਿਬ ਦੀ ਪਹਿਲ ਹਿੰਦੂ ਜਾਂ ਮੁਸਲਮਾਨ ਹੋਣਾ ਨਹੀਂ ਸਗੋਂ 'ਇਨਸਾਨ' ਹੋਣਾ ਸੀ। ਸਾਫ਼ ਜ਼ਾਹਿਰ ਸੀ ਕਿ ਜੇ ਹਿੰਦੂ ਜਾਂ ਮੁਸਲਮਾਨ ਨਹੀਂ ਤਾਂ ਫਿਰ ਮੈਂ ਕੀ ਹਾਂ, ਕੌਣ ਹਾਂ?

''ਮੈਂ ਇਨਸਾਨ ਹਾਂ।''

ਉਹ ਨਾ ਆਪਣੇ ਆਪ ਨੂੰ ਭਗਵਾਨ ਕਹਿੰਦੇ ਨੇ, ਨਾ ਰਸੂਲ, ਨਾ ਪੈਗ਼ੰਬਰ, ਨਾ ਰੱਬ ਦਾ ਪੁੱਤਰ। ਉਹ ਕਹਿੰਦੇ ਹਨ, ''ਹਮ ਆਦਮੀ ਹੈਂ ਇੱਕ ਦਮੀ, ਮੁਹਲਤਿ ਮੁਹਤਿ ਨਾ ਜਾਣਾ।''

''ਮੈਂ ਤਾਂ ਸਾਹ ਲੈਣ ਵਾਲਾ ਉਹ ਜੀਵ ਹਾਂ ਜਿਸਨੂੰ ਆਪਣੇ ਅਗਲੇ ਸਾਹ ਦੇ ਆਉਣ ਜਾਂ ਨਾ ਆਉਣ ਦਾ ਭਰੋਸਾ ਨਹੀਂ, ਮੈਨੂੰ ਤਾਂ ਆਪਣੇ ਸਾਹ ਦੀ ਮੁਹਲਤ ਜਾਂ ਮਿਆਦ ਦੀ ਜਾਣਕਾਰੀ ਨਹੀਂ।''

ਗੁਰੂ ਜੀ ਮੁਤਾਬਕ ਜਿਸ ਵਿਅਕਤੀ ਨੂੰ ਆਪਣੇ ਸਾਹ ਦੀ ਮੁਹਲਤ ਤੇ ਮਿਆਦ ਦਾ ਵੀ ਪਤਾ ਨਹੀਂ, ਉਹ ਰੱਬ ਜਾਂ ਪ੍ਰਮੇਸ਼ਰ ਹੋਣ ਦਾ ਦਾਅਵਾ ਕਿਵੇਂ ਕਰ ਸਕਦਾ ਏ! ਖ਼ਾਸ ਤੌਰ 'ਤੇ ਉਹ ਮਹਾਂਪੁਰਸ਼, ਜਿਹੜਾ ਇਹ ਜਾਣਦਾ, ਕਹਿੰਦਾ ਤੇ ਪ੍ਰਚਾਰਦਾ ਰਿਹਾ ਏ ਕਿ ਪ੍ਰਮਾਤਮਾ ਤਾਂ 'ਅਜੂਨੀ' ਹੈ। ਜਦ ਮੱਕੇ ਵਿੱਚ ਕਾਅਬੇ ਵੱਲ ਲੱਤਾਂ ਕਰ ਕੇ ਲੰਮੇ ਪੈ ਗਏ ਸਨ ਤਾਂ ਆ ਕੇ ਕਾਜ਼ੀ ਨੇ ਪੁੱਛਿਆ ਸੀ ਕਿ ਤੂੰ ਹਿੰਦੂ ਏਂ ਜਾਂ ਮੁਸਲਮਾਨ? ਤਦ ਗੁਰੂ ਜੀ ਦਾ ਜਵਾਬ ਸੀ, ''ਪਾਂਚ ਤੱਤ ਕਾ ਪੁਤਲਾ, ਨਾਨਕ ਮੇਰਾ ਨਾਉਂ।''


ਗੁਰੂ ਜੀ ਲਈ ਹੁਣ ਅਸਲ ਸਵਾਲ ਇਨਸਾਨੀ ਪਛਾਣ ਨੂੰ ਮਾਣ ਤੇ ਸਥਾਨ ਦਿਵਾਉਣ ਦਾ ਸੀ। ਆਪਣੇ ਆਪ ਨੂੰ ਆਦਮੀ ਕਹਿਣਾ, ਮੰਨਣਾ ਤੇ ਪ੍ਰਚਾਰਨਾ, ਦੂਜੇ ਆਦਮੀਆਂ ਨਾਲ ਅਪਣੱਤ ਅਤੇ ਬਰਾਬਰੀ ਦਾ ਰਿਸ਼ਤਾ ਜੋੜਨਾ ਸੀ। ਇਹ ਅੰਬਰਾਂ ਤੋਂ ਉਤਰ ਕੇ ਧਰਤੀ ਉੱਤੇ, ਧਰਤੀ ਦੇ ਲੋਕਾਂ ਵਿੱਚ ਆ ਜਾਣ ਵਾਂਗ ਸੀ। ਉਹਨਾਂ ਵਰਗਾ ਹੋ ਜਾਣਾ ਸੀ।

ਅਸਮਾਨ 'ਤੇ ਰਹਿਣ-ਵੱਸਣ ਵਾਲੇ ਕਿਸੇ ਮਹਾਂਪੁਰਸ਼ ਨੂੰ ਤੁਸੀਂ ਆਪਣੇ ਦਿਲ ਦਾ ਦੁਖੜਾ ਕਿਵੇਂ ਦੱਸ ਸਕਦੇ ਓ? ਉਹਦੇ ਗਲ ਨਾਲ ਕਿਵੇਂ ਲੱਗ ਸਕਦੇ ਓ? ਗਲ਼ ਤਾਂ ਤੁਸੀਂ ਓਸੇ ਮਹਾਂਪੁਰਸ਼ ਦੇ ਲੱਗ ਸਕਦੇ ਓ, ਜਿਹੜਾ ਤੁਹਾਡੇ ਵਰਗਾ ਬਣ ਕੇ ਤੁਹਾਡੇ ਸਾਹਮਣੇ ਤੁਹਾਡੀਆਂ ਅੱਖਾਂ 'ਚ ਅੱਖਾਂ ਪਾ ਕੇ ਤੇ ਬਾਹਵਾਂ ਖੋਲ੍ਹ ਕੇ ਖਲੋਤਾ ਹੋਵੇ। ਇਹੋ ਕਾਰਨ ਸੀ ਜਦ ਗੁਰੂ ਸਾਹਿਬ ਲੋਕਾਂ ਦੇ ਦਿਲਾਂ ਦੇ ਦਰਦੀ ਬਣ ਕੇ, ਅਸਮਾਨ ਤੋਂ ਉਤਰ ਕੇ ਧਰਤੀ 'ਤੇ ਆਣ ਖਲੋਤੇ ਅਤੇ ਲੋਕਾਈ ਦੇ ਰੋਗਾਂ ਦੇ ਵੈਦ ਬਣ ਕੇ, ਉਹਨਾਂ ਦੀ ਆਪਣੀ ਦੇਹ-ਜਾਨ ਬਣ ਕੇ, ਮੁਹੱਬਤ ਨਾਲ ਆਪਣੀਆਂ ਬਾਹਵਾਂ ਖੋਲ੍ਹਦੇ ਹਨ ਤਾਂ ਲੋਕਾਈ ਭੱਜ ਕੇ ਉਹਨਾਂ ਨੂੰ ਦੀ ਹਿੱਕ ਨਾਲ ਆ ਲੱਗਣਾ ਸੁਭਾਵਕ ਹੀ ਸੀ। ਗੁਰੂ ਜੀ ਉਹਨਾਂ ਨੂੰ ਗਲ਼ ਨਾਲ ਲਾ ਕੇ ਆਪਣੀ ਮੁਹੱਬਤੀ ਬੁੱਕਲ ਵਿੱਚ ਘੁੱਟ ਲੈਂਦੇ ਹਨ।

ਜਿਨ੍ਹਾਂ ਲੋਕਾਂ ਲਈ 'ਬਾਬਾ ਵੈਦ ਰੋਗੀਆਂ ਦਾ' ਬਣ ਕੇ ਬਹੁੜਿਆ ਸੀ, ਉਹਨਾਂ ਦੀ ਇਨਸਾਨੀ ਪਛਾਣ ਨੂੰ ਮਾਨਤਾ ਦੇ ਕੇ ਹੀ ਗੱਲ ਸਮਾਪਤ ਨਹੀਂ ਸੀ ਹੋ ਜਾਣੀ। ਉਹਨਾਂ ਲੋਕਾਂ ਵਿੱਚ ਅਮਲੀ ਤੌਰ 'ਤੇ ਇਸ ਸਮਝ ਨੂੰ ਪ੍ਰਚਾਰਨਾ ਵੀ ਸੀ। ਉਹਨਾਂ ਨੂੰ ਸੱਚ ਨਾਲ ਜੋੜਨਾ ਵੀ ਸੀ। ਇਸ ਮਕਸਦ ਲਈ ਉਹਨਾਂ ਨੂੰ ਮਾਨਵ-ਵਿਰੋਧੀ ਰਾਜਨੀਤੀ, ਸਮਾਜਕ-ਸਭਿਆਚਾਰਕ ਤੇ ਧਾਰਮਕ ਮਾਨਤਾਵਾਂ ਨਾਲ ਟੱਕਰ ਵੀ ਲੈਣੀ ਪੈਣੀ ਸੀ। ਆਪਣੇ ਸੱਚ ਨੂੰ ਸਥਾਪਤ ਵੀ ਕਰਨਾ ਪੈਣਾ ਸੀ।

ਇਸ ਮਕਸਦ ਦੀ ਪੂਰਤੀ ਲਈ ਗੁਰੂ ਸਾਹਿਬ ਨੇ ਸੰਸਾਰ-ਯਾਤਰਾਵਾਂ ਸ਼ੁਰੂ ਕੀਤੀਆਂ। ਜਿੱਥੇ ਵੀ ਗਏ ਲੋਕਾਂ ਵਰਗਾ ਪਹਿਰਾਵਾ ਪਹਿਨ ਕੇ, ਉਹਨਾਂ ਵਰਗੇ ਬਣ ਕੇ ਗਏ। ਉਹਨਾਂ ਵਾਲੀ ਬੋਲ-ਬਾਣੀ ਵਿਚ ਗੱਲ-ਬਾਤ ਕਰਦਿਆਂ ਆਪਣੀ ਗੱਲ ਸੁਣਾਈ ਤੇ ਮਨਾਈ।

ਉਸ ਵੇਲੇ ਦੇ ਪ੍ਰਚੱਲਿਤ ਮੱਤ-ਮਤਾਂਤਰ ਸਮਾਜ ਅਤੇ ਦੁਨੀਆਂ ਤੋਂ ਭਗੌੜੇ ਹੋਣ ਦਾ ਪਰਚਾਰ ਕਰਦੇ ਸਨ। ਨਾਥ-ਜੋਗੀ ਤੇ ਸਿੱਧ-ਸਾਧ ਪਰਿਵਾਰਕ ਜੀਵਨ ਨੂੰ ਤਿਆਗਣ 'ਤੇ ਬਲ ਦੇ ਰਹੇ ਸਨ। ਉਹਨਾਂ ਮੁਤਾਬਕ ਪਰਿਵਾਰਕ ਤੇ ਸਮਾਜਕ ਜੀਵਨ ਜਿਊਣ ਵਾਲੇ ਲੋਕ ਦੁਨਿਆਵੀ ਦਲਦਲ ਵਿਚ ਖੁਭ ਕੇ ਮੁਕਤੀ-ਮਾਰਗ ਤੋਂ ਭਟਕ



ਜਾਂਦੇ ਹਨ। ਨਾਥ ਜੋਗੀ ਤਾਂ ਪਰਿਵਾਰਕ ਜੀਵਨ ਦੇ ਇੱਕ ਮੁੱਖ ਧੁਰੇ 'ਔਰਤ' ਨੂੰ 'ਰੱਬੀ ਰਾਹ' ਵਿਚ ਵੱਡੀ ਰੁਕਾਵਟ ਸਮਝਦੇ ਸਨ। ਉਹਨਾਂ ਲਈ ਔਰਤ 'ਇਨਸਾਨ' ਨਹੀਂ ਸਗੋਂ 'ਬਾਘਣ' ਸੀ। ਇਹ ਗੁਰੂ ਸਾਹਿਬ ਹੀ ਸਨ ਜਿਨ੍ਹਾਂ ਨੇ ਇਤਿਹਾਸ ਵਿਚ ਪਹਿਲੀ ਵਾਰ ਔਰਤ ਦੀ 'ਇਨਸਾਨੀ ਹੋਂਦ' ਨੂੰ ਮਾਨਤਾ ਦਿੱਤੀ। ਉਹਨਾਂ ਨੇ ਗ੍ਰਹਿਸਤ ਜੀਵਨ ਦੀ ਸਾਰਥਕਤਾ ਨੂੰ ਸਥਾਪਤ ਕੀਤਾ। ਹਸੰਦਿਆਂ, ਖਿਲੰਦਿਆਂ, ਪੈਨੰਦਿਆਂ ਮੁਕਤੀ ਹਾਸਲ ਕਰਨ ਦਾ ਰਾਹ ਦੱਸਿਆ। ਇਹ 'ਮੁਕਤੀ' ਓਨਾ ਚਿਰ ਅਰਥਹੀਣ ਹੈ, ਜੇ ਇਸ ਮੁਕਤੀ ਦਾ 'ਜਨ-ਮੁਕਤੀ' ਨਾਲ ਪੀਚਵਾਂ ਰਿਸ਼ਤਾ ਨਹੀਂ ਜੁੜਦਾ।

ਇਹੋ ਕਾਰਨ ਹੈ ਕਿ ਗੁਰੂ ਸਾਹਿਬ ਨੇ ਗ੍ਰਹਿਸਤ ਮਾਰਗ ਅਪਣਾਇਆ ਵੀ ਅਤੇ ਇਸ ਮਾਰਗ 'ਤੇ ਚੱਲਦਿਆਂ ਪਰਿਵਾਰ ਨੂੰ ਪਾਲਣ ਲਈ ਖੇਤੀ ਵੀ ਕੀਤੀ। ਦਸਾਂ ਨਹੁੰਆਂ ਦੀ ਕਿਰਤ ਕੀਤੀ। ਵੰਡ ਕੇ ਖਾਣ ਦੀ ਪਿਰਤ ਪਾਈ ਤੇ ਪਰਚਾਰੀ। ਸਿੱਧਾਂ ਤੇ ਨਾਥਾਂ-ਜੋਗੀਆਂ ਵਰਗੀਆਂ ਪਰਿਵਾਰਕ ਤੇ ਸਮਾਜਕ ਜੀਵਨ ਨੂੰ ਤਿਆਗਣ ਦਾ ਸੰਦੇਸ਼ ਦੇਣ ਵਾਲੀਆਂ ਜਿਤਨੀਆਂ ਧਿਰਾਂ ਸਨ, ਉਹਨਾਂ ਨਾਲ ਤਰਕ-ਸੰਗਤ ਸੰਵਾਦ ਰਚਾ ਕੇ ਉਹਨਾਂ ਨੂੰ ਧਰਮ ਦਾ ਅਸਲ ਮਾਰਗ ਦ੍ਰਿੜ ਕਰਵਾਇਆ।

ਗੁਰੂ ਸਾਹਿਬ ਸਿੱਧਾਂ ਨਾਲ ਸੰਵਾਦ ਰਚਾਉਂਦਿਆਂ ਜਦ ਇਹ ਕਹਿੰਦੇ ਹਨ, 'ਸਿਧ ਛਿਪ ਬੈਠੇ ਪਰਬਤੀਂ ਕੌਣ ਜਗਤ ਕੋ ਪਾਰ ਉਤਾਰਾ', ਤਾਂ ਉਹ ਇਹ ਸਮਝਦੇ ਸਨ ਕਿ ਇਹ ਸਭ ਲੋਕ ਗਿਆਨਵਾਨ ਤੇ ਪ੍ਰਤਿਭਾਵਾਨ ਤਾਂ ਹਨ ਹੀ। ਇਹ ਚਾਹੁਣ ਤਾਂ ਜਗਤ ਦਾ ਪਾਰ-ਉਤਾਰਾ ਕਰਨ ਵਿੱਚ ਸਹਾਇਕ ਹੋ ਸਕਦੇ ਹਨ। ਪਰ ਇਹਨਾਂ ਦੀ ਪ੍ਰਤਿਭਾ ਤਾਂ ਸੰਸਾਰਕ ਸਮੱਸਿਆਵਾਂ ਨੂੰ ਦੂਰ ਕਰਨ ਦੀ ਥਾਂ ਸਵੈ-ਮੁਕਤੀ ਵੱਲ ਝੁਕੀ ਹੋਈ ਹੈ। ਭਾਰਤ ਵਿੱਚ ਗਿਆਨੀ ਉਸ ਨੂੰ ਹੀ ਸਮਝਿਆ ਜਾਂਦਾ ਹੈ, ਜੋ ਜੀਵਨ ਤੋਂ ਦੌੜ ਜਾਂਦਾ ਹੈ। ਪਲਾਇਨ ਕਰ ਜਾਂਦਾ ਹੈ। ਉਸ ਨੂੰ ਅਗਿਆਨੀ ਸਮਝਿਆ ਜਾਂਦਾ ਹੈ ਜੋ ਜੂਝਦਾ ਹੈ, ਲੜਦਾ ਹੈ, ਜ਼ਿੰਦਗੀ ਨੂੰ ਬਦਲਣ ਦੀ ਕੋਸ਼ਿਸ਼ ਕਰਦਾ ਹੈ। ਜੇ ਤੁਸੀਂ ਕਿਸੇ ਬੀਮਾਰੀ ਦਾ ਇਲਾਜ ਕਰ ਰਹੇ ਹੋ ਤਾਂ ਪਾਗਲ ਹੋ, ਨਾਸਮਝ ਹੋ, ਅਗਿਆਨੀ ਹੋ। ਏਸੇ ਕਾਰਨ ਗੁਰੂ ਸਾਹਿਬ ਨੂੰ 'ਭੂਤਨਾ ਅਤੇ ਬੇਤਾਲਾ' ਵੀ ਕਿਹਾ ਗਿਆ। ਪਰ ਉਹ ਆਪਣੇ ਮਾਰਗ 'ਤੇ ਚੱਲਦੇ ਗਏ ਤੇ ਕਾਫ਼ਿਲਾ ਬਣਦਾ ਗਿਆ।

ਗੁਰੂ ਜੀ ਜੀਵਨ ਤੋਂ ਪਲਾਇਨ ਕਰ ਚੁੱਕੇ ਅਜਿਹੇ ਪ੍ਰਤਿਭਾਵਾਨ ਲੋਕਾਂ ਨੂੰ ਵੰਗਾਰ ਰਹੇ ਸਨ ਕਿ ਜੇ ਤੁਸੀਂ ਪਰਬਤਾਂ ਵਿਚ ਆ ਕੇ ਛਿਪ ਬੈਠੇ ਤਾਂ ਲੋਕਾਂ ਦੀ ਗ਼ਰੀਬੀ ਨੂੰ ਕੌਣ ਦੂਰ ਕਰੇਗਾ? ਬੀਮਾਰੀ ਨੂੰ ਕੌਣ ਦੂਰ ਕਰੇਗਾ? ਜ਼ਿੰਦਗੀ ਵਿੱਚ ਏਨਾ ਦੁੱਖ ਹੈ, ਏਨਾ ਕਲੇਸ਼ ਹੈ, ਏਨਾ ਸੰਘਰਸ਼ ਹੈ, ਏਨੀ ਕਰੂਪਤਾ ਹੈ ਕਿ ਸਾਰਾ ਜੀਵਨ ਇੱਕ ਨਰਕ ਬਣ ਗਿਆ ਹੈ। ਇਸ ਨਰਕ ਨੂੰ ਕੌਣ ਬਦਲੇਗਾ?

ਇਸ ਨੂੰ ਉਹੋ ਲੋਕ ਬਦਲ ਸਕਦੇ ਹਨ ਜੋ ਇਸ ਨਰਕ ਨੂੰ ਯਥਾਰਥ ਮੰਨਦੇ ਹਨ। ਇਹਨੂੰ ਸੱਚ ਮੰਨਦੇ ਹਨ। ਯਥਾਰਥ ਮੰਨਦੇ ਹੋਵੋ ਤਾਂ ਇਸ ਨੂੰ ਬਦਲਣ ਦੇ ਰਸਤੇ ਲੱਭੇ ਜਾ ਸਕਦੇ ਹਨ। ਪਰ ਜੇ ਇਹ ਯਥਾਰਥ ਹੈ ਹੀ ਨਹੀਂ ਹੈ, ਫਿਰ ਤਾਂ ਗੱਲ ਹੀ ਮੁੱਕ ਗਈ। ਫ਼ਿਰ ਤਾਂ ਇੱਕ ਹੀ ਕੰਮ ਹੀ ਰਹਿ ਜਾਂਦਾ ਹੈ, ਅੱਖਾਂ ਬੰਦ ਕਰਕੇ ਬੈਠ ਜਾਣ ਦਾ। ਤਪੱਸਿਆ ਕਰੀ ਜਾਵੋ! ਭਗਤੀ ਕਰੀ ਜਾਵੋ! ਲੋਕਾਂ ਨੂੰ ਤੁਹਾਡੇ ਤਪ ਤੇ ਭਗਤੀ ਦਾ ਕੀ ਲਾਭ?

ਗੁਰੂ ਸਾਹਿਬ ਨੇ ਸਾਨੂੰ ਜ਼ਿੰਦਗੀ ਦੀਆਂ ਸਮੱਸਿਆਵਾਂ ਨੂੰ ਅੱਖਾਂ ਖੋਲ੍ਹ ਕੇ ਵੇਖਣ, ਸਮਝਣ ਦੀ ਨਜ਼ਰ ਵੀ ਦਿੱਤੀ ਤੇ ਇਸ ਨਰਕ ਵਰਗੇ ਜੀਵਨ ਨੂੰ ਬਦਲਣ ਲਈ ਪ੍ਰੇਰਨਾ, ਉਤਸ਼ਾਹ ਤੇ ਹੁਲਾਰਾ ਵੀ ਦਿੱਤਾ। ਜ਼ਿੰਦਗੀ ਤੋਂ ਬੇਮੁੱਖ ਹੋਣ ਵਾਲਿਆਂ ਨੂੰ ਜ਼ਿੰਦਗੀ ਵੱਲ ਮੋੜਿਆ। ਨਰਕ ਵਰਗੇ ਜੀਵਨ ਨੂੰ ਬਦਲਣ ਲਈ ਸੰਘਰਸ਼ ਕਰਨ ਦੀ ਹਿੰਮਤ ਬਖ਼ਸ਼ੀ।

ਇਹੋ ਸੀ ਇਸ ਧਰਤੀ ਨਾਲ ਜੁੜੇ ਇਸ ਫ਼ਲਸਫ਼ੇ ਦੀ ਅਸਲ ਕਰਾਮਾਤ!

ਕਿਸੇ ਵੀ ਆਦਰਸ਼ ਪੁਰਖ ਨਾਲ ਅਪਣੱਤ ਦਾ ਰਿਸ਼ਤਾ ਉਦੋਂ ਹੀ ਜੁੜਦਾ ਹੈ ਜਦ ਉਸਦਾ ਪਹਿਰਾਵਾ ਵੀ ਤੁਹਾਡੇ ਵਰਗਾ ਹੋਵੇ ਤੇ ਉਹਦੀ ਬੋਲੀ ਵੀ ਉਹੋ ਹੋਵੇ, ਜੋ, ਤੁਸੀਂ ਬੋਲਦੇ ਤੇ ਸਮਝਦੇ ਹੋ। ਗੁਰੂ ਜੀ ਜਿੱਥੇ ਵੀ ਜਾਂਦੇ, ਉਸ ਇਲਾਕੇ ਦਾ ਪਹਿਰਾਵਾ ਪਹਿਨ ਕੇ ਉੱਥੋਂ ਦੇ ਵਸਨੀਕਾਂ ਵਰਗੇ ਬਣ ਜਾਂਦੇ। 'ਆਸਾ ਹੱਥ ਕਿਤਾਬ ਕੱਛ, ਨੀਲ ਬਸਤਰ ਪਹਰਹਿ ਬਨਵਾਰੀ' ਇਸ ਹਕੀਕਤ ਵੱਲ ਹੀ ਸੰਕੇਤ ਕਰਦਾ ਹੈ ਕਿ ਪਾਤਸ਼ਾਹ ਜਿੱਥੇ ਜਾਂਦੇ ਉਹੋ ਜਿਹਾ ਪਹਿਰਾਵਾ ਪਹਿਨ ਕੇ ਉਹਨਾਂ ਵਰਗੇ ਹੋ ਜਾਂਦੇ। ਇੰਝ ਲੋਕਾਂ ਦਾ ਓਪਰਾ-ਪਨ ਜਾਂ ਪਰਾਇਆ-ਪਨ ਦੂਰ ਹੋ ਜਾਂਦਾ। ਲੋਕਾਂ ਵਰਗੇ ਲੱਗਣ ਲਈ ਅਗਲਾ ਰਿਸ਼ਤਾ ਸੀ ਬੋਲੀ ਦਾ। ਗੁਰੂ ਸਾਹਿਬ ਨੇ ਜਿਸ ਬੋਲੀ ਵਿੱਚ ਜਨਤਾ ਨੂੰ ਪੈਗ਼ਾਮ ਦਿੱਤਾ, ਉਹ ਲੋਕ-ਬੋਲੀ ਸੀ। ਆਮ ਲੋਕਾਂ ਦੀ ਸਮਝ ਵਿਚ ਆਉਣ ਵਾਲੀ। ਸਿੱਧੀ ਪੜ੍ਹਨ-ਸੁਣਨ ਵਾਲੇ ਦੇ ਦਿਲ-ਦਿਮਾਗ਼ ਤੱਕ ਅਸਰ ਕਰਨ ਵਾਲੀ।

ਲੋੜ ਸੀ ਲੋਕਾਂ ਵਿੱਚ ਸਵੈ-ਭਰੋਸਾ ਪੈਦਾ ਕਰਨ ਲਈ, ਆਤਮ-ਸਨਮਾਨ ਦੀ ਭਾਵਨਾ ਪੈਦਾ ਕਰਨ ਵਾਸਤੇ ਤੇ ਆਜ਼ਾਦੀ ਦਾ ਸਬਕ ਪੜ੍ਹਾਉਣ ਲਈ ਲੋਕਾਂ ਦੀ ਭਾਸ਼ਾ ਵਿੱਚ ਹੀ ਉਹਨਾਂ ਨਾਲ ਗੱਲ ਕੀਤੀ ਜਾਵੇ। ਹੁਣ ਤੱਕ ਦਾ ਸਾਰਾ ਗਿਆਨ ਸੰਸਕ੍ਰਿਤ ਵਿੱਚ ਸੀ। ਪਰ ਇਹ ਭਾਸ਼ਾ ਤਾਂ ਕੇਵਲ ਬ੍ਰਾਹਮਣ ਹੀ ਸਮਝ ਸਕਦਾ ਸੀ। ਉਂਝ ਵੀ ਵੇਦ ਔਖੇ ਸਨ, ਤੇ ਉਪਨਿਸ਼ਦਾਂ ਵਿੱਚ ਖ਼ਿਆਲੀ ਉਡਾਰੀਆਂ ਵਧੇਰੇ ਸਨ। ਇਸ ਲਈ ਇਸ ਭਾਸ਼ਾ ਵਿੱਚ ਦਿੱਤੇ ਸੰਦੇਸ਼ ਵਿਚ 'ਨਿੱਘ ਤੇ ਰੌਸ਼ਨੀ' ਨਹੀਂ ਸੀ। ਗੁਰੂ ਸਾਹਿਬ ਦਾ ਸੰਦੇਸ਼ ਸਮਾਜ ਦੇ ਉਹਨਾਂ ਲੋਕਾਂ ਵਾਸਤੇ ਸੀ, ਜਿਹੜੇ ਦਰਜੇਬੰਦੀ ਦੇ ਹਿਸਾਬ ਨਾਲ ਹਾਸ਼ੀਆਗਤ ਸਨ। ਉਹਨਾਂ ਦੀ ਭਾਸ਼ਾ ਨੂੰ ਵੀ ਨਿਮਨ-ਭਾਸ਼ਾ ਕਿਹਾ ਜਾਂਦਾ ਹੈ।

ਸੰਸਕ੍ਰਿਤ ਨਾਟਯ ਸ਼ਾਸਤਰ ਦੇ ਵਿਧੀ-ਵਿਧਾਨ ਮੁਤਾਬਕ ਰਾਜਾ ਸ਼੍ਰੇਣੀ ਨੂੰ ਕੇਵਲ ਸੰਸਕ੍ਰਿਤ ਬੋਲਣੀ ਚਾਹੀਦੀ ਹੈ। ਦੂਸਰੇ ਪਾਤਰਾਂ ਨੂੰ ਅਪਭ੍ਰੰਸ਼ਾਂ ਅਤੇ ਪ੍ਰਾਕਿਰਤਾਂ ਬੋਲਣੀਆਂ ਚਾਹੀਦੀਆਂ ਹਨ। ਨਿਮਨ-ਸ਼੍ਰੇਣੀਆਂ ਦੇ ਲੋਕ, ਜੋ ਨੌਕਰ ਹਨ, ਸ਼ੂਦਰ ਜਾਂ ਸੇਵਾਦਾਰ ਹਨ, ਉਹਨਾਂ ਨੂੰ ਹੀ ਸਥਾਨਕ ਭਾਸ਼ਾਵਾਂ ਬੋਲਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਭਾਰਤੀ ਨਾਟਯ ਸ਼ਾਸਤਰ ਵਿੱਚ ਭਾਸ਼ਾਵਾਂ ਦੀ ਦਰਜੇਬੰਦੀ ਕਰ ਕੇ ਉਹਨਾਂ ਦੀ ਪਹਿਲ-ਦੂਜ ਸਥਾਪਤ ਕੀਤੀ ਹੋਈ ਸੀ। ਗੁਰੂ ਸਾਹਿਬ ਦੇ ਸਮੇਂ ਤੋਂ ਪਹਿਲਾਂ ਲੋਧੀ ਮੁਸਲਮਾਨਾਂ ਦਾ ਰਾਜ ਸੀ। ਫਿਰ ਮੁਗ਼ਲਾਂ ਦਾ ਰਾਜ ਆਉਂਦਾ ਹੈ। ਉਦੋਂ ਹਾਕਮ ਧਿਰ ਦੀ ਬੋਲੀ ਫ਼ਾਰਸੀ ਸੀ। ਹਾਕਮ ਧਿਰ ਦੀ ਜੀਵਨ ਸ਼ੈਲੀ ਨੇ ਲੋਕ ਮਨਾਂ 'ਤੇ ਅਸਰ ਪਾਉਣਾ ਹੀ ਸੀ। ਗੁਰੂ ਜੀ ਨੇ ਸੱਤਾਹੀਣ ਵਰਗ ਦੀ ਹੀਣ-ਸਥਿਤੀ ਨੂੰ ਬਿਆਨ ਕਰਦਿਆਂ ਕਿਹਾ:

1-ਘਰਿ ਘਰਿ ਮੀਆ ਸਭਨਾ ਜੀਆਂ ਬੋਲੀ ਅਵਰ ਤੁਮਾਰੀ॥ 2-ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥

(ਖੱਤਰੀਆਂ ਨੇ ਆਪਣਾ ਧਰਮ ਛੱਡ ਦਿਤਾ ਹੈ, ਮੁਸਲਮਾਨਾਂ ਦੀ ਭਾਸ਼ਾ (ਫਾਰਸੀ) ਅਪਨਾਅ ਲਈ ਹੈ।)

ਖੱਤਰੀਆਂ ਨੂੰ ਉੱਚ ਵਰਣ ਵਿਚ ਸ਼ੁਮਾਰ ਕੀਤਾ ਜਾਂਦਾ ਸੀ। ਉੱਚ-ਵਰਗ ਹਮੇਸ਼ਾ ਸਥਾਪਤ ਤਾਕਤਾਂ ਵਰਗਾ ਬਣਨਾ ਤੇ ਦਿਸਣਾ ਚਾਹੁੰਦਾ ਹੈ। ਇਸ ਲਈ ਉਹਨਾਂ ਨੇ ਹਾਕਮ ਧਿਰ ਦੀ ਭਾਸ਼ਾ ਅਪਣਾ ਲਈ। ਪਰ ਆਮ ਲੋਕ ਤਾਂ ਪੰਜਾਬੀ ਹੀ ਬੋਲਦੇ ਸਨ। ਕਿਸੇ ਵੀ ਕੌਮ ਦੀ ਬੋਲੀ ਆਜ਼ਾਦੀ ਦੇ ਦਰਵਾਜ਼ੇ ਦੇ ਤਾਲੇ ਦੀ ਪਹਿਲੀ ਚਾਬੀ ਹੁੰਦੀ ਹੈ। ਬੋਲੀ ਸਾਡੇ ਸਮਾਜਕ, ਧਾਰਮਕ, ਸਭਿਆਚਾਰਕ ਤੇ ਰਾਜਸੀ ਅਵਚੇਤਨ ਨੂੰ ਪ੍ਰਗਟਾਉਂਦੀ, ਸਿਰਜਦੀ ਵੀ ਹੈ ਅਤੇ ਮੁੜ ਸਾਡੇ ਅਵਚੇਤਨ ਨੂੰ ਤੋੜਦੀ-ਭੰਨਦੀ ਤੇ ਪੁਨਰ ਸਿਰਜਿਤ ਵੀ ਕਰਦੀ ਰਹਿੰਦੀ ਹੈ। ਹਾਕਮ ਜਮਾਤਾਂ ਲੋਕਾਂ ਤੋਂ ਉਹਨਾਂ ਦੀ ਬੋਲੀ ਖੋਹ ਕੇ ਆਪਣੀ ਬੋਲੀ ਦੀ ਸੱਤਾ ਸਥਾਪਤ ਕਰਦੀਆਂ ਹਨ। ਇੰਝ ਉਹ ਗ਼ੁਲਾਮ ਕੌਮ ਨੂੰ ਆਪਣੇ ਅਨੁਸਾਰੀ ਬਣਾਉਂਦੀਆਂ ਹਨ। ਹਾਕਮ ਜਮਾਤ ਦੀ ਸਥਾਪਤ ਭਾਸ਼ਾ ਗ਼ੁਲਾਮ ਲੋਕਾਂ ਦੇ ਆਚਾਰ, ਵਿਹਾਰ, ਸੰਸਕਾਰ, ਪਹਿਰਨ, ਪਚਰਨ ਤੇ ਜੀਵਨ ਸ਼ੈਲੀ ਨੂੰ ਪ੍ਰਭਾਵਤ ਕਰਦੀ ਹੈ। ਇੰਝ ਹੌਲੀ ਹੌਲੀ ਗ਼ੁਲਾਮ ਕੌਮ ਹਾਕਮ ਧਿਰ ਦੀ ਜੀਵਨ ਸ਼ੈਲੀ, ਭਾਸ਼ਾ ਤੇ ਆਚਾਰ-ਵਿਹਾਰ ਨੂੰ ਉੱਤਮ ਸਮਝ ਕੇ ਸੁਚੇਤ-ਅਚੇਤ ਪੱਧਰ 'ਤੇ ਪ੍ਰਵਾਨ ਕਰ ਲੈਂਦੀ ਹੈ। ਇਹੋ ਕਾਰਨ ਹੈ ਕਿ ਅੰਗਰੇਜ਼ ਨੇ ਪੰਜਾਬ 'ਤੇ ਕਬਜ਼ਾ ਕਰਨ-ਸਾਰ ਫ਼ੌਜਾਂ ਤੋਂ ਹਥਿਆਰ ਰਖਵਾਉਣ ਤੋਂ ਤੁਰੰਤ ਬਾਅਦ ਪਹਿਲਾ ਕੰਮ ਇਹ ਕੀਤਾ ਕਿ ਘਰਾਂ ਵਿੱਚ ਛਾਪੇ ਮਾਰ ਕੇ ਪੰਜਾਬੀ ਦੀਆਂ ਕਿਤਾਬਾਂ ਤੇ ਕਾਇਦੇ ਇਕੱਠੇ ਕੀਤੇ ਤੇ ਚੁਰਾਹਿਆਂ ਵਿੱਚ ਉਹਨਾਂ ਦੀ ਹੋਲੀ ਬਾਲੀ। ਅੰਗਰੇਜ਼ ਨੇ ਸਾਥੋਂ ਸਾਡੀ ਬੋਲੀ ਖੋਹ ਕੇ ਸਾਡੇ ਅਵਚੇਤਨ 'ਤੇ ਪੋਚਾ ਮਾਰਨਾ ਚਾਹਿਆ। ਜਦੋਂ ਬੋਲੀ ਬਦਲਦੀ ਹੈ ਤਾਂ ਬਹੁਤ ਕੁੱਝ ਬਦਲ ਜਾਂਦਾ ਹੈ।


ਗੁਰੂ ਸਾਹਿਬ ਨੇ ਜਨਤਕ-ਭਲਾਈ ਦਾ ਪੈਗ਼ਾਮ ਦੇਣਾ ਸੀ, ਉਹ ਕੇਵਲ ਸੀਮਤ ਜਿਹੀਆਂ ਉਚੇਰੀਆਂ-ਸ਼੍ਰੇਣੀਆਂ ਦੀ ਥਾਂ ਆਮ ਲੋਕਾਈ ਨੂੰ ਦਿਤਾ ਜਾਣਾ ਸੀ ਅਤੇ ਇਹ ਕਿਸੇ ਸ਼ਾਸਤਰੀ ਭਾਸ਼ਾ ਵਿੱਚ ਨਹੀਂ ਸੀ ਦਿੱਤਾ ਜਾ ਸਕਦਾ। ਇਸ ਮਕਸਦ ਲਈ ਉਹਨਾਂ ਨੇ ਲੋਕ-ਭਾਸ਼ਾ ਪੰਜਾਬੀ ਦੀ ਵਰਤੋਂ ਕੀਤੀ। ਇਹ ਆਮ ਲੋਕਾਂ ਦੀ ਸਾਂਝੀ ਭਾਸ਼ਾ ਸੀ। ਉਹਨਾਂ ਦੁਆਰਾ ਲਿਖੀ ਬਾਣੀ 'ਪੱਟੀ' ਤੋਂ ਜ਼ਾਹਿਰ ਹੁੰਦਾ ਹੈ ਕਿ ਉਹਨਾਂ ਨੂੰ ਬਾਅਦ ਵਿਚ 'ਗੁਰਮੁਖੀ' ਨਾਮ ਨਾਲ ਪ੍ਰਚੱਲਿਤ ਹੋਣ ਵਾਲੀ ਲਿਪੀ ਦਾ ਗਿਆਨ ਸੀ ਤੇ ਗੁਰੂ ਸਾਹਿਬ ਨੇ ਏਸੇ ਲਿਪੀ ਵਿਚ ਹੀ ਬਾਣੀ ਲਿਖੀ ਹੋਵੇਗੀ। ਪਰ ਇੱਕ ਗੱਲ ਇਹ ਵੀ ਚੇਤੇ ਰੱਖਣੀ ਚਾਹੀਦੀ ਹੈ ਕਿ ਗੁਰੂ ਸਾਹਿਬ ਨੇ ਲਿਪੀ ਭਾਵੇਂ ਗੁਰਮੁਖੀ ਰੱਖੀ ਪਰ ਪੰਜਾਬੀ ਬੋਲੀ ਨੂੰ ਹੋਰ ਭਾਰਤੀ ਭਾਸ਼ਾਵਾਂ ਦਾ ਰੰਗ ਚਾੜ੍ਹ ਕੇ ਵਡੇਰੇ ਸੰਚਾਰ ਦੀ ਭਾਸ਼ਾ ਬਣਾ ਦਿੱਤਾ ਅਤੇ ਉਸ ਬੋਲੀ ਵਿੱਚ ਵਿੱਚ ਸਾਰੇ ਭਾਰਤ ਨੂੰ ਮੁਖ਼ਾਤਬ ਹੋਏ, ਜਿਸਨੂੰ ਸਧੁੱਕੜੀ, ਸਾਧ-ਭਾਖਾ, ਹਿੰਦਕੀ ਜਾਂ ਹਿੰਦਕੇ ਵੀ ਕਿਹਾ ਜਾਂਦਾ ਸੀ। ਇੰਝ ਉਹਨਾਂ ਨੇ ਇੱਕ ਲੋਕ-ਭਾਸ਼ਾ ਵੀ ਸਿਰਜਿਤ ਵੀ ਕੀਤੀ। ਪੰਜਾਬੀ ਦਾ ਨਾਤਾ ਵੀ ਭਾਰਤੀ ਭਾਸ਼ਾਵਾਂ ਨਾਲ ਜੋੜਿਆ।

ਭਾਸ਼ਾਈ ਪੱਧਰ 'ਤੇ ਗੁਰੂ ਸਾਹਿਬ ਦੀ ਅਗਲੀ ਦੇਣ ਇਹ ਸੀ ਕਿ ਉਹਨਾਂ ਨੇ 'ਬੋਲ ਸ਼ਬਦ' ਨੂੰ 'ਲਿਖਤ ਸ਼ਬਦ' ਵਿੱਚ ਤਬਦੀਲ ਕਰ ਕੇ ਪੰਜਾਬੀ ਨੂੰ ਸਾਹਿਤਕ ਭਾਸ਼ਾ ਬਣਾ ਦਿੱਤਾ। ਪੰਜਾਬੀ ਨੂੰ ਅਮੀਰ ਕਰਨ ਲਈ ਉਹਨਾਂ ਨੇ ਕਲਾਸਿਕ ਭਾਸ਼ਾਵਾਂ; ਸੰਸਕ੍ਰਿਤ, ਪਾਲੀ, ਅਰਬਿਕ ਤੇ ਪਰਸ਼ਿਅਨ ਭਾਸ਼ਾਵਾਂ ਤੋਂ ਵੀ ਸ਼ਬਦ ਲਏ। ਬ੍ਰਿਜ, ਰਾਜਪੂਤਾਨੀ ਤੇ ਸਿੰਧੀ ਵਿਚੋਂ ਤਤਸਮ ਸ਼ਬਦ ਵੀ ਲਏ ਅਤੇ ਲੋੜ ਅਨੁਸਾਰ ਤਬਦੀਲੀ ਕਰ ਕੇ ਤਦਭਵ ਸ਼ਬਦ ਵੀ ਬਣਾਏ। ਇਹੋ ਕਾਰਨ ਹੈ ਕਿ ਉਹਨਾਂ ਦੀ ਭਾਸ਼ਾ ਨੂੰ ਵਿਦਵਾਨ 'ਅਸਧਾਰਣ', 'ਬਹੁ-ਰੂਪੀ' ਅਤੇ 'ਸਰਬ-ਸਾਂਝੀ' ਭਾਸ਼ਾ ਆਖ ਕੇ ਵਡਿਆਉਂਦੇ ਹਨ। ਉਹਨਾਂ ਨੇ ਅਜਿਹੇ ਅਖਾਣ, ਮੁਹਾਵਰੇ, ਸ਼ਬਦ-ਅਲੰਕਾਰ, ਸ਼ਬਦ-ਜੁੱਟ ਤੇ ਸਹਿਜ-ਸੁੰਦਰ ਸੁਬੋਲ ਉਚਾਰ ਕੇ ਪੰਜਾਬੀ ਨੂੰ ਕਮਾਲ ਦੀ ਅਮੀਰੀ ਨਾਲ

**(ਬਾਕੀ ਅਗਲੇ ਸਫੇ 'ਤੇ)**

# ਹੰਗਰੀ ਤੋਂ ਆਇਆ ਕੋਚ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਹੰਗਰੀ ਦੇ ਵੱਡੇ ਸ਼ਹਿਰ ਤੇ ਰਾਜਧਾਨੀ ਬੁਡਾਪੈਸਟ ਵਿਚ ਮੇਰੀ ਬੇਟੀ ਦੇ ਸਹੁਰੇ ਆਪਣੀ ਉਪਜੀਵਿਕਾ ਖਾਤਿਰ ਰਹਿੰਦੇ ਹਨ। ਪਿਛਲੇ ਸਾਲ ਉਨ੍ਹਾਂ ਦੇ ਸੱਦੇ 'ਤੇ ਅਸੀਂ ਉਨ੍ਹਾਂ ਦੀ ਪ੍ਰਾਹੁਣਚਾਰੀ ਮਾਨਣ ਅਤੇ ਹੰਗਰੀ ਦੇਸ਼ ਦੀ ਸੈਰ ਕਰਨ ਨਿਕਲ ਪਏ। ਸਾਡੀ ਬੇਟੀ ਤੇ ਢਾਈ ਕੁ ਸਾਲ ਦੀ ਦੋਹਤਰੀ ਵੀ ਨਾਲ ਸਨ। ਕੁੜਮ ਦੀ ਕੰਪਨੀ ਨੇ ਸਾਡੀ ਸੇਵਾ ਖਾਤਿਰ ਉਨ੍ਹਾਂ ਨੂੰ ਡਰਾਈਵਰ ਸਮੇਤ ਕਾਰ ਮੁਹੱਈਆ ਕੀਤੀ ਹੋਈ ਸੀ। ਪਹਿਲੇ ਦਿਨ ਹੀ ਸ਼ਹਿਰ ਦੇਖਣ ਚੱਲੇ ਤਾਂ ਘਰੋਂ ਨਿਕਲਦੇ ਸਾਰ ਕਾਰ ਦੇ ਟਰੰਕ ਕੋਲ ਖੜ੍ਹੇ ਡਰਾਈਵਰ ਨੇ ਹੰਗਰੀ ਭਾਸ਼ਾ ਵਿਚ ਕੁਝ ਗਿੱਟਮਿੱਟ ਕੀਤੀ ਜਿਸ ਦਾ ਇਕ ਸ਼ਬਦ ਮੇਰੇ ਜ਼ਿਹਨ ਵਿਚ ਅਟਕ ਗਿਆ। ਉਹ ਪਿਆਰਾ ਜਿਹਾ ਸ਼ਬਦ ਸੀ, ਬਾਬਾਕੋਚੀ। ਮੈਂ ਪਿਛੇ ਟਰੰਕ ਵੱਲ ਮੂੰਹ ਮੋੜਿਆ ਤਾਂ ਦੇਖਿਆ, ਡਰਾਈਵਰ ਨੇ ਹੱਥ ਵਿਚ ਦੋਹਤਰੀ ਦੀ ਪਰੈਮ ਫੜੀ ਹੋਈ ਸੀ, ਸ਼ਾਇਦ ਉਹ ਮੇਰੇ ਕੁੜਮ ਨੂੰ ਹੰਗੇਰੀਅਨ ਭਾਸ਼ਾ ਵਿਚ ਪੁੱਛ ਰਿਹਾ ਸੀ ਕਿ ਕੀ ਇਹ ਪਰੈਮ ਬੱਚੇ ਨੂੰ ਬਿਠਾਉਣ ਲਈ ਨਾਲ ਲਿਜਾਣੀ ਹੈ ਜਾਂ ਏਥੇ ਹੀ ਛੱਡ ਜਾਈਏ। ਕੁੜਮ ਨੇ ਲਿਜਾਣ ਦਾ ਇਸ਼ਾਰਾ ਕੀਤਾ ਤਾਂ ਮੈਨੂੰ ਆਪਣਾ ਅੰਦਾਜ਼ਾ ਸਹੀ ਲੱਗਾ ਕਿ ਬਾਬਾਕੋਚੀ ਪਰੈਮ ਨੂੰ ਹੀ ਕਿਹਾ ਗਿਆ ਹੈ।

ਗੱਡੀ ਸੁਹਣੇ ਸ਼ਹਿਰ ਬੁਡਾਪੈਸਟ ਦੀਆਂ ਸੜਕਾਂ 'ਤੇ ਦੌੜਨ ਲੱਗੀ। ਹੰਗਰੀ ਵਿਚ ਸ਼ਹਿਰ ਦੇ ਨਾਂ ਦਾ ਉਚਾਰਨ ਬੂਡਾਪੈਸ਼ਟ ਹੈ। ਸ਼ਹਿਰ ਦਾ ਇਹ ਨਾਂ ਦਰਅਸਲ ਦੋ ਸ਼ਹਿਰਾਂ ਦੇ ਨਾਵਾਂ ਦੇ ਮੇਲ ਤੋਂ ਬਣਿਆ ਹੈ ਯਾਨੀ ਬੂਡਾ ਅਤੇ ਪੈਸ਼ਟ ਕਿਉਂਕਿ ਇਹ ਨਾਲ ਲਗਦੇ ਦੋਵੇਂ ਸ਼ਹਿਰ ਕਿਸੇ ਵੇਲੇ ਰਾਜਸੀ ਤੌਰ 'ਤੇ ਏਕੀਕ੍ਰਿਤ ਹੋ ਗਏ। ਦੋਨਾਂ ਨੂੰ ਪੈਸ਼ਟਬੂਡਾ ਵੀ ਕਿਹਾ ਜਾਂਦਾ ਰਿਹਾ ਹੈ। ਦੁਨੀਆ ਭਰ ਵਿਚ ਕਈ ਦੇਸ਼, ਸ਼ਹਿਰ, ਕਸਬੇ, ਪਿੰਡ ਅਜਿਹੇ ਮਿਲ ਜਾਂਦੇ ਹਨ ਜੋ ਦੁਨਾਲੀ ਬੰਦੂਕ ਵਾਂਗ ਦੋ ਵਸੇਬਿਆਂ ਨੂੰ ਜੋੜ ਕੇ ਬਣੇ ਹਨ। ਕੁਝ ਮਿਸਾਲਾਂ ਲੈਂਦੇ ਹਾਂ: ਚੈਕੋਸਲੋਵਾਕੀਆ (ਚੈਕ+ਸਲੋਵਾਕ), ਤਨਜ਼ਾਨੀਆ (ਟਾਂਗਾਨੀਕਾ+ਜ਼ੰਜ਼ੀਬਾਰ), ਜੰਮੂ ਕਸ਼ਮੀਰ, ਟਾਂਡਾ ਉੜਮੁੜ। ਸੰਯੁਕਤ ਸ਼ਹਿਰ ਬੂਡਾਪੈਸ਼ਟ ਯੂਰਪ ਦੇ ਕਈ ਦੇਸ਼ਾਂ ਥਾਣੀਂ ਵਗਦੇ ਵੱਡੇ ਦਰਿਆ ਡੈਨਿਊਬ ਦੇ ਦੋਨੀਂ ਪਾਸੀਂ ਵੱਸਿਆ ਹੋਇਆ ਹੈ। ਇਸ ਨੂੰ ਹੰਗੇਰੀਅਨ ਭਾਸ਼ਾ ਵਿਚ ਡੂਨਾ ਕਹਿੰਦੇ ਹਨ। ਇਸ ਦਰਿਆ ਦੇ ਪੱਛਮੀ ਕਿਨਾਰੇ ਦਾ ਪਹਾੜੀ ਇਲਾਕਾ ਪੈਸ਼ਟ ਕਹਾਉਂਦਾ ਹੈ, ਪੂਰਬੀ ਕਿਨਾਰੇ ਦਾ ਇਲਾਕਾ ਪੂਰੀ ਤਰ੍ਹਾਂ ਮੈਦਾਨੀ ਹੈ ਤੇ ਏਥੇ ਵਸਿਆ ਸ਼ਹਿਰ ਇਤਿਹਾਸਕ ਤੌਰ 'ਤੇ ਬੂਡਾ ਨਾਂ ਨਾਲ ਜਾਣਿਆ ਜਾਂਦਾ ਹੈ। ਸਾਡੇ ਮੇਜ਼ਬਾਨ ਦਾ ਘਰ ਬੂਡਾ ਵਿਚ ਹੈ। ਬੂਡਾ ਤੋਂ ਪੈਸ਼ਟ ਜਾਣ ਲਈ ਸੰਗਲਾਂ ਦਾ ਬਣਿਆ ਖੂਬਸੂਰਤ ਪੁਲ ਪਾਰ ਕਰਨਾ ਪੈਂਦਾ ਹੈ। ਸੈਲਾਨੀ ਘੰਟਿਆਂਬੱਧੀ ਇਸ ਪੁਲ 'ਤੇ ਹੀ ਮਟਰ ਗਸ਼ਤ ਕਰਦੇ ਦਰਿਆ ਦੇ ਦੋਵਾਂ ਪਾਸਿਆਂ ਦੇ ਨਜ਼ਾਰੇ ਮਾਣਦੇ ਰਹਿੰਦੇ ਹਨ। ਅੱਗੇ ਹੋਰ ਉਚੀ ਪਹਾੜੀ 'ਤੇ ਵਸੇ ਸ਼ਹਿਰ ਅੱਪੜਨ ਲਈ ਸਿੱਧੀ ਚੜ੍ਹਾਈ ਵਾਲੀ ਇਤਿਹਾਸਕ ਕੇਬਲ ਟਰਾਮ ਹੈ ਜੋ ਪਟੜੀਆਂ 'ਤੇ ਚਲਦੀ ਹੈ। ਇਸ ਨੂੰ ਹੰਗੇਰੀਅਨ ਵਿਚ ਬੂਡਾਵਰੀ ਸਿਕਲੋ ਆਖਦੇ ਹਨ। ਇਹ ਦੁਵੱਲੀ ਹੈ ਮਤਲਬ ਨਾਲੋ ਨਾਲ ਦੋ ਟਰਾਮਾਂ ਹਨ ਜੋ ਕੇਬਲਾਂ ਨਾਲ ਜੋੜੀਆਂ ਹੋਈਆਂ ਹਨ। ਇੱਕੋ ਸਮੇਂ ਇੱਕ ਉੱਤਰ ਰਹੀ ਹੁੰਦੀ ਹੈ ਤੇ ਦੂਜੀ ਇਸੇ ਦੇ ਭਾਰ ਨਾਲ ਚੜ੍ਹ ਰਹੀ ਹੁੰਦੀ ਹੈ। ਸਮਝਣ ਲਈ ਚੱਲਦੇ ਹੋਏ ਚਰਸ ਦਾ ਸਾਦ੍ਰਿਸ਼ ਅੱਖਾਂ ਸਾਹਮਣੇ ਰੱਖ ਲਵੋ। ਇਸ ਸਿਕਲੋ ਦੇ ਸਫਰ ਦਾ ਅਨੋਖਾ ਹੀ ਅਨੁਭਵ ਹੈ, ਦੂਰ ਤੱਕ ਬੁਡਾਪੈਸਟ ਸ਼ਹਿਰ ਅਤੇ ਡੈਨਿਊਬ ਦਰਿਆ ਦਾ ਭਰਪੂਰ ਦ੍ਰਿਸ਼ ਦੇਖਿਆਂ ਹੀ ਬਣਦਾ ਹੈ ਪਰ ਮੈਂ ਤੁਹਾਨੂੰ ਇਸ ਲੁਤਫ਼ ਵਿਚ ਸ਼ਰੀਕ ਨਹੀਂ ਹੋਣ ਦੇਣਾ ਬਲਕਿ ਭਾਸ਼ਾਈ ਚਰਚਾ ਦੀ ਖੁਸ਼ਕੀ ਵਿਚ ਵਾੜਨਾ ਹੈ!



ਹੰਗਰੀ ਵਾਲੇ ਕੋਚ ਦਾ ਸੰਨ 1568 ਦਾ ਸਭ ਤੋਂ ਪੁਰਾਣਾ ਚਿੱਤਰ।

ਹੰਗੇਰੀਅਨ ਯੂਰੈਲਿਕ ਭਾਸ਼ਾ ਪਰਿਵਾਰ ਦੀ ਫਿਨੋ-ਉਗਰਿਕ ਸ਼ਾਖਾ ਨਾਲ ਸਬੰਧ ਰੱਖਦੀ ਹੈ ਜੋ ਹਿੰਦ-ਯੂਰਪੀ ਭਾਸ਼ਾ ਪਰਿਵਾਰ ਤੋਂ ਸੁਤੰਤਰ ਤੇ ਅਲੱਗ ਤੌਰ 'ਤੇ ਹੋਂਦ ਵਿਚ ਆਈ। ਇਸ ਲਈ ਪੰਜਾਬੀ ਤਾਂ ਕੀ ਆਸ ਪਾਸ ਦੇ ਯੂਰਪੀ ਦੇਸ਼ਾਂ ਦੀਆਂ ਭਾਰੋਪੀ ਭਾਸ਼ਾਵਾਂ ਨਾਲ ਇਸ ਦਾ ਦੂਰੋਂ ਨੇੜਿਓਂ ਵੀ ਖੂਨੀ ਰਿਸ਼ਤਾ ਨਹੀਂ। ਇਹ ਭਾਸ਼ਾ ਗੁਆਂਢੀ ਦੇਸ਼ਾਂ ਜਿਵੇਂ ਆਸਟਰੀਆ, ਸਰਬੀਆ, ਸਲੋਵੇਨੀਆ, ਕਰੋਸ਼ੀਆ, ਰੁਮਾਨੀਆ, ਯੂਕਰੇਨ ਆਦਿ ਦੇ ਨਾਲ ਲਗਦੇ ਖਿੱਤਿਆਂ ਵਿਚ ਵੀ ਬੋਲੀ ਜਾਂਦੀ ਹੈ। ਬਾਬਾਕੋਚੀ ਸ਼ਬਦ ਦੀ ਧੁਨੀ ਤੋਂ ਮੈਨੂੰ ਇਹ ਸ਼ਬਦ ਏਨਾ ਜਚਿਆ ਕਿ ਆਪਣਾ ਹੀ ਲੱਗਿਆ। ਸਾਡੇ ਦੇਸ਼ਾਂ ਵਿਚ ਬੱਚਿਆਂ ਨੂੰ ਝੂਟੇ ਦਿਵਾਉਣ ਜਿਹੀ ਅਯਾਸ਼ੀ ਲਈ ਕਿੱਥੇ ਪਰੈਮ ਸ਼ਰੈਮ ਹੁੰਦੀ ਸੀ। ਅਸੀਂ ਤਾਂ ਬਾਲਾਂ ਨੂੰ ਕੁੱਛੜ ਜਾਂ ਮੋਢੇ 'ਤੇ ਚੁੱਕ-ਚੁੱਕ ਹੀ ਗਲੀ ਗੁਆਂਢ ਘੁੰਮਾਉਂਦੇ ਰਹੇ ਹਾਂ। ਬਾਬਾਕੋਚੀ ਸ਼ਬਦ ਦੇ ਮੁਕਾਬਲੇ ਮੈਨੂੰ ਬਰਤਾਨਵੀ ਪਰੈਮ ਤੇ ਅਮਰੀਕੀ ਸਟਰੋਲਰ ਫਿੱਕੇ-ਫਿੱਕੇ ਜਾਪਣ ਲੱਗੇ। ਉਂਝ ਇਹ ਵੀ ਸੱਚ ਹੈ ਕਿ ਯੂਰਪੀ ਦੇਸ਼ਾਂ ਵਿਚ ਵੀ ਇਹ ਬਾਲਗੱਡੀ ਕੋਈ ਦੋ ਕੁ ਸਦੀਆਂ ਪਹਿਲਾਂ ਹੀ ਵਰਤੀ ਜਾਣ ਲੱਗੀ ਤੇ ਉਹ ਵੀ ਪਹਿਲਾਂ ਪਹਿਲ ਰਾਜ ਦਰਬਾਰੀ, ਅਹਿਲਕਾਰ, ਰਈਸ ਤੇ ਧਨਾਢ ਲੋਕਾਂ ਦੇ ਬਾਲਾਂ ਹਿਤ। ਭਾਰਤ ਵਿਚ ਵੀ ਬਰਤਾਨਵੀ ਸ਼ਾਸਕਾਂ ਨੇ ਹੀ ਪਰੈਮਾਂ ਲਿਆਂਦੀਆਂ। ਬਾਬਾਕੋਚੀ ਦੋ ਹੰਗੇਰੀਅਨ ਸ਼ਬਦਾਂ ਬਾਬਾ + ਕੋਚੀ ਤੋਂ ਬਣਿਆ ਸੰਯੁਕਤ ਸ਼ਬਦ ਹੈ। ਸਾਡੀ ਭਾਸ਼ਾ ਦੇ ਉਲਟ ਹੰਗੇਰੀਅਨ ਭਾਸ਼ਾ ਵਿਚ ਬੱਚੇ ਲਈ ਬਾਬਾ ਸ਼ਬਦ ਹੈ। ਪਹਿਲਾਂ ਵੀ ਕੁਝ ਇੱਕ ਵਾਰੀ ਇਹ ਗੱਲ ਸਾਂਝੀ ਕੀਤੀ ਜਾ ਚੁੱਕੀ ਹੈ ਕਿ ਪਾਪਾ, ਮਾਮਾ, ਨਾਨਾ, ਤਾਤਾ, ਚਾਚਾ, ਬਾਬਾ, ਦਾਦਾ, ਕਾਕਾ, ਬੀਬੀ ਆਦਿ ਸ਼ਬਦ ਧੁਨੀ ਅਨੁਕ੍ਰਮਣਕ ਹਨ ਅਰਥਾਤ ਬੱਚਿਆਂ ਦੇ ਮੂੰਹ ਵਿਚੋਂ ਬਚਪਨ ਵਿਚ ਸਹਿਜ ਸੁਭਾਅ ਉਚਰੇ ਬੋਲ ਹਨ ਜੋ ਉਨ੍ਹਾਂ ਦੇ ਨਜ਼ਦੀਕੀ ਸਬੰਧੀਆਂ ਲਈ ਸੰਬੋਧਨੀ ਸ਼ਬਦ ਬਣ ਗਏ। ਇਹ ਜ਼ਰੂਰੀ ਨਹੀਂ ਕਿ ਸਾਰੇ ਸ਼ਬਦ ਹਰ ਭਾਸ਼ਾ ਵਿਚ ਇੱਕੋ ਰਿਸ਼ਤੇ ਦੇ ਸੂਚਕ ਹੋਣ। ਪੰਜਾਬੀ ਵਿਚ ਦਾਦਾ ਪਿਓ ਦਾ ਪਿਓ ਹੈ ਪਰ ਬੰਗਾਲੀ ਵਿਚ ਵੱਡਾ ਭਰਾ। ਬੱਚੇ ਦੇ ਮੁਖ ਵਿਚੋਂ ਬਾਰ ਬਾਰ ਬਾ ਬਾ ਦੀ ਧੁਨੀ ਨਿਕਲਣ ਕਾਰਨ ਹੰਗੇਰੀਅਨ ਲੋਕ ਬੱਚੇ ਨੂੰ ਹੀ ਬਾਬਾ ਕਹਿਣ ਲੱਗ ਪਏ। ਉਂਝ ਹੰਗੇਰੀਅਨ ਵਿਚ ਅਰਥ ਵਿਸਤਾਰ ਨਾਲ ਬਾਬਾ ਸ਼ਬਦ ਡਰਪੋਕ, ਜਨਾਨੜਾ, ਮਾੜਕੂ ਦੇ ਅਰਥਾਂ ਵਿਚ ਵੀ ਵਰਤਿਆ ਜਾਂਦਾ ਹੈ ਮਤਲਬ ਨਿਆਣਿਆਂ ਵਰਗਾ। ਇਸ ਤੋਂ ਅੱਗੇ ਇਸ ਸ਼ਬਦ ਨੇ ਗੁੱਡੀ, ਪਟੋਲਾ, ਕਠਪੁਤਲੀ, ਅੱਖ ਦੀ ਪੁਤਲੀ ਦੇ ਅਰਥ ਵੀ ਧਾਰ ਲਏ। ਭਲਾ ਗੁੱਡੀ, ਪੁਤਲੀ, ਅੱਖ ਦੀ ਪੁਤਲੀ ਜਿਹੇ ਅਰਥ ਕਿਵੇਂ ਵਿਕਸਿਤ ਹੋਏ ਹੋਣਗੇ? ਪੰਜਾਬੀ ਤੇ ਹੋਰ ਕਈ ਭਾਸ਼ਾਵਾਂ ਵਿਚ ਵੀ ਐਨ ਏਹੀ ਇਹ ਵਰਤਾਰਾ ਹੈ, ਜਿਸ ਦਾ ਭੇਤ ਫਿਰ ਖੋਲ੍ਹਾਂਗੇ।

ਹੁਣ ਤੁਸੀਂ ਪੁੱਛੋਗੇ ਕਿ ਅਸੀਂ ਬਾਬਾਕੋਚੀ (ਹੰਗੇਰੀਅਨ ਸ਼ਬਦ ਜੋੜ babakocsi) ਤੋਂ ਕੀ ਕੱਢਣਾ ਪਾਉਣਾ? ਜਵਾਬ ਹੈ, ਅਸੀਂ ਜੋ ਇਸ ਵਿਚੋਂ ਕੱਢਿਆ ਤੇ ਪਾਇਆ ਹੈ ਉਹ ਹੈ ਇਸ ਸ਼ਬਦ ਦਾ ਦੂਜਾ ਜੁਜ਼ ਯਾਨੀ 'ਕੋਚ' ਸ਼ਬਦ ਜੋ ਅੰਗਰੇਜ਼ੀ ਸਮੇਤ ਅਨੇਕਾਂ ਯੂਰਪੀ ਤੇ ਗੈਰ-ਯੂਰਪੀ ਭਾਸ਼ਾਵਾਂ ਵਿਚ ਇੱਕ ਖਾਸ ਤਰ੍ਹਾਂ ਦੇ ਵਾਹਨ, ਗੱਡੀ, ਬੱਘੀ ਦੇ ਅਰਥਾਂ ਵਿਚ 'ਕੋਚ' ਵਜੋਂ ਅਪਣਾਇਆ ਗਿਆ। ਵਾਸਤਵ ਵਿਚ ਕੋਚ ਹੰਗਰੀ ਦੇ ਇੱਕ ਪਿੰਡ ਦਾ ਨਾਂ ਹੈ ਤੇ ਕੋਚੀ ਇਸ ਦਾ ਵਿਸ਼ੇਸ਼ਣ ਹੈ। ਸੋ ਇਸ ਭਾਸ਼ਾ ਵਿਚ ਕੋਚੀ ਦਾ ਅਰਥ ਹੋਇਆ ਕੋਚ ਦਾ ਬਣਿਆ ਵਾਹਨ। ਬੁਡਾਪੈਸਟ ਦੇ ਪੱਛਮ ਦੀ ਤਰਫ ਵੱਸਿਆ ਹੋਇਆ ਅੱਜ-ਕੱਲ੍ਹ ਘੁੱਗ ਵਸਦਾ ਸ਼ਹਿਰ ਕੋਚ ਮਧ ਯੁੱਗ ਵਿਚ ਛੋਟਾ ਜਿਹਾ ਪਿੰਡ ਹੁੰਦਾ ਸੀ। ਇਸ ਪਿੰਡ ਦੇ ਕਾਰੀਗਰ ਗੱਡੇ-ਗੱਡੀਆਂ ਬਣਾਉਣ ਦੇ ਮਾਹਿਰ ਸਨ ਤੇ ਇਸ ਕਿੱਤੇ ਰਾਹੀਂ ਉਨ੍ਹਾਂ ਦੀ ਰੋਟੀ ਰੋਜ਼ੀ ਤੁਰਦੀ ਸੀ। ਚਾਰ-ਪੰਜ ਸਦੀਆਂ ਪਹਿਲਾਂ ਇਨ੍ਹਾਂ ਵਿਚੋਂ ਕਿਸੇ ਇਕ ਵਾਹਣਕਾਰ (ਸੰਸਕ੍ਰਿਤ ਵਿਚ ਰਥਕਾਰ) ਨੇ ਇਕ ਨਵੀਂ ਕਿਸਮ ਦੀ ਅਜਿਹੀ ਬੱਘੀ ਬਣਾਈ ਜਿਸ ਨੇ ਵਾਹਣ ਉਦਯੋਗ ਵਿਚ ਇੱਕ ਤਰ੍ਹਾਂ ਦਾ ਇਨਕਲਾਬ ਹੀ ਲੈ ਆਂਦਾ। ਤਿੰਨ ਘੋੜਿਆਂ ਤੇ ਚਾਰ ਪਹੀਆਂ ਨਾਲ ਚੱਲਣ ਵਾਲਾ ਇਹ ਨਵਾਂ ਵਾਹਨ ਬਹੁਤ ਪੇਚੀਦਾ ਪਰ ਚੱਲਣ ਵਿਚ ਹਲਕਾ, ਆਰਾਮਦਾਇਕ ਅਤੇ ਤੇਜ਼ ਰਫ਼ਤਾਰ ਸੀ। ਇਸ ਦਾ ਸਸਪੈਂਸ਼ਨ ਪ੍ਰਬੰਧ ਬਹੁਤ ਲਚਕੀਲਾ ਸੀ ਇਸ ਲਈ ਝਟਕੋਲੇ ਨਹੀਂ ਸਨ ਪੈਂਦੇ। ਆਲੇ-ਦੁਆਲੇ ਦੇ ਦੇਸ਼ਾਂ ਵਿਚ ਨਵੀਂ ਕਾਢ ਦੀਆਂ ਧੁੰਮਾਂ ਪੈ ਗਈਆਂ। ਇਹ ਕੋਚ ਬੁਡਾਪੈਸਟ ਤੋਂ ਵੀਆਨਾ ਤੱਕ ਡਾਕ ਤੇ ਮਾਲ ਢੋਣ ਦਾ ਆਮ ਸਾਧਨ ਬਣ ਗਏ। ਕੋਚ ਵਾਸੀਆਂ ਦੇ ਵਾਰੇ ਨਿਆਰੇ ਹੋ ਗਏ। ਬੱਸ ਦਿਨਾਂ ਵਿਚ ਹੀ ਇਹ ਵਾਹਨ ਪਿੰਡ ਦੇ ਨਾਂ 'ਤੇ ਕੋਚੀ ਸਜ਼ੈਟਰ (ਕੋਚ ਦਾ ਵਾਹਨ) ਕਹਾਉਣ ਲੱਗਾ ਅਤੇ ਫਿਰ ਹੌਲੀ-ਹੌਲੀ ਇਸ ਦਾ ਨਾਂ ਹੋਰ ਹਲਕਾ ਹੋ ਕੇ ਨਿਰਾ ਕੋਚ ਹੀ ਰਹਿ ਗਿਆ। ਉਂਝ ਅੱਜ ਹੰਗਰੀ ਦੀ ਬੋਲਚਾਲ ਦੀ ਭਾਸ਼ਾ ਵਿਚ ਕਾਰ ਨੂੰ ਹੀ ਕੋਚ ਆਖਦੇ ਹਨ। ਜਿਵੇਂ ਪਹੀਏ ਦੀ ਖਾਸੀਅਤ ਹੈ ਚੱਲਦੇ ਰਹਿਣਾ, ਇਸੇ ਤਰ੍ਹਾਂ ਹਰ ਸ਼ਬਦ ਦੀ ਵੀ ਖਾਸੀਅਤ ਹੈ ਰੂਪ ਤੇ ਅਰਥ ਪੱਖੋਂ ਗਤੀਮਾਨ ਰਹਿਣਾ। ਘੋੜਿਆਂ ਦੁਆਰਾ ਹਿੱਕੇ ਜਾਂਦੇ ਕੋਚ ਤੋਂ ਚੱਲ ਕੇ ਮੋਟਰ ਨਾਲ ਚੱਲਣ ਵਾਲੇ ਕੋਚ ਆਏ, ਫਿਰ ਹਵਾਈ ਕੋਚ ਪ੍ਰਚੱਲਤ ਹੋਣ ਲੱਗੇ, ਫਿਰ ਰੇਲ ਗੱਡੀ ਦੇ ਵਿਸ਼ੇਸ਼ ਸਹੂਲਤਾਂ ਵਾਲੇ ਡੱਬੇ ਕੋਚ ਕਹਾਉਣ ਲੱਗੇ। ਦੂਰ ਲਿਜਾਣ ਵਾਲੀਆਂ ਖਾਸਮ ਖਾਸ ਬੱਸਾਂ ਵੀ ਵਧੇਰ ਕਰਕੇ ਆਪਣੇ ਲਈ ਵਰਤੀਂਦੇ ਨਾਂ ਕੋਚ ਤੋਂ ਹੀ ਖਿੱਚ ਪਾਉਂਦੀਆਂ ਹਨ।

18ਵੀਂ ਸਦੀ ਇੰਗਲੈਂਡ ਵਿਚ ਕੋਚ ਸ਼ਬਦ ਦੀ ਅਲੰਕਾਰਕ ਵਰਤੋਂ ਵੀ ਹੋਣ ਲੱਗ ਪਈ। ਇਸ ਸਦੀ ਦੌਰਾਨ ਇਸ ਦੇਸ਼ ਵਿਚ ਟਿਊਸ਼ਨਾਂ ਰਾਹੀਂ ਵਿਦਿਆਰਥੀਆਂ ਨੂੰ ਪ੍ਰਾਈਵੇਟ ਤੌਰ 'ਤੇ ਪੜ੍ਹਾਉਣ ਦਾ ਧੰਦਾ ਸ਼ੁਰੂ ਹੋ ਗਿਆ। ਅਜਿਹੇ ਉਸਤਾਦਾਂ ਨੂੰ ਕੋਚ ਕਿਹਾ ਜਾਣ ਲੱਗਾ ਕਿਉਂਕਿ ਜਿਵੇਂ ਕੋਚ ਫਟਾ-ਫਟ ਸਵਾਰੀਆਂ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਾ ਦਿੰਦੇ ਸਨ ਇਸੇ ਤਰ੍ਹਾਂ ਇਹ ਅਖੌਤੀ ਕੋਚ ਵਿਦਿਆਰਥੀਆਂ ਨੂੰ ਫਟਾ-ਫਟ ਇਮਤਿਹਾਨ ਪਾਸ ਕਰਵਾਉਣ ਦਾ ਜੁਗਾੜ ਕਰਦੇ ਸਨ। ਬਾਅਦ ਵਿਚ ਕੋਚ ਸ਼ਬਦ ਖਿਡਾਰੀਆਂ ਨੂੰ ਸਿਖਲਾਈ ਦੇਣ ਵਾਲੇ ਟਰੇਨਰਾਂ ਲਈ ਵੀ ਵਰਤਿਆ ਜਾਣ ਲੱਗਾ, ਇਹ ਵੱਖਰੀ ਗੱਲ ਹੈ ਕਿ ਅੱਜ ਕੱਲ੍ਹ ਕਈ ਕੋਚ ਸਿਖਾਂਦਰੂ ਚੇਲਿਆਂ ਪੱਠਿਆਂ ਨੂੰ ਝਿੜਕਾਂ ਤੇ ਗਾਲੀ ਗਲੋਚ ਵਧੇਰੇ ਦਿੰਦੇ ਹਨ। ਭਾਰਤ ਵਿਚ ਤਾਂ ਅੱਜ-ਕੱਲ੍ਹ ਅਜਿਹੇ ਉਸਤਾਦ ਕੋਚਾਂ ਦੀਆਂ ਫੈਕਟਰੀਆਂ ਹੀ ਲੱਗੀਆਂ ਹੋਈਆਂ ਹਨ। ਇਸ ਪ੍ਰਸੰਗ ਵਿਚ ਅਸੀਂ ਕਹਿ ਸਕਦੇ ਹਾਂ ਕਿ ਉਸਤਾਦ ਕੋਚ ਵਾਹਨ ਕੋਚ ਵਾਂਗ ਆਪਣੇ ਚੇਲਿਆਂ ਨੂੰ ਛੇਤੀ-ਛੇਤੀ ਆਪਣੀ ਮੰਜਿਲ 'ਤੇ ਅੱਪੜਾਉਣ ਦਾ ਉਪਰਾਲਾ ਕਰਦੇ ਹਨ। ਗ਼ੌਰ ਤਲਬ ਹੈ ਕਿ ਅੰਗਰੇਜ਼ੀ ਸ਼ਬਦ ਟਰੇਨ ਵੀ ਇਸੇ ਤਰ੍ਹਾਂ ਮੰਜ਼ਿਲ 'ਤੇ ਪਹੁੰਚਾਉਣ ਵਾਲੀ ਰੇਲ-ਗੱਡੀ ਦਾ ਅਰਥ ਵੀ ਦਿੰਦਾ ਹੈ ਤੇ ਸਿਖਿਆਰਥੀਆਂ ਨੂੰ ਸਿਖਲਾਈ ਦੇ ਕੇ ਉਨ੍ਹਾਂ ਨੂੰ ਆਪਣੇ ਨਿਸ਼ਾਨੇ 'ਤੇ ਅਪੜਾਉਣ ਦਾ ਵੀ। 'ਬੇੜਾ ਪਾਰ ਕਰਾਉਣ' ਜਿਹੇ ਵਾਕੰਸ਼ ਵਿਚ ਵੀ ਦੋਵੇਂ ਭਾਵ ਰੜਕਦੇ ਹਨ। ਹੁਣ ਤਾਂ ਜ਼ਿੰਦਗੀ ਦੇ ਹਰ ਪਿੜ ਵਿਚ ਕੋਚਾਂ ਦਾ ਬੋਲਬਾਲਾ ਹੋਈ ਜਾਂਦਾ ਹੈ: ਆਵਾਜ਼ ਸਿਧਾਉਣ ਵਾਲੇ, ਐਕਟਿੰਗ ਸਿਖਾਉਣ ਵਾਲੇ, ਬਿਜ਼ਨਿਸ ਦੇ ਗੁਰ ਦੱਸਣ ਵਾਲੇ। ਸ਼ਾਇਦ ਕਿਸੇ ਦਿਨ ਭਾਰਤ ਵਿਚ ਬਾਬੇ ਬਣਾਉਣ ਵਾਲੇ ਕੋਚ ਵੀ ਪ੍ਰਗਟ ਹੋ ਜਾਣ। ਫਿਰ ਅਸੀਂ ਇਨ੍ਹਾਂ ਨੂੰ ਬਾਬਾਕੋਚ ਕਹਿ ਸਕਾਂਗੇ!

ਪਰ ਕੋਚ ਸ਼ਬਦ ਨੇ ਇੱਕ ਹੋਰ ਛਾਲ ਵੀ ਮਾਰੀ ਹੈ। ਚਮੜੇ ਦੇ ਬੈਗ, ਪਰਸ ਵਗੈਰਾ ਬਣਾਉਣ ਵਾਲੀ ਅਮਰੀਕੀ ਕੰਪਨੀ ਕੋਚ ਦਾ ਨਾਂ ਸਭ ਨੇ ਸੁਣਿਆ ਹੋਵੇਗਾ। ਔਰਤਾਂ ਵਿਭਿੰਨ ਸਟਾਈਲਾਂ ਵਾਲੇ ਝਿਲਮਿਲਾਉਂਦੇ ਕੀਮਤੀ ਕੋਚ ਦੇ ਪਰਸ ਖਰੀਦਣ ਪਿੱਛੇ ਮਰਦੀਆਂ ਹਨ ਕਿਉਂਕਿ ਇਹ ਬਰਾਂਡ ਨਾਂ ਬਣ ਚੁੱਕਾ ਹੈ ਤੇ ਅਮੀਰੀ ਦਾ ਝਲਕਾਰਾ ਦਿੰਦਾ ਹੈ। ਕੋਚ ਕੰਪਨੀ ਨਿਊਯਾਰਕ ਦੇ ਮੈਨਹਟਨ ਵਿਚ 1941 ਵਿਚ ਸਥਾਪਤ ਕੀਤੀ ਗਈ ਸੀ। ਉਦੋਂ ਇਸ ਦਾ ਨਾਂ 'ਮੈਨਹਟਨ ਲੈਦਰ ਬੈਗਜ਼' ਸੀ ਪਰ 1960 ਵਿਚ ਇਸ ਦੇ ਨਾਂ ਵਿਚ ਕੋਚ ਸ਼ਬਦ ਪਾਇਆ ਗਿਆ। ਇਸ ਦੇ ਬਾਨੀ ਲਿਲੀਅਨ ਕਾਹਨ ਨੂੰ ਉਨ੍ਹਾਂ ਦਿਨਾਂ ਵਿਚ ਨਿਊਯਾਰਕ ਦੀਆਂ ਸੜਕਾਂ ਵਿਚ ਚੱਲਦੇ ਕੋਚ ਬਹੁਤ ਪ੍ਰਭਾਵਤ ਕਰਦੇ ਸਨ। ਕੀ ਢਾਂਚਾ, ਕੀ ਲਗਾਮ, ਕੀ ਛੈਂਟਾ, ਕੀ ਸੀਟਾਂ ਤੇ ਕੀ ਟਾਪਾ; ਕੋਚ ਦਾ ਸਭ ਕਾਸਾ ਚਮੜੇ ਵਿਚ ਹੀ ਚਮੁੱਟਿਆ ਪਿਆ ਸੀ। ਬੱਸ ਕੋਚਾਂ ਦੀ ਟੱਪ ਟੱਪ ਅਤੇ ਇਨ੍ਹਾਂ ਵਿਚ ਚਮੜੇ ਦੀ ਭਰਪੂਰ ਵਰਤੋਂ ਨੇ ਹੀ ਲਿਲੀਅਨ ਕਾਹਨ ਨੂੰ ਕੰਪਨੀ ਦਾ ਨਾਂ ਬਦਲਣ ਦੀ ਪ੍ਰੇਰਨਾ ਦਿੱਤੀ।

---

(ਪਿਛਲੇ ਸਫੇ ਦੀ ਬਾਕੀ)

ਮਾਲੋ-ਮਾਲ ਕਰ ਦਿੱਤਾ। ਅੱਜ ਪੰਜਾਬੀ ਵਿਚ ਲਿਖਣ ਵਾਲੇ ਉਹਨਾਂ ਦੀ ਵਿਚਾਰਧਾਰਾ ਅਤੇ ਭਾਸ਼ਾਈ ਸੁਹਜ ਦਾ ਸਹਾਰਾ ਲਏ ਬਿਨਾਂ ਮਹੱਤਵ-ਪੂਰਨ ਰਚਨਾ ਕਰ ਹੀ ਨਹੀਂ ਸਕਦੇ।

ਜਿਸ ਪੰਜਾਬੀ ਭਾਸ਼ਾ ਵਿਚ ਗੁਰੂ ਸਾਹਿਬ ਨੇ ਮਹਾਨ ਰਚਨਾ ਕੀਤੀ, ਜਿਸ ਭਾਸ਼ਾ ਨੂੰ ਪੈਰਾਂ 'ਚੋਂ ਚੁੱਕ ਕੇ ਉਹਨਾਂ ਨੇ ਲੋਕਾਂ ਦੇ ਦਿਲਾ ਵਿੱਚ ਵਸਾਇਆ, ਅੱਜ ਓਸੇ ਪੰਜਾਬੀ ਨੂੰ ਮੁੜ ਹਾਸ਼ੀਏ 'ਤੇ ਧੱਕ ਦਿੱਤਾ ਗਿਆ ਹੈ।

ਪੰਜਾਬੀ ਭਾਸ਼ਾ ਦੀ ਅਮੀਰੀ ਤੇ ਮਹਾਨਤਾ ਨੂੰ ਦਰਸਾਉਂਦੀ ਇੱਕ ਵਾਰਤਾ ਸਾਂਝੀ ਕਰ ਕੇ ਅਸੀਂ ਇਸ ਪ੍ਰਸੰਗ ਨੂੰ ਸਮੇਟਦੇ ਹਾਂ। ਮਹਾਂਕਵੀ ਰਾਬਿੰਦਰ ਨਾਥ ਟੈਗੋਰ ਜਦ ਵੀ ਲਾਹੌਰ ਆਉਂਦਾ ਸੀ ਤਾਂ ਉਥੋਂ ਉਚੇਚੇ ਤੌਰ 'ਤੇ ਚੱਲ ਕੇ ਅੰਮ੍ਰਿਤਸਰ ਆਉਂਦਾ ਅਤੇ ਸ੍ਰੀ ਦਰਬਾਰ ਸਾਹਿਬ ਵਿੱਚ ਜਾ ਕੇ ਗੁਰਬਾਣੀ ਦਾ ਕੀਰਤਨ ਘੰਟਿਆਂ ਬੱਧੀ ਸੁਣਦਾ। ਕਿਸੇ ਨੇ ਟੈਗੋਰ ਨੂੰ ਕਿਹਾ, "ਤੁਸੀਂ ਦੇਸ਼ ਦਾ ਕੌਮੀ ਤਰਾਨਾ ਲਿਖਿਆ ਏ, ਹੁਣ ਤੁਹਾਨੂੰ ਵਿਸ਼ਵ ਦਾ ਤਰਾਨਾ ਵੀ ਲਿਖਣਾ ਚਾਹੀਦਾ ਹੈ।"

ਟੈਗੋਰ ਨੇ ਗੁਰੂ ਸਾਹਿਬ ਵੱਲੋਂ ਰਚੀ 'ਆਰਤੀ' ਦਾ ਹਵਾਲਾ ਦੇ ਕੇ ਬੜੀ ਨਿਮਰਤਾ ਨਾਲ ਕਿਹਾ ਸੀ, "ਮੈਂ ਤਾਂ ਭਾਰਤ ਦਾ ਤਰਾਨਾ ਲਿਖਿਆ ਹੀ ਏ ਪਰ ਗੁਰੂ ਨਾਨਕ ਸਾਹਿਬ ਤਾਂ ਪੰਜ ਸੌ ਸਾਲ ਪਹਿਲਾਂ ਹੀ ਪੂਰੇ ਵਿਸ਼ਵ ਦਾ, ਪੂਰੇ ਬ੍ਰਹਿਮੰਡ ਦਾ, ਤਰਾਨਾ ਲਿਖ ਗਏ ਨੇ।"

ਪ੍ਰਸਿੱਧ ਫ਼ਿਲਮੀ ਐਕਟਰ ਤੇ ਲੇਖਕ ਬਲਰਾਜ ਸਾਹਨੀ ਕਿਸੇ ਸਮੇਂ ਸ਼ਾਂਤੀ ਨਿਕੇਤਕ ਵਿੱਚ ਪੜ੍ਹਾਉਂਦਾ ਸੀ। ਬਲਰਾਜ ਸਾਹਨੀ ਨੇ ਸ਼ਾਂਤੀ ਨਿਕੇਤਨ ਵਿੱਚ 'ਹਿੰਦੀ ਸਾਹਿਤ ਸੰਮੇਲਨ' ਕਰਵਾਉਣ ਦਾ ਫ਼ੈਸਲਾ ਲਿਆ। ਉਹ ਟੈਗੋਰ ਨੂੰ ਵੀ ਇਸ ਸੰਮੇਲਨ ਵਿਚ ਸ਼ਾਮਲ ਹੋਣ ਦਾ ਸੱਦਾ ਦੇਣ ਗਿਆ। ਇਹ ਸੁਣ ਕੇ ਟੈਗੋਰ ਨੇ ਬਲਰਾਜ ਸਾਹਨੀ ਨੂੰ ਕਿਹਾ, "ਮੈਂ ਹੈਰਾਨ ਹਾਂ, ਤੂੰ ਹਿੰਦੀ ਵਿੱਚ ਕਿਉਂ ਲਿਖਦਾਂ ਏਂ, ਤੇਰੀ ਮਾਂ ਬੋਲੀ ਤਾਂ ਪੰਜਾਬੀ ਹੈ।"

ਬਲਰਾਜ ਸਾਹਨੀ ਨੇ ਜੁਆਬ ਦਿੱਤਾ, "ਗੁਰੂਦੇਵ! ਪੰਜਾਬੀ ਨੂੰ ਪੱਛੜੀ, ਤੇ ਗਵਾਰੂ ਜ਼ੁਬਾਨ ਮੰਨਿਆ ਜਾਂਦਾ ਹੈ। ਏਸੇ ਕਰ ਕੇ ਪੰਜਾਬ ਵਿੱਚ ਉਰਦੂ ਜਾਂ ਹਿੰਦੀ ਵਿੱਚ ਲਿਖਣ ਵਾਲੇ ਹੀ ਜ਼ਿਆਦਾ ਹਨ।"

ਟੈਗੋਰ ਨੇ ਕਿਹਾ, "ਮੈਂ ਤੇਰੇ ਨਾਲ ਸਹਿਮਤ ਨਹੀਂ। ਜਿਸ ਭਾਸ਼ਾ ਵਿੱਚ ਗੁਰੂ ਨਾਨਕ ਨੇ ਲਿਖਿਆ ਹੋਵੇ, ਉਹ ਪੱਛੜੀ ਹੋਈ ਭਾਸ਼ਾ ਕਿਵੇਂ ਕਹੀ ਜਾ ਸਕਦੀ ਹੈ!"

ਉਸਤੋਂ ਬਾਅਦ ਬਲਰਾਜ ਸਾਹਨੀ ਨੇ ਸਦਾ ਪੰਜਾਬੀ ਵਿੱਚ ਹੀ ਲਿਖਿਆ।

ਕਾਸ਼! ਅਸੀਂ ਪੰਜਾਬੀ ਭਾਸ਼ਾ ਨਾਲ ਜੁੜੀ ਹੀਣ-ਭਾਵਨਾ ਤੋਂ ਮੁਕਤ ਹੋ ਕੇ ਪੰਜਾਬੀ ਨੂੰ ਆਪਣੇ ਸੀਨੇ ਨਾਲ ਲਾਈਏ। ਇੰਝ ਹੀ ਅਸੀਂ ਪੰਜਾਬ ਦੀ ਸੁੱਚੀ ਅਤੇ ਅਮੀਰ ਵਿਰਾਸਤ ਨਾਲ ਜੁੜ ਸਕਾਂਗੇ। ਗੁਰੂ ਨਾਨਕ ਪਾਤਸ਼ਾਹ ਨਾਲ ਜੁੜ ਸਕਾਂਗੇ।

ਅਸੀਂ ਮਾਣ ਨਾਲ ਜ਼ਿਕਰ ਕੀਤਾ ਹੈ ਕਿ ਗੁਰੂ ਸਾਹਿਬ ਦਾ ਫ਼ਲਸਫ਼ਾ 'ਅਸਮਾਨ ਦਾ ਨਹੀਂ, ਧਰਤੀ ਦਾ ਫ਼ਲਸਫ਼ਾ' ਹੈ। ਗੁਰੂ ਜੀ ਅਸਮਾਨੀ ਹਸਤੀ ਨਹੀਂ, ਸਗੋਂ ਧਰਤੀ ਦੀ ਹਸਤੀ ਸੀ, ਸਾਡੀ ਸ਼ਾਹ-ਰਗ ਦੇ ਨਜ਼ਦੀਕ ਵੱਸਦੀ ਹਸਤੀ। ਸਾਡੇ ਅੰਗ-ਸੰਗ ਵਿਚਰਦੀ ਹਸਤੀ।

ਪਰ ਅਸੀਂ ਕੀ ਕੀਤਾ?

ਅਸੀਂ ਗੁਰੂ ਜੀ ਨੂੰ ਅੰਨ੍ਹੀ ਸ਼ਰਧਾ ਅਧੀਨ ਮੁੜ ਧਰਤੀ ਤੋਂ ਚੁੱਕ ਕੇ ਅਸਮਾਨੀ ਹਸਤੀ ਬਣਾ ਲਿਆ। ਆਪਣੇ ਤੋਂ ਦੂਰ ਕਰ ਦਿੱਤਾ। ਅਪਹੁੰਚ ਬਣਾ ਦਿੱਤਾ। ਜੇ ਸਾਡਾ ਗੁਰੂ ਅਸਮਾਨ 'ਤੇ ਬੈਠਾ ਰਹੇਗਾ ਤਾਂ ਅਸੀਂ ਉਹਦੀ ਬੁੱਕਲ ਵਿਚ ਕਿਵੇਂ ਬੈਠ ਸਕਾਂਗੇ?

ਬੜਾ ਦਿਲਚਸਪ ਇਤਫ਼ਾਕ ਹੈ ਕਿ ਪੁਰਤਗਾਲ ਦਾ ਯਾਤਰੀ ਵਾਸਕੋਡੇ-ਗਾਮਾ 1460 ਵਿੱਚ ਜੰਮਦਾ ਹੈ ਤੇ ਗੁਰੂ ਜੀ ਦਾ ਜਨਮ 1469 ਵਿੱਚ ਹੁੰਦਾ ਹੈ। ਦੋਵੇਂ ਅੱਗੜ ਪਿੱਛੜ ਸੰਸਾਰ-ਯਾਤਰਾਵਾਂ 'ਤੇ ਨਿਕਲਦੇ ਹਨ। ਵਾਸਕੋਡੇ-ਗਾਮਾ ਨੇ ਆਪਣੀ ਯਾਤਰਾ 1497 ਵਿੱਚ ਸ਼ੁਰੂ ਕੀਤੀ ਤੇ 20 ਮਈ 1498 ਨੂੰ ਉਹ ਹਿੰਦੁਸਤਾਨ ਦੀ ਬੰਦਰਗਾਹ ਕਾਲੀਕਟ 'ਤੇ ਪੈਰ ਰੱਖਦਾ ਹੈ ਤੇ 'ਗਲੋਬਲ ਸਾਮਰਾਜਵਾਦ' ਦੀ ਨੀਂਹ ਰੱਖਦਾ ਹੈ। ਦੂਜੇ ਪਾਸੇ ਗੁਰੂ ਜੀ ਵੀ ਇਹਨਾਂ ਹੀ ਸਾਲਾਂ ਵਿੱਚ ਆਪਣੀਆਂ ਉਦਾਸੀਆਂ 'ਤੇ ਨਿਲਕਦੇ ਨੇ।

ਦੋਵਾਂ ਦੇ ਘਰਾਂ ਤੋਂ ਨਿਕਲ ਕੇ ਯਾਤਰਾਵਾਂ 'ਤੇ ਨਿਕਲਣ ਦੇ ਕਾਰਨ ਤੇ ਮਕਸਦ ਮੂਲੋਂ ਹੀ ਵੱਖੋ ਵੱਖਰੇ ਸਨ। ਇੱਕ ਵਪਾਰ ਕਰਨ ਲਈ ਨਿਕਲਦਾ ਏ, ਦੂਜਾ ਪਿਆਰ ਕਰਨ ਲਈ ਤੁਰਦਾ ਹੈ। ਇੱਕ ਨੇ ਸਮਾਰਾਜੀ ਮੁਲਕਾਂ ਲਈ ਧਨ-ਦੌਲਤ ਲੁੱਟਣ ਦੇ ਅਤੇ 'ਮੈਂ-ਮੇਰੀ' ਦੇ ਰਾਹ ਖੋਲ੍ਹਣੇ ਸਨ। ਦੂਜੇ ਨੇ ਆਪਣੀ ਮੁਹੱਬਤ ਨਾਲ ਲੋਕਾਂ ਦੇ ਦਿਲਾਂ ਨੂੰ ਲੁੱਟਣਾ ਸੀ ਤੇ 'ਤੂੰ-ਤੇਰਾ' ਦਾ ਸਬਕ ਦੇਣਾ ਸੀ। ਇੱਕ ਨੇ ਪੈਸੇ ਨੂੰ ਅੰਤਮ ਕੀਮਤ ਮੰਨ ਕੇ, ਧਨ-ਦੌਲਤ ਦੇ ਨਾਲ-ਨਾਲ ਮਨੁੱਖਤਾ ਦੇ ਗੌਰਵ ਨੂੰ ਖੋਹਣਾ ਸੀ ਤੇ ਦੂਜੇ ਨੇ ਰਾਹੋਂ ਭਟਕੀ ਮਨੁੱਖਤਾ ਨੂੰ ਉਹਦਾ ਖੁੱਸਿਆ ਇਨਸਾਨੀ ਗੌਰਵ ਵਾਪਸ ਮੋੜਨਾ ਸੀ। ਇੱਕ ਨੇ ਕੇਵਲ ਤੇ ਕੇਵਲ 'ਆਪਣੇ ਭਲੇ ਦੀ' ਅਤੇ ਦੂਜੇ ਨੇ 'ਸਰਬੱਤ ਦੇ ਭਲੇ' ਦੀ ਖ਼ੈਰ-ਸੁੱਖ ਮੰਗਣੀ ਸੀ।

ਅਸਲ ਵਿੱਚ ਇਹ ਦੋ ਵਿਰੋਧੀ ਵਿਚਾਰਧਾਰਾਵਾਂ ਦੀ ਟੱਕਰ ਸੀ। ਅਫ਼ਸੋਸ! ਅੱਜ ਸਾਰੇ ਸੰਸਾਰ ਉੱਤੇ ਵਾਸਕੋਡੇ-ਗਾਮਾ ਦੀ ਧਿਰ, ਉਸ ਦੀ ਅੰਸ-ਬੰਸ ਦਾ ਝੰਡਾ ਝੂਲ ਰਿਹਾ ਹੈ। ਸਾਰੇ ਸੰਸਾਰ ਦੇ ਕਾਰ-ਵਿਹਾਰ ਤੇ ਵਪਾਰ 'ਤੇ ਉਹਨਾਂ ਦਾ ਕਬਜ਼ਾ ਹੈ। ਪਰ ਦੁੱਖ ਦੀ ਗੱਲ ਹੈ ਕਿ ਗੁਰੂ ਨਾਨਕ ਨੂੰ 'ਆਪਣਾ ਗੁਰੂ' ਆਖਣ ਵਾਲੇ 'ਸਿੱਖਾਂ ਦੀ ਸਿੱਖੀ' (ਗੁਰੂ ਨਾਨਕ ਦੀ ਸਿੱਖੀ ਨਹੀਂ) ਵੀ ਅੰਤਰ-ਰਾਸ਼ਟਰੀ ਗੇੜਾ ਕੱਢ ਕੇ ਹੁਣ ਵਪਾਰ ਹੀ ਤਾਂ ਬਣ ਗਈ ਹੈ!

ਵਪਾਰ ਤਾਂ ਗੁਰੂ ਸਾਹਿਬ ਨੇ ਵੀ ਕੀਤਾ ਸੀ। ਪਹਿਲਾ ਵਪਾਰ ਸੀ, ਭੁੱਖੇ ਪਰ ਲੋੜਵੰਦ ਲੋਕਾਂ ਦੀ ਸਹਾਇਤਾ ਕਰਨ ਲਈ ਲੰਗਰ-ਪ੍ਰਥਾ ਦੀ ਨੀਂਹ ਰੱਖਣਾ। ਦੂਜਾ ਵਪਾਰ ਸੁਲਤਾਨਪੁਰ ਲੋਧੀ ਵਿੱਚ 'ਤੇਰਾ! ਤੇਰਾ!' ਤੋਲ ਕੇ ਕੀਤਾ। (ਸੱਚੇ ਸੌਦੇ ਅਤੇ 'ਤੇਰਾ! ਤੇਰਾ!' ਵਾਲੀਆਂ ਸਾਖੀਆਂ ਦੇ ਅਰਥ ਅੱਗੇ ਜਾ ਕੇ ਖੋਲ੍ਹੇ ਜਾਣਗੇ) ਇਹ ਵਪਾਰ ਵਾਸਕੋਡੇਗਾਮਾ ਦੀ ਆਲ-ਔਲਾਦ ਦੀ 'ਮੈਂ-ਮੇਰੀ' ਵਾਲੀ ਸੋਚ ਤੋਂ ਮੂਲੋਂ ਵੱਖਰੀ 'ਤੂੰ-ਤੇਰੀ' ਦੀ ਸੋਚ ਨੂੰ ਪਰਨਾਇਆ ਹੋਇਆ ਸੀ। ਗੁਰੂ ਜੀ ਦਾ ਹੋਕਾ ਸੀ, 'ਸਚੁ ਵਾਪਾਰੁ, ਕਰਹੁ ਵਾਪਾਰੀ'। ਇਸ ਵਪਾਰ ਵਿੱਚ ਲੋਕਾਂ ਨੂੰ ਲੁੱਟਣ ਦਾ ਨਹੀਂ ਲੋਕਾਂ ਦੇ ਭਲੇ ਲਈ ਆਪਣਾ ਆਪਾ ਲੁਟਾ ਦੇਣ ਦਾ 'ਚਨ ਸੀ।

ਪਰ ਅੱਜ ਗੁਰੂ ਨਾਨਕ ਦੇ ਸਿੱਖ ਅਖਵਾਉਣ ਵਾਲਿਆਂ ਵੱਲੋਂ, ਆਪਣੇ ਨਿੱਜ ਲਈ ਤੇ 'ਨਾਨਕ ਦੇ ਲੋਕਾਂ' ਨੂੰ ਲੁੱਟਣ ਲਈ, ਸੈਂਕੜੇ ਵਪਾਰਕ ਅਦਾਰਿਆਂ, ਫੈਕਟਰੀਆਂ ਤੇ ਸਟੋਰਾਂ ਦੇ ਨਾਂ ਗੁਰੂ ਨਾਨਕ ਦੇ ਨਾਂ 'ਤੇ ਰੱਖੇ ਮਿਲ ਜਾਂਦੇ ਹਨ। ਜਿਵੇਂ ਗੁਰੂ ਜੀ ਦਾ ਉਹਨਾਂ ਦੇ ਕੂੜ-ਮੁਨਾਫ਼ੇ ਵਿੱਚ ਵੀ ਕੋਈ ਹਿੱਸਾ-ਪੱਤੀ ਹੋਵੇ! ਗੁਰੂ ਨਾਨਕ ਕਰਿਆਨਾ ਸਟੋਰ, ਗੁਰੂ ਨਾਨਕ ਜਿਊਲਰਜ਼, ਗੁਰੂ ਨਾਨਕ ਬੈਟਰੀ ਸਟੋਰ, ਗੁਰੂ ਨਾਨਕ ਫ਼ਰਨੀਚਰ ਹਾਊਸ, ਗੁਰੂ ਨਾਨਕ ਸੀਡ ਸਟੋਰ, ਗੁਰੂ ਨਾਨਕ ਕਲੋਥ ਹਾਊਸ, ਗੁਰੂ ਨਾਨਕ ਕੋਲਡ ਸਟੋਰ, ਗੁਰੂ ਨਾਨਕ ਮੈਡੀਕਲ ਸਟੋਰ ਜਿਹੇ ਹਜ਼ਾਰਾਂ ਨਾਂ ਤੁਸੀਂ ਪੜ੍ਹੇ-ਸੁਣੇ ਤੇ ਵੇਖੇ ਨੇ! ਜਿਵੇਂ ਸਭਨਾਂ ਨੇ ਮੁਨਾਫ਼ੇ ਵਿਚੋਂ ਗੁਰੂ ਨੂੰ ਹਿੱਸਾ-ਪੱਤੀ ਦੇਣੀ ਹੋਵੇ!

ਬਾਹਰਲੇ ਮੁਲਕਾਂ ਵਿੱਚ ਤਾਂ ਬਹੁਤ ਸਾਰੇ ਗੁਰਦਵਾਰੇ ਵੀ ਗੁਰੂ ਜਾਂ ਸੰਗਤ ਦੇ ਨਹੀਂ। 'ਬੰਦਿਆਂ ਦੇ' ਨਿੱਜੀ ਹਨ।

ਭਾਰਤ ਜਾਂ ਪੰਜਾਬ ਦੇ ਧਾਰਮਿਕ ਡੇਰੇ ਵੀ ਇਹੋ ਕੰਮ ਕਰ ਰਹੇ ਨੇ।

ਧਰਮ ਵੇਚਿਆ ਜਾ ਰਿਹਾ ਹੈ।

**-ਵਰਿਆਮ ਸਿੰਘ ਸੰਧੂ**

# ਕਲਾ ਦੇ ਕ੍ਰਿਸ਼ਮੇ ਦੀ ਅਦਭੁਤ ਦਾਸਤਾਨ

**ਕਲਾ ਕਦੋਂ ਕ੍ਰਿਸ਼ਮਾ ਦਿਖਾ ਦੇਵੇ ਇਸ ਬਾਰੇ ਕੋਈ ਕਿਆਸ ਨਹੀਂ ਕੀਤਾ ਜਾ ਸਕਦਾ। ਉੱਘੇ ਫ਼ਿਲਮ ਸਮੀਖਿਅਕ ਤਰਸੇਮ ਬਸ਼ਰ ਨੇ ਫ਼ਿਲਮ ਕਲਾ ਵਿੱਚ ਹੋਏ ਇੱਕ ਅਜਿਹੇ ਕ੍ਰਿਸ਼ਮੇ ਦਾ ਜ਼ਿਕਰ ਕਰਦਿਆਂ ਇਕ ਅਦਭੁਤ ਵਿਸਥਾਰ ਪੇਸ਼ ਕਰਦਿਆਂ ਕਿਹਾ ਕਿ ਆਓ ਉਸ ਫ਼ਿਲਮ ਬਾਰੇ ਜਾਣੀਏ ਜਿਸ ਨੇ ਭਾਰਤੀ ਸਿਨੇਮਾ ਨੂੰ ਕਲਾਤਮਕ ਤਰੱਕੀ ਦੇ ਦਰਵਾਜ਼ੇ ਖੋਲ੍ਹ ਕੇ ਦਿੱਤੇ ਸਨ ..ਉੱਡਣ ਲਈ ਅਕਾਸ਼ ਦਿੱਤਾ ਸੀ।**

## ਮਹਿਲ .....1949

ਜੇ ਤੁਹਾਨੂੰ ਫ਼ਿਲਮ ਦੀ ਕਹਾਣੀ ਜਾਂ ਸਕਰੀਨ ਪਲੇਅ ਲਿਖਣ ਵਿੱਚ ਦਿਲਚਸਪੀ ਹੈ ਤਾਂ ਤੁਹਾਨੂੰ ਉਨੀ ਸੌ ਉਨੰਜਾ (1949) ਵਿੱਚ ਬਣੀ ਫਿਲਮ "ਮਹਿਲ" ਜ਼ਰੂਰ ਦੇਖਣੀ ਚਾਹੀਦੀ ਹੈ। ਇਹ "ਕਮਾਲ ਅਮਰੋਹੀ" ਦੇ ਲਿਖੇ ਸਕਰੀਨ ਪਲੇਅ ਦਾ ਹੀ ਕਮਾਲ ਹੈ ਕਿ ਸੱਤਰ ਸਾਲਾ ਤੋਂ ਵੱਧ ਪੁਰਾਣੀ ਇਹ ਫ਼ਿਲਮ ਅੱਜ ਵੀ ਨਵੀਂ ਨਕੋਰ ਜਾਪਦੀ ਹੈ। ਮੇਰਾ ਵਾਅਦਾ ਹੈ ਤੁਸੀਂ ਫ਼ਿਲਮ ਦੀ ਕਹਾਣੀ ਅਤੇ ਪਾਤਰਾਂ ਵਿਚ ਗੁਆਚ ਜਾਓਗੇ ਤੇ ਕਲਾ ਉਹੀ ਸਫ਼ਲ ਹੁੰਦੀ ਹੈ ਜਿਸ ਵਿੱਚ ਵਿਅਕਤੀ ਆਪਣੇ ਆਪ ਨੂੰ ਗਵਾ ਲਵੇ।

ਕਮਾਲ ਅਮਰੋਹੀ ,ਅਮਰੋਹਾ ਦੇ ਇਕ ਨਾਵਾਬ ਪਰਿਵਾਰ ਨਾਲ ਸਬੰਧਤ ਸਨ ਅਤੇ ਲਿਖਣ ਦਾ ਸ਼ੌਕ ਸੀ ...ਉਹੀ ਸ਼ੌਕ ਏ ਖ਼ਾਨਾ ਖ਼ਰਾਬ। ਇਕ ਪਰਿਵਾਰਕ ਸ਼ਾਦੀ ਸਮਾਰੋਹ ਵਿਚ ਉਨ੍ਹਾਂ ਦੇ ਵੱਡੇ ਭਰਾ ਨੇ ਉਨ੍ਹਾਂ ਨੂੰ ਕੁਝ ਕਹਿ ਦਿੱਤਾ ਤਾਂ ਉਹ ਰਾਤ ਨੂੰ ਹੀ ਘਰ ਛੱਡ ਕੇ ਮੁੰਬਈ ਵੱਲ ਤੁਰ ਪਏ। ਲਿਖਣ ਦਾ ਹੁਨਰ ਉਨ੍ਹਾਂ ਕੋਲ ਸੀ ਹੀ ਇਸ ਲਈ ਜਲਦੀ ਹੀ ਉਨ੍ਹਾਂ ਨੂੰ ਫ਼ਿਲਮੀ ਕੰਪਨੀ ਵਿੱਚ ਨੌਕਰੀ ਵੀ ਮਿਲ ਗਈ ...ਸੰਵਾਦ ਲਿਖਣ ਦੀ ਨੌਕਰੀ। ਸੋਹਰਾਬ ਮੋਦੀ ਇਤਿਹਾਸਕ ਫ਼ਿਲਮਾਂ ਬਣਾਉਂਦੇ ਸਨ ਤਾਂ ਉਨ੍ਹਾਂ ਨਾਲ ਜੁੜ ਗਏ ..ਜਿੱਥੇ ਉਹ ਫਿਲਮਾਂ ਦੀ ਕਹਾਣੀ ਸੰਵਾਦ ਅਤੇ ਸਕਰੀਨ ਪਲੇਅ ਵੀ ਲਿਖਦੇ ਸਨ।




ਇਹ ਹਿੰਦੁਸਤਾਨੀ ਫ਼ਿਲਮਾਂ ਦਾ ਸ਼ੁਰੂਆਤੀ ਦੌਰ ਸੀ ਜਿਸ ਵਿੱਚ ਧਾਰਮਿਕ ,ਇਤਿਹਾਸਕ ਤੇ ਪੁਰਾਣਕ ਪ੍ਰੇਮ ਕਹਾਣੀਆਂ ਤੇ ਆਧਾਰਤ ਚਲ ਚਿੱਤਰ ਬਣਾਏ ਜਾਂਦੇ ਸਨ...ਅਜਿਹੀਆਂ ਕਲਾਕ੍ਰਿਤਾਂ ਜਿਹਨਾਂ ਤੋਂ ਲੋਕ ਪਹਿਲਾਂ ਹੀ ਵਾਕਫ਼ ਹੁੰਦੇ ਸਨ ਜਿਨ੍ਹਾਂ ਨੂੰ ਸਮਝਣ ਵਿੱਚ ਉਨ੍ਹਾਂ ਨੂੰ ਕੋਈ ਮੁਸ਼ਕਲ ਨਹੀਂ ਸੀ ਆਉਂਦੀ ।

ਪਰ ਕਮਾਲ ਅਮਰੋਹੀ ਨੇ ਸਿਨੇਮਾ ਨੂੰ ਕਲਾਤਮਕ ਪੱਖ ਤੋਂ ਦੇਖਣਾ ਸ਼ੁਰੂ ਕੀਤਾ ।ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਉਹ ਇਕ ਅਜਿਹੀ ਫ਼ਿਲਮ ਬਣਾਉਣਗੇ ਜਿਸ ਦੀ ਪਟਕਥਾ ਲਿਖੀ ਜਾਏਗੀ ,ਜਿਸ ਦੇ ਕਿਰਦਾਰ ਹੋਣਗੇ ,ਜਿਸ ਨੂੰ ਬਕਾਇਦਾ ਨਿਰਦੇਸ਼ਿਤ ਕੀਤਾ ਜਾਵੇਗਾ ..ਜਿਸ ਦਾ ਬਜਟ ਵੀ ਹੋਵੇਗਾ। ਇਹ ਕੋਈ ਰਵਾਇਤੀ ਕਹਾਣੀ ਨਹੀਂ ਹੋਵੇਗੀ ਇਕ ਪ੍ਰਯੋਗਾਤਮਕ ਫਿਲਮ ਹੋਵੇਗੀ ਜੋ ਹਿੰਦੁਸਤਾਨੀ ਫ਼ਿਲਮਾਂ ਦੀ ਤਰੱਕੀ ਦਾ ਰਸਤਾ ਖੋਲ੍ਹ ਦੇਵੇਗੀ। ਜੋ ਹਿੰਦੁਸਤਾਨ ਨੂੰ ਕਲਾ ਦਾ ਇਕ ਹੋਰ ਰੂਪ ਪ੍ਰਦਾਨ ਕਰੇਗੀ ...ਕਲਾ ਦਾ ਇਹ ਰੂਪ ਹੋਵੇਗਾ ਸਿਨੇਮਾ।

ਤੇ ਇਹੀ ਫ਼ਿਲਮ ਸੀ" ਮਹਿਲ ".ਹਿੰਦੁਸਤਾਨੀ ਸਿਨੇਮਾ ਦੀ ਪਹਿਲੀ ਰਹੱਸਵਾਦੀ ਫ਼ਿਲਮ ..ਜਿਸ ਨੇ ਹਿੰਦੁਸਤਾਨੀ ਸਿਨੇਮਾ ਦੇ ਕਲਾਤਮਕ ਪੱਖ ਦੇ ਦਰਵਾਜ਼ੇ ਖੋਲ੍ਹ ਦਿੱਤੇ ਸਨ। ਮਹਿਲ ਫ਼ਿਲਮ ਬਣਾਉਣ ਵਾਸਤੇ ਉਸ ਸਮੇਂ ਦੇ ਪੰਜ ਲੱਖ ਰੁਪਏ ਖਰਚ ਹੋਏ ਅਤੇ ਉਸ ਨੇ ਉਸ ਸਮੇਂ ਦੇ ਇੱਕ ਕਰੋੜ ਰੁਪਏ ਦੀ ਕਮਾਈ ਕੀਤੀ ਸੀ ...ਇੱਕ ਰਿਕਾਰਡ ਜੋ ਹਿੰਦੁਸਤਾਨੀ ਫ਼ਿਲਮ ਜਗਤ ਵਿੱਚ ਦਰਜ ਹੈ । ਫਿਲਮ ਵਿੱਚ ਮੁੱਖ ਭੂਮਿਕਾਵਾਂ ਅਸ਼ੋਕ ਕੁਮਾਰ ਅਤੇ ਮਧੂਬਾਲਾ ਨੇ ਨਿਭਾਈਆਂ ਸਨ ਪਰ ਫ਼ਿਲਮ ਦੀ ਸਭ ਤੋਂ ਵੱਡੀ ਖਾਸੀਅਤ ਉਸ ਦੀ ਕਹਾਣੀ ਅਤੇ ਸਕਰੀਨ ਪਲੇਅ ਸੀ ਜੋ ਨਿਰੰਤਰ ਫ਼ਿਲਮ ਨੂੰ ਗਤੀ ਦਿੰਦਾ ਅਤੇ ਦਰਸ਼ਕ ਅਨੁਮਾਨ ਹੀ ਲਗਾਉਂਦਾ ਰਹਿੰਦਾ ਹੈ ਕਿ ਅੱਗੇ ਕੀ ਹੋਵੇਗਾ।

ਭਾਰਤੀ ਸਿਨਮਾ ਦੀ ਪਹਿਲੀ ਪ੍ਰਯੋਗਾਤਮਕ ਇਸ ਫ਼ਿਲਮ ਦੀ ਕਹਾਣੀ ਹਰੀ ਸ਼ੰਕਰ ( ਅਸ਼ੋਕ ਕੁਮਾਰ ) ਨਾਂ ਦੇ ਨੌਜਵਾਨ ਨਾਲ ਵਾਪਰਦੀ ਹੈ।

ਹਰੀ ਸ਼ੰਕਰ ਇਕ ਅਮੀਰ ਘਰਾਂ ਨਾਲ ਸਬੰਧਤ ਨੌਜਵਾਨ ਹੈ ਜੋ ਅਲਾਹਾਬਾਦ ਦੇ ਨੇੜੇ ਪੈਂਦੇ ਇਕ ਪੁਰਾਤਨ ਮਹਿਲ ਨੂੰ ਖ਼ਰੀਦ ਲੈਂਦਾ ਹੈ। ਮਹਿਲ ਵਿੱਚ ਉਸ ਨੂੰ ਕੁਝ ਅਣਸੁਖਾਵਾਂ ਪ੍ਰਤੀਤ ਹੁੰਦਾ ਹੈ ...ਮਹਿਲ ਵਿੱਚ ਉਹ ਆਪਣੀ ਪੁਰਾਣੀ ਤਸਵੀਰ ਨੂੰ ਦੇਖ ਕੇ ਦੰਗ ਰਹਿ ਜਾਂਦਾ ਹੈ ਜਿਸ ਜਿਸ ਉਪਰ ਖ਼ੂਨ ਦੇ ਛਿੱਟੇ ਪਏ ਹੋਏ ਹਨ। ਮਹਿਲ ਦਾ ਨੌਕਰ ਉਸ ਨੂੰ ਫੋਟੋ ਵਾਲੇ ਨੌਜਵਾਨ ਦੀ ਮੌਤ ਦਾ ਕਾਰਨ ਦੱਸਦਾ ਹੈ ਤਾਂ ਉਹ ਹੋਰ ਦੰਗ ਰਹਿ ਜਾਂਦਾ ਹੈ ਕਿ ਮਰਨ ਵਾਲੇ ਦੀ ਸ਼ਕਲ ਉਸ ਨਾਲ ਕਿਉਂ ਮਿਲਦੀ ਹੈ। ਫਿਰ ਫਿਰ ਮਹਿਲ ਵਿਚ ਅਜਿਹਾ ਕੁਝ ਵਾਪਰਦਾ ਹੈ ਕਿ ਉਸ ਦੀ ਜ਼ਿੰਦਗੀ ਮੁਹਾਲ ਹੋ ਜਾਂਦੀ ਹੈ। ਮਹਿਲ ਵਿੱਚ ਹਸੀਨ ਤੇ ਕਮਸਿਨ ਸਾਇਆ ਹੈ( ਮਧੂਬਾਲਾ )ਜਿਸ ਨੂੰ ਅਸੀਂ ਆਸਾਨ ਭਾਸ਼ਾ ਵਿਚ ਭੂਤ ਕਹਿ ਸਕਦੇ ਹਾਂ ਜੋ ਹਰੀ ਸ਼ੰਕਰ ਨੂੰ ਆਪਣੇ ਵੱਲ ਆਕਰਸ਼ਿਤ ਕਰਦਾ ਹੈ। ਇਹ ਹਸੀਨ ਸਾਇਆ ਕਾਮਿਨੀ ਹੈ ਜੋ ਅਕਸਰ ਮਹਿਲ ਵਿੱਚ ਉਸ ਨੂੰ ਹੱਸਦੀ ਗਾਉਂਦੀ ਨਜ਼ਰ ਆਉਂਦੀ ਹੈ। ਫਿਲਮ ਤੇ ਨਜ਼ਰਸਾਨੀ ਕਰਦਿਆਂ ਇਸ ਕਲਾਤਮਕ ਪੱਖ ਨੂੰ ਵੀ ਧਿਆਨ ਚ ਰੱਖਿਆ ਜਾਣਾ ਚਾਹੀਦਾ ਹੈ ਕਿ ਫ਼ਿਲਮ ਵਿੱਚ ਰਹੱਸ ਹੈ ..ਡਰ ਨਹੀਂ। ਇਹੀ ਰਹੱਸ ਦਰਸ਼ਨ ਦੀ ਜਗਿਆਸਾ ਨੂੰ ਵਧਾਉਂਦਾ ਰਹਿੰਦਾ ਹੈ।

ਹਰੀ ਸ਼ੰਕਰ ਦਾ ਵਕੀਲ ਦੋਸਤ ਫਿਕਰਮੰਦ ਹੈ ਤਾਂ ਓਹ ਉਸ ਨੂੰ ਵਾਪਸ ਭੇਜ ਦਿੰਦਾ ਹੈ ਉਸ ਦੇ ਪਿਤਾ ਦੀ ਵੀ ਇਹੀ ਮਰਜ਼ੀ ਹੁੰਦੀ ਹੈ ਕਿ ਮਹਿਲ ਨੂੰ ਛੱਡ ਦਿੱਤਾ ਜਾਵੇ ...ਉਹ ਸਾਰੇ ਡਰ ਚੁੱਕੇ ਹਨਪਰ ਹਰੀਸ਼ੰਕਰ, ਉਸ ਹਸੀਨ ਸਾਏ ਦੇ ਆਕਰਸ਼ਣ ਵਿੱਚ ਅਜਿਹਾ ਬੱਝਿਆ ਹੈ ਕਿ ਉਹ ਵਾਰ ਵਾਰ ਉਸ ਮਹਿਲ ਵਿਚ ਆਉਂਦਾ ਹੈ ਤੇ ਸਾਏ ਨੂੰ ਫੜਨ ਦਾ ਯਤਨ ਕਰਦਾ ਹੈ ...ਹੱਦ ਤਾਂ ਉਦੋਂ ਹੋ ਜਾਂਦੀ ਹੈ ਜਦੋਂ ਸਾਇਆ ਵੀ ਹਰੀਸ਼ੰਕਰ ਨਾਲ ਗੱਲ ਕਰਦਾ ਹੈ ਤੇ ਹਰੀ ਸ਼ੰਕਰ ਦੇ ਦੋਸਤ ਵਕੀਲ ਨੂੰ ਵੀ ਉੱਥੋਂ ਦੌੜ ਜਾਣ ਦੀ ਸਲਾਹ ਦਿੰਦਾ ਹੈ।

ਹਰੀ ਸ਼ੰਕਰ ਸਹਾਏ ਨਾਲ ਆਪਣੇ ਆਤਮਕ ਸਬੰਧ ਨੂੰ ਸਮਝਣ ਦਾ ਯਤਨ ਕਰਦਾ ਹੈ ਕੋਈ ਪੁਰਾਣਾ ਪਿਛਲੇ ਜਨਮ ਦਾ ਪਿਆਰ । ਹਰੀ ਸ਼ੰਕਰ ਦਾ ਦੋਸਤ ਅਤੇ ਪਿਤਾ ਉਸ ਨੂੰ ਇਸ ਭਰਮ ਜਾਲ ਵਿੱਚੋਂ ਕੱਢਣ ਦੇ ਯਤਨ ਕਰਦੇ ਹਨਪਰ ਅਸਫਲ ਰਹਿ ਜਾਂਦੇ ਹਨ।

ਹਰੀ ਸ਼ੰਕਰ ਦੇ ਪਿਤਾ ਹਰੀ ਸ਼ੰਕਰ ਦੀ ਇਸ ਮਾਨਸਿਕ ਹਾਲਤ ਤੋਂ ਪ੍ਰੇਸ਼ਾਨ ਹਨ ਤਾਂ ਉਹ ਉਸ ਦੀ ਸ਼ਾਦੀ ਕਰ ਦਿੰਦੇ ਹਨ। ਹਰੀਸ਼ੰਕਰ ਖ਼ੁਦ ਆਪਣੀ ਇਸ ਮਾਨਸਿਕ ਹਾਲਤ ਤੋਂ ਦੁਖੀ ਹੈ ਇਸ ਕਰਕੇ ਉਹ ਆਪਣੀ ਹੋਣ ਵਾਲੀ ਘਰਵਾਲੀ ਨੂੰ ਲੈ ਕੇ ਦੂਰ ਕਿਤੇ ਚਲਾ ਜਾਂਦਾ ਹੈ, ਪਹਾੜਾਂ ਵਿੱਚ। ਪਰ ਉੱਥੇ ਵੀ ਉਹ ਪ੍ਰੇਸ਼ਾਨ ਹੈ ਉਸ ਨੂੰ ਸਾਇਆ ਫਿਰ ਆਪਣੇ ਵੱਲ ਆਕਰਸ਼ਿਤ ਕਰਦਾ ਹੈ ਉਸ ਦੇ ਕੰਨਾਂ ਵਿੱਚ ਫਿਰ ਸਾਏ ਦੇ ਬੋਲ ਪੈਂਦੇ ਰਹਿੰਦੇ ਹਨ।

ਹਰੀਸ਼ੰਕਰ ਦੀ ਪਤਨੀ ਰੰਜਨਾ ਉਸ ਦੀ ਇਸ ਹਾਲਤ ਕਰਕੇ ਬਹੁਤ ਦੁਖੀ ਹੈ ਅਤੇ ਗੁੱਸੇ ਵਿੱਚ ਵੀ। ਸ਼ਾਦੀ ਨੂੰ ਕੁਝ ਸਮਾਂ ਗੁਜ਼ਰਦਾ ਹੈ ਪਰ ਹਰੀ ਸ਼ੰਕਰ ਦੀ ਹਾਲਤ ਵਿੱਚ ਕੋਈ ਸੁਧਾਰ ਨਹੀਂ ਹੁੰਦਾ ਉਹ ਵਾਰ ਵਾਰ ਮਹਿਲ ਵੱਲ ਜਾਣਾ ਚਾਹੁੰਦਾ ਹੈ ..ਸਾਏ ਨੂੰ ਅਪਣਾ ਲੈਣਾ ਚਾਹੁੰਦਾ ਹੈ।

ਨਫ਼ਰਤ ਨਾਲ ਭਰੀ ਰੰਜਨਾ ਹਰੀ ਸ਼ੰਕਰ ਨੂੰ ਸਬਕ ਸਿਖਾਉਣਾ ਚਾਹੁੰਦੀ ਹੈ ਇਸ ਲਈ ਉਹ ਜ਼ਹਰ ਖਾ ਲੈਂਦੀ ਹੈ ਅਤੇ ਚਿੱਠੀ ਵਿੱਚ ਉਸ ਦਾ ਦੋਸ਼ ਹਰੀ ਸ਼ੰਕਰ ਤੇ ਲਾ ਦਿੰਦੀ ਹੈ। ਪੁਲੀਸ ਹਰੀ ਸ਼ੰਕਰ ਨੂੰ ਗ੍ਰਿਫ਼ਤਾਰ ਕਰਦੀ ਹੈ ਅਤੇ ਮੁਕੱਦਮਾ ਚੱਲਦਾ ਹੈ। ਪੂਰੀ ਫ਼ਿਲਮ ਇਕ ਹਸੀਨ ਸਾਏ ਦੀ ਕਹਾਣੀ ਤੇ ਆਧਾਰਤ ਹੈ ਪਰ ਇਸ ਮੁਕੱਦਮੇ ਕਾਰਨ ਭੇਤ ਖ਼ੁੱਲ੍ਹਦਾ ਹੈ ਕਿ ਮਹਿਲ ਵਿਚ ਕੋਈ ਹਸੀਨ ਸਾਇਆ ਨਹੀਂ ਹੈ...ਉਹ ਮਹਿਲ ਦੀ ਮਾਲਣ ਕਾਮਨੀ (ਮਧੂਬਾਲਾ) ਹੈ ...;

### ਕਲਾ ਪਰਿਕਰਮਾ

ਕਾਮਨੀ ਇਸ ਤਰ੍ਹਾਂ ਕਿਉਂ ਕਰਦੀ ਹੈ, ਇਸ ਲਈ ਤੁਹਾਨੂੰ ਫ਼ਿਲਮ ਦੇਖ ਲੈਣੀ ਚਾਹੀਦੀ ਹੈ ..

ਹਰੀ ਸ਼ੰਕਰ ਨੂੰ ਫਾਂਸੀ ਦੀ ਸਜ਼ਾ ਹੋ ਚੁੱਕੀ ਹੈ ਪਰ ਅਖ਼ੀਰ ਵਿੱਚ ਉਸ ਦੇ ਬੇਗੁਨਾਹ ਹੋਣ ਦਾ ਸਬੂਤ ਮਿਲਦਾ ਹੈ ...ਫਾਂਸੀ ਦੇ ਤਖ਼ਤੇ ਤੋਂ ਰਿਹਾਈ ਮਿਲਣ ਉਪਰੰਤ ਹਰੀਸ਼ੰਕਰ ਕਾਮਿਨੀ ਨੂੰ ਪਾ ਲੈਣਾ ਚਾਹੁੰਦਾ ਹੈ ਪਰ ਕਾਮਨੀ ਉਸ ਨੂੰ ਨਸੀਬ ਨਹੀਂ ਹੁੰਦੀ ...ਕਾਮਿਨੀ ਤਕ ਪਹੁੰਚਣ ਤੇ ਹਰੀ ਸ਼ੰਕਰ ਦੀ ਮੌਤ ਹੋ ਜਾਂਦੀ ਹੈ।

ਮਹਿਲ ਦੀ ਕਹਾਣੀ ਇੰਨੀ ਰੋਚਕ ਹੈ ਕਿ ਤੁਸੀਂ ਪੂਰੀ ਇੱਕ ਦੁਨੀਆ ਲੰਘ ਆਉਂਦੇ ਹੋ ,ਜੀ ਆਉਂਦੇ ਹੋ ....ਫਿਲਮ ਵਿਚ ਸੰਗੀਤ "ਖੇਮ ਚੰਦ ਪ੍ਰਕਾਸ਼" ਦਾ ਸੀ ਅਤੇ...ਤੇ ਫ਼ਿਲਮ ਵਿੱਚ ਕਈ ਵਾਰ ਵੱਜਦਾ ਗੀਤ" ਆਏਗਾ ...ਆਨੇ ਵਾਲਾ .....ਫਿਲਮ ਦੀ ਰਹੱਸਾਤਮਕਤਾ ਨੂੰ ਹੋਰ ਡੂੰਘਾ ਕਰ ਦਿੰਦਾ ਹੈ ...। ਇਹ ਗੀਤ ਲਤਾ ਮੰਗੇਸ਼ਕਰ ਦੀ ਵੀ ਪਹਿਲੀ ਵੱਡੀ ਪ੍ਰਾਪਤੀ ਵਜੋਂ ਜਾਣਿਆ ਜਾਂਦਾ ਹੈ। "ਮਹਿਲ "ਸਮੇਂ ਅਸ਼ੋਕ ਕੁਮਾਰ ਆਪਣੀ ਨੌਜਵਾਨ ਅਵਸਥਾ ਵਿੱਚ ਸਨ ਪਰ ਉਨ੍ਹਾਂ ਦੀ ਨਿਭਾਈ ਹਰੀ ਸ਼ੰਕਰ ਦੀ ਭੂਮਿਕਾ ਉਨ੍ਹਾਂ ਦੀ ਕਲਾ ਦਾ ਸਿਖਰ ਹੈ।

ਮਧੂਬਾਲਾ ਨੇ ਵੀ ਸ਼ਾਨਦਾਰ ਅਭਿਨੈ ਕੀਤਾ ਹੈ। ਉਸ ਸਮੇਂ ਉੱਚ ਪੱਧਰ ਦੀ ਤਕਨੀਕ ਉਪਲੱਬਧ ਨਹੀਂ ਸੀ ਪਰ ਫ਼ਿਲਮ ਸਮੇਂ ਵਿੱਚ ਉਪਲੱਬਧ ਤਕਨੀਕ ਰਾਹੀਂ ਇਸ ਤਰ੍ਹਾਂ ਬਣੀ ਹੈ ਕਿ ਤੁਹਾਨੂੰ ਕੋਈ ਵੀ ਖ਼ਾਮੀ ਨਜ਼ਰ ਨਹੀਂ ਆਉਂਦੀ।

ਦਰਅਸਲ ਜੇ ਮੈਂ ਇਹ ਵੀ ਕਹਿ ਦੇਵਾਂ ਕਿ "ਮਹਿਲ" ਲੇਖਕ ਦੀ ਫ਼ਿਲਮ ਹੈ ਤਾਂ ਸ਼ਾਇਦ ਅਤਿਕਥਨੀ ਨਾ ਹੋਵੇ। ਇਹ ਪਹਿਲੀ ਫ਼ਿਲਮ ਸੀ ਜਿਸ ਦੇ ਸੰਵਾਦ ਲੋਕਾਂ ਦੀ ਜ਼ਬਾਨ ਤੇ ਚੜ੍ਹੇ ਸਨ ਜਿਨ੍ਹਾਂ ਵਿੱਚੋਂ ਇੱਕ ਸੀਂ "ਸਲੋਅ ਪੁਆਇਜ਼ਨ ਅਕਸਰ ਮੀਠੇ ਹੋਤੇ ਹੈਂ ਔਰ ਧੋਖੇ ਅਕਸਰ ਹੱਸੀਨ .."

ਉਨ੍ਹਾਂ ਸਮਿਆਂ ਵਿੱਚ ਅਜਿਹੀ ਫ਼ਿਲਮ ਦਾ ਨਿਰਮਾਣ ਕਰਨਾ ਕਿਸੇ ਜੋਖਮ ਤੋਂ ਘੱਟ ਨਹੀਂ ਸੀ ਪਰ ਕਮਾਲ ਅਮਰੋਹੀ ਨੂੰ ਇਹ ਸ਼ਰਫ਼ ਜਾਂਦਾ ਹੈ ਕਿ ਉਨ੍ਹਾਂ ਨੇ ਜ਼ੋਖ਼ਮ ਲਿਆ ...ਤੇ ਭਾਰਤੀ ਫ਼ਿਲਮ ਨੂੰ ਨਵੇਂ ਦਿਸਹੱਦੇ ਪ੍ਰਦਾਨ ਕੀਤੇ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਦਸੰਬਰ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-669



*ਆਈ ਹੈ ਪੱਤਝੜ ਮਗਰ ਮੈਨੂੰ ਬਹਾਰ ਦਿਸੇ,*
*ਲਾਈ ਹੈ ਰੰਗਾਂ ਦੀ ਮਹਿਫ਼ਲ ਨਿਖਾਰ ਦਿਸੇ।*
*ਜਾਪ ਰਿਹਾ ਰੂਹ ਨੂੰ ਸਵਰਗ ਜੇਹਾ ਨਜ਼ਾਰਾ,*
*ਬਲਿਹਾਰੀ ਕੁਦਰਤ ਵਸੇ ਪਿਆਰਾ ਪਿਆਰਾ।*

### ਕੈਪਸ਼ਨ ਮੁਕਾਬਲਾ-667



ਵਿੱਚ ਖੇਤਾਂ ਦੇ ਕਿਰਤੀ ਰੁਲ਼ਦੇ,
ਮੰਡੀਆਂ ਵਿੱਚ ਫ਼ਸਲ ਰੁਲ਼ੇ,
ਮਿੱਟੀ ਨਾਲ਼ ਮਿੱਟੀ ਰੋਜ਼ ਹੋ ਕੇ,
ਕਿਰਸਾਨ ਦੀ ਨਸਲ ਰੁਲ਼ੇ।
ਸ਼ਾਹੂਕਾਰਾਂ ਫ਼ਨੀਅਰ ਵਾਂਗਰਾਂ,
ਰਲ਼ ਸਰਕਾਰ ਫਸਾਇਆ,
ਨਾ ਚੀਂ ਨ ਪੀਂ ਹੈ ਕਰ ਸਕਦਾ,
ਘੰਡਾਂ ਨੂੰ ਕੁੰਡਲ ਪਾਇਆ।
**-ਸੇਵਾ ਸਿੰਘ 'ਨੂਰਪੁਰੀ'**

---

'ਉੱਤਮ ਖੇਤੀ ਮੱਧਮ ਵਾਪਾਰ
ਨਖਿੱਧ ਚਾਕਰੀ' ਨਾਨਕ ਫੁਰਮਾਇਆ।
ਮਲਕ ਭਾਗੋ ਨੂੰ ਕਰ ਉਪਦੇਸ਼
ਬਾਬੇ, ਕਿਰਤੀ ਨੂੰ ਗਲ ਲਾਇਆ।
ਅੱਜ ਦੇ ਰਾਜੇ ਲੋਕਾਂ ਦੇ ਵੈਰੀ
ਕਿਰਤੀਆਂ ਸਿਰ ਵਪਾਰ ਬਿਠਾਇਆ।
ਵਪਾਰੀ ਬੈਠਾ ਘਰ ਮੌਜਾਂ ਮਾਣੇ
ਨਾ ਉਸ ਬੀਜਿਆ ਨਾ ਹਲ਼ ਵਾਹਿਆ।
ਕਿਰਤ ਕਿਸਾਨ ਇੱਥੇ ਧੱਕੇ ਖਾਵੇ
ਚਾਕਰਾਂ ਦੇ ਬੁਰੇ ਗੇੜ 'ਚ ਆਇਆ।
ਉੱਤਮ ਖੇਤੀ ਬਣੀ ਦਬੇਲ
ਦੋਵਾਂ ਉਸ ਗਲ ਫਾਹਾ ਪਾਇਆ।
ਖੁੱਲ੍ਹੇ ਅਸਮਾਨ ਹੇਠ ਜਿਨਸ ਲੈ ਬੈਠਾ
ਵਪਾਰੀ ਚਾਕਰ ਨਾ ਖ਼ਰੀਦਣ ਆਇਆ।

ਜਿਸ ਸਰਕਾਰ ਨੇ ਸਾਰ ਸੀ ਲੈਣੀ
ਡਾਢਾ ਉਸੇ ਹੀ ਕਹਿਰ ਕਮਾਇਆ।
ਰਿਹਾ ਕਿਸਾਨ ਦੇ ਨਾ ਕੁਝ ਪੱਲੇ
ਦੋਵੇਂ ਹੱਥ ਝਾੜ ਘਰ ਆਇਆ।
ਬਣਿਆ ਵਿਚਾਰਾ, ਜਗਤ ਦਾ ਦਾਤਾ
'ਨਾਕਾਮ' ਨੂੰ ਵੇਖ ਵੇਖ ਤਰਸ ਆਇਆ।
**-ਗੁਰਬਖ਼ਸ਼ ਸਿੰਘ 'ਨਾਕਾਮ'**

---

ਆਸਾਂ ਤੇ ਉਮੀਦਾਂ ਵਿੱਚੇ ਰਹਿ ਗਈਆਂ,
ਮੰਡੀ ਵਿੱਚ ਫਸਲਾਂ ਦੇ ਢੇਰ ਨਹੀਂ ਵਿਕਦੇ।
ਲਾਰੇ ਲਾ ਕੇ ਲੀਡਰ ਵੋਟਾਂ ਵਟੋਰ ਗਏ,
ਪਿੰਡਾਂ ਵਿਚ ਹੁਣ ਕਿਤੇ ਵੀ ਨਹੀਂ ਦਿਸਦੇ।
ਅੱਕੇ ਹੋਏ ਕਿਸਾਨਾ ਨੇ 'ਕੱਠ ਬੰਨ੍ਹ ਲਏ,
ਡੰਡਿਆਂ ਦੇ ਵਿਚ ਹੁਣ ਝੰਡੇ ਪੈ ਗਏ।
ਜੀਣ ਮਰਨ ਦੀਆਂ ਕਸਮਾਂ ਖਾ ਕੇ,
ਲੋਕ ਸੰਘਰਸ਼ਾਂ ਦੇ ਰਾਹ ਪੈ ਗਏ।
**- ਗੁਰਦੇਵ ਸਿੰਘ ਢਪਾਲੀ**

---

ਝੋਨਾ ਹੀ ਝੋਨਾ ਹਰ ਪਾਸੇ
ਮੰਡੀ 'ਚ ਜਗ੍ਹਾ ਨਹੀਂ
ਖਰੀਦ ਕੀਮਤ ਸਥਿਰ ਨਹੀਂ
ਨਮੀ ਇਸ ਵਿਚ ਬਹੁਤ
ਲਿਆਓ ਸੁਕਾ ਕੇ
ਖੱਜਲ ਖੁਆਰੀ ਬਹੁਤ
ਭੰਗ ਦੇ ਭਾੜੇ ਵਿਕਦੀ ਜਿਣਸ
ਆਓ ਭਾਈ! ਇਕੱਠੇ ਹੋ ਕੇ
ਝੰਡੇ ਦੇ ਥੱਲੇ
ਲਾ ਧਰਨੇ, ਹੱਕ ਮੰਗਣਾ
ਕੁਝ ਤਾਂ ਹੱਲ ਹੈ
ਆਵਾਜ਼ ਉਠਾਉਣ ਦਾ।
**-ਦਰਸ਼ਨ ਪਾਲ ਦੋਸਾਂਝ**

## ਨਾਕਾਮ ਟੱਕਰਾਂ



**ਗੁਰਬਖਸ਼ ਸਿੰਘ 'ਨਾਕਾਮ'**

ਖਾਣਾ ਪੀਣਾ ਹੱਸਣਾ ਸੌਣਾ ਰਹਿ ਗਏ ਇਹ ਕੰਮ ਚਾਰ।
ਇਨ੍ਹਾਂ 'ਚ ਉਲਝ ਕੇ ਰਹਿ ਗਿਐ ਮਾਨਵ ਦਾ ਆਚਾਰ।
ਕੋਈ ਨਾ ਕਿਸੇ ਸਮਝਾਉਂਦਾ ਨਾ ਕੋਈ ਸਮਝਣਹਾਰ।
ਕੋਈ ਨਾ ਮੁਖੀ ਸਦਾਉਂਦਾ ਪਿਆ ਪੁੱਠੇ ਰਾਹ ਪਰਿਵਾਰ।
"ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰ"॥
ਗੁਰ ਨਾਨਕ ਸੱਚ ਫੁਰਮਾਇਆ ਕਰ ਵੇਖੋ ਵੀਚਾਰ।
ਜਗਤ ਤਮਾਸ਼ਾ ਵੇਖਦਾ ਵੱਖ ਬੈਠਾ ਨਾਟਕ ਕਾਰ।
'ਨਾਕਾਮ' ਵੀ ਵੇਖ ਹੈਰਾਨ ਹੈ ਕੀ ਖੇਡ ਖੇਡਣ ਕਿਰਦਾਰ।

# ਲੋਕਾਂ ਖਿਲਾਫ਼ ਜੰਗ ਨੂੰ ਲੋਕ ਹੀ ਹਰਾ ਸਕਦੇ ਨੇ – ਅਰੁੰਧਤੀ ਰਾਏ

ਜਲੰਧਰ : ਮੇਲਿਆਂ ਦੀ ਧਰਤੀ ਪੰਜਾਬ ਦੇ ਸ਼ਹਿਰ ਜਲੰਧਰ ਲੱਗਿਆ 33ਵਾਂ ਮੇਲਾ ਗ਼ਦਰੀ ਬਾਬਿਆਂ ਦਾ ਇਸ ਵਾਰ ਕਾਫੀ ਭਰਵਾਂ ਸੀ।

ਹਰਦੇਵ ਅਰਸ਼ੀ ਹੋਰਾਂ ਵੱਲੋਂ ਝੰਡਾ ਲਹਿਰਾਏ ਜਾਣ ਮੌਕੇ ਉਹਨਾਂ ਨਾਲ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਅਤੇ ਮੇਲੇ 'ਚ ਪੁੱਜੇ ਸਮੂਹ ਕਮੇਟੀ ਮੈਂਬਰ ਸ਼ਾਮਲ ਸਨ। ਇਸ ਮੌਕੇ ਸਾਮਰਾਜਵਾਦ-ਮੁਰਦਾਬਾਦ! ਫ਼ਿਰਕੂ ਫਾਸ਼ੀ ਹੱਲਾ ਮੁਰਦਾਬਾਦ! ਗ਼ਦਰੀ ਬਾਬਿਆਂ ਦਾ ਪੈਗ਼ਾਮ, ਜਾਰੀ ਰੱਖਣਾ ਹੈ ਸੰਗਰਾਮ! ਨਾਅਰੇ ਗੂੰਜਦੇ ਰਹੇ। ਗ਼ਦਰੀ ਝੰਡੇ 'ਤੇ ਫੁੱਲਾਂ ਦੀ ਵਰਖਾ ਹੁੰਦੀ ਰਹੀ।


ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਜੀ ਆਇਆਂ ਨੂੰ ਸ਼ਬਦ ਕਹਿੰਦੇ ਹੋਏ ਕਿਹਾ ਕਿ ਦੇਸ਼ ਭਗਤ ਯਾਦਗਾਰ ਲੋਕਾਂ ਦਾ ਹੈ। ਇਹ ਮੇਲਾ ਵੀ ਲੋਕਾਂ ਦੁਆਰਾ ਲੋਕਾਂ ਲਈ ਹੈ। ਉਹਨਾਂ ਕਿਹਾ ਕਿ ਮੇਲਾ ਹਰ ਸਾਲ ਨਵੀਆਂ ਪਿਰਤਾਂ ਪਾ ਰਿਹਾ ਹੈ।

ਕਮੇਟੀ ਮੈਂਬਰ ਹਰਦੇਵ ਅਰਸ਼ੀ ਨੇ ਗ਼ਦਰ ਪਾਰਟੀ ਦੇ ਮੂਲ ਪ੍ਰੋਗਰਾਮ, ਉਦੇਸ਼ਾਂ ਅਤੇ ਅਧੂਰੇ ਕਾਰਜਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹਨਾਂ ਦੇ ਸੁਪਨੇ ਸਾਕਾਰ ਕਰਨ ਲਈ ਹੀ ਅੱਜ ਦਾ ਮੇਲਾ ਕਾਰਪੋਰੇਟ ਅਤੇ ਫ਼ਿਰਕੂ ਫਾਸ਼ੀ ਹੱਲੇ ਖਿਲਾਫ਼ ਜੂਝਦੀਆਂ ਲੋਕ ਲਹਿਰਾਂ ਨੂੰ ਸਮਰਪਤ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਸਾਮਰਾਜ ਅਤੇ ਫ਼ਿਰਕਾਪ੍ਰਸਤੀ ਵਿਰੋਧੀ ਸਾਰੀਆਂ ਜਮਹੂਰੀ ਤਾਕਤਾਂ ਨੂੰ ਇੱਕਜੁੱਟ ਹੋ ਕੇ ਸੰਘਰਸ਼ ਕਰਨ ਦੀ ਲੋੜ ਹੈ।

ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਆਪਣੀ ਤਕਰੀਰ ਵਿੱਚ ਕਿਹਾ ਕਿ ਗ਼ਦਰੀ ਦੇਸ਼ ਭਗਤਾਂ ਦਾ ਪ੍ਰੋਗਰਾਮ ਅੱਜ ਹੋਰ ਵੀ ਪ੍ਰਸੰਗਕ ਹੈ। ਉਹਨਾਂ ਕਿਹਾ ਕਿ ਦਿਨੋ-ਦਿਨ ਤੇਜ਼ ਹੋ ਰਿਹਾ ਆਰਥਕ ਅਤੇ ਫ਼ਿਰਕੂ ਫਾਸ਼ੀ ਹੱਲਾ ਸਾਡਾ ਧਿਆਨ ਖਿੱਚਦਾ ਹੈ। ਸਾਨੂੰ ਜਾਗਣ ਦੀ ਲੋੜ ਹੈ।

33ਵੇਂ ਮੇਲੇ 'ਤੇ ਅਮੋਲਕ ਸਿੰਘ ਦਾ ਲਿਖਿਆ, ਸੱਤਪਾਲ ਬੰਗਾ (ਪਟਿਆਲਾ) ਦਾ ਨਿਰਦੇਸ਼ਤ ਕੀਤਾ ਝੰਡੇ ਦਾ ਗੀਤ ਸੰਗੀਤ ਓਪੇਰਾ, 'ਮੇਲਾ ਕੀ ਕਹਿੰਦੈ' ਕੋਈ 100 ਕਲਾਕਾਰਾਂ ਨੇ ਜਦੋਂ ਪੇਸ਼ ਕੀਤਾ ਤਾਂ ਇੱਕ ਵਾਰ ਤਾਂ ਸਮਾਂ ਬੰਨ੍ਹ ਦਿੱਤਾ। ਪੌਣਾ ਘੰਟਾ ਲੋਕ, ਟਿਕਟਿਕੀ ਲਗਾ ਕੇ ਦੇਖਦੇ ਅਤੇ ਵਾਰ-ਵਾਰ ਤਾੜੀਆਂ ਗੂੰਜਾਉਂਦੇ ਰਹੇ।

ਇਸ ਸੈਸ਼ਨ ਦੇ ਮੰਚ ਸੰਚਾਲਕ ਅਤੇ ਝੰਡੇ ਦੇ ਗੀਤ ਦੇ ਲੇਖਕ ਅਮੋਲਕ ਸਿੰਘ ਨੇ ਵਰਕਸ਼ਾਪ ਵਿੱਚ ਸ਼ਾਮਲ ਕਲਾਕਾਰ ਮੁੰਡੇ-ਕੁੜੀਆਂ ਦੀ ਮਿਹਨਤ ਅਤੇ ਪਰਿਵਾਰਾਂ ਦੇ ਸਾਥ ਦੀ ਤਾਰੀਫ਼ ਕਰਦਿਆਂ ਉਹਨਾਂ ਦੀ ਉਹਨਾਂ ਦੇ ਪਰਿਵਾਰਾਂ ਦੀ ਭੂਮਿਕਾ ਦਾ ਸਨਮਾਨ ਕੀਤਾ।







ਵਿਸ਼ਵ ਪ੍ਰਸਿੱਧ ਵਿਦਵਾਨ, ਅਰੁੰਧਤੀ ਰਾਏ ਨੇ ਆਪਣੀ ਤਕਰੀਰ ਦੀ ਸ਼ੁਰੂਆਤ ਪੰਜਾਬ ਦੀ ਸੰਘਰਸ਼ਸ਼ੀਲ ਧਰਤੀ ਨੂੰ ਸਲਾਮ ਕਰਦਿਆਂ ਕੀਤੀ। ਉਨ੍ਹਾਂ ਕਿਹਾ ਕਿ ਦਿੱਲੀ ਕਿਸਾਨ ਅੰਦੋਲਨ ਹੋਵੇ ਚਾਹੇ ਮੇਰੇ ਉਪਰ ਯੂ.ਏ.ਪੀ.ਏ. ਲਗਾ ਕੇ ਜੇਲ੍ਹ ਸੁੱਟਣ ਦੇ ਯਤਨ ਨੂੰ ਨਾਕਾਮ ਕਰਨ ਲਈ ਵੀ ਪੰਜਾਬ ਦੀ ਆਵਾਜ਼ ਲਾ-ਮਿਸਾਲ ਭੂਮਿਕਾ ਨਿਭਾਈ।

ਉਹਨਾਂ ਕਿਹਾ ਕਿ ਅੱਜ ਪੇਸ਼ ਹੋਇਆ ਗੀਤ ਨਾਟ ਓਪੇਰਾ 'ਝੰਡੇ ਦੇ ਗੀਤ' ਨੇ ਮੈਨੂੰ ਐਨਾ ਪ੍ਰਭਾਵਿਤ ਕੀਤਾ ਕਿ ਮੈਂ ਸਾਰਾ ਸਮਾਂ ਰੋਂਦੀ ਅਤੇ ਸੋਚਦੀ ਰਹੀ ਕਿ ਫ਼ਲਸਤੀਨ ਬਾਰੇ ਹਰੇਕ ਕੋਈ ਆਵਾਜ਼ ਨਹੀਂ ਉਠਾਉਂਦਾ, ਜਿਵੇਂ ਗੀਤ ਵਿੱਚ ਬੁਲੰਦ ਆਵਾਜ਼ ਉਠਾਈ ਗਈ।

ਅਰੁੰਧਤੀ ਨੇ ਕਿਹਾ ਕਿ ਸਾਡੇ ਮੁਲਕ ਦੇ ਇਕੋ ਵੇਲੇ ਦੋ ਤਾਲ਼ੇ ਖੋਲ੍ਹੇ ਗਏ। ਇੱਕ ਬਾਬਰੀ ਮਸਜਦ ਦਾ ਅਤੇ ਦੂਜਾ ਸਾਮਰਾਜੀ ਬਹੁ-ਕੌਮੀ ਕੰਪਨੀ ਲਈ ਆਰਥਕ ਲੁੱਟ ਕਰਨ ਦੀਆਂ ਖੁੱਲ੍ਹਾਂ ਦਾ।

ਉਹਨਾਂ ਜ਼ੋਰ ਦੇ ਕੇ ਕਿਹਾ ਕਿ ਫ਼ਿਰਕੂ ਫਾਸ਼ੀ ਹੱਲਾ ਫੇਰ ਹੀ ਕਾਮਯਾਬ ਹੁੰਦਾ ਹੈ ਜਦੋਂ ਲੋਕ-ਦੋਖੀ ਤਾਕਤਾਂ ਲੋਕਾਂ ਨੂੰ ਗੁੰਮਰਾਹ ਕਰਕੇ ਮੂਲਵਾਦੀ ਤਾਕਤਾਂ ਉਸ ਜੰਗ ਵਿੱਚ ਲਹਿੱਸੇਦਾਰ ਬਣਾਉਣ ਲੱਗ ਜਾਂਦੀਆਂ ਹਨ।

ਮੇਲੇ ਦੇ ਦੂਸਰੇ ਮੁੱਖ ਵਕਤਾ ਡਾ. ਪ੍ਰਬੀਰ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਸਾਡੇ ਮੀਡਿਆ ਨਿਊਜ਼ ਕਲਿੱਕ ਦੀ ਆਵਾਜ਼ ਬੰਦ ਕਰਨ ਦੀ ਇਸ ਕਰਕੇ ਕੋਸ਼ਿਸ਼ ਕੀਤੀ ਗਈ ਕਿਉਂਕਿ ਉਹ ਲੋਕਾਂ ਦੀ ਆਵਾਜ਼ ਬਣਨ ਲਈ ਹਮੇਸ਼ਾਂ ਹੀ ਸੁਹਿਰਦ ਰਿਹਾ ਹੈ। ਸਥਾਪਤੀ ਨੂੰ ਅਕਸਰ ਹੀ ਇਹ ਭੁਲੇਖਾ ਹੁੰਦਾ ਹੈ ਕਿ ਮੀਡਿਆ ਉਹੀ ਕਹੇ ਜੋ ਉਨ੍ਹਾਂ ਨੂੰ ਪ੍ਰਵਾਨ ਹੁੰਦਾ ਹੈ ਪਰ ਇੰਜ ਨਹੀਂ ਹੁੰਦਾ ਹੈ। ਮੈਂ ਪਹਿਲਾਂ ਐਮਰਜੈਂਸੀ ਦੌਰ ਵਿੱਚ ਵੀ ਹਕੂਮਤੀ ਹੱਲੇ ਦਾ ਸ਼ਿਕਾਰ ਹੋਇਆ ਤੇ ਹੁਣ ਵਾਲੀ ਹਕੂਮਤ ਨੇ ਵੀ ਮੇਰੀ ਕਲਮ ਨੂੰ ਨਿਸ਼ਾਨਾ ਬਣਾਇਆ। ਇਹ ਵਰਤਾਰਾ ਦਰਸਾਉਂਦਾ ਹੈ ਕਿ ਮੋਦੀ ਹਕੂਮਤ ਦਾ ਬਦਲ ਕੋਈ ਵੀ ਹਾਕਮ ਜਮਾਤੀ ਗਠਜੋੜ ਨਹੀਂ ਸਿਰਫ਼ ਲੋਕ ਹੀ ਇਸ ਦਾ ਬਦਲ ਹੋ ਸਕਦੇ ਹਨ।

ਇਸ ਸੈਸ਼ਨ 'ਚ ਖਾਲਸਾ ਸਕੂਲ ਗੜ੍ਹਦੀਵਾਲ ਦੇ ਗੁਰਪਿੰਦਰ ਸਿੰਘ ਅਤੇ ਸਾਥੀਆਂ ਤੋਂ ਇਲਾਵਾ ਲੋਕ ਸੰਗੀਤ ਮੰਡਲੀ ਭਦੌੜ (ਮਾਸਟਰ ਰਾਮ ਕੁਮਾਰ) ਨੇ ਗੀਤਾਂ ਦਾ ਰੰਗ ਭਰਿਆ।

ਸ਼ਾਮ 4 ਵਜੇ ਹੋਈ ਵਿਚਾਰ-ਚਰਚਾ ਗ਼ਦਰੀ ਬਾਬਾ ਜਵਾਲਾ ਸਿੰਘ ਆਡੀਟੋਰੀਅਮ ਵਿੱਚ ਖੇਤੀ, ਪਾਣੀ ਅਤੇ ਵਾਤਾਵਰਣ ਸੰਕਟ ਉਪਰ ਕਮੇਟੀ ਪ੍ਰਧਾਨ ਅਜਮੇਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਵਿਚਾਰ-ਚਰਚਾ ਦੀ ਸ਼ੁਰੂਆਤ ਕੁਲਦੀਪ ਵਾਲੀਆ ਦੀ ਕਵਿਤਾ ਨਾਲ ਹੋਈ।

ਇਸ ਵਿਚਾਰ-ਚਰਚਾ ਵਿੱਚ ਕਮੇਟੀ ਮੈਂਬਰ ਜਗਰੂਪ, ਕੁਲਵੰਤ ਸਿੰਘ ਸੰਧੂ, ਸੀਤਲ ਸਿੰਘ ਸੰਘਾ, ਰਮਿੰਦਰ ਪਟਿਆਲਾ, ਵਿਜੈ ਬੰਬੇਲੀ ਅਤੇ ਡਾ. ਪਰਮਿੰਦਰ ਸ਼ਾਮਲ ਸਨ। ਇਨ੍ਹਾਂ ਚਿੰਤਕਾਂ ਨੇ ਪੰਜਾਬ ਦੇ ਡੂੰਘੇ ਹੁੰਦੇ ਜਾ ਰਹੇ ਕਿਸਾਨੀ ਦੇ ਸੰਕਟ ਅਤੇ ਕਾਰਪੋਰੇਟ ਘਰਾਣਿਆਂ ਦੇ ਹੱਥੀਂ ਚੜ੍ਹੀ ਸਰਕਾਰ ਦੇ ਨਾਹ-ਪੱਖੀ ਰਵੱਈਏ 'ਤੇ ਡੂੰਘੀ ਚਿੰਤਾ ਪ੍ਰਗਟਾਈ ਅਤੇ ਇਸ ਦੇ ਨਾਲ-ਨਾਲ ਧਰਤੀ ਹੇਠਲੇ ਪਾਣੀ ਦੀ ਲੋੜ ਤੋਂ ਜ਼ਿਆਦਾ ਹੋ ਰਹੀ ਖਪਤ ਲਈ ਸਰਕਾਰ ਦੇ ਨਹਿਰੀ ਪਾਣੀ ਨਾ ਮੁਹੱਈਆ ਕਰਾਉਣ ਨੂੰ ਕਿਸਾਨੀ ਨੂੰ ਬਦਨਾਮ ਕਰਨ ਵਾਲੀ ਸਾਜ਼ਿਸ਼ ਦਾ ਹਿੱਸਾ ਦੱਸਿਆ। ਜ਼ਹਿਰੀਲੀ ਹੁੰਦਾ ਜਾ ਰਹੀ ਮਿੱਟੀ ਤੋਂ ਇਨਸਾਨੀ ਸਿਹਤ 'ਤੇ ਪੈਂਦੇ ਅਤਿਅੰਤ ਬੁਰੇ ਪ੍ਰਭਾਵ ਨੂੰ ਉਭਾਰਦਿਆਂ ਉਨ੍ਹਾਂ ਨੇ ਵਾਤਾਵਰਨ ਦੀ ਸੰਭਾਲ ਲਈ ਜ਼ਿੰਮੇਵਾਰ ਸੰਸਥਾਵਾਂ ਨੂੰ ਵਧੇਰੇ ਸੰਵੇਦਨਸ਼ੀਲ ਲਈ ਹੋਣ ਲਈ ਤਕੀਦ ਕੀਤੀ। ਸਮਾਗਮ ਦੇ ਅੰਤ ਵਿੱਚ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਸਮਾਗਮ ਵਿੱਚ ਸ਼ਾਮਿਲ ਹੋਣ ਵਾਲੇ ਸਭ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦੇ ਭੂਮਿਕਾ ਪ੍ਰੋ. ਗੋਪਾਲ ਬੁੱਟਰ ਨੇ ਅਦਾ ਕੀਤੀ।

## ਵਿਸ਼ਵ ਪਾਵਰ ਲਿਫਟਿੰਗ ਚੈਂਪੀਅਨਸ਼ਿਪ

### ਜਲੰਧਰ ਦਾ ਮੋਹਿਤ ਦੁੱਗ ਜੇਤੂ

ਜਲੰਧਰ: ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵਲੋਂ ਪੁੱਡਾ ਵਿਖੇ ਬਤੌਰ ਜੂਨੀਅਰ ਇੰਜੀਨੀਅਰ ਤਾਇਨਾਤ ਮੋਹਿਤ ਦੁੱਗ ਦਾ ਹਾਲ ਹੀ ਵਿੱਚ ਯੂ.ਐਸ.ਏ ਵਿੱਚ ਹੋਈ ਡਬਲਿਊ ਪੀ.ਸੀ. ਵਿਸ਼ਵ ਪਾਵਰ ਲਿਫ਼ਟਿੰਗ ਚੈਂਪੀਅਨਸ਼ਿਪ ਵਿੱਚ ਸਫ਼ਲਤਾ ਹਾਸਲ ਕਰਨ 'ਤੇ ਸਨਮਾਨ ਕੀਤਾ ਗਿਆ।



ਮੋਹਿਤ ਵਲੋਂ ਪਿਛਲੇ ਮਹੀਨੇ ਸ਼ਿਕਾਗੋ ਵਿਖੇ ਹੋਈ ਵਿਸ਼ਵ ਪਾਵਰ ਲਿਫ਼ਟਿੰਗ ਚੈਂਪੀਅਨਸ਼ਿਪ-2024 ਵਿੱਚ 18 ਦੇਸ਼ਾਂ ਜਿਨ੍ਹਾਂ ਵਿੱਚ ਯੂ.ਐਸ.ਏ, ਕੈਨੇਡਾ, ਅਸਟਰੇਲੀਆ ਅਤੇ ਇੰਗਲੈਂਡ ਆਦਿ ਦੇ ਨਾਮਵਰ ਖਿਡਾਰੀਆਂ ਵਲੋਂ ਹਿੱਸਾ ਲਿਆ ਗਿਆ, ਵਿੱਚ ਸਿਲਵਰ ਮੈਡਲ ਜਿੱਤ ਕੇ ਜਲੰਧਰ ਦਾ ਨਾਮ ਦੁਨੀਆ ਦੇ ਨਕਸ਼ੇ 'ਤੇ ਰੌਸ਼ਨ ਕੀਤਾ ਗਿਆ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੋਹਿਤ ਵਲੋਂ ਹਾਸਲ ਕੀਤੀ ਪ੍ਰਾਪਤੀ ਅਤੇ ਉਸ ਦੀ ਲਗਨ ਅਨੇਕਾਂ ਨੌਜਵਾਨਾਂ ਨੂੰ ਖੇਡਾਂ ਦੇ ਖੇਤਰ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਦੇਸ਼ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਦੀ ਰਹੇਗੀ।

***ਅਣਖ ਤੇ ਹੰਕਾਰ ਵਿੱਚ ਬਹੁਤ ਥੋੜ੍ਹਾ ਹੀ ਫਰਕ ਹੈ। ਅਣਖੀ ਉਹ ਹੈ ਜੋ ਆਪਣੀ ਤੇ ਦੂਜਿਆਂ ਦੀ ਇੱਜ਼ਤ ਕਰਦਾ ਹੈ। ਆਪਣੇ ਨਾ਼ਲੋਂ ਵੱਧ ਦੂਜਿਆਂ ਦੇ ਹੱਕਾਂ ਲਈ ਲੜਦਾ ਹੈ। ਹੰਕਾਰੀ ਬੰਦੇ ਨੂੰ ਦੂਜੇ ਦਾ ਨੁਕਸਾਨ ਕਰਕੇ ਜਾਂ ਦੂਜੇ ਨੂੰ ਬੇਇੱਜ਼ਤ ਕਰਨ ਵਿੱਚ ਮਜ਼ਾ ਆਉਂਦਾ। ਅਜਿਹੇ ਹੰਕਾਰੀ ਲੋਕ ਸਮਾਜ ਵਿਰੋਧੀ ਅਨਸਰ ਵੀ ਹੋ ਸਕਦੇ ਹਨ ਤੇ ਧਾਰਮਿਕ ਬਾਣੇ ਵਿਚਲੇ ਜੋਧੇ ਵੀ ਹੋ ਸਕਦੇ ਹਨ।***

## ਹੰਕਾਰ ਤੇ ਗਿਆਨ !

ਕੁਝ ਕਿਤਾਬਾਂ ਪੜ੍ਹ ਕੇ ਜਾਂ ਐਧਰੋਂ ਓਧਰੋਂ ਜਾਣਕਾਰੀ ਇਕੱਠੀ ਕਰਕੇ ਗਿਆਨਵਾਨ ਜਾਂ ਵਿਦਵਾਨ ਹੋਣ ਦਾ ਭਰਮ ਬੰਦੇ ਨੂੰ ਅਕਸਰ ਹੋ ਜਾਂਦਾ ਹੈ। ਉਸ ਬਾਹਰੋਂ ਇਕੱਠੇ ਕੀਤੇ ਗਿਆਨ ਨਾ਼ਲ ਬੰਦਾ ਹੰਕਾਰੀ ਵੀ ਹੋ ਜਾਂਦਾ। ਜਦਕਿ ਉਸਨੂੰ ਇਹ ਸਮਝ ਨਹੀਂ ਲਗਦੀ ਕਿ ਜਿਸਨੂੰ ਉਹ ਗਿਆਨ ਸਮਝਦਾ ਹੈ, ਉਹ ਤਾਂ ਸਿਰਫ ਜਾਣਕਾਰੀ ਹੈ, ਜਿਸਨੂੰ ਦਿਮਾਗ ਨੇ ਜਮਾਂ ਕਰ ਲਿਆ ਹੈ। ਅੱਜ ਇੰਟਰਨੈਟ ਅਜਿਹੀ ਜਾਣਕਾਰੀ ਨਾ਼ਲ ਭਰਿਆ ਪਿਆ ਹੈ। ਗਿਆਨ ਉਹ ਸੂਝ (ਸਿਦੋਮ) ਹੈ, ਜੋ ਬਾਹਰੋਂ ਨਹੀਂ, ਸਾਡੇ ਅੰਦਰੋਂ ਪ੍ਰਗਟ ਹੁੰਦੀ ਹੈ। ਇਸੇ ਕਰਕੇ ਪੜ੍ਹੇ-ਲਿਖੇ ਜਾਂ ਡਿਗਰੀਆਂ ਪ੍ਰਾਪਤ ਵਿਅਕਤੀ ਮੂਰਖ ਵੀ ਹੋ ਸਕਦੇ ਹਨ ਤੇ ਕੋਰੇ ਅਨਪੜ੍ਹ ਲੋਕ ਬੜੇ ਸੂਝਵਾਨ ਵੀ ਹੋ ਸਕਦੇ ਹਨ ਜਾਂ ਇਸ ਤੋਂ ਉਲਟ ਵੀ ਹੋ ਸਕਦਾ ਹੈ। ਬਾਹਰਲੀ ਜਾਣਕਾਰੀ (ਗਿਆਨ?) ਦਾ ਹੰਕਾਰ ਹੋ ਜਾਣਾ ਤਾਂ ਅਕਸਰ ਵਾਪਰ ਜਾਂਦਾ ਹੈ, ਪਰ ਆਪਣੇ ਹੰਕਾਰ ਦਾ ਗਿਆਨ ਹੋ ਜਾਵੇ, ਇਹ ਕ੍ਰਿਸ਼ਮਾ ਆਮ ਨਹੀਂ ਵਾਪਰਦਾ। ਇਹ ਹੀ ਅਸਲੀ ਸਿਆਣਪ ਹੈ। ਇਹ ਸਿਆਣਪ ਅਸੀਂ ਥੋੜੀ ਬਹੁਤ ਆਪਣੀ ਸਮਝ ਨਾ਼ਲ ਮਾਨਸਿਕ ਤੌਰ ਤੇ ਪੂਰਨ ਹੋਸ਼ ਵਿੱਚ ਜਾਂ ਜਾਗਰੂਕ ਹੋ ਕੇ ਹੀ ਪੈਦਾ ਕਰ ਸਕਦੇ ਹਾਂ, ਨਹੀਂ ਤਾਂ ਗਿਆਨ ਦਾ ਨਸ਼ਾ ਵੀ ਦੂਜੇ ਨਸ਼ਿਆਂ ਵਾਂਗ ਮਨੁੱਖ ਨੂੰ ਇਤਨਾ ਬੇਹੋਸ਼ ਕਰ ਦਿੰਦਾ ਹੈ ਕਿ ਉਸਨੂੰ ਕੋਈ ਹੋਸ਼ ਨਹੀਂ ਰਹਿੰਦੀ। ਬਾਕੀ ਨਸ਼ੇ ਤਾਂ ਕੁਝ ਘੰਟਿਆਂ ਬਾਅਦ ਉੱਤਰ ਜਾਂਦੇ ਨੇ, ਪਰ ਗਿਆਨ ਦੇ ਹੰਕਾਰ ਦਾ ਨਸ਼ਾ ਉਤਰਨਾ ਬੜਾ ਮੁਸ਼ਕਲ ਹੋ ਜਾਂਦਾ। ਇਸ ਨਸ਼ੇ ਨੇ ਮਨੁੱਖੀ ਇਤਿਹਾਸ ਵਿੱਚ ਬੜੇ ਉਪੱਦਰ ਕੀਤੇ ਹਨ ਤੇ ਅੱਜ ਵੀ ਹੋ ਰਹੇ ਹਨ। ਮਨ ਦੇ ਜਜਬਾਤਾਂ ਤੇ ਭਾਵਨਾਵਾਂ ਦੇ ਪ੍ਰਭਾਵ ਹੇਠ ਜੀਵਨ ਬਸਰ ਕਰਨ ਨਾ਼ਲ ਹੰਕਾਰ ਤੋਂ ਛੁਟਕਾਰਾ ਨਹੀਂ ਹੋ ਸਕਦਾ ਤੇ ਆਪਣੇ ਆਪੇ ਦੀ ਪਹਿਚਾਣ ਹੀ ਇਸ ਨਸ਼ੇ ਤੋਂ ਮੁਕਤ ਕਰ ਸਕਦੀ ਹੈ।

## ਤੁਸੀਂ ਕੌਣ ਹੋ ?

ਤੁਸੀਂ ਜਦੋਂ ਨਵੇਂ-ਨਵੇਂ ਧਿਆਨ ਲਈ ਬੈਠਣ ਲੱਗਦੇ ਹੋ ਤਾਂ ਪੁਰਾਣੀਆ ਆਦਤਾਂ ਮੁੜ-ਮੁੜ ਕੇ ਹਮਲਾ ਬੋਲਣਗੀਆਂ। ਫ਼ਿਕਰ ਨਾ ਕਰਿਓ, ਤਿੰਨ ਤੋਂ ਛੇ ਮਹੀਨੇ ਤੱਕ ਹਮਲੇ ਹੋਣਗੇ । ਤਿੰਨ ਤੋਂ ਛੇ ਮਹੀਨੇ ਤੱਕ ਜੇਕਰ ਤੁਸੀਂ ਹਿੰਮਤ ਰੱਖੀ, ਹਮਲੇ ਬਰਦਾਸ਼ਤ ਕਰ ਗਏ ਅਤੇ ਤੁਸੀਂ ਰੋਜ ਬੈਠਦੇ ਹੀ ਗਏ; ਤੁਸੀਂ ਕਿਹਾ ਕੋਈ ਹਰਜ਼ ਨਹੀਂ, ਕੁਝ ਨਾ ਮਿਲਿਆ ਤਾਂ ਕੋਈ ਹਰਜ਼ ਨਹੀਂ, ਗਵਾਇਆ ਵੀ ਕੀ ? ਜੇ ਨਾ ਵੀ ਕਰਦੇ ਧਿਆਨ ਤਾਂ ਕੀ ਕਰ ਲੈਣਾ ਸੀ, ਨਾ ਕਰ ਕੇ ਵੀ ਕੀ ਪਾ ਲਿਆ ? ਛੇ ਮਹੀਨੇ ਜੇਕਰ ਤੁਸੀਂ ਬਿਨਾਂ ਕਿਸੇ ਆਸ ਤੋਂ ਇਹ ਤੈਅ ਕਰ ਲਿਆ ਕਿ ਇੱਕ ਘੰਟਾ ਬੈਠੋਗੇ ਹੀ ਬੈਠੋਗੇ, ਕੋਈ ਫ਼ਿਕਰ ਨਾ ਕਰੋਗੇ, ਜੋ ਹੋਣਾ ਹੋਵੇ, ਤਾਂ ਤੁਸੀਂ ਇੱਕ ਦਿਨ ਪਾਓਗੇ ਕਿ ਇੱਕ ਨਵੀਂ ਸੁਗੰਧ ਉੱਠਣ ਲੱਗੀ ਹੈ ਤੁਹਾਡੇ ਅੰਦਰੋਂ । ਅਜਿਹੀ ਸੁਗੰਧ ਜਿਸ ਤੋਂ ਤੁਸੀਂ ਪਹਿਲਾਂ ਜਾਣੂ ਨਹੀਂ ਸੀ । ਤੁਹਾਡੇ ਨਾਸਾਪੁਟ ਭਰਨ ਲੱਗੇ ਇੱਕ ਅਪੂਰਵ ਸਵਾਸ ਨਾਲ ।

ਸਾਰੇ ਫੁੱਲ ਫਿੱਕੇ ਜਾਪਣ ਲੱਗ ਗਏ । ਅਤੇ ਤੁਹਾਡੇ ਅੰਦਰ ਇੱਕ ਕਿਰਣ ਜਾਗਣ ਲੱਗੀ, ਜਿਸਦੇ ਅੱਗੇ ਸੂਰਜ ਫਿੱਕੇ ਪੈ ਜਾਂਦੇ ਨੇ । ਅਤੇ ਤੁਹਾਡੇ ਅੰਦਰ ਸ਼ਾਂਤੀ ਦਾ ਆਕਾਸ਼ ਫੈਲਣ ਲੱਗੇਗਾ, ਜਿਸਦੇ ਅੱਗੇ ਇਹ ਬਾਹਰੀ ਆਕਾਸ਼ ਛੋਟਾ ਜਿਹਾ ਵਿਹੜਾ ਜਾਪੇਗਾ । ਅਤੇ ਜਿਸ ਦਿਨ ਇਹ ਅਪੂਰਵ ਕ੍ਰਾਂਤੀ ਤੁਹਾਡੇ ਅੰਦਰ ਉੱਤਰਨੀ ਸ਼ੁਰੂ ਹੋਵੇਗੀ, ਉਸ ਦਿਨ ਪਹਿਲੀ ਵਾਰ ਤੁਹਾਨੂੰ ਪਤਾ ਲੱਗੇਗਾ ਕਿ ਤੁਸੀਂ ਕੌਣ ਹੋ ।

**–ਅਚਾਰੀਆ ਰਜਨੀਸ਼**

**"ਸਾਡਾ ਜੀਵਨ ਉਸ ਦਿਨ ਖਤਮ ਹੋਣ ਲੱਗਦਾ ਹੈ, ਜਿਸ ਦਿਨ ਅਸੀਂ ਮਹੱਤਵਪੂਰਨ ਮਸਲਿਆਂ ਉੱਪਰ ਚੁੱਪੀ ਸਾਧ ਲੈਂਦੇ ਹਾਂ।"**
**–ਮਾਰਟਿਨ ਲੂਥਰ ਕਿੰਗ**

# ਮਹਿਲਾ ਹਾਕੀ ਦੀ ਗੋਲ ਮਸ਼ੀਨ ਪ੍ਰੇਮਾ ਸੈਣੀ



**ਨਵਦੀਪ ਗਿੱਲ ਪੰਜਾਬੀ ਖੇਡ ਸਾਹਿਤ ਦਾ ਉਹ ਨਵਾਂ ਹਸਤਾਖ਼ਰ ਹੈ,ਜਿਸ ਨੇ ਪਿਛਲੇ ਕੁਝ ਸਮੇਂ ਵਿੱਚ ਹੀ ਇਸ ਖੇਤਰ ਵਿੱਚ ਆਪਣੀ ਵਿਲੱਖਣ ਪਛਾਣ ਬਣਾ ਲਈ ਹੈ। "ਪੰਜਾਬ ਟਾਈਮਜ਼'' ਇਸ ਵਾਰੀ ਤੋਂ ਉਸਦਾ ਮਾਣਮੱਤੀਆਂ ਮਹਿਲਾ ਖਿਡਾਰਨਾਂ ਬਾਰੇ ਲੇਖਾਂ ਦਾ ਨਵਾਂ ਕਾਲਮ ਸ਼ੁਰੂ ਕਰ ਰਿਹਾ ਹੈ- "ਜਾਈਆਂ ਖੇਡ ਮੈਦਾਨ ਦੀਆਂ''। ਉਮੀਦ ਹੈ ਕਿ ਪਾਠਕ ਇਸ ਨੂੰ ਰੂਹ ਨਾਲ ਪੜ੍ਹਿਆ ਕਰਨਗੇ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨ ਵਾਲੀਆਂ ਬੱਚੀਆਂ ਦੀ ਜ਼ਿੰਦਗੀ ਅਤੇ ਕਾਮਯਾਬੀਆਂ ਬਾਰੇ ਜਾਣਨਗੇ- ਸੰਪਾਦਕ**



**ਨਵਦੀਪ ਸਿੰਘ ਗਿੱਲ**
(+ 91 97800-36216)

ਭਾਰਤੀ ਮਹਿਲਾ ਹਾਕੀ ਵਿੱਚ ਪੰਜਾਬ ਦੇ ਯੋਗਦਾਨ ਦੀ ਗੱਲ ਕਰੀਏ ਤਾਂ ਫਰੀਦਕੋਟ ਦੀਆਂ ਸੈਣੀ ਭੈਣਾਂ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਹੋਇਆ ਹੈ। ਇਕੋਂ ਸਮੇਂ ਤਿੰਨ ਸੈਣੀ ਭੈਣਾਂ (ਪ੍ਰੇਮਾ, ਰੂਪਾ ਤੇ ਕ੍ਰਿਸ਼ਨਾ) ਭਾਰਤੀ ਹਾਕੀ ਟੀਮ ਦਾ ਸ਼ਿੰਗਾਰ ਰਹੀਆਂ ਹਨ। ਚੌਥੀ ਭੈਣ ਸਵਰਨਾ ਸੈਣੀ ਅਥਲੈਟਿਕਸ ਵਿਚ ਕੌਮੀ ਪੱਧਰ ਦੀ ਅਥਲੀਟ ਰਹੀ ਹੈ। ਬਚਪਨ ਵਿਚ ਰੋਟੀ ਨੂੰ ਵੀ ਮੁਥਾਜ ਦਰਜਾ ਚਾਰ ਕਰਮਚਾਰੀ ਦੇ ਪਰਿਵਾਰ ਦੀਆਂ ਚਾਰੇ ਧੀਆਂ ਆਪਣੀ ਮਿਹਨਤ, ਲਗਨ ਨਾਲ ਕਲਾਸ ਵਨ ਅਫਸਰ ਬਣੀਆਂ। ਰੂਪਾ ਤੇ ਪ੍ਰੇਮਾ ਨੂੰ ਤਾਂ ਭਾਰਤੀ ਹਾਕੀ ਦੀ ਕਪਤਾਨੀ ਕਰਨ ਦਾ ਮਾਣ ਮਿਲਿਆ।ਅੱਜ ਦੇ ਕਾਲਮ ਵਿੱਚ ਪਰਿਵਾਰ ਦੀ ਸਭ ਤੋਂ ਵੱਡੀ ਲੜਕੀ ਪ੍ਰੇਮਾ ਸੈਣੀ ਦੀ ਗੱਲ ਕਰਾਂਗਾ ਜੋ ਕੱਚੀਆਂ ਇੱਟਾਂ ਦੇ ਇਕ ਕਮਰੇ ਦੇ ਘਰ ਤੋਂ ਉਠ ਕੇ ਭਾਰਤੀ ਹਾਕੀ ਦੀ ਕਪਤਾਨੀ ਬਣੀ।ਸੈਂਟਰ ਫਾਰਵਰਡ ਦੀ ਪੁਜ਼ੀਸ਼ਨ ਉੱਪਰ ਖੇਡਦੀ ਪ੍ਰੇਮਾ ਸੈਣੀ ਮਹਿਲਾ ਹਾਕੀ ਟੀਮ ਦੀ ਗੋਲ ਮਸ਼ੀਨ ਸੀ ਜਿਸ ਕਰਕੇ ਉਸ ਨੂੰ 'ਲੇਡੀ ਧਿਆਨ ਚੰਦ' ਵੀ ਆਖਿਆ ਜਾਂਦਾ ਸੀ।

ਪ੍ਰੇਮਾ ਸੈਣੀ ਦਾ ਜਨਮ ਭਾਰਤੀ ਗਣਰਾਜ ਦੀ ਸਥਾਪਨਾ ਦੇ ਅਗਲੇ ਦਿਨ 27 ਜਨਵਰੀ 1950 ਨੂੰ ਫਰੀਦਕੋਟ ਵਿਖੇ ਹੋਇਆ। ਉਸ ਦੇ



ਪਿਤਾ 1942 ਵਿੱਚ ਰਾਜਸਥਾਨ ਤੋਂ ਫਰੀਦਕੋਟ ਆ ਕੇ ਵਸੇ ਸਨ ਜਿੱਥੇ ਉਹ ਸਰਕਾਰੀ ਬ੍ਰਿਜਿੰਦਰਾ ਕਾਲਜ ਵਿਖੇ ਦਰਜਾ ਚਾਰ ਮੁਲਾਜ਼ਮ ਸਨ। ਪ੍ਰੇਮਾ ਚਾਰ ਭੈਣਾਂ-ਇਕ ਭਰਾ ਵਿੱਚੋਂ ਸਭ ਤੋਂ ਵੱਡੀ ਸੀ। ਛੋਟੀ ਹੁੰਦੀ ਉਹ ਕਾਲਜ ਗਰਾਊਂਡ ਚ ਮੁੰਡਿਆਂ ਨੂੰ ਹਾਕੀ ਖੇਡਦਾ ਦੇਖ ਕੇ ਹਾਕੀ ਖੇਡਣੀ ਲੋਚਦੀ। ਰੇਲ ਦੀਆਂ ਲੀਹਾਂ ਉਤੇ ਬੈਠੀ ਉਹ ਹਾਕੀ ਖਿਡਾਰਨ ਬਣਨ ਦੀ ਤਾਂਘ ਰੱਖਦੀ ਸੀ ਜਿਸ ਕਾਰਨ ਉਹ ਮੁੰਡਿਆਂ ਦੇ ਟੁੱਟੀਆਂ ਬੇਕਾਰ ਪਈਆਂ ਹਾਕੀ ਨਾਲ ਖੇਡਣ ਲੱਗ ਜਾਂਦੀ। ਗਿਆਰ੍ਹਵੀਂ ਵਿੱਚ ਪੜ੍ਹਦਿਆਂ ਉਹ ਪੈਪਸੂ ਵੱਲੋਂ ਜੂਨੀਅਰ ਨੈਸ਼ਨਲ ਖੇਡਣ ਗਈ। ਜ਼ਿਲਾ ਪੱਧਰ ਉੱਤੇ ਉਹ ਅਥਲੈਟਿਕਸ ਤੇ ਬੈਡਮਿੰਟਨ ਵੀ ਖੇਡਦੀ ਸੀ।

ਪ੍ਰੇਮਾ ਦਾ ਨਾਂ ਅਖਬਾਰਾਂ ਵਿਚ ਆਉਣ ਲੱਗਿਆ ਤਾਂ ਰੂਪਾ ਨੂੰ ਇਸ ਤੋਂ ਵੱਡੀ ਪ੍ਰੇਰਨਾ ਮਿਲੀ। ਪਿਤਾ ਨੇ ਚਾਰੇ ਧੀਆਂ ਨੂੰ ਦੁੱਧ ਪਿਆਉਣ ਲਈ ਘਰੇ ਗਾਂ ਰੱਖੀ ਹੁੰਦੀ ਸੀ ਅਤੇ ਗਰੀਬੀ ਦੇ ਬਾਵਜੂਦ ਕਦੇ ਵੀ ਉਹ ਦੁੱਧ ਵੇਚਦੇ ਨਹੀਂ ਸਨ। ਜਦੋਂ ਗਾਂ ਦੁੱਧ ਦੇਣਾ ਬੰਦ ਕਰਦੀ ਤਾਂ ਪਰਿਵਾਰ ਨੂੰ ਦੁੱਧ ਤਾਂ ਕੀ ਸਗੋਂ ਲੱਸੀ ਦੇ ਵੀ ਲਾਲੇ ਪੈ ਜਾਂਦੇ। ਸੈਣੀ ਭੈਣਾਂ ਨੂੰ ਬਰਜਿੰਦਰਾ ਕਾਲਜ ਨੇੜਲੇ ਹਰਿੰਦਰਾ ਨਗਰ ਵਿਚ ਸਰਦਾਰਾਂ ਦੇ ਘਰਾਂ ਤੋਂ ਲੱਸੀ ਦਾ ਜੱਗ ਮੰਗਣ ਬਦਲੇ ਉਨ੍ਹਾਂ ਲਈ ਹੈਂਡ ਪੰਪ ਤੋਂ ਪਾਣੀ ਭਰਨਾ ਪੈਂਦਾ। ਫੇਰ ਕਿਤੇ ਜਾ ਕੇ ਲੱਸੀ ਦਾ ਜੱਗ ਮਿਲਣ।

1967 ਵਿੱਚ ਨਵੇਂ ਪੰਜਾਬ ਦੀ ਸਥਾਪਨਾ ਤੋਂ ਬਾਅਦ ਉਹ ਪਹਿਲੀ ਵਾਰ ਪੰਜਾਬ ਵੱਲੋਂ ਖੇਡਣ ਲੱਗੀ ਅਤੇ ਇਸੇ ਸਾਲ ਦਿੱਲੀ ਵਿਖੇ ਹੋਣ ਵਾਲੇ ਭਾਰਤ-ਆਸਟਰੇਲੀਆ ਹਾਕੀ ਮੈਚ ਲਈ ਭਾਰਤੀ ਟੀਮ ਵਿੱਚ ਚੁਣੀ ਗਈ। ਕੌਮੀ ਟੀਮ ਵਿੱਚ ਚੁਣੀ ਜਾਣ ਵਾਲੀ ਉਹ ਇਕਲੌਤੀ ਪੰਜਾਬਣ ਖਿਡਾਰਨ ਸੀ।ਇਹ ਉਹ ਦੌਰ ਸੀ ਜਦੋਂ ਪ੍ਰੇਮਾ ਬਦੌਲਤ ਪੰਜਾਬ ਦੀ ਟੀਮ ਨੈਸ਼ਨਲ ਵਿੱਚ ਚੰਗਾ ਪ੍ਰਦਰਸ਼ਨ ਕਰਨ ਲੱਗੀ ਅਤੇ 1967 ਵਿੱਚ ਮੈਸੂਰ ਵਿਖੇ ਹੋਈ ਨੈਸ਼ਨਲ ਪੰਜਾਬ ਨੇ ਜਿੱਤੀ। 1968 ਵਿੱਚ ਪ੍ਰੇਮਾ ਦੀ ਸ਼ਮੂਲੀਅਤ ਵਾਲੀ ਭਾਰਤੀ ਟੀਮ ਨੇ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਵਿੱਚ ਕਾਂਸੀ ਦਾ ਤਮਗਾ ਜਿੱਤਿਆ।1969 ਵਿੱਚ ਉਹ ਪੰਜਾਬ ਦੀ ਕਪਤਾਨ ਬਣੀ ਅਤੇ 1970 ਵਿੱਚ ਪ੍ਰੇਮਾ ਸੈਣੀ ਨੂੰ ਜਪਾਨ ਦੇ ਐਕਸ ਪੋ ਕੌਮਾਂਤਰੀ ਹਾਕੀ ਟੂਰਨਾਮੈਂਟ ਖੇਡਣ ਗਈ ਭਾਰਤੀ ਟੀਮ ਦਾ ਕਪਤਾਨ ਚੁਣਿਆ ਗਿਆ।ਭਾਰਤ ਦੀ ਕਪਤਾਨ ਬਣਨ ਵਾਲੀ ਉਹ ਪਹਿਲੀ ਪੰਜਾਬਣ ਖਿਡਾਰਨ ਸੀ।ਇਸੇ ਟੀਮ ਵਿੱਚ ਪ੍ਰੇਮਾ ਦੀ ਛੋਟੀ ਭੈਣ ਰੂਪਾ ਵੀ ਸਭ ਤੋਂ ਛੋਟੀ ਉਮਰ ਦੀ ਮੈਂਬਰ ਸੀ। ਭਾਰਤ ਨੇ ਤਿੰਨ ਮੈਚ ਜਿੱਤੇ।

ਸੈਂਟਰ ਫਾਰਵਰਡ ਦੀ ਪੁਜ਼ੀਸ਼ਨ ਉਤੇ ਖੇਡਦਿਆਂ ਪ੍ਰੇਮਾ ਨੇ ਜਪਾਨ ਵਿਖੇ ਭਾਰਤੀ ਟੀਮ ਦੇ 50 ਗੋਲਾਂ ਵਿੱਚ 32 ਗੋਲ ਇਕੱਲਿਆਂ ਕੀਤੇ। ਹਾਂਗਕਾਂਗ ਖਿਲਾਫ਼ ਟੈਸਟ ਲੜੀ ਵਿੱਚ ਭਾਰਤ ਦੇ ਕੁੱਲ 12 ਗੋਲਾਂ ਵਿੱਚ ਇਕੱਲੀ ਪ੍ਰੇਮਾ ਨੇ 9 ਗੋਲ ਕੀਤੇ।ਯੁਗਾਂਡਾ ਟੂਰ ਉੱਪਰ ਵੀ ਕਪਤਾਨੀ ਕੀਤੀ ਅਤੇ ਟਾਪ ਸਕਰੋਰ ਬਣੇ। ਅਖਬਾਰਾਂ ਚ ਪ੍ਰੇਮਾ ਸੈਣੀ ਨੂੰ ਮਹਿਲਾ ਹਾਕੀ ਦੀ ਧਿਆਨ ਚੰਦ ਆਖਿਆ ਜਾਣ ਲੱਗਾ।

1971 ਵਿੱਚ ਉਸ ਨੇ ਭਾਰਤੀ ਟੀਮ ਨਾਲ ਨਿਊਜ਼ੀਲੈਂਡ, ਸਿੰਗਾਪੁਰ ਤੇ ਆਸਟਰੇਲੀਆ ਦਾ ਟੂਰ ਕਰਦਿਆਂ ਮੈਚ ਖੇਡੇ। ਨਿਊਜ਼ੀਲੈਂਡ ਖਿਲਾਫ਼ ਮੈਚ ਦੌਰਾਨ ਉਸ ਦੀ ਰੀੜ੍ਹ ਦੀ ਹੱਡੀ ਦੀ ਸੱਟ ਕਾਰਨ ਉਹ ਅਣਫਿੱਟ ਹੋ ਗਈ। ਆਪਣੇ ਖੇਡ ਕਰੀਅਰ ਦੀ ਸਿਖਰ ਉਤੇ ਉਸ ਨੂੰ ਭਾਰਤੀ ਟੀਮ ਛੱਡਣੀ ਪਈ ਅਤੇ 1972 ਵਿੱਚ ਆਖਰੀ ਨੈਸ਼ਨਲ ਖੇਡਦਿਆਂ ਹਾਕੀ ਖੇਡ ਛੱਡਣੀ ਪਈ। ਉਸ ਤੋਂ ਬਾਅਦ ਉਹ 37 ਵਰ੍ਹਿਆਂ ਦੀ ਉਮਰ ਵਿੱਚ 1987 ਵਿੱਚ ਜਪਾਨ ਖਿਲਾਫ਼ ਵੈਟਰਨ ਮੈਚ ਜ਼ਰੂਰ ਖੇਡੀ ਸੀ ਜੋ ਜਿੱਤੀ ਵੀ ਸੀ।

1979 ਵਿੱਚ ਪੰਜਾਬ ਸਰਕਾਰ ਨੇ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਤ ਕੀਤਾ।ਪ੍ਰੇਮਾ ਤਿੰਨੇ ਯੂਨੀਵਰਸਿਟੀਆਂ ਪੰਜਾਬ ਯੂਨੀਵਰਸਿਟੀ, ਕੁਰੂਕਸ਼ੇਤਰ ਯੂਨੀਵਰਸਿਟੀ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਰਵੋਤਮ ਖਿਡਾਰਨ ਰਹੀ ਅਤੇ ਪੰਜਾਬੀ ਯੂਨੀਵਰਸਿਟੀ ਨੇ ਉਸ ਨੂੰ ਖੇਡ ਪ੍ਰਾਪਤੀਆਂ ਬਦਲੇ ਗੋਲਡ ਮੈਡਲ ਨਾਲ ਸਨਮਾਨਿਆ। ਮਿੰਨੀ ਓਲੰਪਿਕਸ ਵਜੋਂ ਮਸ਼ਹੂਰ ਕਿਲਾ ਰਾਏਪੁਰ ਦੀਆਂ ਖੇਡਾਂ ਵਿੱਚ ਚਾਰੇ ਸੈਣੀ ਭੈਣਾਂ ਨੂੰ ਉਨ੍ਹਾਂ ਦੇ ਪਿਤਾ ਨਾਲ ਸਨਮਾਨਤ ਕੀਤਾ। ਤਿੰਨ ਭੈਣਾਂ ਇਕੋ ਵੇਲੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਵਾਲੀਬਾਲ ਟੀਮ ਦੀਆਂ ਅਹਿਮ ਖਿਡਾਰਨਾਂ ਰਹੀਆਂ, ਜਿਨ੍ਹਾਂ ਨੇ 1972-73 ਵਿਚ ਲਗਾਤਾਰ ਦੋ ਸਾਲ ਅੰਤਰ 'ਵਰਸਿਟੀ ਚੈਂਪੀਅਨਸ਼ਿਪ ਜਿੱਤੀ।

ਪ੍ਰੇਮਾ ਸੈਣੀ ਨੇ ਸਪੋਰਟਸ ਕਾਲਜ ਕੁਰੂਕਸ਼ੇਤਰਾ ਤੋਂ ਗਰੈਜੂਏਸ਼ਨ ਤੇ ਸਿੱਧਵਾਂ ਕਾਲਜ ਤੋਂ ਗਰੈਜੂਏਸ਼ਨ ਤੇ ਪੋਸਟ ਗਰੈਜੂਏਸ਼ਨ ਕੀਤੀ।ਕਾਲਜ ਪੜ੍ਹਦਿਆਂ ਉਹ ਉਨ੍ਹਾਂ ਨਾਟਕ ਤੇ ਭਾਸ਼ਣ ਮੁਕਾਬਲਿਆਂ ਵਿੱਚ ਵੀ ਹਿੱਸਾ ਲੈਂਦੇ ਸਨ। ਸਰਕਾਰੀ ਸਰੀਰਕ ਸਿੱਖਿਆ ਕਾਲਜ ਪਟਿਆਲਾ, ਸਰਕਾਰੀ ਗਰਲਜ਼ ਕਾਲਜ ਲੁਧਿਆਣਾ ਵਿਖੇ ਵੀ ਲੈਕਚਰਾਰ ਵਜੋਂ ਸੇਵਾਵਾਂ ਨਿਭਾਈਆਂ। ਉਹ ਸਰਕਾਰੀ ਕਾਲਜ ਮੁਹਾਲੀ ਤੋਂ ਪ੍ਰਿੰਸੀਪਲ ਰਿਟਾਇਰ ਹੋਏ। ਉਨ੍ਹਾਂ ਦੇ ਪਤੀ ਡਾ ਸੱਜਣ ਸਿੰਘ ਭਾਰਤੀ ਫੌਜ ਵਿੱਚੋਂ ਲੈਫ਼ਟੀਨੈਂਟ ਕਰਨਲ ਸੇਵਾ ਮੁਕਤ ਹੋਏ ਹਨ। ਉਨ੍ਹਾਂ ਦੇ ਦੋ ਬੇਟੇ ਤੇ ਦੋ ਬੇਟੀਆਂ ਹਨ।

# ਹੱਸਦਿਆਂ ਦੇ ਘਰ ਵੱਸਦੇ

ਸਦਾ ਪਾਣੀ ਦੀ ਤਰ੍ਹਾਂ ਵਗਦੇ ਰਹਿਣਾ ਹੀ ਜ਼ਿੰਦਗੀ ਹੈ। ਜ਼ਿੰਦਗੀ ਖੁਸ਼ਬੋਈ ਐ...। ਸੁੱਖ ਦੁੱਖ ਹਰ ਇੱਕ ਦੀ ਜ਼ਿੰਦਗੀ ਵਿੱਚ ਜਰੂਰ ਆਉਂਦੇ ਹਨ। ਸੁੱਖ ਦੁੱਖ ਜ਼ਿੰਦਗੀ ਦਾ ਹਿੱਸਾ ਹਨ। ਦੁੱਖ ਵਿੱਚੋਂ ਨਿਕਲਣਾ ਆਰਟ ਆਫ਼ ਲਾਈਫ ਹੈ। ਜ਼ਿੰਦਗੀ ਪ੍ਰਤੀ ਸਾਡਾ ਨਜ਼ਰੀਆ ਹੀ ਇਸ ਨੂੰ ਮਾਨਣਯੋਗ ਬਣਾਉਂਦਾ ਹੈ। ਚੰਗੇ ਖੂਬਸੂਰਤ, ਸਕਾਰਾਤਮਕ ਵਿਚਾਰ ਸਾਡੇ ਜੀਵਨ ਦਾ ਰਾਹ ਦਸੇਰਾ ਬਣਦੇ ਹਨ। ਖੁਸ਼ ਰਹਿਣਾ ਇੱਕ ਕਲਾ ਹੈ ,ਪਰ ਅੱਜ ਦੇ ਜਮਾਨੇ ਵਿੱਚ ਵਿਰਲੇ ਹੀ ਹਨ ਜੋ ਖੁਸ਼ ਰਹਿ ਪਾਉਂਦੇ ਹਨ ।ਇਹ ਦਾਤ ਵਿਰਲੇ ਹੀ ਲੋਕਾਂ ਦੀ ਕਿਸਮਤ ਵਿੱਚ ਆਉਂਦੀ ਹੈ। ਦੁੱਖਾਂ ਦਾ ਸਾਹਮਣਾ ਨਾ ਕਰਦੇ ਹੋਏ ਬਹੁਤੇ ਲੋਕਾਂ ਨੇ ਜ਼ਿੰਦਗੀ ਨੂੰ ਨਰਕ ਬਣਾ ਲਿਆ ਹੈ। ਅਜਿਹੇ ਲੋਕ ਫਿਰ ਜ਼ਿੰਦਗੀ ਨੂੰ ਆਨੰਦਮਈ ਬਸਰ ਹੀ ਨਹੀਂ ਕਰਦੇ,ਬਸ ਸਿਰਫ ਕੱਟਦੇ ਹੀ ਹਨ। ਹਾਸਾ ਲੋਕਾਂ ਦੇ ਚਿਹਰਿਆਂ ਤੋਂ ਖ਼ਤਮ ਹੁੰਦਾ ਜਾ ਰਿਹਾ ਹੈ। ਇਸ ਦਾ ਬਹੁਤ ਵੱਡਾ ਕਾਰਨ ਹੈ ਪੈਸੇ ਦੀ ਦੌੜ, ਆਪਣੇ ਆਪ ਨੂੰ ਕਿਸੇ ਨਾਲੋਂ ਘੱਟ ਨਾ ਸਮਝਣਾ, ਰਿਸ਼ਤਿਆਂ ਵਿੱਚ ਪਿਆਰ ਨਾ ਹੋਣਾ, ਦੌਲਤ ਸ਼ੁਹਰਤ, ਬੈਂਕਾਂ ਤੋਂ ਕਰਜ਼ਾ ਚੁੱਕ ਲੈਣਾ) ਨੂੰ ਜ਼ਿੰਦਗੀ ਦਾ ਮਕਸਦ ਮੰਨ ਲੈਣਾ। ਸਹਿਣਸ਼ੀਲਤਾ, ਨਿਮਰਤਾ, ਪ੍ਰੀਤ ਪਿਆਰ ਲੋਕਾਂ ਵਿੱਚੋਂ ਖ਼ਤਮ ਹੁੰਦਾ ਜਾ ਰਿਹਾ ਹੈ। ਜਿੰਨਾ ਇਨਸਾਨ ਕੋਲ ਹੈ, ਉਸ ਵਿੱਚ ਉਸਨੂੰ ਸਬਰ ਨਹੀਂ ਹੈ । ਉਸ ਨੂੰ ਇਹ ਹੈ ਕਿ ਮੈਂ ਕਿਸੇ ਤੋਂ ਘੱਟ ਨਾ ਰਹਾ, ਦੌਲਤ, ਪੈਸਾ ਇਕੱਠੀ ਕਰਨ ਤੇ ਲੱਗਾ ਹੋਇਆ। ਜਿਸ ਚੀਜ਼ ਨੇ ਨਾਲ ਨਹੀਂ ਜਾਣਾ ਉਸ ਦੇ ਪਿੱਛੇ ਹੀ ਭੱਜ ਰਿਹਾ ਹੈ। ਅਕਸਰ ਸਿਆਣੇ ਕਹਿੰਦੇ ਵੀ ਹਨ ਕਿ ਤ੍ਰਿਸ਼ਨਾ ਤਾਂ ਕਦੇ ਵੀ ਨਹੀਂ ਖ਼ਤਮ ਹੋਣੀ।



**ਸੰਜੀਵ ਸਿੰਘ ਸੈਣੀ,**
**ਮੋਹਾਲੀ,** 7888966168

ਜਿਸ ਇਨਸਾਨ ਨੂੰ ਧਰਤੀ ਤੇ ਰੱਬ ਨੇ ਨੇਕ ਕਮਾਈ ਕਰਨ ਲਈ ਭੇਜਿਆ ਸੀ, ਅੱਜ ਹੁਣ ਇਨਸਾਨ ਗੁਰਮਤਿ ਤੋਂ ਦੂਰ ਹੁੰਦਾ ਜਾ ਰਿਹਾ ਹੈ ।ਪਰਮਾਤਮਾ ਦਾ ਨਾਮ ਲੈਣ ਲਈ ਵੀ ਉਸ ਕੋਲ ਸਮਾਂ ਨਹੀਂ ਹੈ।

ਹਰ ਰੋਜ਼ ਹੱਸਣ ਵਾਲਾ ਵਿਅਕਤੀ ਆਪਣੇ ਆਪ ਨੂੰ ਖੁਸ਼ਨਸੀਬ ਲੋਕਾਂ ਵਿੱਚ ਸ਼ੁਮਾਰ ਕਰ ਲੈਂਦਾ ਹੈ। ਹਸਮੁੱਖ ਵਿਅਕਤੀ ਵੱਡੇ ਤੋਂ ਵੱਡੀ ਮੁਸੀਬਤ ਦਾ ਡੱਟ ਕੇ ਸਾਹਮਣਾ ਕਰਦਾ ਹੈ ,ਕਿਉਂਕਿ ਉਸ ਕੋਲ ਨਿਮਰਤਾ ,ਪ੍ਰੀਤ ,ਪਿਆਰ,ਸਬਰ, ਸਹਿਣਸ਼ੀਲਤਾ ਹੈ। ਅਜਿਹੇ ਇਨਸਾਨ ਵਰਤਮਾਨ ਵਿੱਚ ਜਿਉਂਦਾ ਹੈ।ਮਾੜੇ ਸਮੇਂ ਵਿੱਚ ਕਿਸ ਤਰ੍ਹਾਂ ਨਿਕਲਣਾ ਹੈ ਉਸ ਕੋਲ ਠਰਮਾ ਹੁੰਦਾ ਹੈ। ਉਸ ਨੂੰ ਪਤਾ ਹੁੰਦਾ ਹੈ। ਸਕਾਰਾਤਮਕ ਸੋਚ ਦਾ ਧਾਰਨੀ ਹੁੰਦਾ ਹੈ। ਹੁਣ ਜੋ ਨਕਰਾਤਮਕ ਵਿਚਾਰਾਂ ਵਾਲਾ ਹੈ ਉਹ ਛੋਟੀ ਤੋਂ ਛੋਟੀ ਮੁਸੀਬਤ ਨੂੰ ਵੀ ਹੱਲ ਨਹੀਂ ਕਰ ਸਕਦਾ ,ਕਿਉਂਕਿ ਨਾਂਹ-ਪੱਖੀ ਵਿਚਾਰ ਉਸਦੇ ਅੰਦਰ ਘਰ ਕਰ ਜਾਂਦੇ ਹਨ। ਚਾਹੇ ਜਿੱਥੇ ਮਰਜ਼ੀ ਖੁਸ਼ੀ ਭਰੇ ਮਾਹੌਲ ਵਿੱਚ ਉਸਨੂੰ ਲੈ ਕੇ ਚਲੇ ਜਾਓ, ਉਸ ਦੇ ਚਿਹਰੇ ਤੇ ਜੋ ਅੰਦਰੋਂ ਖੁਸ਼ੀ ਹੁੰਦੀ ਹੈ ਉਹ ਬਿਲਕੁਲ ਵੀ ਨਹੀਂ ਆਉਣੀ ।ਹਮੇਸ਼ਾ ਉਹ ਚਿੰਤਾ ਵਿੱਚ ਡੁੱਬਿਆ ਰਹਿੰਦਾ ਹੈ। ਚਿੰਤਾ ਵਿੱਚ ਰਹਿਣ ਕਾਰਨ ਉਸ ਦੀ ਸਿਹਤ ਵੀ ਖਰਾਬ ਹੋ ਜਾਂਦੀ ਹੈ ।ਅਕਸਰ ਚਿੰਤਾ ਕਰਨ ਵਾਲਾ ਇਨਸਾਨ ਬਿਮਾਰੀਆਂ ਦੀ ਲਪੇਟ ਵਿੱਚ ਆ ਜਾਂਦਾ ਹੈ। ਕੋਈ ਨਾ ਕੋਈ ਬਿਮਾਰੀ ਉਸ ਨੂੰ ਹਮੇਸ਼ਾ ਹੀ ਚਿਬੜੀ ਰਹਿੰਦੀ ਹੈ।

ਕਿਸੇ ਨੇ ਸਹੀ ਕਿਹਾ ਹੈ "ਹੱਸਦਿਆਂ ਦੇ ਘਰ ਵੱਸਦੇ'' ਇਸ ਲਈ ਜਰੂਰੀ ਹੈ ਹਮੇਸ਼ਾ ਖਿੜ ਖਿੜਾ ਕੇ ਹੱਸੀਏ, ਆਨੰਦ ਮੰਗਲ ਜੀਵਨ ਜਿਉਣ ਦੀ ਕੋਸ਼ਿਸ਼ ਕਰੀਏ। ਜ਼ਿੰਦਗੀ ਦੇ ਹਰ ਪਲ ਦਾ ਆਨੰਦ ਮਾਣੀਏ ,ਇਹ ਸੋਚ ਕੇ ਚੱਲੀਏ ਕਿ ਅੱਜ ਮੇਰਾ ਆਖਰੀ ਦਿਨ ਹੈ ਇਸ ਨੂੰ ਖੁਸ਼ੀ ਖੁਸ਼ੀ ਬਤੀਤ ਕਰੀਏ। ਜ਼ਿੰਦਗੀ ਤਾਂ ਵੈਸੇ ਹੀ ਛੋਟੀ ਹੈ ਪਤਾ ਹੀ ਨਹੀਂ ਲੱਗਦਾ ਕਦੋਂ ਇਨਸਾਨ ਇਥੋਂ ਰੁਖ਼ਸਤ ਕਰ ਜਾਂਦਾ ਹੈ। ਛੋਟੀ ਛੋਟੀ ਉਮਰ ਦੇ ਲੋਕ ਅੱਜ ਇਸ ਸੰਸਾਰ ਤੋਂ ਜਾ ਰਹੇ ਹਨ। ਸਵੇਰੇ ਉੱਠਦੇ ਸਾਰ ਹੀ ਪਰਮਾਤਮਾ ਦਾ ਸ਼ੁਕਰਗੁਜ਼ਾਰ ਕਰੋ, ਕਿ ਉਸਨੇ ਤੁਹਾਨੂੰ ਅੱਜ ਇੱਕ ਹੋਰ ਦਿਨ ਦਿੱਤਾ ਹੈ। ਨਵਾਂ



ਮੌਕਾ ਮਿਲਿਆ ਹੈ। ਉਸ ਦਿਨ ਦਾ ਪੂਰਾ ਲਾਹਾ ਲਵੋ ,ਉਸ ਦਿਨ ਨੂੰ ਖੁਸ਼ੀ ਖੁਸ਼ੀ ਬਸਰ ਕਰੋ। ਮੱਥੇ ਤੇ ਬਿਲਕੁਲ ਵੀ ਤਿਊੜੀ ਨਾ ਲੈ ਕੇ ਆਓ। ਜਿਸ ਦਾ ਚਿਹਰਾ ਉਦਾਸੀ ਭਰਿਆ ਹੁੰਦਾ ਹੈ, ਉਸ ਕੋਲ ਤਾਂ ਕੋਈ ਖੜਦਾ ਵੀ ਨਹੀਂ ਹੈ। ਸਾਡੇ ਆਲੇ ਦੁਆਲੇ ਕਿਸ ਤਰ੍ਹਾਂ ਦਾ ਮਾਹੌਲ ਹੈ ਇਹ ਸਾਡੇ ਹੱਸਣ ਤੇ ਨਿਰਭਰ ਕਰਦਾ ਹੈ। ਹੱਸਣ ਨਾਲ ਸਰੀਰ ਦੀਆਂ ਅਨੇਕਾਂ ਬਿਮਾਰੀਆਂ ਠੀਕ ਹੋ ਜਾਂਦੀਆਂ ਹਨ ।ਮਾਹਿਰਾਂ ਦਾ ਮੰਨਣਾ ਹੈ ਕਿ ਫੇਫੜਿਆਂ ਦੀ ਕਸਰਤ ਹੋ ਜਾਂਦੀ ਹੈ। ਖੁੱਲ ਕੇ ਹੱਸਣ ਨਾਲ ਸਾਡੇ ਸਰੀਰ ਵਿੱਚ ਊਰਜਾ ਪੈਦਾ ਹੁੰਦੀ ਹੈ ।ਕਈ ਰੋਗ ਠੀਕ ਹੁੰਦੇ ਹਨ। ਹਾਰਮੋਨਜ਼, ਬੀਪੀ, ਦਿਲ ਦੇ ਦੌਰੇ ਦਾ ਖਤਰਾ ਵੀ ਘੱਟ ਜਾਂਦਾ ਹੈ। ਇੱਕ ਖੋਜ ਅਨੁਸਾਰ ਹੱਸਣ ਨਾਲ ਮਾਨਸਿਕ ਤੌਰ ਤੇ ਸਾਨੂੰ ਸੰਤੁਸ਼ਟੀ ਮਿਲਦੀ ਹੈ।

ਅਕਸਰ ਜੋ ਪੁਰਾਣੇ ਬਜ਼ੁਰਗ ਹੁੰਦੇ ਸਨ, ਉਹ ਜਦੋਂ ਇਕੱਠੇ ਬੈਠੇ ਹੁੰਦੇ ਸਨ, ਉਹ ਬਹੁਤ ਖੁੱਲ ਕੇ ਹੱਸਦੇ ਸਨ। ਉਹਨਾਂ ਦੇ ਚਿਹਰੇ ਤੇ ਬਹੁਤ ਰੌਣਕ ਹੁੰਦੀ ਸੀ। ਅਜੋਕਾ ਇਨਸਾਨ ਚਾਹੁੰਦਾ ਹੈ ਕਿ ਉਹ ਖੁਸ਼ ਰਹੇ, ਪਰ ਜੋ ਅੱਜ ਕੱਲ ਦੇ ਹਾਲਾਤ ਹਨ ਇਨਸਾਨ ਨੂੰ ਖੁਸ਼ ਰਹਿਣ ਨਹੀਂ ਦਿੰਦੇ। ਕਿਸੇ ਦੀ ਘਰੇਲੂ ਸਮੱਸਿਆ ਹੈ ਜਾਂ ਕਿਸੇ ਨੂੰ ਕੋਈ ਆਰਥਿਕ ਸਮੱਸਿਆ ਹੈ। ਇਹ ਹੁਣ ਇਨਸਾਨ ਤੇ ਨਿਰਭਰ ਕਰਦਾ ਕਿ ਉਸਨੇ ਕਿਸ ਤਰ੍ਹਾਂ ਰਹਿਣਾ ਹੈ ,ਸਾਰਾ ਦਿਨ ਉਦਾਸੀ ਭਰਿਆ ਮਨ ਇਨਸਾਨ ਨੂੰ ਖੁਸ਼ ਨਹੀਂ ਰਹਿਣ ਦਿੰਦਾ। ਅੱਜ ਦੇ ਜਮਾਨੇ ਵਿੱਚ ਹਰ ਇਨਸਾਨ ਕਿਸੇ ਨੇ ਕਿਸੇ ਸਮੱਸਿਆ ਨਾਲ ਘਿਰਿਆ ਹੋਇਆ ਹੈ। ਸਮੱਸਿਆਵਾਂ ਨੇ ਤਾਂ ਚਲਦੇ ਰਹਿਣਾ ਹੈ, ਪਰ ਇਹਨਾਂ ਵਿੱਚੋਂ ਕਿਸ ਤਰ੍ਹਾਂ ਨਿਕਲਣਾ ਹੈ ਇਹ ਇਨਸਾਨ ਦੇ ਉੱਪਰ ਨਿਰਭਰ ਕਰਦਾ ਹੈ। ਜਿੱਥੇ ਤੁਹਾਨੂੰ ਲੱਗਦਾ ਉੱਥੇ ਆਪਣਾ ਮਨ ਹੌਲਾ ਕਰ ਲਓ। ਸਿਆਣੇ ਕਹਿੰਦੇ ਵੀ ਹਨ ਕਿ "ਖੁਸ਼ੀ ਵੰਡਣ ਨਾਲ ਵੱਧਦੀ ਹੈ, ਤੇ ਦੁੱਖ ਵੰਡਣ ਨਾਲ ਘੱਟਦਾ ਹੈ। ਧਾਰਮਿਕ ਥਾਂ ਤੇ ਜਾਓ ਜਿੱਥੇ ਤੁਹਾਨੂੰ ਸਕੂਨ ਮਿਲਦਾ, ਉੱਥੇ ਬਹੁਤ ਸਮਾਂ ਗੁਜ਼ਾਰ ਕੇ ਆਓ ਜੇ ਤੁਹਾਨੂੰ ਕੋਈ ਸਮੱਸਿਆ ਹੈ। ਪਾਰਕ ਵਿੱਚ ਚਲੇ ਜਾਓ।

ਖੁਸ਼ ਰਹਿਣ ਲਈ ਹਮੇਸ਼ਾ ਕੋਈ ਨਾ ਕੋਈ ਯਤਨ ਜਰੂਰ ਕਰੋ। ਜਿੱਥੇ ਤੁਹਾਨੂੰ ਖੁਸ਼ੀ ਮਿਲਦੀ ਹੈ ਉਸ ਥਾਂ ਤੇ ਜਾਓ। ਆਪਣੇ ਆਲੇ ਦੁਆਲੇ ਅਜਿਹਾ ਮਾਹੌਲ ਸਿਰਜੋ ਜਿਸ ਕਾਰਨ ਤੁਹਾਨੂੰ ਖੁਸ਼ੀ ਮਿਲੇ। ਜਰੂਰੀ ਨਹੀਂ ਕਿ ਵੱਡੀਆਂ ਚੀਜ਼ਾਂ ਤੋਂ ਤੁਹਾਨੂੰ ਖੁਸ਼ੀ ਮਿਲੇ ,ਛੋਟੀਆਂ ਛੋਟੀਆਂ ਚੀਜ਼ਾਂ ਵੀ ਤੁਹਾਨੂੰ ਕਈ ਵਾਰ ਬਹੁਤ ਸਕੂਨ ਦਿੰਦੀਆਂ ਹਨ। ਵੱਡੀਆਂ ਕਾਰਾਂ, ਕੋਠੀਆਂ ,ਜ਼ਿਆਦਾ ਪੈਸਾ ਕਦੇ ਵੀ ਸੁੱਖ ਨਹੀਂ ਦੇ ਸਕਦਾ।ਅਕਸਰ ਕਿਹਾ ਜਾਂਦਾ ਹੈ ਕਿ ਆਮ ਗੱਲ ਵੀ ਹੁੰਦੀ ਹੈ ਘਰਾਂ ਵਿੱਚ !ਕਿ ਅਸੀਂ ਉਸ ਥਾਂ ਤੇ ਜਾਣਾ ਹੈ ,ਪਰ ਸਾਡੇ ਕੋਲ ਪੈਸੇ ਨਹੀਂ ਹਨ ਜਦੋਂ ਪੈਸੇ ਹੋਣਗੇ ,ਫਿਰ ਜਾਵਾਂਗੇ। ਇਹ ਧਾਰਨਾ ਬਿਲਕੁਲ ਵੀ ਨਾ ਬਣਾਓ। ਇਹ ਸੋਚ ਕੇ ਜ਼ਿੰਦਗੀ ਨੂੰ ਬਸਰ ਕਰੋ ਕਿ ਅੱਜ ਮੇਰਾ ਆਖਰੀ ਦਿਨ ਹੈ ,ਜਿੰਨਾ ਹੋ ਸਕੇ ਉਸ ਦਿਨ ਦਾ ਆਨੰਦ ਲਓ । ਖੂਬ ਮਿਹਨਤ ਕਰੋ ,ਖੂਬ ਪੈਸਾ ਕਮਾਓ। ਪਰ ਇਹ ਨਹੀਂ ਕਿ ਤੁਸੀਂ ਆਪਣੇ ਚਿਹਰੇ ਤੇ ਉਦਾਸੀ ਭਰਿਆ ਮਾਹੌਲ ਰੱਖੋ। ਪੈਸਾ ਦੇਖੋ! ਗੁਜ਼ਾਰਨ ਲਈ ਹੋਣਾ ਚਾਹੀਦਾ ਹੈ, ਇੰਨਾ ਵੀ ਇਸਦੇ ਪਿੱਛੇ ਨਾ ਭੱਜੋ, ਕਿ ਤੁਸੀਂ ਆਪਣੀ ਜ਼ਿੰਦਗੀ ਨੂੰ ਨਰਕ ਬਣਾ ਲਵੋ। ਪੈਸੇ ਬਿਨਾਂ ਕੋਈ ਪੁੱਛਦਾ ਵੀ ਨਹੀਂ ਹੈ, ਇਹ ਵੀ ਗੱਲ ਹੈ।

ਸਵੇਰੇ ਦੇਖਦੇ ਹਾਂ ਕਿ ਜਦੋਂ ਅਸੀਂ ਸੈਰ ਕਰਨ ਜਾਂਦੇ ਹਾਂ ਤਾਂ ਪਾਰਕਾਂ ਵਿੱਚ ਲੋਕ ਵਰਜਿਸ਼ ਕਰਦੇ ਹਨ। ਯੋਗਾ ਕਰਦੇ ਹਨ। ਉੱਥੇ ਹੱਸਦੇ ਹਨ। ਡਾਕਟਰਾਂ ਦਾ ਵੀ ਮੰਨਣਾ ਹੈ ਕਿ ਹੱਸਣ ਨਾਲ ਬਹੁਤ ਬੀਮਾਰੀਆਂ ਤੋਂ ਨਿਜਾਤ ਮਿਲਦੀ ਹੈ। ਹੱਸਣਾ ਸਰੀਰ ਲਈ ਲਾਭਦਾਇਕ ਹੈ। ਇਹ ਇੱਕ ਤਰ੍ਹਾਂ ਨਾਲ ਦਵਾਈ ਹੈ। 2005 ਤੋਂ ਮਈ ਦੇ ਪਹਿਲੇ ਐਤਵਾਰ ਨੂੰ "ਵਿਸ਼ਵ ਹਾਸਾ ਦਿਵਸ'' ਮਨਾਇਆ ਜਾਂਦਾ ਹੈ। ਇਹ ਬੁੱਧੀਜੀਵੀਆਂ ਵੱਲੋਂ ਇੱਕ ਖਾਸ ਦਿਨ ਪੂਰੇ ਵਿਸ਼ਵ ਲਈ ਚੁਣਿਆ ਗਿਆ ਸੀ। ਅਕਸਰ ਟੈਲੀਵਿਜ਼ਨ ਤੇ ਚੁਟਕਲਿਆਂ, ਕਾਮੇਡੀ ਦੇ ਬਹੁਤ ਪ੍ਰੋਗਰਾਮ ਆਉਂਦੇ ਹਨ, ਉਹ ਵੀ ਸਾਡੇ ਲਈ ਹਸਾਉਣ ਦਾ ਕੰਮ ਕਰਦੇ ਹਨ। ਹੱਸਣਾ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਹੋਣਾ ਚਾਹੀਦਾ ਹੈ। ਸਾਡਾ ਹਾਸਾ ਕਦੇ ਵੀ ਕਿਸੇ ਦੇ ਦਿਲ ਨੂੰ ਠੇਸ ਨਾ ਪਹੁੰਚਾਏ, ਇਹ ਵੀ ਧਿਆਨ ਰੱਖਣਾ ਚਾਹੀਦਾ ਹੈ। ਹਮੇਸ਼ਾ ਖੁਸ਼ ਰਹਿਣਾ ਚਾਹੀਦਾ ਹੈ ,ਪਿਆਰ, ਨਿਮਰਤਾ ਨਾਲ ਜ਼ਿੰਦਗੀ ਬਸਰ ਕਰਨੀ ਚਾਹੀਦੀ ਹੈ। ਹਰ ਪਲ ਦਾ ਆਨੰਦ ਮਾਣਨਾ ਚਾਹੀਦਾ ਹੈ।

# ਭਾਰਤ ਦੀ ਸੁਰਿੰਦਰ ਕੌਰ ਤੇ ਪਾਕਿਸਤਾਨੀ ਰੇਸ਼ਮਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੈਂ ਇਸ ਕਾਲਮ ਵਿਚ ਲਾਹੌਰ ਦੀ ਜੰਮਪਲ ਸੁਰਿੰਦਰ ਕੌਰ ਬਾਰੇ ਲਿਖਦਿਆਂ ਮੰਗ ਪਾਈ ਸੀ ਕਿ ਜੇ ਕੋਈ ਲਾਹੌਰ ਦਾ ਜੰਮਿਆ ਹਾਲੀ ਵੀ ਜੀਵਤ ਹੈ ਤਾਂ ਮੈਂ ਉਹਦੇ ਬਾਰੇ ਜਾਨਣਾ ਚਾਹਾਂਗਾ। ਜਿਹੜੇ ਦੋ ਪਾਠਕਾਂ ਨੇ ਸੰਪਰਕ ਕੀਤਾ ਉਨ੍ਹਾਂ ਵਿਚੋਂ ਲਾਹੌਰ ਦਾ ਜੰਮਿਆਂ ਤਾਂ ਕੋਈ ਨਹੀਂ ਪਰ ਉਨ੍ਹਾਂ ਮੇਰੀ ਮੰਗ ਦਾ ਮਾਣ ਰਖਦਿਆਂ ਕੁਝ ਨਵੀਆਂ ਗੱਲਾਂ ਉਤੇ ਚਾਨਣਾ ਪਾਇਆ ਹੈ। ਪਹਿਲ ਕਰਨ ਵਾਲਾ ਮੇਰਾ ਮਿੱਤਰ ਡਾ. ਸਰਬਜੀਤ ਸਿੰਘ ਛੀਨਾ ਹੈ ਜਿਸਦੇ ਘਰ ਸੁਰਿੰਦਰ ਕੌਰ ਠਹਿਰਦੀ ਰਹੀ ਹੈ। ਪਹਿਲੀ ਵਾਰ ਦਾ ਸਬੱਬ ਇਹ ਬਣਿਆ ਕਿ ਬਟਾਲਾ ਨਿਵਾਸੀ ਫੋਟੋਗ੍ਰਾਫਰ ਹਰਭਜਨ ਸਿੰਘ ਬਾਜਵਾ ਨੇ ਆਪਣੇ ਸ਼ਹਿਰ ਵਿਚ ਸੁਰਿੰਦਰ ਕੌਰ ਦਾ 70ਵਾਂ ਜਨਮ ਦਿਨ ਮਨਾਉਣਾ ਸੀ ਤਾਂ ਅੰਮ੍ਰਿਤਸਰ ਤੋਂ ਡਾ. ਛੀਨਾ ਨੂੰ ਵੀ ਨਾਲ ਲੈ ਗਿਆ। ਏਸ ਲਈ ਕਿ ਪਰੋਗ੍ਰਾਮ ਤੋਂ ਪਿੱਛੋਂ ਛੀਨਾ ਸੁਰਿੰਦਰ ਕੌਰ ਨੂੰ ਸਾਥ ਵੀ ਦੇ ਸਕਦਾ ਸੀ ਤੇ ਅਗਲੇ ਦਿਨ ਤੜਕਸਾਰ ਸ਼ਤਾਬਦੀ ਐਕਸਪ੍ਰੈੱਸ ਵਿਚ ਬਿਠਾ ਵੀ ਸਕਦਾ ਸੀ। ਉਹ ਦੋਵੇਂ ਰਾਤ ਦੇ ਢਾਈ ਵਜੇ ਛੀਨਾ ਦੇ ਘਰ ਪਰਤੇ ਤਾਂ ਛੀਨਾ ਪਰਿਵਾਰ ਨੇ ਆਪਣੇ ਮਨਪਸੰਦ ਗਾਇਕਾਂ ਦੀਆਂ ਉਹ ਲੋੜਾਂ ਪੂਰੀਆਂ ਕੀਤੀਆਂ ਜਿਸ ਨਾਲ ਦੋਵਾਂ ਪਰਿਵਾਰਾਂ ਦੀ ਪੱਕੀ ਸਾਂਝ ਬਣ ਗਈ। ਏਨੀ ਜ਼ਿਆਦਾ ਕਿ ਉਹ ਜਦੋਂ ਵੀ ਅੰਮ੍ਰਿਤਸਰ ਆਉਂਦੀ ਛੀਨਾ ਪਰਿਵਾਰ ਕੋਲ ਹੀ ਰਹਿੰਦੀ। ਇੱਕ ਫੇਰੀ ਤੋਂ ਬਿਨਾ ਜਦੋਂ ਗੁਰੂ ਨਾਨਕ ਦੇਵ ਯੂਨੀਵਰਸਟੀ ਨੇ ਉਸਨੂੰ ਡਾਕਟਰੇਟ ਦੀ ਡਿਗਰੀ ਪ੍ਰਦਾਨ ਕਰਨੀ ਸੀ ਤੇ ਉਹਦੇ ਰਹਿਣ ਦਾ ਖਾਸ ਪ੍ਰਬੰਧ ਕੀਤਾ ਹੋਇਆ ਸੀ।

ਦੂਜਾ ਪ੍ਰਤੀਕਰਮ ਵੀ ਅਜਿਹੇ ਵਿਅਕਤੀ ਦਾ ਹੈ ਜਿਹੜਾ ਗਾਇਕੀ ਦਾ ਪ੍ਰੇਮੀ ਹੈ। ਉਸਨੇ ਜਿਹੜੀ ਗਾਇਕਾ ਦੀ ਬਾਤ ਪਾਈ ਹੈ ਉਹ ਪਾਕਿਸਤਾਨ ਦੀ ਰੇਸ਼ਮਾ ਹੈ। ਕਹਿਣ ਨੂੰ ਉਹ ਵੀ ਪੰਜਾਬਣ ਹੈ ਪਰ ਉਸਦਾ ਪੰਜਾਬ ਹੁਣ ਪਾਕਿਸਤਾਨ ਵਿਚ ਹੈ। ਇਹ ਵਿਅਕਤੀ ਕੁਲਦੀਪ ਸਿੰਘ ਸਾਹਿਲ ਹੈ। ਰਾਜਪੁਰਾ ਦਾ ਰਹਿਣ ਵਾਲਾ ਤੇ ਰੇਸ਼ਮਾ ਦਾ ਮੱਦਾਰ।

ਰੇਸ਼ਮਾ ਦਾ ਨਾਂ ਭਾਰਤ ਅਤੇ ਪਾਕਿਸਤਾਨ ਦੇ ਚੋਟੀ ਦੇ ਗਾਇਕਾਂ ਦੀ ਪਹਿਲੀ ਕਤਾਰ ਵਿਚ ਆਉਂਦਾ ਹੈ ਟੱਪਰੀਵਾਸ ਕਬੀਲੇ ਵਿਚ ਪੈਦਾ ਹੋਈ ਪਾਕਿਸਤਾਨ ਦੀ ਇਸ ਗਾਇਕਾ ਨੂੰ ਆਪਣੇ ਜਨਮ ਬਾਰੇ ਸਿਰਫ਼ ਇੰਨਾ ਹੀ ਪਤਾ ਸੀ ਕਿ 1947 ਦੇ ਹੱਲਿਆਂ ਤੋਂ ਦੋ ਵਰ੍ਹੇ ਪਹਿਲਾਂ ਭਾਵ 1945 ਵਿਚ ਪਿਸ਼ਾਵਰ ਦੇ ਕਿਸੇ ਕੈਂਪ ਵਿਚ ਪਿੱਪਲ ਦੇ ਰੁੱਖ ਹੇਠ ਹੋਇਆ ਸੀ। ਫਿਰ ਇਨ੍ਹਾਂ ਦੇ ਕਬੀਲੇ ਨੇ ਬੀਕਾਨੇਰ ਵਿਚ ਆ ਡੇਰਾ ਲਾਇਆ ਜਿੱਥੇ ਤਹਿਸੀਲ ਰਤਨਗੜ੍ਹ ਦੇ ਉਹ ਪੁਰਾਣੇ ਵਸਨੀਕ ਸਨ।

ਉਸ ਦਾ ਪਿਤਾ ਹਾਜੀ ਮੁਹੰਮਦ ਮੁਸਤਾਕ ਵਣਜਾਰਾ ਸੀ ਜੋ ਊਠਾਂ ਦੇ ਕਾਫ਼ਲੇ ਨਾਲ ਜਾਂਦਾ ਸੀ ਅਤੇ ਪੱਛਮ ਦੇ ਇਲਾਕੇ ਵੱਲੋਂ ਊਠ, ਘੋੜੇ, ਗਾਵਾਂ ਤੇ ਮੱਝਾਂ ਲੈ ਕੇ ਰਾਜਸਥਾਨ ਪਰਤ ਜਾਂਦਾ ਸੀ। ਰੇਸ਼ਮਾ ਅਜੇ ਬਹੁਤ ਛੋਟੀ ਸੀ ਕਿ ਮੁਲਕ ਨੂੰ ਵੰਡ ਦਾ ਸੰਤਾਪ ਹੰਢਾਉਣਾ ਪਿਆ। ਉਸ ਨੂੰ ਵੀ ਪਾਕਿਸਤਾਨ ਜਾਣਾ ਪਿਆ ਅਤੇ ਵਣਜਾਰਿਆਂ ਦੇ ਇਸ ਕਾਫ਼ਲੇ ਨੇ ਸਿੰਧ ਦੀ ਰਾਜਧਾਨੀ ਕਰਾਚੀ (ਪਾਕਿਸਤਾਨ) ਨੂੰ ਆਪਣੇ ਰਹਿਣ-ਬਸੇਰੇ ਵਜੋਂ ਚੁਣ ਲਿਆ।

ਰੇਸ਼ਮਾ ਨੇ ਕਦੇ ਕਿਸੇ ਉਸਤਾਦ ਕੋਲੋਂ ਗਾਇਕੀ ਦੀ ਤਾਲੀਮ ਹਾਸਲ ਨਹੀਂ ਸੀ ਕੀਤੀ ਅਤੇ ਨਾ ਹੀ ਕਿਸੇ ਘਰਾਣੇ


ਸੁਰਿੰਦਰ ਕੌਰ


ਰੇਸ਼ਮਾ

ਵਿਚ ਜਨਮ ਲਿਆ ਸੀ। ਬਸ ਗਾਇਕੀ ਉਸ ਦੀ ਰੂਹ ਵਿਚ ਵੱਸੀ ਹੋਈ ਸੀ। ਅਜੇ ਉਹ ਮਸਾਂ ਦਸ ਸਾਲ ਦੀ ਸੀ ਜਦੋਂ ਰੇਡੀਓ ਅਤੇ ਟੈਲੀਵਿਜ਼ਨ ਨਿਰਮਾਤਾ ਸਲੀਮ ਗਿਲਾਨੀ ਨੇ ਇੱਕ ਸ਼ਰਧਾਲੂ ਵਜੋਂ ਉਸ ਨੂੰ ਪਿੰਡ ਸੇਵਨ ਵਿਚ ਸ਼ਾਹਬਾਜ਼ ਕਲੰਦਰ ਦੀ ਦਰਗਾਹ 'ਤੇ ਲੱਗੇ ਮੇਲੇ ਵਿਚ 'ਦਮਾ ਦਮ ਮਸਤ ਕਲੰਦਰ' ਕੱਵਾਲੀ ਗਾਉਂਦਿਆਂ ਸੁਣਿਆ। ਗਿਲਾਨੀ ਨੇ ਬਾਲੜੀ ਦੀ ਕਲਾ ਪਛਾਣੀ, ਉਸ ਦੀ ਤਾਰੀਫ਼ ਕੀਤੀ ਅਤੇ ਉਸ ਨੂੰ ਆਪਣਾ ਪਤਾ ਲਿਖ ਕੇ ਦਿੰਦਿਆਂ ਕਰਾਚੀ ਰੇਡੀਓ ਸਟੇਸ਼ਨ ਆਉਣ ਦਾ ਸੱਦਾ ਦੇ ਕੇ ਚਲਾ ਗਿਆ। ਪਰਚੀ ਲੈ ਕੇ ਰੇਡੀਓ ਸਟੇਸ਼ਨ ਪਹੁੰਚ ਗਈ। ਤਾਂ ਉਸ ਦੀ ਆਵਾਜ਼ ਵਿਚ ਰੇਡੀਓ ਲਈ ਪਹਿਲਾਂ ਗੀਤ ਰਿਕਾਰਡ ਕੀਤਾ ਗਿਆ :

ਹੋ ਲਾਲ ਮੇਰੀ ਪਤ ਰੱਖਿਓ
ਭਲਾ ਝੂਲੇ ਲਾਲਨ
ਸਿੰਧੜੀ ਦਾ, ਸੇਵਨ ਦਾ
ਸਖੀ ਸ਼ਾਹਬਾਜ਼ ਕਲੰਦਰ
ਦਮਾ ਦਮ ਮਸਤ ਕਲੰਦਰ
ਅਲੀ ਦਮ ਦਮ ਦੇ ਅੰਦਰ
ਅਲੀ ਦਾ ਪਹਿਲਾ ਨੰਬਰ।

ਇਹ ਗੀਤ ਰਿਕਾਰਡ ਕਰਵਾ ਕੇ ਉਹ ਫਿਰ ਆਪਣੇ ਕਾਫ਼ਲੇ ਨਾਲ ਚਲੀ ਗਈ। ਰੇਡੀਓ ਡਾਇਰੈਕਟਰ ਸਮੇਤ ਉਸ ਦੇ ਸਰੋਤੇ ਵੀ ਉਸ ਬਾਰੇ ਕੁਝ ਨਹੀਂ ਸਨ ਜਾਣਦੇ ਕਿ ਉਹ ਕਿੱਥੇ ਰਹਿ ਰਹੀ ਹੈ। ਗਿਲਾਨੀ ਨੇ ਵੱਖ-ਵੱਖ ਅਖ਼ਬਾਰਾਂ/ਰਸਾਲਿਆਂ ਵਿਚ ਉਸ ਦੀ ਫੋਟੋ ਵਾਲਾ ਇਸ਼ਤਿਹਾਰ ਛਪਵਾਇਆ ਤਾਂ ਕਿ ਉਸ ਨੂੰ ਮੁੜ ਰੇਡੀਓ 'ਤੇ ਪੇਸ਼ ਕੀਤਾ ਜਾ ਸਕੇ। ਰੇਸ਼ਮਾ ਨੇ ਕਾਫ਼ੀ ਸਮੇਂ ਬਾਅਦ ਮੁਲਤਾਨ ਵਿਖੇ ਕਿਸੇ ਪਤਰਕਾ ਵਿਚ ਆਪਣੀ ਫੋਟੋ ਤੱਕੀ ਤਾਂ ਡਰ ਗਈ। ਕਿਸੇ ਸਿਆਣੇ ਨੇ ਵਿਚਲੀ ਗੱਲ ਦੱਸੀ ਤਾਂ ਉਸਦੀ ਹੈਰਾਨੀ ਦਾ ਵੀ ਕੋਈ ਅੰਤ ਨਹੀਂ ਸੀ ਤੇ ਖ਼ੁਸ਼ੀ ਦਾ ਵੀ। ਉਸਦਾ ਗਾਇਕਾ ਵਜੋਂ ਨਵਾਂ ਜਨਮ ਹੋ ਚੁੱਕਿਆ ਸੀ।

ਉਹ ਸਾਰੀ ਉਮਰ ਆਪਣੇ ਫ਼ਨ ਨੂੰ ਸ਼ਾਹਬਾਜ਼ ਕਲੰਦਰ ਦੀ ਦੁਆ ਦੱਸਦੀ ਰਹੀ। ਉਸ ਨੇ ਆਪਣੇ ਮੁਲਕ ਨੂੰ ਆਪਣੇ ਦੀਨ ਦੀ ਅਲਾਮਤ ਇਸਲਾਮ ਤੇ ਗਾਇਕੀ ਨੂੰ ਇਬਾਦਤ ਸਵੀਕਾਰ ਕਰਦਿਆਂ ਜ਼ਿੰਦਗੀ ਭਰ ਨਾ ਆਪਣਾ ਦੁਪੱਟਾ ਸਿਰ ਤੋਂ ਉਤਰਨ ਦਿੱਤਾ ਤੇ ਨਾ ਕੋਈ ਅਸੱਭਿਅਕ ਗਾਣਾ ਗਾਇਆ।

ਨਿਰਦੇਸ਼ਕ ਵਜ਼ੀਰ ਅਫ਼ਜ਼ਲ ਉਹ ਸ਼ਖਸੀਅਤ ਸੀ ਜਿਸ ਨੇ ਪਹਿਲੀ ਵਾਰ ਰੇਸ਼ਮਾ ਤੋਂ ਫਿਲਮ 'ਲੱਖਾ' ਲਈ ਗੀਤ ਗਵਾਏ ਸਨ। ਇਸ ਤੋਂ ਬਾਅਦ ਉਸ ਨੇ ਵੱਡੀ ਗਿਣਤੀ ਵਿਚ ਫਿਲਮੀ ਗੀਤ ਗਾਏ। ਉਸ ਨੇ ਜ਼ਿਆਦਾਤਰ ਮਕਬੂਲ ਪੰਜਾਬੀ ਸ਼ਾਇਰ ਤੇ ਗਾਇਕ ਮਨਜ਼ੂਰ ਹੁਸੈਨ ਝੱਲਾ ਦੇ ਲਿਖੇ ਗੀਤ ਗਾ ਕੇ ਬਤੌਰ ਗਾਇਕਾ ਆਪਣੀ ਪਛਾਣ ਦਰਜ ਕਰਾਈ। ਉਸ ਦੇ ਤਕਰੀਬਨ ਸਾਰੇ ਹੀ ਗੀਤ ਮਕਬੂਲ ਹੋਏ, ਪਰ ਕੁਝ ਗੀਤ ਉਸ ਦੀ ਪਛਾਣ ਬਣ ਗਏ। ਜਿਵੇਂ:

ਅੱਖੀਆਂ ਨੂੰ ਰਹਿਣ ਦੇ, ਅੱਖੀਆਂ ਦੇ ਕੋਲ ਕੋਲ
ਚੰਨ੍ਹ ਪਰਦੇਸੀਆ, ਬੋਲ ਭਾਵੇਂ ਨਾ ਬੋਲ

ਪੰਜਾਬੀ, ਉਰਦੂ, ਹਿੰਦੀ, ਸਿੱਧੀ, ਡੋਗਰੀ, ਪਹਾੜੀ, ਰਾਜਸਥਾਨੀ ਤੇ ਪੁਸ਼ਤੋਂ ਆਦੀ ਦਰਜਨ ਤੋਂ ਵੱਧ ਬੋਲੀਆਂ ਵਿਚ ਗੀਤ ਗਾਉਣ ਵਾਲੀ ਉਹ ਵਾਹਿਦ ਗਾਇਕਾ ਸੀ। ਅੰਤਕਾਰ ਗਲੇ ਦੇ ਕੈਂਸਰ ਦੀ ਸ਼ਿਕਾਰ ਹੁੰਦਿਆਂ ਵੀ ਉਹ ਔਖੀ ਸੌਖੀ ਗਾਉਂਦੀ ਰਹੀ। ਉਸਨੂੰ ਹੇਠ ਲਿਖੇ ਬੋਲਾਂ ਤੋਂ ਸਕੂਨ ਮਿਲਦਾ।

ਤਰਦ ਕਾਫੀ ਹੈ ਬੇਖ਼ੁਦੀ ਕੇ ਲੀਏ
ਮਤ ਲਾਜ਼ਮ ਹੈ ਜ਼ਿੰਦਗੀ ਕੇ ਲੀਏ
ਆਸ਼ੀਆਨੇ ਕੀ ਬਾਤ ਕਰਤੇ ਹੋ
ਦਿਲ ਜਲਾਨੇ ਕੀ ਬਾਤ ਕਰਤੇ ਹੋ

ਏਧਰ ਤੇ ਉਧਰ ਦੇ ਦੋਵਾਂ ਪੰਜਾਬੀ ਨੂੰ ਪਰਨਾਈ ਰੇਸ਼ਮਾ 1996 ਵਿਚ ਇੰਡੋ-ਪਾਕਿ ਸੰਗੀਤ ਸੰਮੇਲਨ ਲਈ ਆਈ ਤਾਂ ਆਪਣੇ ਤੋਂ ਸੋਲ੍ਹਾਂ ਸਾਲ ਵੱਡੀ ਸੁਰਿੰਦਰ ਕੌਰ ਨੂੰ ਮਿਲ ਕੇ ਬੜੀ ਖ਼ੁਸ਼ ਹੋਈ। 2003 ਵਿਚ ਰਾਜਸਥਾਨ ਮੇਲੇ ਲਈ ਆਈ ਤਾਂ ਉਸਨੇ ਆਪਣੀ ਜਨਮ ਭੂਮੀ ਦੇ ਵਸਨੀਕਾਂ ਨੂੰ ਰਾਜਸਥਾਨੀ ਗੀਤਾਂ ਨਾਲ ਨਿਹਾਲ ਕੀਤਾ।

ਰੇਸ਼ਮਾ ਨੇ ਭਾਰਤ ਸਮੇਤ ਆਪਣੇ ਫ਼ਨ ਦਾ ਮੁਜ਼ਾਹਰਾ ਅਮਰੀਕਾ, ਕੈਨੇਡਾ, ਇੰਗਲੈਂਡ, ਰੂਸ, ਤੁਰਕੀ, ਨਾਰਵੇ, ਡੈਨਮਾਰਕ, ਰੋਮਾਨੀਆ ਆਦਿ ਸਮੇਤ ਕਈ ਹੋਰ ਮੁਲਕਾਂ ਵਿਚ ਵੀ ਕੀਤਾ। ਭਾਰਤ ਵਿਚ ਮਿਲੇ ਮਾਣ-ਸਨਮਾਨ ਤੋਂ ਇਲਾਵਾ ਰੇਸ਼ਮਾ ਨੂੰ ਜਨਰਲ ਜ਼ਿਆ ਉਲ ਹੱਕ ਤੋਂ ਲੈ ਕੇ ਪਰਵੇਜ਼ ਮੁਸ਼ੱਰਫ਼ ਤੱਕ ਦੀਆਂ ਸਰਕਾਰਾਂ ਤੋਂ ਵੀ ਮਾਣ-ਸਨਮਾਨ ਅਤੇ ਸਹਾਇਤਾ ਮਿਲਦੀ ਰਹੀ। 2005 ਵਿਚ ਉਸ ਨੂੰ ਪਾਕਿਸਤਾਨ ਦਾ ਤੀਜਾ ਸਰਵਉੱਚ ਨਾਗਰਿਕ ਸਨਮਾਨ ਸਿਤਾਰਾ-ਏ-ਇਮਤਿਆਜ਼ ਪ੍ਰਾਪਤ ਕਰਨ ਦਾ ਮਾਣ ਹਾਸਲ ਹੋਇਆ। ਉਸ ਨੂੰ ਪਾਕਿਸਤਾਨ ਦੇ ਰਾਸ਼ਟਰਪਤੀ ਵੱਲੋਂ ਫ਼ਕਰ-ਏ-ਪਾਕਿਸਤਾਨ ਅਤੇ ਲੀਜੈਂਡ ਆਫ ਪਾਕਿਸਤਾਨ ਪੁਰਸਕਾਰ ਨਾਲ ਵੀ ਨਿਵਾਜਿਆ ਗਿਆ। ਰੇਸ਼ਮਾ ਨੂੰ ਮੁੜ ਤੋਂ ਕੈਂਸਰ ਹੋ ਗਿਆ ਅਤੇ ਲੰਬਾ ਸਮਾਂ ਕੋਮਾ ਵਿਚ ਰਹਿਣ ਤੋਂ ਬਾਅਦ 3 ਨਵੰਬਰ 2013 ਨੂੰ 67 ਸਾਲ ਦੀ ਉਮਰ ਵਿਚ ਸਦਾ ਲਈ ਅਲਵਿਦਾ ਕਹਿ ਗਈ।

ਜਿੱਥੇ ਰੇਸ਼ਮਾ ਨੂੰ ਓਧਰ ਦੇ ਪੰਜਾਬ ਦੇ ਉੱਚ ਕੋਟੀ ਦੇ ਮਾਣ ਸਨਮਾਨ ਮਿਲੇ ਸੁਰਿੰਦਰ ਕੌਰ ਨੂੰ ਭਾਰਤ ਵਿਚ ਪਦਮਸ਼੍ਰੀ ਸਨਮਾਨ ਨਾਲ ਨਿਵਾਜਿਆ ਗਿਆ। ਇਹ ਗੱਲ ਵੱਖਰੀ ਹੈ ਕਿ ਇਸ ਸਨਮਾਨ ਦੀ ਸਿਫਾਰਸ਼ ਕਰਨ ਵਾਲੀ ਪੰਜਾਬ ਦੀ ਸਰਕਾਰ ਨਹੀਂ। ਸਗੋਂ ਹਰਿਆਣਾ ਸਰਕਾਰ ਸੀ। ਉਂਝ ਸੁਰਿੰਦਰ ਕੌਰ ਵੀ ਆਖਰੀ ਉਮਰੇ ਕਈ ਰੋਗਾਂ ਦੀ ਪੀੜਤ ਸੀ ਤੇ ਉਸਨੇ ਅੰਤਮ ਸਵਾਸ ਅਮਰੀਕਾ ਜਾ ਕੇ ਤਿਆਗੇ ਜਿਥੇ ਉਸਦੀ ਬੇਟੀ ਇਲਾਜ ਲਈ ਲੈ ਗਈ ਸੀ। ਦੋਨੋਂ ਗਾਇਕਾਵਾਂ ਜ਼ਿੰਦਾਬਾਦ!

**ਅੰਤਿਕਾ**

ਰਾਵੀ ਪਾਰੋਂ ਬੁਸ਼ਰਾ ਏਜਾਜ਼॥
ਮੈਂ ਰੋਈ ਮੈਂ ਰਜ ਕੇ ਰੋਈ, ਮੈਨੂੰ ਕਿਤੇ ਨਾ ਆਵੇ ਕੱਲ੍ਹ।
ਮੈਂ ਉੱਧੜੀ ਜਾਵਾਂ ਅੰਦਰੋਂ, ਮੇਰੀ ਲਹਿੰਦੀ ਜਾਵੇ ਖੱਲ।
ਨੀ ਤੱਤੀਏ ਹੁਣ ਹਿਜਰ ਦੁਪਹਿਰੇ, ਹੁਣ ਮੇਰੇ ਪਾਸੋ ਟਲ।
ਆ ਵਿਹੜੇ ਚੰਦਾ ਮੇਰਿਆ, ਮੇਰੀ ਜ਼ੁਲਫ਼ਾਂ ਦੇ ਵਿਚ ਢਲ।

# ਆਨਲਾਈਨ ਸਿੱਖਿਆ: ਵਿਦਿਆਰਥੀਆਂ ਦੀਆਂ ਸਿਹਤ ਸੰਬੰਧੀ ਚਿੰਤਾਵਾਂ ਅਤੇ ਸਮਾਧਾਨ



ਡਾ. ਗੁਰਜੀਤ ਸਿੰਘ ਭੱਠਲ
ਫੋਨ: 98142-05475

ਪਿਛਲੇ ਕੁਝ ਸਾਲਾਂ ਵਿਚ, ਦੁਨੀਆਂ ਭਰ ਵਿਚ ਟੈਕਨੋਲੋਜੀ ਨੇ ਸਿੱਖਿਆ, ਸੂਚਨਾ ਅਤੇ ਸੰਚਾਰ ਦੇ ਤਰੀਕਿਆਂ ਨੂੰ ਬਿਲਕੁਲ ਹੀ ਬਦਲ ਦਿੱਤਾ ਹੈ। ਕੋਵਿਡ-19 ਮਹਾਂਮਾਰੀ ਦੇ ਦੌਰਾਨ, ਜਦੋਂ ਸਾਰੀਆਂ ਸੰਸਥਾਵਾਂ ਬੰਦ ਹੋ ਗਈਆਂ ਸਨ, ਤਾਂ ਸਿੱਖਿਆ ਦਾ ਇਕੋ ਇਕ ਤਰੀਕਾ, ਆਨਲਾਈਨ ਵਿਧੀ ਰਾਹੀਂ ਪੜ੍ਹਾਈ ਅਗਲੀ ਲਾਈਨ ਵਿਚ ਆ ਖੜ੍ਹੀ ਹੋਈ। ਸਿੱਖਿਆ ਦੇ ਇਸ ਨਵੇਂ ਮਾਡਲ ਨੇ ਵਿਦਿਆਰਥੀਆਂ ਨੂੰ ਸਿੱਖਣ ਲਈ ਵਰਤੋਂਯੋਗ ਢੰਗ ਪ੍ਰਦਾਨ ਕੀਤੇ, ਪਰ ਇਸ ਦੇ ਨਕਾਰਾਤਮਕ ਪ੍ਰਭਾਵ ਵੀ ਦੇਖਣ ਨੂੰ ਸਾਹਮਣੇ ਆਏ। ਇਸ ਮੌਕੇ ਸੋਸ਼ਲ ਮੀਡੀਆ ਦੀ ਵਧ ਰਹੀ ਲੋਕਪ੍ਰਿਯਤਾ ਨੇ ਵੀ ਵਿਦਿਆਰਥੀਆਂ ਲਈ ਨਵੇਂ ਯੁਗ ਦੀ ਸ਼ੁਰੂਆਤ ਕੀਤੀ। ਜਿੱਥੇ ਇਹ ਪਲੇਟਫਾਰਮ ਜਾਣਕਾਰੀ ਸਾਂਝੀ ਕਰਨ ਅਤੇ ਵਿਸ਼ਵ ਪੱਧਰੇ ਤਜਰਬੇ ਸਾਂਝੇ ਕਰਨ ਵਿਚ ਮਦਦਗਾਰ ਸਾਬਤ ਹੋਏ ਹਨ, ਉੱਥੇ ਹੀ ਇਨ੍ਹਾਂ ਦੀ ਜ਼ਰੂਰਤ ਤੋਂ ਵੱਧ ਵਰਤੋਂ ਮਾਨਸਿਕ ਸਿਹਤ ਸਮੱਸਿਆ ਵਜੋਂ ਵੀ ਸਾਹਮਣੇ ਆਈ ਹੈ।

ਆਨਲਾਈਨ ਪੜ੍ਹਾਈ ਅਤੇ ਸੋਸ਼ਲ ਮੀਡੀਆ ਨੇ ਵਿਦਿਆਰਥੀਆਂ ਦੀ ਰੋਜ਼ਾਨਾ ਜ਼ਿੰਦਗੀ ਵਿਚ ਵੱਡੇ ਬਦਲਾਅ ਲਿਆਉਣ ਦੇ ਨਾਲ-ਨਾਲ, ਉਨ੍ਹਾਂ ਦੇ ਮਾਨਸਿਕ ਵਿਕਾਸ ਉੱਤੇ ਵੀ ਪ੍ਰਭਾਵ ਪਾਇਆ ਹੈ। ਇਸਦੀ ਜਾਂਚ ਪਰਖ ਕਰਨ ਅਤੇ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਨੂੰ ਬਚਾਉਣ ਲਈ ਹੱਲ ਲੱਭਣ ਦੀ ਲੋੜ ਪਹਿਲਾਂ ਨਾਲੋਂ ਵੱਧ ਮਹਿਸੂਸ ਹੋ ਰਹੀ ਹੈ। ਇਸ ਲਈ ਆਨਲਾਈਨ ਪੜ੍ਹਾਈ ਅਤੇ ਸੋਸ਼ਲ ਮੀਡੀਆ ਦੇ ਪ੍ਰਭਾਵਾਂ ਨੂੰ ਗਹਿਰਾਈ ਨਾਲ ਸਮਝਣ ਅਤੇ ਵਿਚਾਰ ਕਰਨ ਦੀ ਲੋੜ ਹੈ।

ਆਨਲਾਈਨ ਪੜ੍ਹਾਈ ਦਾ ਮਕਸਦ ਸਿੱਖਿਆ ਨੂੰ ਸਭ ਤੱਕ ਪਹੁੰਚਣਯੋਗ ਬਣਾਉਣਾ ਸੀ, ਪਰ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿਚ, ਜਿੱਥੇ ਮੁਢੱਲੀਆਂ ਸਹੂਲਤਾਂ ਜਿਵੇਂ ਕਿ ਮੋਬਾਈਲ, ਲੈਪਟਾਪ ਕੰਪਿਊਟਰ, ਟੈਬਲੇਟ ਆਦੀ ਅਤੇ ਇੰਟਰਨੈਟ ਦੀ ਪਹੁੰਚ ਹਰ ਕੋਈ ਨਹੀਂ ਰੱਖਦਾ, ਓਦੋਂ ਆਨਲਾਈਨ ਪੜ੍ਹਾਈ ਦੀਆਂ ਚੁਣੌਤੀਆਂ ਜ਼ਿਆਦਾ ਗੰਭੀਰ ਹੋ ਜਾਂਦੀਆਂ ਹਨ। 2021 ਦੇ ਅਧਿਐਨ ਮੁਤਾਬਕ, ਭਾਰਤ ਦੇ 40% ਵਿਦਿਆਰਥੀਆਂ ਕੋਲ ਆਨਲਾਈਨ ਪੜ੍ਹਾਈ ਲਈ ਮੁਢਲਾ ਸਾਜੋ ਸਾਮਾਨ ਅਤੇ ਬੁਨਿਆਦੀ ਢਾਂਚਾ ਨਹੀਂ ਸੀ। ਇਸ ਤੋਂ ਇਲਾਵਾ, ਲੰਬੇ ਸਮੇਂ ਤੱਕ ਸਕਰੀਨ ਦੇ ਸਾਹਮਣੇ ਬੈਠਣਾ ਸਿਰਫ ਸਰੀਰਕ ਸਮੱਸਿਆਵਾਂ (ਜਿਵੇਂ ਅੱਖਾਂ ਦੀ ਥਕਾਵਟ) ਹੀ ਨਹੀਂ, ਸਗੋਂ ਮਾਨਸਿਕ ਸਿਹਤ ਸਮੱਸਿਆਵਾਂ ਦਾ ਵੀ ਕਾਰਨ ਬਣਿਆ। ਇਸ ਤਰ੍ਹਾਂ ਦੀ ਪੜ੍ਹਾਈ ਵਿਚ ਸਿੱਖਿਆ ਦੇ ਰੂਪਕ ਬਹੁਤ ਹੀ ਇਕੱਲਾਪਨ ਦਾ ਅਹਿਸਾਸ ਕਰਾਉਂਦੇ ਹਨ, ਜਿੱਥੇ ਸਹਿਯੋਗ ਦੀ ਕਮੀ ਅਤੇ ਸਮੂਹਿਕ ਅਨੁਭਵਾਂ ਦੀ ਘਾਟ ਹੋਣ ਕਰਕੇ ਵਿਦਿਆਰਥੀ ਤਣਾਅ ਅਤੇ ਘਬਰਾਹਟ ਮਹਿਸੂਸ ਕਰਦੇ ਹਨ।

ਕੋਵਿਡ-19 ਮਹਾਂਮਾਰੀ ਦੌਰਾਨ ਆਨਲਾਈਨ ਸਿੱਖਿਆ ਦੇ ਬਦਲ ਵਜੋਂ ਕਈ ਪਿੰਡਾਂ ਵਿਚ ਵਿਦਿਆਰਥੀਆਂ ਨੇ ਰੇਡੀਓ ਅਤੇ ਟੀਵੀ ਵਰਗੇ ਪੁਰਾਣੇ ਮੀਡੀਆ ਦੀ ਵਰਤੋਂ ਕੀਤੀ। ਇਹ ਢੰਗ ਆਨਲਾਈਨ ਸਿੱਖਿਆ ਦੇ ਅਸਲ ਮਾਪਦੰਡਾਂ ਦੇ ਨਾਲ ਮੇਲ ਨਹੀਂ ਖਾਂਦਾ। ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਹੱਲ ਕਰਨ ਲਈ ਸਿੱਖਿਆ ਸੰਸਥਾਵਾਂ ਵਲੋਂ ਢੁਕਵੇਂ ਉਪਰਾਲੇ ਨਹੀਂ ਕੀਤੇ ਗਏ। ਇਸ ਦਾ ਨਤੀਜਾ ਇਹ ਹੋਇਆ ਕਿ ਮੋਟੇ ਤੌਰ 'ਤੇ ਵਿਦਿਆਰਥੀਆਂ ਨੇ ਇਸ ਦੌਰਾਨ ਮਾਨਸਿਕ ਚੁਣੌਤੀਆਂ ਦਾ ਸਾਹਮਣਾ ਕੀਤਾ। ਇਨ੍ਹਾਂ ਹਾਲਾਤ ਨੇ ਸਿੱਖਿਆ ਪ੍ਰਣਾਲੀ ਵਿਚ ਸੁਧਾਰ ਦੀ ਲੋੜ ਨੂੰ ਸਪੱਸ਼ਟ ਕੀਤਾ।

ਸੋਸ਼ਲ ਮੀਡੀਆ ਨੇ ਜਿੱਥੇ ਵਿਦਿਆਰਥੀਆਂ ਲਈ ਸਿੱਖਣ ਅਤੇ ਅਨੁਭਵ ਸਾਂਝੇ ਕਰਨ ਦੇ ਨਵੇਂ ਰਸਤੇ ਖੋਲ੍ਹੇ ਹਨ, ਉੱਥੇ ਇਸ ਦੀਆਂ ਨਕਾਰਾਤਮਕ ਛਾਵਾਂ ਵੀ ਵਧ ਰਹੀਆਂ ਹਨ। ਵਿਦਿਆਰਥੀ ਸੋਸ਼ਲ ਮੀਡੀਆ ਦੇ ਬੇਹੱਦ ਇਸਤੇਮਾਲ ਕਾਰਨ ਸਮੇਂ ਦਾ ਸਦਉਪਯੋਗ ਕਰਨ ਵਿਚ ਅਕਸਰ ਅਸਫਲ ਰਹਿੰਦੇ ਹਨ। ਇਸਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਵਿਦਿਆਰਥੀ ਸੋਸ਼ਲ ਮੀਡੀਆ ਉਪਰ ਵੇਖੀਆਂ ਜਾਣ ਵਾਲੀਆਂ ਕਾਮਯਾਬ ਲੋਕਾਂ ਦੀਆਂ ਸਫਲ ਜੀਵਨੀਆਂ ਨਾਲ ਆਪਣੇ ਆਪ ਦਾ ਮੁਕਾਬਲਾ ਕਰਦੇ ਹਨ। ਇਨ੍ਹਾਂ ਪਲੇਟਫਾਰਮਾਂ ਨੇ



ਵਿਦਿਆਰਥੀਆਂ ਵਿਚ ਖ਼ੁਦ-ਸੰਦੇਹ ਅਤੇ ਅਸੰਤੋਖ ਪੈਦਾ ਕੀਤਾ ਹੈ। ਇੱਕ ਅਧਿਐਨ ਮੁਤਾਬਕ, 70% ਵਿਦਿਆਰਥੀ ਜੋ ਦਿਨ ਵਿਚ 3-4 ਘੰਟੇ ਸੋਸ਼ਲ ਮੀਡੀਆ ਵਰਤਦੇ ਹਨ, ਉਨ੍ਹਾਂ ਨੂੰ ਡਿਪ੍ਰੈਸ਼ਨ ਅਤੇ ਤਣਾਅ ਵਧੇਰੇ ਮਹਿਸੂਸ ਹੁੰਦਾ ਹੈ।

ਉਦਾਹਰਣ ਲਈ, ਯੂਟਿਊਬ ਅਤੇ ਇੰਸਟਾਗ੍ਰਾਮ ਜਿਹੇ ਪਲੇਟਫਾਰਮਾਂ ਨੇ ਜਾਣਕਾਰੀ ਪ੍ਰਦਾਨ ਕਰਨ ਦੇ ਨਵੇਂ ਮੌਕੇ ਤਾਂ ਦਿਤੇ, ਪਰ ਇਹ ਅਕਸਰ ਅਤਿਅਰਥਕ ਪ੍ਰਤੀਯੋਗਿਤਾ ਦਾ ਮਾਹੌਲ ਪੈਦਾ ਕਰਦੇ ਹਨ। ਵਿਦਿਆਰਥੀ ਆਪਣੇ ਸਾਥੀਆਂ ਨਾਲ ਮੁਕਾਬਲਾ ਕਰਨ ਦੀ ਲੋੜ ਮਹਿਸੂਸ ਕਰਦੇ ਹਨ, ਜੋ ਤਣਾਅ ਵਧਾਉਂਦਾ ਹੈ। ਇਸ ਤੋਂ ਇਲਾਵਾ, ਪੜ੍ਹਾਈ ਦੇ ਸਮੇਂ 'ਤੇ ਵੀ ਸੋਸ਼ਲ ਮੀਡੀਆ ਉੱਤੇ ਧਿਆਨ ਰੱਖਣਾ ਵੱਡੀ ਸਮੱਸਿਆ ਬਣ ਜਾਂਦਾ ਹੈ। ਸੱਚ ਇਹ ਹੈ ਕਿ ਸੋਸ਼ਲ ਮੀਡੀਆ ਦੀ ਸਹੀ ਵਰਤੋਂ ਨੂੰ ਯਕੀਨੀ ਬਣਾਉਣਾ ਅੱਜ ਦੀ ਸਭ ਤੋਂ ਵੱਡੀ ਲੋੜ ਹੈ।

ਆਨਲਾਈਨ ਪੜ੍ਹਾਈ ਅਤੇ ਸੋਸ਼ਲ ਮੀਡੀਆ ਦੇ ਮਾਨਸਿਕ ਸਿਹਤ 'ਤੇ ਪ੍ਰਭਾਵ ਘਟਾਉਣ ਲਈ ਕੁਝ ਹੋਰ ਢੰਗ ਅਪਣਾਏ ਜਾ ਸਕਦੇ ਹਨ। ਪਹਿਲਾ, ਵਿਦਿਆਰਥੀਆਂ ਲਈ ਵਿਸ਼ੇਸ਼ 'ਡਿਜਿਟਲ ਤੰਦਰੁਸਤੀ ਪ੍ਰੋਗਰਾਮ' ਲਾਗੂ ਕਰਨਾ ਚਾਹੀਦਾ ਹੈ, ਜਿਸ ਵਿਚ ਸਕ੍ਰੀਨ ਟਾਈਮ ਮੈਨੇਜਮੈਂਟ, ਧਿਆਨ, ਅਤੇ ਮਾਨਸਿਕ ਤੰਦਰੁਸਤੀ ਵਰਗੇ ਪਹਿਲੂ ਸਮਝਾਏ ਜਾਣ। ਦੂਜੇ, ਅਧਿਆਪਕਾਂ ਅਤੇ ਮਾਤਾ-ਪਿਤਾ ਨੂੰ ਮਿਲ ਕੇ ਵਿਦਿਆਰਥੀਆਂ ਨੂੰ ਸਿਹਤਮੰਦ ਆਨਲਾਈਨ ਆਦਤਾਂ ਸਿਖਾਣੀਆਂ ਚਾਹੀਦੀਆਂ ਹਨ, ਜਿਵੇਂ ਕਿ ਸਮਾਂ-ਸਾਰਣੀ ਅਨੁਸਾਰ ਕੰਮ ਕਰਨਾ। ਇਸ ਤੋਂ ਇਲਾਵਾ, ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਸੁਰੱਖਿਅਤ ਅਤੇ ਸੰਵੇਦਨਸ਼ੀਲ ਸਮੱਗਰੀ ਮੁਹੱਈਆ ਕਰਨ ਲਈ ਉੱਨਤੀ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ। ਸਿੱਖਿਆ ਸੰਸਥਾਵਾਂ ਨੂੰ ਵੀ ਵਿਦਿਆਰਥੀਆਂ ਲਈ ਸਲਾਹ (ਕੌਂਸਲਿੰਗ) ਸੇਵਾਵਾਂ ਦੀ ਪਹੁੰਚ ਆਸਾਨ ਬਣਾਉਣੀ ਚਾਹੀਦੀ ਹੈ, ਜਿਸ ਨਾਲ ਉਹ ਆਪਣੀਆਂ ਚਿੰਤਾਵਾਂ ਅਤੇ ਸੰਘਰਸ਼ ਨੂੰ ਸਾਂਝਾ ਕਰ ਸਕਣ।

ਸਿੱਖਿਆ ਅਤੇ ਸੋਸ਼ਲ ਮੀਡੀਆ ਨੂੰ ਸੰਤੁਲਿਤ ਰੂਪ ਵਿਚ ਵਰਤਣਾ ਹੀ ਮਾਨਸਿਕ ਸਿਹਤ ਨੂੰ ਸੁਧਾਰਨ ਦਾ ਰਸਤਾ ਹੈ। ਭਾਰਤ ਵਰਗੇ ਦੇਸ ਵਿਚ ਜਿੱਥੇ ਡਿਜੀਟਲ ਬੁਨਿਆਦੀ ਢਾਂਚਾ ਹਾਲੇ ਵੀ ਵਿਕਾਸ ਅਧੀਨ ਹੈ, ਇਸ ਨੂੰ ਜਲਦੀ ਮਜ਼ਬੂਤ ਕਰਨ ਲਈ ਆਰਥਿਕ ਅਤੇ ਸਾਮਾਜਿਕ ਸਮਰਥਨ ਦੀ ਲੋੜ ਹੈ। ਆਨਲਾਈਨ ਪੜ੍ਹਾਈ ਅਤੇ ਸੋਸ਼ਲ ਮੀਡੀਆ ਦੋਹਾਂ ਨੂੰ ਜ਼ਿੰਦਗੀ ਦੀਆਂ ਜ਼ਰੂਰਤਾਂ ਦੇ ਰੂਪ ਵਿਚ ਸਮਝ ਕੇ ਵਰਤਿਆ ਜਾਵੇ ਤਾਂ ਇਹ ਵਿਦਿਆਰਥੀਆਂ ਦੇ ਜੀਵਨ ਨੂੰ ਡਗਮਗਾਉਣ ਵਾਲਾ ਨਹੀਂ ਬਣਨ ਦੇਵੇਗਾ। ਮਾਪਦੰਡ ਤੈਅ ਕਰਨ ਅਤੇ ਸਹੀ ਜੁੜਾਅ ਦੇ ਨਾਲ, ਇਹ ਸਾਧਨ ਵਿਦਿਆਰਥੀਆਂ ਨੂੰ ਸਿਰਫ਼ ਅਧੂਰਾ ਨਹੀਂ, ਸਗੋਂ ਸੰਪੂਰਨ ਵਿਕਾਸ ਪ੍ਰਦਾਨ ਕਰ ਸਕਦੇ ਹਨ।

ਕਹਾਣੀ

# ਦਿਨ ਢਲੇ



ਮੁਖ਼ਤਾਰ ਗਿੱਲ

ਉਮਰ ਦੇ ਸਾਢੇ ਕੁ ਸੱਤ ਦਹਾਕੇ ਪਾਰ ਕਰ ਚੁੱਕਾ ਘਰ ਦਾ ਬਜ਼ੁਰਗ ਕਸ਼ਮੀਰ ਸਿੰਘ ਡਾਕਟਰ ਅਤੇ ਸਿਆਣਿਆਂ ਦੀਆਂ ਸਲਾਹਾਂ ਮੁਤਾਬਿਕ ਬੁਢਾਪੇ ਵਿਚ ਮੁਕੰਮਲ ਅਰਾਮ, ਪੌਸ਼ਟਿਕ ਭੋਜਨ, ਔਲਾਦ ਸੁੱਖ ਅਤੇ ਨਿਯਮਤ ਦਵਾ ਦਾਰੂ ਆਦਿ ਸਹੂਲਤਾਂ ਚਾਹੁੰਦਾ ਹੈ। ਪਰ ਜੇ ਕਿਸੇ ਬਜ਼ੁਰਗ ਨੂੰ ਪਸ਼ੂਆਂ ਦੀ ਸਾਂਭ ਸੰਭਾਲ, ਘਰੇਲੂ ਕੰਮਾਂ ਵਿਚ ਉਲਝਾਈ ਰੱਖਿਆ ਜਾਵੇ ਤਾਂ ਬੁਢਾਪਾ ਖ਼ੁਸ਼ਗਵਾਰ ਕਿਵੇਂ ਹੋ ਸਕਦਾ ਹੈ? ਇਸ ਕਹਾਣੀ ਦਾ ਨਾਇਕ ਕਸ਼ਮੀਰ ਸਿੰਘ ਦੇ ਕੰਮ ਦੇ ਬੋਝ ਸਵੇਰ ਦੀ ਚਾਹ ਪੀ ਪਸ਼ੂਆਂ ਨੂੰ ਬਾਹਰ ਕੱਢਣਾ, ਪੱਠੇ ਵੱਢ ਕੇ ਲਿਆਉਣੇ, ਕੁਤਰਨੇ, ਟੋਕਰਾ ਭਰ ਭਰ ਖੁਰਲੀ ਵਿਚ ਪਾਉਣੇ, ਮੱਝ ਗਾਂ ਦੀ ਧਾਰ ਕੱਢਣੀ, ਗੁਆਂਢੀ ਪਿੰਡ ਦੇ ਵੇਰਕਾ ਦੁੱਧ ਕੇਂਦਰ ਵਿਚ ਦੁੱਧ ਦੇਣ ਜਾਣਾ, ਪੋਤੇ ਪੋਤੀ ਨੂੰ ਸਕੂਲ ਛੱਡਣ ਜਾਣਾ ਆਦਿ ਕੰਮ ਸ਼ਾਮਲ ਸਨ। ਉਸ ਦਿਨ ਬਜ਼ੁਰਗ ਭਾਦੋਂ ਦੇ ਵੱਟ, ਹੁੰਮਸ ਵਿਚ ਗੋਬਰ ਗੈਸ ਪਲਾਂਟ ਚੋਂ ਗੋਹਾ ਕੱਢਦਾ ਚੱਕਰ ਖਾਕੇ ਡਿੱਗਾ ਅਤੇ ਬੇਹੋਸ਼ ਹੋ ਗਿਆ। ਜਦੋਂ ਨੂੰਹ ਨੇ ਵੇਖਿਆ ਕਿ ਬਾਪ ਜੀ ਡਿੱਗੇ ਪਏ ਹਨ ਤਾਂ ਉਸ ਜੀ ਭਿਆਣੀ ਨੇ ਗੁਆਂਢੀ ਪਿੰਡ ਰਹਿੰਦੀ ਆਪਣੀ ਭੈਣ ਨੂੰ ਫੋਨ 'ਤੇ ਦਸਦਿਆਂ ਛੇਤੀ ਗੱਡੀ ਲੈ ਕੇ ਆਉਣ ਲਈ ਕਿਹਾ। ਭੈਣ ਭਣਵਈਆ ਪੰਦਰਾਂ ਕੁ ਮਿੰਟਾਂ ਆ ਗਏ। ਉਨ੍ਹਾਂ ਦੇ ਆਉਣ ਤੋਂ ਪਹਿਲਾਂ ਗੁਆਂਢਣਾਂ ਦੇ ਹੱਥ ਪਵਾਉਣ ਨਾਲ ਬੇਹੋਸ਼ ਬਾਪੂ ਜੀ ਨੂੰ ਮੰਜੀ 'ਤੇ ਪਾਇਆ ਹੋਇਆ ਸੀ। ਗੱਡੀ ਦੀ ਪਿਛਲੀ ਸੀਟ 'ਤੇ ਬਜ਼ੁਰਗ ਨੂੰ ਲੇਟਾਇਆ ਅਤੇ ਨੇੜਲੇ ਕਸਬੇ ਦੇ ਮੁੱਢਲੇ ਸਿਹਤ ਕੇਂਦਰ (ਪੀ. ਐਚ. ਸੀ.) ਲੈ ਗਏ। ਭਾਵੇਂ ਅਨੁਭਾਵੀ ਲੋਕਾਂ ਦੀ ਧਾਰਨਾ ਸੀ ਕਿ ਸਰਹੱਦੀ ਹਸਪਤਾਲ, ਡਿਸਪੈਂਸਰੀਆਂ ਤੇ ਸਬ ਸੈਂਟਰਾਂ ਵਿਚ ਨਾਂ ਡਾਕਟਰ ਅਤੇ ਨਾਂ ਹੀ ਜੀਵਨ ਰੱਖਿਅਕ ਦਵਾਈਆਂ ਹੁੰਦੀਆਂ ਹਨ।

ਬੇਹੋਸ਼ ਮਰੀਜ਼ ਨੂੰ ਉਸਦੇ ਵਾਰਸਾਂ ਨੇ ਕਥਿਤ ਐਮਰਜੈਂਸੀ ਵਾਰਡ ਵਿਚ ਜਾ ਪਾਇਆ। ਵਾਰਡ ਦਾ ਬਹੁਤ ਹੀ ਮੰਦਾ ਹਾਲ ਸੀ। ਹਿਲਦੇ ਤੇ ਚਿਰ ਚਿਰ ਕਰਦੇ ਬੈੱਡ, ਓਹਨਾਂ ਉਤੇ ਸਲ੍ਹਾਬੇ ਤੇ ਬੋ ਮਾਰਦੇ ਗੱਦੇ ਵਿਛੇ ਹੋਏ ਸਨ। ਕੋਲ ਦਵਾਈਆਂ ਰੱਖਣ ਲਈ ਸਟੂਲ ਪਿਆ ਸੀ। ਵਾਰਡ ਵਿਚ ਦੋ ਤਿੰਨ ਜਣੇਪੇ ਦੀ ਉਡੀਕ ਕਰਦੀਆਂ ਗਰਭਵਤੀ ਔਰਤਾਂ। ਦੋ ਡਲਿਵਰੀ ਤੋਂ ਬਾਅਦ ਜ਼ੇਰੇ ਇਲਾਜ ਮਹਿਲਾ ਮਰੀਜ਼। ਬੈੱਡਾਂ 'ਤੇ ਪਏ ਖਊਂ ਖਊਂ ਕਰਦੇ ਬਿਮਾਰ ਬੁੱਢੇ ਅਤੇ ਚਾਰ ਸਾਹ ਸੱਤ ਹੀਣ ਨਸ਼ਈ ਪਏ ਸਨ ਜਿਨ੍ਹਾਂ ਨੂੰ ਸਵੇਰੇ ਹਸਪਤਾਲ ਵੱਲੋਂ ਗੋਲੀਆਂ ਵੰਡਣ ਵਾਲੇ ਸਟਾਫ ਦੀ ਹੜਤਾਲ ਕਰਕੇ ਨਾਂਹ ਹੋ ਗਈ ਸੀ। ਹਸਪਤਾਲ ਦੇ ਡਿਊਟੀ ਰੂਮ ਵਿਚ ਇਕ ਡਾਕਟਰ, ਇਕ ਸਟਾਫ ਨਰਸ ਤੇ ਅਸ਼ਾ ਵਰਕਰ ਚਾਹ ਪੀ ਰਹੇ ਅਤੇ ਗੱਪ ਛੱਪ ਮਾਰ ਰਹੇ ਸੀ। ਫਾਰਮਸਿਸਟ ਜਿਸ ਨੇ ਇਕ ਬਾਬੇ ਦੇ ਨਾਂ 'ਤੇ ਨਿੱਜੀ ਹਸਪਤਾਲ ਖੋਹਲਿਆ ਹੋਇਆ ਹੈ, ਉਹ ਅਜੇ ਨਹੀਂ ਸੀ ਆਇਆ। ਉਹ ਕਦੀ ਕਦੀ ਹਾਜ਼ਰੀ ਲਾਉਣ ਜਾਂ ਤਨਖਾਹ ਲੈਣ ਆਉਂਦਾ ਹੈ।

ਬਾਪੂ ਮਰੀਜ਼ ਨੂੰ ਲੈ ਕੇ ਵਾਰਸਾਂ ਦੇ ਤਰਲਾ ਮਿੰਤ ਕਰਨ 'ਤੇ ਡਾਕਟਰ ਦੇ ਮਨ ਮਿਹਰ ਪਈ ਤੇ ਉਹ ਅਣਮੰਨਿਆ ਜਿਹਾ ਮਰੀਜ਼ ਨੂੰ ਵੇਖਣ ਤੁਰ ਪਿਆ। ਡਾਕਟਰ ਨੇ ਸਟੈਥੋ ਨਾਲ ਦਿਲ, ਛਾਤੀ ਅਤੇ ਪਿੱਠ ਦੀ ਜਾਂਚ ਕਰਕੇ ਪਹਿਲਾਂ ਨਰਸ ਨੂੰ ਮਰੀਜ਼ ਦਾ ਰਜਿਸਟਰ ਵਿਚ ਨਾਂ ਪਤਾ ਦਰਜ ਕਰਨ ਕਿਹਾ ਅਤੇ ਫਿਰ ਪਰਚੀ 'ਤੇ ਗੁਲੂਕੋਜ਼, ਟੀਕਾ ਅਤੇ ਦਵਾਈ ਆਦਿ ਲਿਖ ਕੇ ਹਸਪਤਾਲ ਦੇ ਸਾਹਮਣੇ ਵਾਲੇ ਮੈਡੀਕਲ ਸਟੋਰ ਤੋਂ ਲਿਆਉਣ ਲਈ ਕਹਿ ਦਿੱਤਾ। ਨਰਸ ਨੇ ਟੀਕਾ ਲਾਇਆ, ਗੁਲੂਕੋਜ਼ ਦਾ ਡਰਿਪ ਲਾ ਬੋਤਲ ਸਟੈਂਡ ਨਾਲ ਟੰਗ ਦਿੱਤੀ।

ਬਾਪੂ ਦਾ ਇਕ ਪੁੱਤ ਤੇ ਦੋ ਧੀਆਂ ਹਨ। ਵੱਡਾ ਪੁਲੀਸ ਮਹਿਕਮੇ ਵਿਚੋਂ ਸੇਵਾ ਮੁਕਤ ਹੋ ਘਰ ਆ ਗਿਆ ਸੀ। ਬਾਪੂ ਨੇ ਸਾਰੀ ਉਮਰ ਸਖਤ ਮਿਹਨਤ ਮੁਸ਼ੱਕਤ ਕੀਤੀ ਸੀ ਪਰ ਇਕ ਚੰਗਾ ਕੰਮ ਕੀਤਾ ਬੱਚਿਆਂ ਨੂੰ ਚੰਗੀ ਵਿਦਿਆ ਦਵਾਈ। ਚੰਗੇ ਇਲਾਜ ਦੇ ਬਾਵਜੂਦ ਬਾਪੂ ਦੀ ਜੀਵਨ ਸਾਥਣ ਵਿਛੋੜਾ ਦੇ ਗਈ। ਉਸ ਨੂੰ ਲੈ ਕੇ ਦਿੱਲੀ ਚੰਡੀਗੜ੍ਹ ਦੇ ਹਸਪਤਾਲਾਂ ਦੀ ਖਾਕ ਛਾਣੀ ਪਰ ਬਦਕਿਸਮਤੀ ਨਾਲ ਆਪਣੇ ਬੁਢਾਪੇ ਦਾ ਸਹਾਰਾ ਨਾਂ ਬਚਾ ਸਕਿਆ। ਕਸ਼ਮੀਰ ਸਿੰਘ ਲਈ ਇਹ ਬੜਾ ਡੂੰਘਾ ਸਦਮਾ ਸੀ। ਕਿਉਂਕਿ ਆਖਰੀ ਉਮਰ ਵਿਚ ਉਸਨੇ ਦੁੱਖ ਸੁੱਖ ਵੰਡਾਉਣਾ ਸੀ। ਪੁੱਤਰ ਦਾ ਤਬਾਦਲਾ ਕਦੀ ਕਿਸੇ ਥਾਣੇ ਅਤੇ ਕਿਸੇ ਦੂਰ ਦੁਰਾਡੇ ਕਿਸੇ ਸਿਆਸੀ ਆਗੂ ਦੇ ਗਨ ਮੈਨ ਦੀ ਡਿਊਟੀ ਲੱਗਦੀ ਰਹਿੰਦੀ ਸੀ। ਕਦੀ ਮਾਮੂਲੀ ਕੁਤਾਹੀ ਦੀ ਸਜ਼ਾ ਵਜੋਂ ਲਾਈਨ ਹਾਜ਼ਰ ਕਰ ਦਿੰਦੇ। ਉਹ ਵੀ ਪੰਦਰਾਂ ਵੀਹਾਂ ਦਿਨਾਂ ਬਾਅਦ ਘਰ ਗੇੜਾ ਮਾਰਦਾ ਸੀ। ਇਸ ਦੌਰਾਨ ਅਤੇ ਉਸਦੀ ਸੇਵਾ ਮੁਕਤੀ ਤੋਂ ਪਿੱਛੋਂ ਵੀ ਬਾਪੂ 'ਤੇ ਕੰਮ ਦਾ ਬੋਝ ਬਣਿਆ ਰਿਹਾ ਸੀ। ਬਾਪੂ ਦੀ ਪਿੰਡ ਡੇਢ ਕੁ ਕਿਲਾ ਪੈਲੀ ਸੀ ਜਿਸਨੂੰ ਉਸ ਆਪਣੇ ਛੋਟੇ ਭਰਾ ਨੂੰ ਠੇਕੇ 'ਤੇ ਦਿੱਤੀ ਹੋਈ ਜਿਸਤੋਂ ਹਾੜੀ ਸਾਉਣੀ ਖਾਣ ਯੋਗੇ ਦਾਣੇ ਆ ਜਾਂਦੇ ਸਨ। ਪੁੱਤਰ ਦੀ ਪੈਨਸ਼ਨ ਦਾ ਉਸਨੂੰ ਕੋਈ ਭਾਅ ਨਹੀਂ ਸੀ। ਉਹ ਸ਼ਹਿਰ ਕਿਸੇ ਮੌਲ ਦਾ ਸਕਿਓਰਿਟੀ ਗਾਰਡ ਜਾ ਲੱਗਾ ਸੀ ਅਤੇ ਸਵੇਰ ਦੀ ਪਹਿਲੀ ਬਸ 'ਤੇ ਚਲਿਆਂ ਜਾਂਦਾ ਸੀ। ਸ਼ਾਮ ਦੀ ਆਖਰੀ ਬਸੇ ਸ਼ਰਾਬ ਨਾਲ ਰੱਜਿਆ ਆ ਜਾਂਦਾ ਸੀ। ਪਿੱਛੋਂ ਸਾਰਾ ਕੰਮ ਬਾਪੂ ਜ਼ਿੰਮੇ ਸੀ। ਦੁਪਹਿਰੇ ਬੱਚਿਆਂ ਨੂੰ ਸਕੂਲ ਤੋਂ ਲਿਆਉਂਦਾ, ਅੰਡੇ ਤੋਂ ਤੇ ਸਬਜ਼ੀ ਆਦਿ ਲੈਂਦਾ। ਸ਼ਾਮ ਨੂੰ ਧਾਰਓ ਕੱਢ ਦੁੱਧ ਡੇਅਰੀ ਪਾਉਣ ਜਾਂਦਾ। ਉਹ ਥੱਕ ਜਾਂਦਾ। ਥਕਾਵਟ ਕਰਕੇ ਉਸ ਦਾ ਸਰੀਰ ਝੂਠਾ ਪੈਣ ਲੱਗ ਪਿਆ ਸੀ। ਸਾਹ ਫੁੱਲਦਾ ਵੀ ਸੀ।

ਬਾਅਦ ਦੁਪਹਿਰ ਬਾਪੂ ਨੂੰ ਹੋਸ਼ ਆ ਗਈ ਸੀ। ਉਸ ਦੀ ਨੂੰਹ ਨੇ ਭੈਣ ਭਣਵਈਏ ਨੂੰ ਬੱਚਿਆਂ ਨੂੰ ਸਕੂਲ ਤੋਂ ਲਿਆ ਪਿੰਡ ਲੈ ਜਾਣ ਲਈ ਕਿਹਾ। ਦੋ ਵਜੇ ਹਸਪਤਾਲ ਬੰਦ ਹੋ ਜਾਂਦਾ ਹੈ। ਡਾਕਟਰ ਤੇ ਸਟਾਫ ਨਰਸ ਨੇ ਸ਼ਹਿਰ ਚਲੇ ਜਾਣਾ ਸੀ। ਰਾਤ ਇਕ ਡਾਕਟਰ ਅਤੇ ਏ.ਐਨ.ਐਮ. ਦੀ ਰੋਜ਼ ਵਾਂਗ ਐਮਰਜੈਂਸੀ ਡਿਊਟੀ ਸੀ। ਨੂੰਹ ਡਿਊਟੀ ਰੂਮ ਵਿਚ ਆਪਣੀ ਜਾਣ-ਪਛਾਣ ਵਾਲੀ ਆਸ਼ਾ ਵਰਕਰ ਕੋਲ ਜਾ ਬੈਠਦੀ। ਰੋਟੀ ਉਸ ਨੂੰ ਮੈਡੀਕਲ ਸਟੋਰ ਵਾਲੇ ਦੀ ਘਰਵਾਲੀ ਪਹੁੰਚਾ ਗਈ ਸੀ। ਫੋਨ 'ਤੇ ਨੂੰਹ ਨੇ ਆਪਣੇ ਜੀਵਨ ਸਾਥੀ ਨੂੰ ਬਾਪੂ ਜੀ ਦੀ ਵਿਗੜੀ ਤਬੀਅਤ ਬਾਰੇ ਦੱਸਿਆ ਤਾਂ ਉਸ ਨੇ ਆਪਣੇ ਰਿਸ਼ਤੇਦਾਰ ਮੈਡੀਕਲ ਸਟੋਰ ਵਾਲੇ ਡਾ: ਸ਼ਰਨਜੀਤ ਸਿੰਘ ਨੂੰ ਫੋਨ ਕਰ ਦਿਤਾ ਅਤੇ ਬਾਪੂ ਦਾ ਖਿਆਲ ਰੱਖਣ ਦੀ ਪੱਕੀ ਕੀਤੀ। ਸੋ ਡਾਕਟਰ ਸ਼ਰਨਜੀਤ ਵਾਰਡ ਵਿਚ ਡਾਕਟਰ ਨੂੰ ਮਿਲ ਆਇਆ।ਜਾਣ ਤੋਂ ਪਹਿਲਾਂ ਡਾਕਟਰ ਆਸ਼ਾ ਵਰਕਰ ਨੂੰ ਡਿਸਚਾਰਜ ਨਾਂ ਕਰਨ ਬਾਰੇ ਕਹਿ ਗਿਆ। ਨੇੜਲੇ ਗੁਰਦੁਆਰੇ ਸਾਹਿਬ ਦਾ ਸੇਵਾਦਾਰ ਦੁਪਹਿਰ ਦਾ ਲੰਗਰ ਵਰਤਾ ਗਿਆ ਸੀ।

ਦਿਨ ਲੰਘ ਗਿਆ ਸੀ। ਤ੍ਰਕਾਲਾਂ ਪੈ ਗਈਆਂ ਸੀ ਜਦੋਂ ਪੁੱਤਰ ਸਰਹੱਦੀ ਪਿੰਡ ਨੂੰ ਜਾਣ ਵਾਲੀ ਆਖਰੀ ਬਸ ਹਸਪਤਾਲ ਸਾਹਮਣੇ ਰੁਕਵਾ ਕੇ ਉਤਰਿਆ। ਉਹ ਪਹਿਲਾਂ ਉਹ ਬਾਪੂ ਦਾ ਪਤਾ ਲੈਣ ਮੈਡੀਕਲ ਸਟੋਰ ਗਿਆ ਅਤੇ ਫਿਰ ਵਾਰਡ ਵਿਚ ਆ ਗਿਆ। ਘਰਵਾਲੀ ਤੋਂ ਪਤਾ ਲਿਆ ਇਸ ਦੌਰਾਨ ਬੇਟਾ ਬਾਈਕ 'ਤੇ ਮਾਸੀ ਘਰੋਂ ਦਾਦੇ ਦੀ ਰੋਟੀ ਲੈ ਆਇਆ। ਉਹ ਬਾਪੂ ਨੂੰ ਰੋਟੀ ਖਵਾ ਪੁੱਤਰ ਦੇ ਮੋਟਰ ਸਾਈਕਲ 'ਤੇ ਸਾਰੇ ਘਰ ਚਲੇ ਗਏ। ਵਾਰਡ ਦਾ ਰਾਤ ਦਾ ਨਜ਼ਾਰਾ ਵੀ ਬੜਾ ਡਰਾਉਣਾ ਸੀ। ਬਲਬਾਂ ਦੀ ਪੀਲੀ ਬਿਮਾਰ ਰੋਸ਼ਨੀ, ਪੱਖੇ ਹਵਾ ਘੱਟ ਤੇ ਖੜਾਕ ਜ਼ਿਆਦਾ ਕਰ ਰਹੇ ਸਨ। ਰਾਤ ਨਸ਼ੇ ਦੇ ਬੁੜੇ ਟੁੱਟੇ ਨਸ਼ਈਆਂ ਨੂੰ ਉਹਲੇ ਜਿਹੇ ਇਕ ਮਾਮੂਲੀ ਨਸ਼ਾ ਵੇਚਣ ਵਾਲਾ ਸਸਤੀਆਂ ਪੁੜੀਆਂ ਦੇ ਜਾਂਦਾ ਸੀ। ਵਾਰਡ ਵਿਚ ਪੁਲੀਸ ਦਾ ਵੀ ਬਹੁਤਾ ਡਰ ਨਹੀਂ ਸਵਾਏ ਉਸ ਦਿਨ ਜਦੋਂ ਕਿਸੇ ਪਿੰਡ ਦੋ ਧੜਿਆਂ ਵਿਚ ਹੋਈ ਲੜਾਈ ਦੇ ਜ਼ਖਮੀ ਨੂੰ ਹਸਪਤਾਲ ਨਾਂ ਲਿਆਂਦਾ ਗਿਆ ਹੋਵੇ। ਕਿਉਂਕਿ ਪੁਲਿਸ ਘਾਇਲਾਂ ਦੇ ਬਿਆਨ ਲੈਣ ਆਉਂਦੀ ਸੀ। ਵਾਰਸ ਜ਼ਖਮੀਆਂ ਨੂੰ ਸਰਕਾਰੀ ਹਸਪਤਾਲ ਇਸ ਲਈ ਦਾਖਲ ਕਰਵਾਉਂਦੇ ਸਨ ਕਿਉਂਕਿ ਮੈਡੀਕਲ ਰਿਪੋਰਟ ਡਾਕਟਰ ਨੇ ਦੇਣੀ ਹੁੰਦੀ ਹੈ ਜਿਸ ਦੇ ਅਧਾਰ 'ਤੇ ਪੁਲਿਸ ਥਾਣੇ ਵਿਚ ਪਰਚਾ ਦਰਜ ਕਰਦੀ ਹੈ। ਰਾਤ ਦੀ ਡਿਊਟੀ ਵਾਲਾ ਡਾਕਟਰ ਨਹੀਂ ਸੀ ਆਇਆ ਪਰ ਨਰਸ ਆ ਗਈ ਸੀ। ਆਸ਼ਾ ਵਰਕਰ ਤਾਂ ਹਸਪਤਾਲ ਦੇ ਕੁਆਟਰ ਵਿਚ ਹੀ ਰਹਿੰਦੀ ਸੀ।

> **ਬੇਹੋਸ਼ ਮਰੀਜ਼ ਨੂੰ ਉਸਦੇ ਵਾਰਸਾਂ ਨੇ ਕਥਿਤ ਐਮਰਜੈਂਸੀ ਵਾਰਡ ਵਿਚ ਜਾ ਪਾਇਆ। ਵਾਰਡ ਦਾ ਬਹੁਤ ਹੀ ਮੰਦਾ ਹਾਲ ਸੀ। ਹਿਲਦੇ ਤੇ ਚਿਰ ਚਿਰ ਕਰਦੇ ਬੈੱਡ, ਓਹਨਾਂ ਉਤੇ ਸਲ੍ਹਾਬੇ ਤੇ ਬੋ ਮਾਰਦੇ ਗੱਦੇ ਵਿਛੇ ਹੋਏ ਸਨ। ਕੋਲ ਦਵਾਈਆਂ ਰੱਖਣ ਲਈ ਸਟੂਲ ਪਿਆ ਸੀ। ਵਾਰਡ ਵਿਚ ਦੋ ਤਿੰਨ ਜਣੇਪੇ ਦੀ ਉਡੀਕ ਕਰਦੀਆਂ ਗਰਭਵਤੀ ਔਰਤਾਂ। ਦੋ ਡਲਿਵਰੀ ਤੋਂ ਬਾਅਦ ਜ਼ੇਰੇ ਇਲਾਜ ਮਹਿਲਾ ਮਰੀਜ਼। ਬੈੱਡਾਂ 'ਤੇ ਪਏ ਖਊਂ ਖਊਂ ਕਰਦੇ ਬਿਮਾਰ ਬੁੱਢੇ ਅਤੇ ਚਾਰ ਸਾਹ ਸੱਤ ਹੀਣ ਨਸ਼ਈ ਪਏ ਸਨ ਜਿਨ੍ਹਾਂ ਨੂੰ ਸਵੇਰੇ ਹਸਪਤਾਲ ਵੱਲੋਂ ਗੋਲੀਆਂ ਵੰਡਣ ਵਾਲੇ ਸਟਾਫ ਦੀ ਹੜਤਾਲ ਕਰਕੇ ਨਾਂਹ ਹੋ ਗਈ ਸੀ।**

ਰਾਤ ਦੀ ਡਿਊਟੀ ਵਾਲੀ ਨਰਸ ਤੇ ਆਸ਼ਾ ਵਰਕਰ ਦੀਆਂ ਆਪੋ ਆਪਣੀਆਂ ਤ੍ਰਾਸਦਿਕ ਕਹਾਣੀਆਂ ਸਨ। ਨਰਸ ਬੇਰਹਿਮ ਅਤੀਤ ਵਿਚ ਗਰਕ ਹੁੰਦੀ ਜਾ ਰਹੀ ਸੀ। ਬਾਰ੍ਹਵੀਂ ਤੋਂ ਬਾਅਦ ਉਸ ਨੇ ਇਕ ਨਿੱਜੀ ਨਰਸਿੰਗ ਟ੍ਰੇਨਿੰਗ ਕਾਲਜ ਵਿਚ ਐਸ.ਸੀ. ਕੋਟੇ ਵਿਚ ਦਾਖਲਾ ਲੈ ਲਿਆ ਸੀ। ਉਸ ਦੀ ਅੱਧੀ ਫੀਸ ਮੁਆਫ ਸੀ। ਉਸ ਦੇ ਮਾਪਿਆਂ ਔਖੇ ਸੌਖੇ ਕੋਰਸ ਪੂਰਾ ਕਰਵਾਇਆ ਤੇ ਉਸ ਨੇ ਇੰਟਰਨਸ਼ਿਪ ਇਸੇ ਹਸਪਤਾਲ ਵਿਚ ਕੀਤੀ ਸੀ ਫਿਰ ਉਸ ਨੂੰ ਇਕ ਨਿਜੀ ਹਸਪਤਾਲ ਵਿਚ ਨਰਸ ਦੀ ਨੌਕਰੀ ਮਿਲ ਗਈ। ਇਸ ਹਸਪਤਾਲ ਹਰ ਮੰਗਲਵਾਰ ਨੂੰ ਸਾਹ ਤੇ ਛਾਤੀ ਰੋਗਾਂ ਦੀ ਮਾਹਰ ਡਾਕਟਰ ਆਉਂਦੀ ਸੀ। ਉਸ ਨੇ ਨਰਸ ਨੂੰ ਪਸੰਦ ਕਰ ਲਿਆ। ਡਾਕਟਰ ਨੇ ਨਰਸ ਦੇ ਘਰ ਜਾਕੇ ਉਸਦੇ ਮਾਤਾ ਪਿਤਾ ਨਾਲ ਉਸਦਾ ਵਿਆਹ ਬਾਹਰ ਕਰਵਾਉਣ ਦੀ ਗੱਲ ਚਲਾਈ ਅਤੇ ਛੇਤੀ ਹੀ ਵਿਦੇਸ਼ ਭੇਜਣ ਦਾ ਸਬਜ਼ਬਾਗ ਵਿਖਾਇਆ।ਨਰਸ ਦੇ ਮਾਪੇ ਡਾਕਟਰ ਦੇ ਭੁਚਲਾਵੇ ਵਿਚ ਆ ਗਏ ਕਿਉਂਕਿ ਕਲ ਨੂੰ ਉਹ ਆਪਣੇ ਛੋਟੇ ਪੁਤਰ ਨੂੰ ਭੈਣ ਦੇ ਪੁਲ ਰਾਹੀਂ ਵਿਦੇਸ਼ ਲੈ ਜਾਣ ਦੀ ਸੋਚ ਲਈ ਜੋ ਸੁਭਾਵਿਕ ਵੀ ਸੀ।



ਡਾਕਟਰ ਨੇ ਆਪਣੇ ਵਿਦੇਸ਼ੀ ਰਿਸ਼ਤੇਦਾਰ ਨੂੰ ਸੱਦ ਲਿਆ। ਵਿਦੇਸ਼ ਤੋਂ ਵਿਆਹ ਕਰਵਾਉਣ ਆਉਣ ਵਾਲਾ ਪੱਕੀ ਉਮਰ ਦਾ ਸੀ ਪਰ ਫਿਰ ਵੀ ਨਰਸ ਦੇ ਮਾਪੇ ਮਨ ਗਏ। ਸਹੁਰਿਆਂ ਵੱਲੋਂ ਸ਼ਾਦੀ ਵਿਆਹ ਦਾ, ਵੀਜ਼ਾ ਲਵਾਉਣ, ਦਸਤਾਵੇਜ਼ ਭਿਜਵਾਉਣ ਅਤੇ ਹਵਾਈ ਟਿਕਟ ਆਦਿ ਸਾਰਾ ਖਰਚਾ ਕਰਨਾ ਮਨ ਲਿਆ। ਅਨੰਦਕਾਰਜ ਗੁਰਦੁਆਰਾ ਸਾਹਿਬ ਵਿਚ ਹੋ ਗਿਆ।ਕੁਝ ਮਹੀਨਿਆਂ ਬਾਅਦ ਵੀਜ਼ਾ ਲੱਗ ਗਿਆ ਅਤੇ ਪੇਪਰ ਵੀ ਆ ਗਏ। ਨਰਸ ਨੇ ਕੁਝ ਦਿਨਾਂ ਬਾਅਦ ਕਤਰ ਲਈ ਫਲਾਈਟ ਲੈ ਲਈ। ਉਸ ਨੂੰ ਦੱਸਿਆ ਗਿਆ ਸੀ ਕਿ ਮੁਸਲਿਮ ਦੇਸ਼ਾਂ ਵਿਚ ਨਰਸਾਂ ਦੀ ਬਹੁਤ ਡਿਮਾਂਡ ਹੁੰਦੀ ਹੈ।

ਅੱਗੇ ਉਸ ਨਾਲ ਬੜੀ ਵੱਡੀ ਧੋਖਾਧੜੀ ਹੋ ਗਈ। ਜੋ ਨਵੀਂ ਨਹੀਂ ਸੀ ਕਿਉਂਕਿ ਵਿਦੇਸ਼ੀ ਲਾੜੇ ਗਰੀਬ ਤੇ ਲੋੜਵੰਦ ਮਾਪਿਆਂ ਨੂੰ ਕਈ ਤਰਾਂ ਦੇ ਲਾਲਚ ਦੇ ਭਰਮਾ ਲੈਂਦੇ ਹਨ। ਉਹਦਾ ਘਰਵਾਲਾ ਪਹਿਲਾਂ ਹੀ ਵਿਆਹਿਆ ਸੀ ਅਤੇ ਆਪਣੀ ਪਹਿਲੀ ਪਤਨੀ ਅਤੇ ਦੋ ਬੱਚਿਆਂ ਨਾਲ ਰਹਿੰਦਾ ਸੀ। ਖੈਰ ਉਸ ਲਈ ਉਪਰਲੀ ਮੰਜ਼ਲ ਦੇ ਦੋ ਕਮਰੇ, ਕਿਚਨ ਤੇ ਅਟੈਚਡ ਬਾਥਰੂਮ ਦੇ ਦਿੱਤੇ।ਕੁਝ ਦਿਨ ਹਸਪਤਾਲਾਂ ਦੇ ਚੱਕਰ ਲਵਾਏ ਪਰ ਕਿਧਰੇ ਵੀ ਨਰਸ ਨੂੰ ਨੌਕਰੀ ਨਾਂ ਮਿਲੀ। ਫਿਰ ਜੌਬ ਦੇ ਨਾਂ 'ਤੇ ਉਸ ਨੂੰ ਪੀਜ਼ਾ ਡਲਿਵਰੀ ਲਈ ਰਸਤਿਆਂ ਅਤੇ ਪੀਜ਼ੇ ਸਪਲਾਈ ਕਰਨ ਵਾਲਿਆਂ ਦੇ ਫਲੈਟਾਂ 'ਤੇ ਜਾਣੂ ਕਰਵਾ ਕੇ ਨੌਕਰੀ ਸ਼ੁਰੂ ਕਰਵਾ ਦਿੱਤੀ। ਉਹ ਸਾਲ ਭਰ ਨਰਸ ਤੋਂ ਪੀਜ਼ਾ ਡਲਿਵਰੀ ਦੀ ਆੜ ਹੇਠ ਨਸ਼ੀਲੇ ਪਦਾਰਥਾਂ ਦਾ ਧੰਦਾ ਕਰਵਾਉਂਦੇ ਰਹੇ ਪਰ ਇਕ ਦਿਨ ਮੁਖਬਰੀ ਅਤੇ ਸ਼ੱਕ ਦੇ ਅਦਾਰ 'ਤੇ ਪੁਲੀਸ ਦੀ ਗ੍ਰਿਫ਼ਤ ਵਿਚ ਆ ਗਈ। ਤਲਾਸ਼ੀ ਦੌਰਾਨ ਪੀਜ਼ੇ ਦੇ ਪੈਕ ਦੀ ਹੇਠਲੀ ਤਹਿ ਵਿਚ ਛੁਪਾਏ ਨਸ਼ੇ ਦੇ ਪੈਕਟ ਫੜੇ ਗਏ।ਫਿਰ ਪੁਲਿਸ ਨੇ ਉਨ੍ਹਾਂ ਦੇ ਘਰ ਰੇਡ ਮਾਰੀ ਤਾਂ ਨਸ਼ੀਲੇ ਪਦਾਰਥ ਦਾ ਜ਼ਖੀਰਾ ਅਤੇ ਵੱਡੀ ਮਾਤਰਾ ਵਿਚ ਡਰੱਗ ਮਨੀ ਬਰਾਮਦ ਹੋ ਗਈ। ਮੁਸਲਿਮ ਦੇਸ਼ ਕਤਰ ਦੇ ਸ਼ਰੀਅਤ (ਸਖਤ ਕਾਨੂੰਨ) ਦੇ ਤਹਿਤ ਨਰਸ ਨੂੰ ਸਜਾ ਹੋ ਗਈ। ਉਸ ਦੇ ਵਿਖਾਏ ਦਸਤਾਵੇਜ਼ ਵੀ ਜਾਅਲੀ ਸਨ। ਸੋ ਉਸਨੂੰ ਡਿਪੋਰਟ ਕਰ ਦਿੱਤਾ। ਸਾਲ ਕੁ ਬਾਅਦ ਉਸ ਨੂੰ ਐਸ ਸੀ ਕੋਟੇ ਵਿਚੋਂ ਨਰਸ ਦੀ ਸਰਕਾਰੀ ਨੌਕਰੀ ਮਿਲ ਗਈ ਅਤੇ ਉਹ ਇਸ ਸਰਹੱਦੀ ਖਿੱਤੇ ਦੇ ਹਸਪਤਾਲ ਵਿਚ ਆ ਲੱਗੀ।

> **ਡਾਕਟਰ ਨੇ ਆਪਣੇ ਵਿਦੇਸ਼ੀ ਰਿਸ਼ਤੇਦਾਰ ਨੂੰ ਸੱਦ ਲਿਆ। ਵਿਦੇਸ਼ ਤੋਂ ਵਿਆਹ ਕਰਵਾਉਣ ਆਉਣ ਵਾਲਾ ਪੱਕੀ ਉਮਰ ਦਾ ਸੀ ਪਰ ਫਿਰ ਵੀ ਨਰਸ ਦੇ ਮਾਪੇ ਮਨ ਗਏ। ਸਹੁਰਿਆਂ ਵੱਲੋਂ ਸ਼ਾਦੀ ਵਿਆਹ ਦਾ, ਵੀਜ਼ਾ ਲਵਾਉਣ, ਦਸਤਾਵੇਜ਼ ਭਿਜਵਾਉਣ ਅਤੇ ਹਵਾਈ ਟਿਕਟ ਆਦਿ ਸਾਰਾ ਖਰਚਾ ਕਰਨਾ ਮਨ ਲਿਆ। ਅਨੰਦਕਾਰਜ ਗੁਰਦੁਆਰਾ ਸਾਹਿਬ ਵਿਚ ਹੋ ਗਿਆ।ਕੁਝ ਮਹੀਨਿਆਂ ਬਾਅਦ ਵੀਜ਼ਾ ਲੱਗ ਗਿਆ ਅਤੇ ਪੇਪਰ ਵੀ ਆ ਗਏ। ਨਰਸ ਨੇ ਕੁਝ ਦਿਨਾਂ ਬਾਅਦ ਕਤਰ ਲਈ ਫਲਾਈਟ ਲੈ ਲਈ।**

ਆਸ਼ਾ ਵਰਕਰ ਕ੍ਰਿਸ਼ਨਾ ਕੁਮਾਰੀ ਦੀ ਆਪਣੀ ਵੀ ਪੀੜਾ ਭਰੀ ਕਹਾਣੀ ਹੈ। ਉਸ ਦਾ ਏ. ਐਨ. ਐਮ. ਬਣਨ ਦਾ ਸੁਪਨਾ ਸੀ ਪਰ ਉਸ ਦੇ ਪ੍ਰੀ ਟ੍ਰੇਨਿੰਗ ਕੋਰਸ ਵਿਚੋਂ ਘੱਟ ਨੰਬਰ ਆਉਣ ਕਰਕੇ ਉਹ ਏ.ਐਨ.ਐਮ. ਨਾਂ ਬਣ ਸਕੀ ਪਰ ਕਿਸੇ ਸਿਆਸੀ ਚੌਧਰੀ ਦੀ ਸਿਫਾਰਸ਼ ਨਾਲ ਆਸ਼ਾ ਵਰਕਰ ਬਣ ਗਈ। ਫਿਰ ਉਸ ਦੀ ਕੰਮ ਪ੍ਰਤੀ ਲਗਨ ਤੇ ਇਮਾਨਦਾਰ ਵੇਖ ਐਸ. ਐਮ. ਓ. ਨੇ ਉਸ ਨੂੰ ਰਹਿਣ ਲਈ ਹਸਪਤਾਲ ਵਿਚ ਕੁਆਰਟਰ ਅਲਾਟ ਕਰ ਦਿੱਤਾ। ਉਹ ਆਪਣੇ ਪਰਿਵਾਰ ਨੂੰ ਵੀ ਲੈ ਆਈ। ਰਾਤ ਦਿਨ ਹਸਪਤਾਲ ਵਿਚ ਹਾਜ਼ਰ ਰਹਿੰਦੀ ਹੈ। ਅੱਧੀ ਕੁ ਰਾਤ ਨੂੰ ਵਾਰਡ ਵਿਚ ਰੌਲਾ ਪੈ ਗਿਆਂ। ਅਸਲ ਵਿਚ ਨਸ਼ੇ ਦਾ ਨਾੜ 'ਚ ਟੀਕਾ ਲਾਉਣ ਕਾਰਨ ਓਵਰਡੋਜ਼ ਹੋ ਬੇਹੋਸ਼ ਹੋਏ ਨਸ਼ਈ ਨੂੰ ਉਸ ਦੇ ਘਰ ਦੇ ਹਸਪਤਾਲ ਲਿਆਏ ਸਨ। ਉਨ੍ਹਾਂ ਸੁੱਤੀ ਨਰਸ ਨੂੰ ਉਠਾਇਆ। ਉਸ ਨਾਂ, ਪਤਾ, ਪਿੰਡ ਤੇ ਪਿਓ ਦਾ ਨਾਂ ਰਜਿਸਟਰ 'ਤੇ ਚਾੜ੍ਹ ਕੇ ਉ ਸਦੀ ਪਰਚੀ 'ਤੇ ਟੀਕਾ ਦਵਾਈ ਲਿਖ ਦਿੱਤੀ ਜੋ ਉਸ ਦੇ ਵਾਰਸ ਸਟੋਰ ਤੋਂ ਲੈ ਆਏ।ਆਸ਼ਾ ਵਰਕਰ ਨੇ ਟੀਕਾ ਲਾ ਦਿੱਤਾ।

ਸ਼ਵੇਰੇ ਜਦੋਂ ਗੁਰਦੁਆਰਾ ਸਾਹਿਬ ਦਾ ਸੇਵਾਦਾਰ ਚਾਹ ਤੇ ਮਿੱਠੇ ਪ੍ਰਸ਼ਾਦੇ ਵਤਾਉਣ ਆਇਆ ਤਾਂ ਨਸ਼ਈ ਨੂੰ ਨੀਲਾ ਹੋਇਆ ਤੇ ਆਕੜਿਆ ਉਹ ਵੇਖ ਆਸ਼ਾ ਵਰਕਰ ਨੂੰ ਸਦ ਲਿਆਇਆ। ਉਸ ਦੇ ਘਰ ਵਾਲਿਆਂ ਨੂੰ ਸੂਚਿਤ ਕੀਤਾ। ਪਰ ਉਨ੍ਹਾਂ ਕੋਈ ਜਵਾਬ ਨਾਂ ਦਿੱਤਾ। ਬਾਪੂ ਵੀ ਚਰੋਕਣਾ ਜਾਗਦਾ ਸੀ। ਗਿਆਰਾਂ ਕੁ ਵਜੇ ਮਰ ਗਏ ਨਸ਼ਈ ਦੇ ਘਰਦੇ, ਪਿੰਡ ਤੇ ਬਿਰਾਦਰੀ ਵਾਲੇ ਅਤੇ ਨਸ਼ੇ 'ਚ ਗਰਕ ਹੋਏ ਨੌਜਵਾਨਾਂ ਦੇ ਮਾਪਿਆਂ ਨੇ ਪਹਿਲਾਂ ਹਸਪਤਾਲ ਦੇ ਵਾਰਡ ਬਾਹਰ ਹੰਗਾਮਾ ਕੀਤਾ ਅਤੇ ਫਿਰ ਸੜਕ ਉਤੇ ਧਰਨਾ ਦੇ ਜਾਮ ਲਾ ਦਿੱਤਾ। ਧਰਨਾਕਾਰੀ ਰਾਤ ਦੀ ਡਿਊਟੀ ਤੋਂ ਗੈਰ ਹਾਜ਼ਰ ਰਹਿਣ ਵਾਲੇ ਡਾਕਟਰ ਦੀ ਮੁਅਤਲੀ ਤੇ ਵਿਭਾਗੀ ਕਾਰਵਾਈ ਮੰਗ ਕਰ ਰਹੇ ਸਨ। ਆਉਣ ਜਾਣ ਵਾਲੇ ਲੋਕ ਪ੍ਰੇਸ਼ਾਨ ਸਨ। ਪੁਲੀਸ ਆ ਗਈ ਸੀ ਤੇ ਧਰਨਾਕਾਰੀਆਂ ਦੀ ਨਾਅਰੇਬਾਜ਼ੀ ਜਾਰੀ ਸੀ।

ਘੰਟੇ ਕੁ ਬਾਅਦ ਐਸ. ਡੀ. ਐਮ., ਡੀ. ਐਸ. ਪੀ., ਐਸ. ਐਮ. ਓ. ਆ ਗਏ। ਉਨ੍ਹਾਂ ਮੁਜ਼ਾਹਰਾ ਕਾਰੀਆਂ ਨਾਲ ਗੱਲਬਾਤ ਕਰਕੇ ਧਰਨਾ ਚੁਕਵਾਇਆ। ਡਾਕਟਰ ਦੀ ਬਦਲੀ ਤੇ ਮੁਅਤਲੀ ਅਤੇ ਉਸ ਵਿਰੁੱਧ ਵਿਭਾਗੀ ਕਾਰਵਾਈ ਕਰਵਾਉਣ ਦੀ ਮੰਗ ਮਨ ਲਈ ਗਈ ਸੀ। ਨਸ਼ਈ ਦੀ ਲਾਸ਼ ਪੁਲਿਸ ਨੇ ਪੋਸਟ ਮਾਰਟਮ ਲਈ ਭੇਜ ਦਿੱਤੀ ਸੀ।

ਹਸਪਤਾਲ ਦਾ ਮਾਹੌਲ ਸ਼ਾਂਤ ਹੋਣ 'ਤੇ ਮਰੀਜ਼ ਬਾਪੂ ਦਾ ਬੇਟਾ ਉਸਦੀ ਈ.ਸੀ.ਜੀ. ਕਰਵਾਉਣ ਲਈ ਇਕ ਨਿੱਜੀ ਹਸਪਤਾਲ ਲੈ ਗਿਆ। ਅੱਧੇ ਕੁ ਘੰਟੇ ਬਾਅਦ ਈ.ਸੀ.ਜੀ. ਹੋ ਗਈ ਅਤੇ ਰਿਪੋਰਟ ਲੈ ਉਹ ਵਾਰਡ ਵਿਚ ਆ ਗਏ। ਉਨ੍ਹਾਂ ਦੀ ਖ਼ੁਸ਼ਕਿਸਮਤੀ ਨੂੰ ਅੱਜ ਡੈਪੂਟੇਸ਼ਨ 'ਤੇ ਗਏ ਡਾ: ਤਜਿੰਦਰ ਸਿੰਘ ਗਿੱਲ ਐਮ. ਡੀ. ਹਾਜ਼ਰ ਹੋ ਗਏ ਸਨ। ਦਿਲ ਰੋਗਾਂ ਦੇ ਮਾਹਰ ਡਾ: ਗਿੱਲ ਨੇ ਬਾਪੂ ਦੀ ਈ.ਸੀ.ਜੀ. ਦੀ ਜਾਂਚ ਕਰਨ ਤੋਂ ਬਾਅਦ ਹਸਪਤਾਲ ਦੀ ਪਰਚੀ 'ਤੇ ਦਵਾਈਆਂ ਲਿਖ ਦਿੱਤੀਆਂ ਜਿਨ੍ਹਾਂ ਵਿਚ ਦਿਲ ਦੀ ਧੜਕਣ ਤੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ, ਪ੍ਰੇਸ਼ਾਨੀ ਵੇਲੇ ਖਾਣ ਵਾਲੀ ਗੋਲੀ ਵੀ ਸ਼ਾਮਲ ਸੀ। ਡਾ: ਗਿੱਲ ਨੇ ਮਰੀਜ਼ ਨੂੰ ਬਿਨਾਂ ਕਿਸੇ ਚਿੰਤਾ ਜਾਂ ਤਣਾਅ ਦੇ ਮੁਕੰਮਲ ਰੈਸਟ ਕਰਨ, ਥੰਦਿਆਈ ਵਾਲੇ ਖਾਧ ਪਦਾਰਥ ਮੱਖਣ, ਘਿਓ, ਮੀਟ ਬਿਲਕੁਲ ਬੰਦ ਕਰਨ, ਮਲਾਈ ਤੋਂ ਬਿਨਾਂ ਦੁੱਧ, ਦਹੀਂ, ਫਲ, ਹਰੀਆਂ ਸਬਜ਼ੀਆਂ, ਸਲਾਦ ਅਤੇ ਇਕ ਕਟੋਰੀ ਦਾਲ ਖਾਣ ਦੀ ਡਾਕਟਰੀ ਹਦਾਇਤ ਦਿੱਤੀ। ਪਰ ਬਾਪੂ ਸਾਹਮਣੇ, ਪਸ਼ੂਆਂ ਦੀ ਸਾਂਭ ਸੰਭਾਲ, ਘਰੇਲੂ ਕੰਮ ਦੇ ਬੋਝ ਦੀ ਹੋਣੀ ਸਾਹਮਣੇ ਖੜੀ ਸੀ।

ਕਸ਼ਮੀਰ ਸਿੰਘ ਮੇਰਾ ਹੁਣ ਗਰਾਈਂ, ਹਮ ਉਮਰ, ਦੁੱਖ ਸੁੱਖ ਦਾ ਸਾਂਝੀ, ਸਵੇਰ ਦੀ ਸੈਰ ਦਾ ਸਾਥੀ ਸੀ। ਸਾਡੀ ਦੋਸਤੀ ਦਾ ਚੰਗਾ ਪੱਖ ਇਹ ਵੀ ਸੀ ਕਿ ਸਾਡੇ ਪਰਿਵਾਰਾਂ ਵਿਚ ਆਪਸੀ ਮਿਲਵਰਤਣ ਸੀ। ਮੈਂ ਉਸ ਦੇ ਅਤੀਤ ਦਾ ਹੀ ਨਹੀਂ ਸਗੋਂ ਚੰਗੇ ਜੀਵਨ ਲਈ ਕੀਤੇ ਸੰਘਰਸ਼ ਤੋਂ ਵੀ ਜਾਣੂੰ ਸੀ। ਇਥੇ ਸਰਦਾਰਾਂ ਦੇ ਪਿੰਡ ਰਿਹਾਇਸ਼ ਲਿਆਉਣ ਤੋਂ ਪਹਿਲਾਂ ਉਹ ਇਥੋਂ ਪੰਜ ਕੁ ਕਿਲੋਮੀਟਰ ਪਿੱਛੇ ਪਿੰਡ ਤੋਂ ਸੀ। ਉਹ ਇਕ ਸਧਾਰਨ ਗਰੀਬ ਕਿਸਾਨ ਦਾ ਪੁੱਤਰ ਸੀ ਜਿਸਦੀ ਇਕ ਹਲ ਦੀ ਵਾਹੀ ਸੀ। ਉਸਦਾ ਇਕ ਛੋਟਾ ਭਰਾ ਤੇ ਦੋ ਭੈਣਾਂ ਸਨ। ਉਨ੍ਹਾਂ ਦਾ ਸਾਂਝਾ ਖੂਹ ਸਾਰੀ ਰਾਤ ਵੱਗਦਾ ਰਹਿਣ ਦੇ ਬਾਵਜੂਦ ਦੋ ਤਿੰਨ ਕਿਆਰੇ ਹੀ ਭਰਦਾ ਸੀ। ਉਹਦੇ ਬਾਪੂ ਦੇ ਹਲ ਵਾਹੁੰਦਿਆਂ ਕਦੇ ਹੇਠਲਾ ਮਾੜਾ ਢੱਗਾ ਮਤਾੜਿਆ ਜਾਂਦਾ ਅਤੇ ਕਦੇ ਦੂਸਰਾ ਬਹਿ ਜਾਂਦਾ। ਕਦੀ ਪਸ਼ੂ ਜਿਆਦਾ ਹਰਾ ਛਟਾਲਾ ਖਾਣ ਕਰਕੇ ਮੋਕ ਮਾਰਨ ਅਤੇ ਕਦੇ ਕੋਈ ਆਫਰ ਜਾਂਦਾ ਜਿਸਦੀ ਸੂਆ ਮਾਰ ਕੇ ਫੂਕ ਕੱਢਣੀ ਪੈਂਦੀ ਸੀ। ਕਦੀ ਖੂਹ ਦੀ ਮਾਹਲ ਤਰ ਪੈਂਦੀ ਅਤੇ ਕਦੇ ਕੋਈ ਟਿੰਡ ਪਾਟ ਜਾਂਦੀ। ਮਸਾਂ ਹਾੜੀ ਸਾਉਣੀ ਖਾਣ ਜੋਗੇ ਦਾਣੇ ਆਉਂਦੇ ਬਾਕੀ ਖਰਚਾ ਦੋਧੀ ਨੂੰ ਦੁੱਧ ਪਾਉਣ ਤੋਂ ਨਿਕਲਦਾ ਸੀ ਕਿਉਂਕਿ ਬਾਪੂ ਨੂੰ ਦੋ ਤਿੰਨ ਦੁਧਾਰੂ ਦੁੱਧ ਰੱਖਣ ਦਾ ਸ਼ੌਕ ਸੀ ਅਤੇ ਉਹਨਾਂ ਸਮਿਆਂ ਵਿਚ ਚਰਾਂਦਾਂ ਵੀ ਵਾਧੂ ਹੁੰਦੀਆਂ ਸਨ। ਉਹਦੇ ਬਾਪੂ ਲਈ ਵਾਹੀ ਜੀਅ ਦਾ ਜੰਜਾਲ ਬਣੀ ਹੋਈ ਸੀ ਪਰ ਹੋਰ ਕੋਈ ਚਾਰਾ ਵੀ ਨਹੀਂ ਸੀ। ਉਹ ਕਿਧਰੇ 'ਭਾਦੋਂ ਦੇ ਮਹੀਨੇ ਜੱਟ ਸਾਧ ਹੋ ਗਿਆ' ਵਾਂਗ ਸੰਨਿਆਸ ਵੀ ਨਹੀਂ ਸੀ ਲੈ ਸਕਦਾ ਅਤੇ ਨਾਂ ਹੀ ਘਰ, ਬਾਗ ਪਰਿਵਾਰ ਛੱਡ ਸਕਦਾ ਸੀ। ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਤੰਗੀਆਂ ਤੁਰਸ਼ੀਆਂ ਉਨ੍ਹਾਂ ਦੇ ਪਰਿਵਾਰ ਦਾ ਨਸੀਬਾ ਬਣ ਚੁੱਕੀਆਂ ਸਨ।

ਉਸਦੇ ਬਾਪੂ ਨੇ ਕਸ਼ਮੀਰੇ ਨੂੰ ਤੱਪੜਾਂ ਵਾਲੇ ਸਕੂਲ ਵਿਚ ਪੜ੍ਹਨੇ ਪਾ ਦਿੱਤਾ। ਪਿੰਡ ਦਾ ਹੀ ਮਾਸਟਰ ਸੀ। ਜੋ ਮਾਰਨ ਲੱਗਾ ਕਿਸੇ ਬੱਚੇ ਦਾ ਲਿਹਾਜ਼ ਨਹੀਂ ਸੀ ਕਰਦਾ ਜਿਸ ਕਰਕੇ ਕਸ਼ਮੀਰੇ ਵਾਂਗ ਬਹੁਤੇ ਬੱਚੇ ਸਕੂਲੋਂ ਦੌੜ ਜਾਂਦੇ ਸਨ। ਕਈ ਵਾਰ ਉਹਦਾ ਬਾਪੂ ਛੁੱਟੀ ਦਵਾ ਕੇ ਡੰਗਰ ਚਾਰਨ ਲਾ ਦਿੰਦਾ। ਉਹ ਰਿੜ ਖਿੜ ਕੇ ਚਾਰ ਜਮਾਤਾਂ ਤੱਕ ਹੀ ਪੜ੍ਹ ਸਕਿਆ ਪਰ ਪਿਛੇ ਦਿਨਾਂ ਅਤੇ ਦੇਵਤਾ ਸਰੂਪ ਮਾਸਟਰ ਜੀ ਦੀ ਵੱਲੋਂ ਕਰਵਾਈ ਪੜ੍ਹਾਈ ਦੀ ਬਦੌਲਤ ਉਹ ਲਿਖ ਪੜ੍ਹ ਸਕਦਾ ਸੀ। ਕਸ਼ਮੀਰ ਦੇ ਪਿੰਡ ਨੇੜੇ ਪਹਿਲੀ ਪਾਤਸ਼ਾਹੀ ਬਾਬੇ ਨਾਨਕ ਜੀ

(ਬਾਕੀ ਅਗਲੇ ਸਫੇ 'ਤੇ)

ਦੀ ਚਰਨ ਛੂਹ ਇਤਿਹਾਸਕ ਗੁਰੂਦੁਆਰਾ ਸੁਸ਼ੋਭਿਤ ਸੀ ਜਿਥੇ ਮੱਸਿਆਂ ਲੱਗਦੀ ਸੀ। ਲੋਕ ਸਰੋਵਰ ਵਿਚ ਇਸ਼ਨਾਨ ਕਰ ਮੱਥਾ ਟੇਕਦੇ ਅਤੇ ਦੀਵਾਨ ਸੁਣਦੇ ਸਨ। ਦੀਵਾਨ ਹਾਲ ਦੇ ਬਾਹਰ ਲੰਗਰ ਹਾਲ ਵਿਚ ਲੰਗਰ ਵਰਤਦਾ ਸੀ। ਬਾਹਰ ਮੁਨਿਆਰੀ ਦੀਆਂ ਦੁਕਾਨਾਂ ਲੱਗਦੀਆਂ ਸਨ ਜਿਥੋ ਕਸ਼ਮੀਰਾ ਪੂਰਨ ਭਗਤ, ਸਸੀ ਪੰਨੂ, ਹੀਰ ਰਾਝਾਂ, ਸ਼ੀਰੀ ਫਰਿਹਾਦ, ਜੂਸਫ ਜ਼ੁਲੈਖਾ ਅਤੇ ਸੋਹਣੀ ਮਹੀਂਵਾਲ ਆਦਿ ਕਿੱਸੇ ਖ਼ੀਦਦਾ ਸੀ। ਉਹ ਨਹਿਰ 'ਤੇ ਡੰਗਰ ਚਾਰਨ ਦੌਰਾਨ ਵਾਗੀਆਂ ਨੂੰ ਹੇਕਾਂ ਲਾ ਲਾ ਕਿੱਸੇ ਪੜ੍ਹ ਕੇ ਸੁਣਾਉਂਦਾ ਸੀ।

ਕਸ਼ਮੀਰ ਸਿੰਘ ਨੇ ਵੀ ਜਵਾਨ ਹੁੰਦਿਆਂ ਘਰ ਦੇ ਗੁਜਾਰੇ ਬਾਰੇ ਸੋਚਦਿਆਂ ਨੇੜਲੇ ਕਸਬੇ ਜਾਂ ਸ਼ਹਿਰ ਕੰਮ ਦੀ ਭਾਲ ਬਾਰੇ ਵਿਚਾਰਨ ਲੱਗਾ ਸੀ। ਉਹ ਸੋਚਦਾ ਸੀ ਕਿ ਛੋਟੀ ਕਿਸਾਨੀ ਅਤੇ ਮਾੜੀ ਵਾਹੀ ਨਾਲ ਘਰ ਦਾ ਡੰਗ ਨਹੀਂ ਟੱਪਾ ਸਕਦਾ। ਉਸਦੇ ਪਿੰਡ ਦਾ ਮਹਿਰੇ ਸਿੰਘਾਂ ਦਾ ਲੜਕਾ ਇਥੋਂ ਪੰਜ ਕੁ ਕਿਲੋਮੀਟਰ ਸਰਹੱਦ ਨੇੜੇ ਇਕ ਪਿੰਡ ਦੀ ਪ੍ਰਿੰਟਿੰਗ ਪ੍ਰੈਸ ਵਿਚ ਕੰਮ ਕਰਦਾ ਦੀ। ਹਿੰਦ ਪਕਿ ਬਟਵਾਰੇ ਤੋਂ ਕਈ ਸਾਲ ਪਹਿਲਾਂ ਸਰਦਾਰ ਦੇ ਵੱਡੇ ਵਡੇਰੇ ਨੇ ਇਸ ਮਾਡਲ ਪਿੰਡ ਦੀ ਮੋੜ੍ਹੀ ਗੱਡੀ ਸੀ। ਉਸਨੇ ਨਿੱਕੇ ਨਿੱਕੇ ਤੀਹ ਕੁ ਸਸਤੇ ਮਕਾਨ ਬਣਵਾਏ ਸਨ। ਜਿਹੜੇ ਆਸ ਪਾਸ ਦੇ ਪਿੰਡਾਂ ਦੇ ਕਾਰੀਗਰ, ਕਿਸੇ ਹੁਨਰ ਦੇ ਮਾਲਕ ਅਤੇ ਚੰਗੀ ਜਿੰਦਗੀ ਦੇ ਚਾਹਵਾਨ ਲੋਕਾਂ ਨੂੰ ਇਹ ਮਕਾਨ ਅਸਾਨ ਕਿਸ਼ਤਾਂ 'ਤੇ ਦਿੱਤੇ ਸਨ। ਪਰ ਸਰਦਾਰ ਦਾ ਸੁਪਨਾ, ਇਹ ਵਿਲੱਖਣ ਜਿਹਾ ਪਿੰਡ ਸੰਤਾਲੀ ਦੀ ਫਿਰਕੂ ਵੰਡ ਦੀ ਭੇਟ ਚੜ੍ਹ ਗਿਆ। ਭਾਵ ਉੱਜੜ ਗਿਆ। ਕੁਝ ਕਾਮੇ ਪਾਕਿਸਤਾਨ ਚਲੇ ਗਏ ਅਤੇ ਕੁਝ ਹੋਰ ਸ਼ਹਿਰਾਂ ਵਿਚ ਜਾਣ ਲਈ ਮਜਬੂਰ ਹੋ ਗਏ। ਜਿਥੇ ਸਰਦਾਰ ਨੇ ਤਖਾਣਾ, ਜੁੱਤੀਆਂ ਬਣਾਉਣ, ਮੋਚੀ, ਧੋਬੀ, ਹੱਥ ਖੱਡੀਆਂ, ਦਰੀਆਂ ਖੇਸ ਬੁਣਨ ਅਦਿ ਕਈ ਕੰਮ ਖੋਹਲੇ ਸਨ। ਇਕ ਛਾਪਾਖਾਨਾ ਵੀ ਚਲਦਾ ਸੀ। ਜਿਥੇ ਨੇੜਲੇ ਕਸਬੇ ਅਤੇ ਕਦੀ ਕਦੀ ਸ਼ਹਿਰ ਦੀ ਕਿਸੇ ਪ੍ਰੈਸ ਦਾ ਕਮਰਸ਼ਲ ਕੰਮ ਆ ਜਾਂਦਾ ਸੀ। ਸਰਦਾਰ ਦੀ ਪ੍ਰੈਸ ਵਿਚ ਰਸੀਦ ਬੁੱਕਾਂ, ਸਿੱਖਿਆ ਸਿਹਰੇ, ਸ਼ਾਦੀ ਕਾਰਡ ਆਦਿ ਛਪਦੇ ਸਨ। ਸਰਦਾਰ ਦੀ ਪ੍ਰੈਸ ਵਿਚ ਇਕ ਕੰਪੋਜੀਟਰ, ਇਕ ਮਸ਼ੀਨਮੈਨ ਅਤੇ ਇਕ ਸ਼ਹਿਰ ਤੋਂ ਕਦੀ ਕਦੀ ਜਿਲਦਾਂ ਵਾਲਾ (ਬਾਈਂਡਰ) ਆਉਂਦਾ ਸੀ। ਸਰਦਾਰ ਨੇ ਬੀਰ੍ਹੇ ਨੂੰ ਕੋਈ ਸਿਖਾਦਰੂ ਲਿਆਂਉਣ ਲਈ ਕਿਹਾ ਸੀ। ਉਹ ਪਿੰਡ ਦੇ ਲੋੜਵੰਦ ਅਤੇ ਕੁਝ ਸਿੱਖਣ ਦੇ ਇਛੁੱਕ ਕਸ਼ਮੀਰ ਨੂੰ ਲੈ ਆਇਆ। ਪ੍ਰੈਸ ਦਾ ਦੂਸਰੀ ਪੀੜੀ ਦਾ ਮਾਲਕ ਛੋਟਾ ਸਰਦਾਰ ਬੜਾ ਨੇਕਦਿਲ ਤੇ ਚੰਗਾ ਇਨਸਾਨ ਸੀ। ਉਸ ਕਸ਼ਮੀਰ ਨੂੰ ਰੱਖ ਲਿਆ। ਸਿੱਖਣ ਦੇ ਸਾਰੇ ਅਰਸੇ ਦੌਰਾਨ ਵਜੀਫਾ ਅਤੇ ਸਿੱਖਲਾਈ ਯਾਫਤਾ ਹੋਣ ਉਪਰੰਤ ਪੂਰੀ ਤਨਖਾਹ ਦੇਣ ਦਾ ਭਰੋਸਾ ਦਿੱਤਾ। ਪ੍ਰੈਸ ਸਵੇਰ ਅੱਠ ਵਜੇ ਤੋਂ ਪੰਜ ਵਜੇ ਤੱਕ ਕੰਮ ਕਰਦਾ ਸੀ ਅਤੇ ਸੋਮਵਾਰ ਅਤੇ ਦਿਨ ਤਿਓਹਾਰ ਨੂੰ ਛੁੱਟੀ ਹੁੰਦੀ ਸੀ।

ਕਸ਼ਮੀਰ ਬੀ੍ਰੇ ਤੋਂ ਕੰਮ ਸਿੱਖਣ ਲੱਗਾ। ਕਸ਼ਮੀਰ ਨੇ ਬੜੀ ਅਪਣੱਤ ਨਾਲ ਪਹਿਲਾਂ ਅੱਖਰਾਂ ਦੀ ਪਛਾਣ ਲਗਾਂ ਮਾਤਰਾਂ, ਸਿਹਾਰੀਆਂ, ਬਿਹਾਰੀਆਂ, ਬਿੰਦੀਆਂ ਕੰਨੇ ਅਤੇ ਅੱਧਕ ਆਦਿ ਬਾਰੇ ਪੜ੍ਹਾਇਆ। ਮਗਰੋਂ ਖਾਨਿਆਂ ਵਿਚੋਂ ਢਾਲੇ ਸਿੱਕੇ ਦੇ ਅੱਖਰ ਚੁੱਕਣੇ ਸਿਖਾਏ ਫਿਰ ਚੱਪਟੀ 'ਤੇ ਰੱਖਣੇ ਦੱਸੇ। ਸਿੱਖਣ ਦੀ ਗੰਭੀਰ ਜਗਿਆਸਾ ਕਰਕੇ ਕਸ਼ਮੀਰ ਛੇਤੀ ਹੀ ਸਿੱਖ ਗਿਆ। ਮਾਲਕ ਨੇ ਵਾਇਦੇ ਅਨੁਸਾਰ ਪੂਰੀ ਤਨਖਾਹ ਲਾ ਦਿੱਤੀ। ਛੁੱਟੀ ਤੋਂ ਬਾਅਦ ਦੋਵੇਂ ਕਾਮੇ ਸ਼ਹਿਰ ਕਿਸੇ ਪ੍ਰੈਸ ਓਵਰ ਟਾਈਮ ਵੀ ਲਾ ਆਓਂਦੇ। ਉਹ ਰੋਟੀ ਪਾਣੀ ਖਾ ਸਾਈਕਲਾਂ 'ਤੇ ਸ਼ਹਿਰ ਚਲੇ ਜਾਂਦੇ। ਰਾਤ ਕੰਮ ਕਰਦੇ ਅਤੇ ਪ੍ਰੈਸ ਵਿਚ ਸੌਂ ਜਾਂਦੇ ਅਤੇ ਸਵੇਰੇ ਵਾਪਸ ਆ ਜਾਂਦੇ ਸਨ।

ਸਰਦਾਰ ਨੇ ਕਸ਼ਮੀਰ ਸਿੰਘ ਦੀ ਕੰਮ ਪ੍ਰਤੀ ਇਮਾਨਦਾਰਾਰਨਾ ਲਗਨ, ਮਿਹਨਤ ਤੇ ਸਮਰਪਿਤ ਭਾਵਨਾ ਤੋਂ ਬਹੁਤ ਪ੍ਰਭਾਵਤ ਸੀ ਸੋ ਉਸਨੇ ਇਕ ਖਸਤਾ ਹਾਲਤ ਮਕਾਨ ਮਾਮੂਲੀ ਕਿਸ਼ਤਾਂ 'ਤੇ ਉਸਨੂੰ ਵੇਚ ਦਿੱਤਾ। ਕਸ਼ਮੀਰ ਸਿਘ ਮਾੜੀ ਮੋਟੀ ਮੁਰੰਮਤ ਬਾਅਦ ਆਪਣੇ ਛੋਟੇ ਜਿਹੇ ਪਰਿਵਾਰ ਨੂੰ ਇਥੇ ਲੈ ਆਇਆ। ਮਕਾਨ ਦੇ ਨਾਲ ਇਕ ਪਲਾਟ ਵੀ ਬੇਅਬਾਦ ਸੀ ਜਿਸਦੀ ਉਹ ਵੇਲੇ ਕਵੇਲੇ ਵਰਤੋਂ ਕਰ ਸਕਦਾ ਸੀ। ਹੁਣ ਉਸਦਾ ਆਉਣਾ ਜਾਣਾ ਸੌਖਾ ਹੋ ਗਿਆ। ਕਸ਼ਮੀਰ ਸਿੰਘ ਦੀ ਇਕੋ ਇਕ ਮਨੋ ਕਾਮਨਾ ਵਿਚ ਆਪਣੇ ਬੱਚਿਆਂ ਦੀ ਸੁਚੱਜੀ ਪ੍ਰਵਰਿਸ਼ ਤੇ ਬੇਹਤਰ ਸਿੱਖਿਆ ਸ਼ਾਮਲ ਸੀ। ਪੜ੍ਹਾਈ ਤੋਂ ਬਾਅਦ ਉਹ ਬੱਚਿਆਂ ਨੂੰ ਕੋਈ ਕੋਰਸ ਜਾਂ ਡਿਪਲੋਮਾ ਕਰਵਾ ਕੇ ਕਿਸੇ ਚੰਗੀ ਨੌਕਰੀ 'ਤੇ ਲੱਗੇ ਵੇਖਣਾ ਚਾਹੁੰਦਾ ਸੀ। ਇਸ ਇੱਛਾ ਪੂਰਤੀ ਲਈ ਉਸਨੇ ਨਾਂ ਰਾਤ ਵੇਖੀ ਨਾਂ ਦਿਨ ਸਖਤ ਮਿਹਨਤ ਮੁਸ਼ੱਕਤ ਕੀਤੀ। ਉਸ ਨੂੰ ਜੋ ਮਿਹਨਤ ਮਜ਼ਦੂਰੀ ਮਿਲਦੀ ਉਹ ਕਰ ਲੈਂਦਾ ਸੀ। ਉਹ ਛੁੱਟੀ ਵਾਲੇ ਦਿਨ ਕਿਸੇ ਮਿਸਤਰੀ ਨਾਲ ਦਿਹਾੜੀ ਵੀ ਲਾ ਆਉਂਦਾ ਸੀ। ਵਾਢੀਆਂ ਦੇ ਦਿਨਾਂ ਦੌਰਾਨ ਉਹ ਚੰਗੇ ਮਾਲਕ ਤੋਂ ਛੁੱਟੀ ਲੈ ਵਾਢੀ ਵੀ ਕਰਦਾ ਸੀ। ਉਹ ਇਕ ਦੋ ਚੰਗੀਆਂ ਦਾਤਰੀਆਂ ਤੇ ਵਾਢੀ ਵਾਲੇ ਕਪੜੇ ਅਤੇ ਰੋਟੀ ਵੀ ਨਾਲ ਲੈ ਜਾਂਦਾ ਸੀ। ਵਾਢਿਆਂ ਨੂੰ ਦੋ ਵੇਲੇ ਦੀ ਚਾਹ ਕਿਸਾਨ ਘਰੋਂ ਆ ਜਾਂਦੀ ਸੀ। ਉਹ ਹੋਰ ਵਾਢਿਆਂ ਦੇ ਬਰਾਬਰ ਵਾਢੀ ਕਰਦਾ ਸੀ। ਭਲੇ ਦਿਨ ਸਨ। ਵਾਢੇ ਮਾਲਕ ਦੀ ਗੈਰ ਹਾਜਰੀ ਦੇ ਬਾਵਜੂਦ ਸਿਰੜ ਤੇ ਜ਼ਿੱਦ ਨਾਲ ਵਾਢੀ ਕਰਦੇ ਸਨ। ਉਹ ਭਰੀਆਂ ਬੰਨ੍ਹ ਖਲਵਾੜੇ ਲਾਉਂਦੇ ਸਨ।

ਇਸੇਤਰਾਂ ਝੋਨੇ ਦੀ ਲਵਾਈ ਦੇ ਦਿਨੀਂ ਉਹ ਬੜੀ ਤਨਦੇਹੀ ਨਾਲ 'ਲਾਬ' ਭਾਵ ਝੋਨੇ ਦੀ ਪਨੀਰੀ ਮਤਲਬ ਝੋਨਾ ਲਾਉਂਦਾ ਸੀ। ਅੱਗ ਵਰ੍ਹਾਉਂਦੀ ਧੁੱਪ, ਕੱਦੂ ਕੀਤੀ ਪੈਲੀ ਦੇ ਪਾਣੀ ਦੀ ਤਪਸ਼ ਤੇ ਭੀਸ਼ਣ ਹੁੰਮਸ ਵਿਚ ਪਹਿਲਾਂ ਪਨੀਰੀ ਪੁੱਟ ਗੁੱਛੀਆਂ ਬੰਨ੍ਹਣੀਆਂ। ਫਿਰ ਕੱਦੂ 'ਚ ਲਿਆ ਖਿਲਾਰਨੀਆਂ ਅਤੇ ਝੋਨਾ ਲਾਉਣਾ ਕੋਈ ਘੱਟ ਜਾਨਲੇਵਾ ਤਾਂ ਨਹੀਂ ਹੁੰਦਾ। ਵਾਢੀਆਂ ਅਤੇ ਲਾਬਾਂ ਬਾਅਦ ਉਹ ਕੁਝ ਦਿਨ ਥਕਾਵਟ ਮਹਿਸੂਸ ਕਰਦਾ ਪਰ ਸੁਘੜ ਤੇ ਸੁਚੱਜੀ ਘਰਵਾਲੀ ਵੱਲੋਂ ਚੰਗੀ ਪੋਸ਼ਟਿਕ ਖ਼ੁਰਾਕ ਤੇ ਦਹੀਂ ਦੁੱਧ ਕਰਕੇ ਉਹ ਫਿਰ ਨੌਂਬਰ ਨੌਂ ਹੋ ਜਾਂਦਾ। ਪੁੱਤਰ ਵੀ ਹੁਣ ਸਕੂਲ ਤੋਂ ਆਕੇ ਘਰ ਦਾ ਕੰਮ ਕਰਨ ਲੱਗਾ ਸੀ। ਗਾਂ ਮੱਝ ਨੂੰ ਕੁਤਰ ਕੇ ਪੱਠੇ ਅਤੇ ਵੰਡ ਪਾ ਦਿੰਦਾ।

ਕਸ਼ਮੀਰ ਸਿੰਘ ਦੀ ਜੀਵਨ ਸਾਥਣ ਨੂੰ ਘਰ ਸਾਂਭਣਾਅਤੇ ਚਲਾਉਣਾ ਆਉਂਦਾ ਸੀ। ਉਸ ਇਕ ਫੇਰੀ ਵਾਲੇ ਤੋਂ ਕਿਸ਼ਤਾਂ 'ਤੇ ਸਿਲਾਈ ਮਸ਼ੀਨ ਲੈ ਲਈ। ਦੋਵੇਂ ਧੀਆਂ ਅੱਡੇ ਤੋਂ ਆਪਣੇ ਪਿੰਡ ਦੀ ਨੂੰਹ ਦੀ ਬੂਟੀਕ ਤੋਂ ਸਿਲਾਈ ਕਢਾਈ ਸਿੱਖਣ ਜਾਣ ਲੱਗ ਪਈਆਂ। ਕੁੜੀਆਂ ਦਿਮਾਗੀ ਤੌਰ 'ਤੇ ਜ਼ਹੀਨ, ਪੜ੍ਹੀਆਂ ਤੇ ਸਿਆਣੀਆਂ ਸਨ। ਜਿਹੜੀਆਂ ਦੋ ਕੁ ਮਹੀਨਿਆਂ ਵਿਚ ਸਿਲਾਈ ਦਾ ਕੰਮ ਸਿੱਖ ਗਈਆ। ਉਹ ਬੂਟੀਕ ਤੋਂ ਲਿਆਂਦੇ ਜਨਾਨਾਂ ਸੂਟਾਂ ਦੀ ਕਟਾਈ ਕਰਦੀਆਂ ਅਤੇ ਮਾਂ ਧੀਆਂ ਸਿਉਂ ਲੈਂਦੀਆਂ। ਉਹ ਛੋਟੇ ਬੱਚਿਆਂ ਦੀਆਂ ਊਨੀ ਕੋਟੀਅ, ਦਸਤਾਨੇ, ਟੋਪੀਆਂ ਤੇ ਜੁਰਾਬਾਂ ਬੁਣ ਲੈਂਦੀਆਂ। ਇਸ ਤਰ੍ਹਾਂ ਘਰ ਦੀ ਆਮਦਨ ਵਿਚ ਵਾਧਾ ਲਾਜ਼ਮੀ ਹਇਆ।

ਬੇਟੇ ਨੂੰ ਉਸਦੇ ਮਾਮੇ ਜਿਸਨੇ, ਪਿਛਲੀ ਵਿਧਾਨ ਸਭਾ ਚੋਣ ਵਿਚ ਇਕ ਨਵੀ ਪਾਰਟੀ ਦੇ ਐਮ ਐਲ ਏ ਲਈ ਉਮੀਦਵਾਰ ਦੇ ਚੋਣ ਪ੍ਰਚਾਰ ਲਈ ਬੜੀ ਤਨਦੇਹੀ ਨਾਲ ਦਿਨ ਰਾਤ ਇਕ ਕੀਤਾ ਸੀ ਤੇ ਓਹ ਵਿਧਾਇਕ ਅਤੇ ਨਵੀਂ ਸਰਕਾਰ ਦੇ ਗਠਨ, ਮੁਖ ਮੰਤਰੀ ਵਲੋਂ ਜਾਰੀ ਕੀਤੀ ਗਈ ਪਹਿਲੀ ਸੂਚੀ ਵਿਚ ਮਨਿਸਟਰ ਵੀ ਬਣ ਗਿਆ ਸੀ। ਜਦੋਂ ਪੁਲਿਸ ਦੀ ਭਰਤੀ ਖੁਲੀ ਤਾਂ ਉਹ ਭਾਣਜੇ ਨੂੰ ਲੈ ਮਨਿਸਟਰ ਨੂੰ ਜਾ ਮਿਲਿਆ ਅਤੇ ਉਸਦੀ ਸਿਫਾਰਸ਼ ਨਾਲ ਕੰਸਟੇਬਲ ਭਰਤੀ ਹੋ ਗਿਆ। ਉਸ ਦੀ ਵੀ ਤਨਖਾਹ ਘਰ ਆਉਣ ਲੱਗੀ। ਉਨ੍ਹਾਂ ਦੇ ਘਰ ਖੁਸ਼ਹਾਲੀ ਵਿਖਾਈ ਦੇਣ ਲੱਗੀ।

ਸਾਲ ਕੁ ਬਾਅਦ ਹੀ ਇਕ ਰਿਸ਼ਤੇਦਾਰੀ ਚੋਂ ਇਕ ਭਲੇ ਜਿਹੇ ਘਰੋਂ ਬੇਟੇ ਲਈ ਰਿਸ਼ਤਾ ਆ ਗਿਆ। ਮਹੀਨੇ ਕੁ ਬਾਅਦ ਕਸ਼ਮੀਰ ਸਿੰਘ ਨੇ ਬੜੀਆਂ ਸਾਦੀਆਂ ਜਿਹੀਆਂ ਰਸਮਾਂ ਨਲ, ਬਿਨਾਂ ਦਾਜ ਦਹੇਜ਼ ਆਪਣੀ ਨੂੰਹ ਘਰ ਲੈ ਆਂਦੀ। ਫਿਰ ਸਮੇਂ ਦੇ ਬੀਤਣ ਨਾਲ ਹੌਲੀ ਹੌਲੀ ਧੀਆਂ ਦੇ ਵਿਆਹ ਵੀ ਚੰਗੇ ਘਰੀਂ ਹੋ ਗਏ। ਉਹ ਸਹੁਰੇ ਘਰ ਸੁਖੀ ਵੱਸ ਰਹੀਆਂ ਹਨ। ਕਿਉਂਕਿ ਇਕ ਦੀ ਇਕ ਨਿੱਜੀ ਕਾਲਜ ਅਤੇ ਦੂਸਰੀ ਇਕ ਫਰਮ ਵਿਚ ਕਲਰਕ ਬਣ ਗਈਆਂ ਸੀ।

ਖ਼ੈਰ ਸਮਾਂ ਬੜਾ ਬਲਵਾਨ, ਅਮੋੜ ਤੇ ਗਤੀਸ਼ੀਲ ਹੂੰਦਾ ਹੈ। ਉਹ ਜਿਨ੍ਹਾਂ ਦੇ ਸਾਮਰਾਜ ਵਿਚ ਕਦੇ ਸੂਰਜ ਨਹੀਂ ਸੀ ਡੁੱਬਦਾ, ਉਨ੍ਹਾਂ ਰਾਜਿਆਂ ਮਹਾਰਾਜਿਆਂ, ਸਰਮਾਏਦਾਰਾਂ, ਧੰਨ ਕੁਬੇਰਾਂ ਅਤੇ ਅਸਮਾਨ ਨੂੰ ਪੌੜੀ ਲਾਉਣ ਵਾਲੇ ਖੱਬੀਖਾਨਾਂ ਦੇ ਅੜ੍ਹਿਕੇ ਡਾਹੁਣ ਦੇ ਬਾਵਜੂਦ ਸਮਾਂ ਆਪਣੀ ਚਾਲੇ ਚਲਦਾ ਰਹਿੰਦਾ ਹੈ। ਫੇਰ ਅਸੀਂ, ਤੁਸੀਂ ਹਮਾਤੜ ਸਾਥੀ ਅਤੇ ਸਾਡੀ ਕਹਾਣੀ ਦੇ ਨਾਇਕ ਕਸ਼ਮੀਰ ਸਿੰਘ ਕਿਸ ਦੇ ਪਾਣੀ ਹਾਰ ਹਾਂ। ਉਸ ਦੀ ਸ਼ਖ਼ਤ ਮਿਹਨਤ, ਮੁਸ਼ੱਕਤ ਅਤੇ ਪਰਿਵਾਰ ਲਈ ਘਾਲਣਾ ਉਪਰੰਤ ਜਦੋਂ ਸੁੱਖ਼, ਅਰਾਮ ਅਤੇ ਜੀਵਨ ਦੇ ਝਮੇੜਿਆਂ ਤੋਂ ਦੂਰ ਰਹਿਣ ਦਾ ਸਮਾਂ ਆਇਆ ਤਾਂ ਉਸ ਦੇ ਸਾਹਮਣੇ 'ਕੰਮ ਦੇ ਬੋਝ' ਦਾ ਪਹਾੜ ਖੜਾ ਸੀ। ਇਨ੍ਹਾਂ ਖ਼ੌਫਜ਼ਦਾ ਹਾਲਾਤਾਂ, ਢਲਦੇ ਪਰਛਾਵੇਂ ਯਾਨੀ ਕਿ ਉਮਰ ਦੇ ਇਸ ਆਖ਼ਰੀ ਪੜਾਅ 'ਦਿਨ ਢਲੇ' ਦਾ ਬੇਰਹਿਮ ਵਕਤ ਉਹ ਕਿਵੇਂ ਗੁਜ਼ਾਰੇਗਾ! ਇਹ ਚਿੰਤਾ ਉਸ ਨੂੰ ਖਾ ਰਹੀ ਸੀ।

-ਪ੍ਰੀਤ ਨਗਰ ਚੋਗਾਵਾਂ- 143109
(ਅੰਮ੍ਰਿਤਸਰ)
ਮੋ : 98140 82217

# ਇੱਕ ਪੱਖ ਜਾਂ ਦੋਵੇਂ



ਹਰਪ੍ਰੀਤ ਕੌਰ ਸੰਧੂ

ਅਸੀਂ ਜ਼ਿੰਦਗੀ ਵਿੱਚ ਜਦੋਂ ਵੀ ਕੋਈ ਗੱਲ ਵਿਚਾਰਦੇ ਹਾਂ ਤਾਂ ਉਸ ਨੂੰ ਆਪਣੇ ਪੱਖ ਤੋਂ ਵਿਚਾਰਦੇ ਹਾਂ। ਕਿਸੇ ਬਾਰੇ ਰਾਏ ਬਣਾਉਂਦੇ ਹਾਂ ਤਾਂ ਆਪਣੇ ਪੱਖ ਤੋਂ ਵਿਚਾਰ ਕੇ ਰਾਏ ਬਣਾ ਲੈਂਦੇ ਹਾਂ। ਕਿਸੇ ਬਾਰੇ ਕੋਈ ਬਿਆਨਬਾਜ਼ੀ ਕਰਦੇ ਹਾਂ ਤਾਂ ਵੀ ਆਪਣੇ ਪੱਖ ਤੋਂ ਸੋਚ ਕੇ ਉਸ ਬਾਰੇ ਬਿਆਨ ਦਿੰਦੇ ਹਾਂ। ਇਸ ਵਿੱਚ ਸਭ ਤੋਂ ਮਹੱਤਵਪੂਰਨ ਇਹ ਹੋ ਨਿਬੜਦਾ ਹੈ ਕਿ ਅਸੀਂ ਉਸ ਦੇ ਪੱਖ ਵਿੱਚ ਕੀ ਸੋਚਦੇ ਹਾਂ। ਸਾਡੇ ਰਾਏ ਕੀ ਹੈ ਇਹ ਉਹ ਵਿਅਕਤੀ ਕੀ ਹੈ ਇਸ ਨਾਲੋਂ ਜ਼ਿਆਦਾ ਮਹੱਤਵਪੂਰਨ ਹੋ ਨਿਬੜਦੀ ਹੈ। ਠੀਕ ਇਸੇ ਤਰ੍ਹਾਂ ਦੂਜੇ ਵੀ ਸਾਡੇ ਬਾਰੇ ਸੋਚਦੇ ਹਨ। ਉਹਨਾਂ ਦਾ ਸਾਡੇ ਬਾਰੇ ਪੱਖ ਕੀ ਹੈ ਜਾਂ ਸਾਡੇ ਬਾਰੇ ਸੋਚ ਕੀ ਹੈ ਇਹ ਬਹੁਤ ਮਹੱਤਵਪੂਰਨ ਹੋ ਜਾਂਦਾ ਹੈ। ਉਹ ਸਾਨੂੰ ਉਸੇ ਤਰੀਕੇ ਨਾਲ ਲੈਂਦੇ ਹਨ ਜਿਸ ਤਰੀਕੇ ਨਾਲ ਉਹ ਸਾਨੂੰ ਸਮਝਦੇ ਹਨ ਜਾਂ ਅਸੀਂ ਉਹਨਾਂ ਨੂੰ ਜਾਪਦੇ ਹਾਂ।

ਇਹਨਾਂ ਦੋਹਾਂ ਗੱਲਾਂ ਵਿੱਚ ਅਸਲ ਗੱਲ ਕਿਤੇ ਰਹਿ ਜਾਂਦੀ ਹੈ। ਇਹ ਜ਼ਰੂਰੀ ਨਹੀਂ ਹੁੰਦਾ ਕਿ ਜੋ ਮੇਰੇ ਪੱਖ ਤੋਂ ਸੋਚਿਆ ਜਾ ਰਿਹਾ ਹੈ ਉਹ ਸਹੀ ਹੈ ਜਾਂ ਜੋ ਤੁਹਾਡੇ ਪੱਖ ਤੋਂ ਸੋਚਿਆ ਜਾ ਰਿਹਾ ਹੈ ਉਹ ਸਹੀ ਹੈ। ਬਹੁਤੀ ਵਾਰ ਗੱਲ ਦੋਹਾਂ ਤੋਂ ਹੀ ਵੱਖਰੀ ਹੁੰਦੀ ਹੈ। ਜਦੋਂ ਵੀ ਅਸੀਂ ਕਿਸੇ ਬਾਰੇ ਸੋਚਦੇ ਹਾਂ ਤਾਂ ਅਕਸਰ ਅਸੀਂ ਆਪਣੇ ਨਜ਼ਰੀਏ ਨੂੰ ਮਹੱਤਵਪੂਰਨ ਸਮਝ ਕੇ ਗੱਲ ਨੂੰ ਸਮਝਦੇ ਹਾਂ। ਸਾਡੀ ਸੋਚ ਕਿਹੋ ਜਿਹੀ ਹੈ ਇਹ ਨਿਰਧਾਰਿਤ ਕਰਦਾ ਹੈ ਕਿ ਅਸੀਂ ਕੀ ਸਮਝਿਆ। ਠੀਕ ਇਸੇ ਤਰ੍ਹਾਂ ਦੂਸਰੇ ਦੀ ਸੋਚ ਸਾਡੇ ਪ੍ਰਤੀ ਕੀ ਹੈ ਜਾਂ ਉਸ ਵਰਤਾਰੇ ਪ੍ਰਤੀ ਕੀ ਹੈ ਉਹ ਨਿਰਧਾਰਿਤ ਕਰਦੀ ਹੈ ਕਿ ਉਸਨੇ ਕੀ ਸਮਝਿਆ।

ਪਰ ਅਕਸਰ ਜ਼ਿੰਦਗੀ ਵਿੱਚ ਦੇਖੀਏ ਤਾਂ ਅਸਲ ਗੱਲ ਕੁਝ ਹੋਰ ਹੀ ਹੁੰਦੀ ਹੈ।ਸਾਡੀ ਸੋਚ ਸਾਡਾ ਨਜ਼ਰੀਆ ਸਾਡੇ ਹਾਲਾਤ ਨਾਲ ਬਨਦਾ ਹੈ ਤੇ ਸਾਹਮਣੇ ਵਾਲੇ ਦੀ ਸੋਚ ਤੇ ਉਸ ਦਾ ਨਜ਼ਰੀਆ ਉਸ ਦੇ ਹਾਲਾਤ ਦੇ ਮੁਤਾਬਿਕ ਬਨਦਾ ਹੈ। ਤੁਸੀਂ ਇੱਕ ਅੰਕ ਛੇ ਦੇਖਦੇ ਹੋ ਜੇ ਇੱਕ ਪਾਸੇ ਤੋਂ ਦੇਖੋ ਤੇ ਉਸੇ ਅੰਕ ਨੂੰ ਨੌ ਦੇਖਦੇ ਹੋ ਜੇ ਦੂਜੇ ਪਾਸੇ ਤੋਂ ਦੇਖੋ। ਹੁਣ ਅੰਕ ਇੱਕੋ ਹੀ ਹੈ ਪਰ ਦੇਖਿਆ ਦੋ ਤਰੀਕਿਆਂ ਨਾਲ ਜਾ ਰਿਹਾ ਹੈ।

ਠੀਕ ਇਸੇ ਤਰ੍ਹਾਂ ਵਿਅਕਤੀ ਨੂੰ ਵੀ ਦੋ ਵੱਖ ਵੱਖ ਨਜ਼ਰੀਆਂ ਤੋਂ ਜਦੋਂ ਦੇਖਿਆ ਜਾਂਦਾ ਹੈ ਤਾਂ ਉਸ ਦੀਆਂ ਦੋ ਵੱਖਰੀਆਂ ਹੀ ਸ਼ਖਸੀਅਤਾਂ ਉਭਰ ਕੇ ਆਉਂਦੀਆਂ ਹਨ। ਇਹ ਜ਼ਰੂਰੀ ਨਹੀਂ ਹੁੰਦਾ ਕਿ ਉਹ ਉਹਨਾਂ ਦੋਵਾਂ ਵਿੱਚੋਂ ਕੋਈ ਇੱਕ ਸ਼ਖਸੀਅਤ ਹੋਵੇ। ਕਈ ਵਾਰ ਉਸ ਦਾ ਰੂਪ ਉਹਨਾਂ ਦੋਹਾਂ ਤੋਂ ਬਹੁਤ ਵੱਖਰਾ ਹੁੰਦਾ ਹੈ। ਜੇਕਰ ਅਸੀਂ ਕਿਸੇ ਘਟਨਾ ਦੇ ਸੰਬੰਧ ਨਾਲ ਕਿਸੇ ਬਾਰੇ ਵਿਚਾਰ ਕਰਦੇ ਹਾਂ ਜਾਂ ਆਪਣੀ ਰਾਏ ਬਣਾਉਂਦੇ ਹਾਂ ਤਾਂ ਜ਼ਿਆਦਾਤਰ ਉਹ ਰਾਏ ਸਹੀ ਨਹੀਂ ਹੁੰਦੀ।

ਕਿਸੇ ਘਟਨਾ ਦੇ ਵਾਪਰਨ ਸਮੇਂ ਮਾਹੌਲ ਕੀ ਸੀ। ਉਹ ਵਿਅਕਤੀ ਕਿਸ ਹਾਲਾਤ ਵਿੱਚੋਂ ਗੁਜ਼ਰ ਰਿਹਾ ਸੀ। ਉਸ ਦਾ ਵਰਤਾਓ ਅਜਿਹਾ ਹੋਣ ਦੇ ਪਿੱਛੇ ਕਾਰਨ ਕੀ ਸੀ ਇਹ ਸਾਨੂੰ ਪਤਾ ਨਹੀਂ ਹੁੰਦਾ। ਪਰ ਫਿਰ ਵੀ ਅਸੀਂ ਸਿਰਫ ਉਪਰੀ ਨਜ਼ਰੇ ਜੋ ਦਿਸਦਾ ਹੈ ਉਸ ਨੂੰ ਦੇਖ ਕੇ ਉਸ ਨਾਲ ਸੰਬੰਧਿਤ ਇੱਕ ਰਾਏ ਬਣਾ ਬੈਠਦੇ ਹਾਂ। ਸਿਰਫ ਬਣਾ ਹੀ ਨਹੀਂ ਲੈਂਦੇ ਉਸ ਨੂੰ ਦੂਜਿਆਂ ਨੂੰ ਜਚਾਉਂਦੇ ਵੀ ਹਾਂ ਤੇ ਇਹ ਵੀ ਕਹਿੰਦੇ ਹਾਂ ਕਿ ਇਹ ਸਹੀ ਹੈ।

> *ਕਿਸੇ ਘਟਨਾ ਦੇ ਵਾਪਰਨ ਸਮੇਂ ਮਾਹੌਲ ਕੀ ਸੀ। ਉਹ ਵਿਅਕਤੀ ਕਿਸ ਹਾਲਾਤ ਵਿੱਚੋਂ ਗੁਜ਼ਰ ਰਿਹਾ ਸੀ। ਉਸ ਦਾ ਵਰਤਾਓ ਅਜਿਹਾ ਹੋਣ ਦੇ ਪਿੱਛੇ ਕਾਰਨ ਕੀ ਸੀ ਇਹ ਸਾਨੂੰ ਪਤਾ ਨਹੀਂ ਹੁੰਦਾ। ਪਰ ਫਿਰ ਵੀ ਅਸੀਂ ਸਿਰਫ ਉਪਰੀ ਨਜ਼ਰੇ ਜੋ ਦਿਸਦਾ ਹੈ ਉਸ ਨੂੰ ਦੇਖ ਕੇ ਉਸ ਨਾਲ ਸੰਬੰਧਿਤ ਇੱਕ ਰਾਏ ਬਣਾ ਬੈਠਦੇ ਹਾਂ। ਸਿਰਫ ਬਣਾ ਹੀ ਨਹੀਂ ਲੈਂਦੇ ਉਸ ਨੂੰ ਦੂਜਿਆਂ ਨੂੰ ਜਚਾਉਂਦੇ ਵੀ ਹਾਂ ਤੇ ਇਹ ਵੀ ਕਹਿੰਦੇ ਹਾਂ ਕਿ ਇਹ ਸਹੀ ਹੈ।*

ਇੱਥੇ ਹੀ ਅਸੀਂ ਗਲਤੀ ਕਰਦੇ ਹਾਂ। ਕਈ ਵਾਰ ਅੱਖਾਂ ਨਾਲ ਦੇਖਿਆ ਵੀ ਝੂਠ ਹੁੰਦਾ ਹੈ। ਜੋ ਦਿਸਦਾ ਹੈ ਜ਼ਰੂਰੀ ਨਹੀਂ ਉਹ ਸੱਚ ਹੋਵੇ ਉਸ ਦੇ ਪਿੱਛੇ ਬਹੁਤ ਸਾਰੇ ਕਾਰਨ ਹੁੰਦੇ ਹਨ। ਕੋਈ ਵਿਅਕਤੀ ਕਿਸੇ ਪਲ ਵਿੱਚ ਕਿਹੋ ਜਿਹਾ ਵਿਹਾਰ ਕਰਦਾ ਹੈ ਇਸ ਦੇ ਪਿੱਛੇ ਇੱਕ ਨਹੀਂ ਅਨੇਕਾਂ ਹੀ ਕਾਰਨ ਹੁੰਦੇ ਹਨ। ਉਸ ਨੇ ਆਪਣੀ ਜ਼ਿੰਦਗੀ ਵਿੱਚ ਕੀ ਦੇਖਿਆ ਹੈ ਕਿ ਭੋਗਿਆ ਹੈ ਇਹ ਬਹੁਤ ਮਹੱਤਵਪੂਰਨ ਹੈ। ਅਸੀਂ ਉਸ ਦੇ ਪਿਛੋਕੜ ਬਾਰੇ ਬਿਨਾਂ ਕੁਝ ਜਾਣੇ ਹੀ ਉਸ ਬਾਰੇ ਕੁਝ ਵੀ ਸੋਚ ਲੈਂਦੇ ਹਾਂ ਤੇ ਕਹਿ ਵੀ ਦਿੰਦੇ ਹਾਂ।

ਮਨੁੱਖੀ ਵਿਹਾਰ ਨੂੰ ਸਮਝਣ ਲਈ ਇਸ ਗੱਲ ਨੂੰ ਸਮਝਣਾ ਬਹੁਤ ਜ਼ਰੂਰੀ ਹੈ ਕਿ ਕਿਸੇ ਇੱਕ ਘਟਨਾ ਦੇ ਆਧਾਰ ਤੇ ਕਿਸੇ ਦੀ ਸ਼ਖਸੀਅਤ ਨੂੰ ਸਮਝਣਾ ਨਾਮੁਮਕਿਨ ਹੈ। ਕਿਸੇ ਦੀ ਸ਼ਖਸੀਅਤ ਉਸਦੇ ਜਨਮ ਤੋਂ ਲੈ ਕੇ ਹਰ ਇੱਕ ਛੋਟੀ ਛੋਟੀ ਘਟਨਾ ਤੇ ਆਧਾਰਿਤ ਹੁੰਦੀ ਹੈ। ਉਸਦੇ ਆਪਣੇ ਮਾਤਾ ਪਿਤਾ ਨਾਲ ਆਪਣੇ ਭੈਣਾਂ ਭਰਾਵਾਂ ਨਾਲ ਸਾਕ ਸਬੰਧੀਆਂ ਨਾਲ ਰਿਸ਼ਤੇ ਕਿਹੋ ਜਿਹੇ ਰਹੇ ਹਨ ਇਸ ਗੱਲ ਦਾ ਬੜਾ ਮਹੱਤਵ ਹੁੰਦਾ ਹੈ। ਉਸਨੇ ਆਪਣੀ ਜ਼ਿੰਦਗੀ ਵਿੱਚ ਕਿਸ ਤਰ੍ਹਾਂ ਦੇ ਸੰਤਾਪ ਭੋਗ ਗਏ ਹਨ ਤੇ ਕਿਸ ਤਰ੍ਹਾਂ ਦੀ ਖੁਸ਼ੀ ਦੇਖੀ ਹੈ ਇਹ ਵੀ ਉਸ ਦੀ ਸ਼ਖਸੀਅਤ ਨੂੰ ਨਿਰਧਾਰਿਤ ਕਰਦੀ ਹੈ। ਕਿਸੇ ਬਾਰੇ ਕੋਈ ਵੀ ਰਾਏ ਬਣਾਉਣ ਤੋਂ ਪਹਿਲਾਂ ਜਾਂ ਕੋਈ ਵੀ ਨਿਰਨਾ ਦੇਣ ਤੋਂ ਪਹਿਲਾਂ ਸੋਚਣਾ ਬਹੁਤ ਜ਼ਰੂਰੀ ਹੈ। ਸਾਡੇ ਲਈ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਆਪਣੇ ਆਪ ਨੂੰ ਨਿਰਪੱਖ ਜੱਜ ਨਾ ਸਮਝ ਲਈਏ। ਜੋ ਦਿਸਦਾ ਹੈ ਉਹ ਅਕਸਰ ਸੱਚ ਨਹੀਂ ਹੁੰਦਾ। ਸੱਚ ਤਾਂ ਉਸ ਦੇ ਪਿੱਛੇ ਕਈ ਪਰਤਾਂ ਵਿੱਚ ਛੁਪਿਆ ਹੋਇਆ ਹੁੰਦਾ ਹੈ। ਆਪਣੀ ਤੇ ਆਪਣਿਆਂ ਦੀ ਜ਼ਿੰਦਗੀ ਨੂੰ ਖੁਸ਼ਗਵਾਰ ਬਣਾਉਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਨਜ਼ਰ ਅੰਦਾਜ਼ ਕਰੀਏ। ਆਪਣਾ ਪ੍ਰਤੀਕਰਮ ਦੇਣ ਤੋਂ ਪਹਿਲਾਂ ਕੁਝ ਸਮਾਂ ਲਈਏ। ਹਾਲਾਤ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਕਿਉਂਕਿ ਜਦੋਂ ਅਸੀਂ ਕਾਹਲੀ ਕਰਦੇ ਹਾਂ ਤਾਂ ਅਕਸਰ ਸਾਨੂੰ ਬਾਅਦ ਵਿੱਚ ਪਛਤਾਵਾ ਹੁੰਦਾ ਹੈ।

ਬਹੁਤ ਜ਼ਰੂਰੀ ਹੈ ਕਿ ਕਿਸੇ ਨੂੰ ਸਮਝਣ ਲਈ ਸਮਾਂ ਲਿਆ ਜਾਵੇ। ਉਸ ਨੂੰ ਸਮਾਂ ਦਿੱਤਾ ਜਾਵੇ ਕਿ ਉਸ ਦੀ ਸ਼ਖ਼ਸੀਅਤ ਦੇ ਹੋਰ ਪੱਖ ਉਭਰ ਕੇ ਸਾਡੇ ਸਾਹਮਣੇ ਆਉਣ। ਕਿਸੇ ਇੱਕ ਘਟਨਾ ਦੀ ਜਾਂ ਕਿਸੇ ਇੱਕ ਗਲਤੀ ਤੇ ਆਧਾਰ ਤੇ ਕਿਸੇ ਨੂੰ ਸਹੀ ਜਾਂ ਗਲਤ ਦਾ ਖਿਤਾਬ ਨਾ ਦਿੱਤਾ ਜਾਵੇ। ਜ਼ਿੰਦਗੀ ਨੂੰ ਖੁਸ਼ ਗਵਾਰ ਬਣਾਉਣ ਲਈ ਇਹ ਬਹੁਤ ਜ਼ਰੂਰੀ ਹੈ। ਕਿਸੇ ਨੂੰ ਸਮਝਣਾ ਇੰਨਾ ਵੀ ਸੌਖਾ ਨਹੀਂ ਜਿੰਨਾ ਅਸੀਂ ਸਮਝਦੇ ਹਾਂ।

ਇਸ ਲਈ ਕਿਸੇ ਪ੍ਰਤੀ ਕੋਈ ਰਾਏ ਬਣਾਉਣ ਤੋਂ ਪਹਿਲਾਂ ਕੋਈ ਰਾਏ ਦੇਣ ਤੋਂ ਪਹਿਲਾਂ, ਕੋਈ ਨਿਰਣਾ ਦੇਣ ਤੋਂ ਪਹਿਲਾਂ, ਸਮਾਂ ਲਓ, ਸੋਚੋ, ਸਮਝੋ, ਵਿਚਾਰੋ। ਇਹ ਬਹੁਤ ਜ਼ਰੂਰੀ ਹੈ।

# ਮੈਂ ਇੱਕ ਨਾਟਕਕਾਰ ਹਾਂ...



ਪਾਲੀ ਭੁਪਿੰਦਰ

ਮੇਰੇ ਲਈ ਜੀਵਨ ਇੱਕ ਨਾਟਕ ਹੈ। ਜੀਵਨ ਦਾ ਸਭ ਕੁੱਝ ਨਾਟਕ ਹੈ। ਸਾਰੇ ਭਾਵ। ਸਾਰੇ ਸੰਵਾਦ। ਸਾਰਾ ਵਿਹਾਰ। ਰਿਸ਼ਤੇ-ਨਾਤੇ। ਸਬੰਧ। ਯਕੀਨ ਮੰਨੋ, ਮੇਰੇ ਚਿਹਰੇ 'ਤੇ ਇੱਕ ਮਖੌਟਾ ਚੜ੍ਹਿਆ ਹੋਇਆ ਹੈ।

ਤੁਹਾਡੇ ਲਈ ਮੈਂ ਇੱਕ ਪਾਤਰ ਹਾਂ ਪਰ ਮੈਂ ਜਾਣਦਾ ਹਾਂ, ਮਖੌਟੇ ਹੇਠ ਮੈਂ ਇੱਕ ਐਕਟਰ ਹਾਂ। ਮੈਂ ਉਹ ਨਹੀਂ ਜੋ ਤੁਸੀਂ ਸਮਝ ਰਹੇ ਹੋ। ਮੈਂ ਸਿਰਫ ਐਕਟਿੰਗ ਕਰ ਰਿਹਾ ਹਾਂ। ਉਹ ਹੋਣ ਦੀ ਜੋ ਮੈਂ ਨਹੀਂ ਹਾਂ।

ਤੁਸੀਂ ਮੇਰੇ ਨਾਲ ਨਰਾਜ ਨਾ ਹੋਵੋ ਜੇ ਮੇਰੀ ਕੋਈ ਸੰਵਾਦ ਤੁਹਾਨੂੰ ਚੰਗਾ ਨਹੀਂ ਲੱਗਾ। ਸਮਝੋ ਉਹ ਇੱਕ ਨਾਟਕ ਦਾ ਹਿੱਸਾ ਹਨ। ਤੁਸੀਂ ਮੇਰੇ ਤੇ ਮਿਹਰਬਾਨ ਨਾ ਹੋਵੋ ਜੇ ਤੁਹਾਨੂੰ ਮੇਰੇ ਕਿਰਦਾਰ ਵਿੱਚੋਂ ਕੁੱਝ ਪਸੰਦ ਆ ਗਿਆ ਹੈ। ਸਮਝੋ ਉਹ ਵੀ ਮੇਰਾ ਨਾਟਕ ਹੈ। ਮੈਂ ਨਾ ਚੰਗਾ ਹਾਂ ਨਾ ਮਾੜਾ। ਬਦਲ ਲੈਂਦਾ ਹਾਂ ਆਪਣਾ ਰੋਲ... ਨਾਲ ਦੇ ਪਾਤਰਾਂ ਦੇ ਹਿਸਾਬ ਨਾਲ।


ਮੈਂ ਬਾਰਤੋਲ ਬਰੈਖਤ ਦੀ 'ਥਿਊਰੀ ਆਫ਼ ਐਲੀਨੇਸ਼ਨ' ਦਾ ਨਾਟਕ ਹਾਂ। ਮੈਨੂੰ ਵੇਖੋ ਪਰ ਮੇਰੇ ਵਿੱਚ 'ਇਨਵਾਲਵ' ਨਾ ਹੋਵੋ। ਸਦਾ ਯਾਦ ਰੱਖੋ ਕਿ ਤੁਸੀਂ ਇੱਕ ਨਾਟਕ ਵੇਖ ਰਹੇ ਹੋ।

ਮੈਨੂੰ ਜਦ ਵੀ ਮਿਲੋ, ਇੰਜ ਮਿਲਨਾ ਜਿਵੇਂ ਸ਼ੋਅ ਦੇ ਬਾਅਦ ਦਰਸ਼ਕ ਅਦਾਕਾਰਾਂ ਨੂੰ ਮਿਲਦੇ ਹਨ। ਇਸ ਉਮੀਦ ਨਾਲ ਕਿ ਅਗਲੀ ਵਾਰ ਜਦੋਂ ਤੁਸੀਂ ਮੈਨੂੰ ਮਿਲੋਗੇ, ਮੈਂ ਕੁੱਝ ਹੋਰ ਹੋਵਾਂਗਾ।

ਜੇ ਮੈਂ ਕਦੇ ਕਹਾਂ ਕਿ ਮੈਂ ਤੁਹਾਨੂੰ ਪਿਆਰ ਕਰਦਾ ਹਾਂ ਤਾਂ ਇਸ ਨੂੰ ਸੱਚ ਨਾ ਮੰਨਣਾ। ਅਗਲੇ ਨਾਟਕ ਵਿੱਚ ਹੋ ਸਕਦਾ ਹੈ, ਮੈਂ ਤੁਹਾਨੂੰ ਜਾਣਦਾ ਵੀ ਨਾ ਹੋਵਾਂ। ਜੇ ਮੈਂ ਕਦੇ ਕਹਾਂ ਕਿ ਮੈਂ ਤੁਹਾਡੇ ਨਾਲ ਨਰਾਜ਼ ਹਾਂ, ਯਕੀਨ ਨਾ ਮੰਨਣਾ। ਉਹ ਵੀ ਬੱਸ ਐਕਟਿੰਗ ਹੀ ਹੋਵੇਗੀ। ਕੁੱਝ ਪਾਜ਼ ਹੋਣਗੇ ਉਸ ਵਿੱਚ ਤੇ ਥੋੜ੍ਹੀ ਜਿਹੀ 'ਲੁੱਕ ਸ਼ਿਫ਼ਟ'। ਮੈਂ ਉਹੀ ਹੋਵਾਂਗਾ, ਜੋ ਮੈਂ ਹਾਂ।

ਕਿਉਂਕਿ ਮੈਂ ਇੱਕ ਨਾਟਕਕਾਰ ਹਾਂ....

-0-




"ਜ਼ਿੰਦਗੀ
ਸਾਈਕਲ ਚਲਾਉਣ ਵਾਂਗ ਹੈ,
ਇਸ 'ਤੇ ਆਪਣਾ ਸੰਤੁਲਨ
ਕਾਇਮ ਰੱਖਣ ਲਈ
ਤੁਹਾਨੂੰ ਅੱਗੇ ਵਧਦੇ
ਰਹਿਣਾ ਪਵੇਗਾ"
– ਅਲਬਰਟ ਆਈਨ ਸਟਾਈਨ

# ਕਵਿਤਾ ਅਤੇ ਮੈਂ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਕਵਿਤਾ ਅਤੇ ਮੈਂ ਸਦਾ ਅੰਗ-ਸੰਗ। ਇਕਸੁਰ ਤੇ ਇਕਸਾਜ਼। ਹਮੇਸ਼ਾ ਇਕ ਦੂਜੇ ਦੀਆਂ ਦੁਆਵਾਂ ਮੰਗਦੇ। ਇਕ ਦੂਜੇ ਦੀਆਂ ਇੱਛਾਵਾਂ ਅਤੇ ਆਸ਼ਾਵਾਂ ਦੀ ਪੂਰਤੀ ਲਈ ਤਤਪਰ।

ਕਵਿਤਾ ਆਪਣੇ ਵਿਚੋਂ ਮੈਨੂੰ ਤਲਾਸ਼ਦੀ ਅਤੇ ਮੈਂ ਕਵਿਤਾ ਵਿਚੋਂ ਖ਼ੁਦ ਨੂੰ ਭਾਲਦਾ। ਇਹ ਭਾਲ ਹੀ ਇਕ ਦੂਜੇ ਨੂੰ ਸਮਝਣ ਅਤੇ ਸੋਚਣ ਲਈ ਹਰ ਪਲ ਇਕ ਦੂਜੇ ਦੇ ਹੋਰ ਨੇੜੇ ਲਿਆਉਂਦੀ।

ਕਵਿਤਾ ਮੇਰੇ ਲਈ ਆਪਣੇ ਆਪ ਨੂੰ ਮਿਲਣ ਦਾ ਸਬੱਬ। ਮੇਰੇ ਲਈ ਮੇਰਾ ਹੀ ਸਿਰਜਿਆ ਰੱਬ ਜਿਸ ਨੇ ਮੈਨੂੰ ਆਪਣੀ ਸਾਰ ਲੈਣ ਦਾ ਦਿੱਤਾ ਖ਼ੂਬਸੂਰਤ ਰਹੱਸ।

ਕਵਿਤਾ ਤੋਂ ਬਿਨਾਂ ਮੇਰੇ ਅੰਦਰ ਭਰਦਾ ਇਕ ਖ਼ਲਾਅ, ਸੁੱਕ ਜਾਂਦਾ ਸਾਹ ਅਤੇ ਸਾਹਾਂ ਵਿਚ ਉੱਗਦੀ ਆਹ। ਅੰਤਰੀਵ ਵਿਚ ਉੱਤਰਦੀ ਚੀਖ਼ ਅਤੇ ਇਸ ਨੂੰ ਵਰਾਉਣ ਲਈ ਫਿਰ ਕਵਿਤਾ ਮੇਰੇ ਅੰਦਰ ਬਹੁੜਦੀ।

ਮੇਰੀ ਕਵਿਤਾ ਮੇਰੇ ਤੋਂ ਬਗੈਰ ਅਧੂਰੀ ਅਤੇ ਮੈਂ ਕਵਿਤਾ ਤੋਂ ਬਗੈਰ ਅਪੂਰਨ। ਕਵਿਤਾ ਤਾਂ ਮੇਰੀਆਂ ਵਿੱਥਾਂ ਅਤੇ ਵਿਰਲਾਂ ਨੂੰ ਭਾਲਣ, ਇਨ੍ਹਾਂ ਦੀ ਭਰਪਾਈ ਕਰਨ ਅਤੇ ਖ਼ੁਦ ਨੂੰ ਪੂਰਨਤਾ ਵੰਨੀ ਤੋਰਨ ਦਾ ਅਹਿਦ। ਮੈਂ ਅਕਸਰ ਹੀ ਇਸ ਅਹਿਦ ਦੀ ਪੂਰਤੀ ਲਈ ਖ਼ੁਦ ਨੂੰ ਅਰਪਿਤ ਕਰਦਾ। ਕਵਿਤਾ ਨੂੰ ਮਿਲਣ ਲਈ ਮੈਂ ਬਾਹਰ ਨਹੀਂ ਦੌੜਦਾ। ਆਪਣੀ ਅੰਦਰਲੀ ਯਾਤਰਾ 'ਤੇ ਜਦ ਵੀ ਨਿਕਲਦਾ, ਕਵਿਤਾ ਚੁਪਕੇ ਜਿਹੇ ਨਾਜ਼ਲ ਹੁੰਦੀ ਅਤੇ ਮੈਨੂੰ ਸਰਸ਼ਾਰ ਕਰ ਜਾਂਦੀ।

ਕਵਿਤਾ ਅਕਸਰ ਮੇਰੀ ਸਾਰ ਲੈਂਦੀ। ਦੁੱਖ-ਸੁੱਖ ਦੀ ਸਾਥਣ। ਮੇਰੀਆਂ ਕਾਮਯਾਬੀਆਂ ਤੇ ਨਕਾਮੀਆਂ ਦੇ ਕੋਲ ਕੋਲ। ਮੇਰੇ ਚਾਵਾਂ ਅਤੇ ਭਾਵਨਾਵਾਂ ਲਈ ਸ਼ੁੱਭ-ਕਾਮਨਾ। ਦਰਅਸਲ ਮੈਂ ਕਵਿਤਾ ਰਾਹੀਂ ਜੀਵਨ ਦੀ ਸਾਰਥਿਕਤਾ ਕਿਆਸਦਾ ਅਤੇ ਕਵਿਤਾ ਮੇਰੇ ਰਾਹੀਂ ਸਮਾਜਿਕ ਸਰੋਕਾਰਾਂ ਦੀ ਬਾਤ ਪਾਉਂਦੀ। ਨਿੱਕੇ-ਨਿੱਕੇ ਸ਼ਬਦਾਂ ਰਾਹੀਂ ਵੱਡੀ ਅਰਥਕਾਰੀ ਕਰਨ ਵਿਚ ਰੁੱਝੀ ਰਹਿੰਦੀ ਕਵਿਤਾ।

ਕਵਿਤਾ ਮੇਰੇ ਵਿਸਥਾਰ ਦਾ ਸਬੱਬ। ਮੈਨੂੰ ਬਹੁਤ ਵਾਰੀ ਮੁੜ ਪਰਿਭਾਸ਼ਿਤ ਕਰਦੀ ਅਤੇ ਮੇਰੇ ਅੰਦਰਲੇ ਮਨੁੱਖ ਨੂੰ ਜੱਗ-ਜ਼ਾਹਿਰ ਕਰਦੀ ਜਿਸ ਤੋਂ ਕਈ ਵਾਰ ਮੈਂ ਵੀ ਅਣਜਾਣ।

ਕਵਿਤਾ ਮੈਨੂੰ ਹੌਸਲਾ ਦਿੰਦੀ ਜਦ ਮੈਂ ਕਦੇ ਨਿਰਾਸ਼ ਹੋਵਾਂ, ਉਦਾਸ ਹੋਵਾਂ ਤੇ ਬੇਆਸ ਹੋਵਾਂ। ਕਵਿਤਾ ਦੀ ਹੱਲਾਸ਼ੇਰੀ ਹੁੰਦੀ ਕਿ ਮੈਂ ਫਿਰ ਤੋਂ ਪੈਰਾਂ ਦੇ ਨਾਵੇਂ ਸਫ਼ਰ ਕਰਦਾ, ਦੀਦਿਆਂ ਵਿਚ ਸੁਪਨੇ ਧਰਦਾ ਅਤੇ ਅਦਿੱਖ ਦਿਸਹੱਦਿਆਂ ਦੇ ਸਿਰਨਾਵੇਂ ਨੂੰ ਤਲਾਸ਼ਣ ਲਈ ਯਾਤਰਾ 'ਤੇ ਨਿਕਲਦਾ। ਕਵਿਤਾ ਮੈਨੂੰ ਵਰਚਾਉਂਦੀ ਜਦ ਮੈਂ ਆਪਣੇ ਆਪ ਨਾਲ ਰੁੱਸਦਾ, ਅੰਤਰੀਵੀ ਨੀਰ ਬੁੱਸਦਾ। ਕਵਿਤਾ ਹੀ ਮੈਨੂੰ ਫਿਰ ਤੋਂ ਮੈਨੂੰ ਆਪੇ ਨਾਲ ਜੋੜਦੀ ਅਤੇ ਮੈਨੂੰ ਸਾਬਤ ਕਦਮੀਂ ਨਰੋਇਆਂ ਰਾਹਾਂ ਵੰਨੀ ਤੋਰਦੀ।

ਕਵਿਤਾ ਮੇਰੀ ਇਕੱਲ ਤੋੜਦੀ। ਇਕੱਲਤਾ ਮਰਨ ਰੁੱਤ ਅਤੇ ਅਜੇਹੀ ਰੁੱਤ ਵੇਲੇ ਕਵਿਤਾ ਦੀ ਪੋਲੇ ਪੋਲੇ ਕਦਮੀਂ ਆ ਕੇ ਹੌਲੀ ਜਿਹੀ ਮਨ 'ਤੇ ਦਸਤਕ ਦਿੰਦੀ। ਮੈਂ ਫਿਰ ਤੋਂ ਜਿਊਣ ਜੋਗਾ ਹੋ ਜਾਂਦਾ। ਸਾਹਾਂ ਨੂੰ ਨਿਰੰਤਰਤਾ ਅਤੇ ਸੰਗੀਤਕਤਾ ਮਿਲਦੀ ਤੇ ਇਕ ਕਾਵਿਕ ਨਾਦੀ ਵੇਗ ਮੇਰੀ ਧੜਕਣ ਦੇ ਨਾਮ ਹੋ ਜਾਂਦਾ।

ਕਵਿਤਾ ਅਕਸਰ ਹੀ ਮੇਰੀ ਨੀਂਦ ਤੋੜਦੀ ਜਦ ਮੈਂ ਕਿਸੇ ਸੁਪਨੇ ਤੋਂ ਤ੍ਰਭਕਦਾ, ਜਾਗ ਖੁੱਲ੍ਹਦੀ। ਕਵਿਤਾ ਮੈਨੂੰ ਸਹਿਜ ਬਖ਼ਸ਼ਦੀ ਤੇ ਕਵਿਤਾ ਦਾ ਵਹਾਅ ਮੇਰੀ ਆਤਮਿਕ ਅਵਸਥਾ ਲਈ ਰਾਹਤ ਬਣ ਜਾਂਦਾ।

ਕਵਿਤਾ ਕਈ ਵਾਰ ਰਾਤ ਨੂੰ ਮੈਨੂੰ ਸੁਪਨਈ ਨੀਂਦ ਵਿਚੋਂ ਹਲੂਣ ਕੇ ਜਗਾਉਂਦੀ। ਸ਼ਬਦਾਂ ਦੇ ਮੋਤੀਆਂ ਰਾਹੀਂ ਵਰਕਿਆਂ 'ਤੇ ਫੈਲਦੀ। ਕੋਰੇ ਸਫ਼ਿਆਂ ਨੂੰ ਜਿਊਣ ਜੋਗਾ ਕਰਦੀ। ਕਈ ਵਾਰ ਤਾਂ ਹੈਰਤ ਵੀ ਹੁੰਦੀ ਕਿ ਇੰਝ ਵੀ ਕਵਿਤਾ ਨਾਜ਼ਲ ਹੋ ਕੇ ਕੁਝ ਅਜੇਹੀਆਂ ਸੰਵੇਦਨਾਵਾਂ ਨੂੰ ਹਰਫ਼ਾਂ ਦੇ ਨਾਮ ਕਰਦੀ ਜਿਨ੍ਹਾਂ ਨੂੰ ਬਾਅਦ ਵਿਚ ਚਿਤਵ ਕੇ ਮਨ ਖਿੜ ਜਾਂਦਾ ਅਤੇ ਹੈਰਾਨ ਹੁੰਦਾ ਕਿ ਕਵਿਤਾ ਇੰਝ ਵੀ ਲਿਖੀ ਜਾ ਸਕਦੀ।

ਦਰਅਸਲ ਕਵਿਤਾ ਮੇਰੇ ਬਚਪਨੇ ਦੀਆਂ ਲੋਰੀਆਂ। ਬਰਾਤ ਚੜ੍ਹਨ ਵੇਲੇ ਗਾਈਆਂ ਘੋੜੀਆਂ। ਕਦੇ ਲਾਵਾਂ ਦਾ ਸੂਹੀ ਰਾਗ ਅਤੇ ਕਦੇ ਗਾਏ ਜਾਂਦੇ ਸੁਹਾਗ। ਕਦੇ ਡੋਲੀ ਤੋਰਨ ਵੇਲੇ ਮਾਪਿਆਂ ਦੇ ਬੋਲਾਂ ਵਿਚ ਉੱਛਲਿਆ ਵਿਛੋੜੇ ਦਾ ਦਰਦ। ਕਦੇ ਮਾਂ ਦਾ ਪਾਣੀ ਵਾਰਦਿਆਂ, ਬੋਲਾਂ ਰਾਹੀਂ ਉਤਾਰੀਆਂ ਬਲਾਵਾਂ ਅਤੇ ਅਰਪਿਤ ਦੁਆਵਾਂ ਦਾ ਰੂਪ। ਅੰਬਰ ਨੂੰ ਚੀਰਦੀਆਂ ਚੀਖ਼ਾਂ ਅਤੇ ਡਾਰੋਂ ਵਿੱਛੜੀ ਕੂੰਜ ਦਾ ਦਰਦ ਵੀ।

ਜੀਵਨ ਦੇ ਹਰ ਪੜਾਅ 'ਤੇ ਕਵਿਤਾ ਅੰਗ-ਸੰਗ। ਹਰ ਕਦਮ ਅਤੇ ਸਾਹ ਦੇ ਨਾਲ ਨਾਲ ਰਹਿਣਾ ਹੀ ਮੈਨੂੰ ਪ੍ਰਸੰਨ ਚਿੱਤ ਵੀ ਕਰਦਾ ਅਤੇ ਜ਼ਿੰਦਗੀ ਦੇ ਬੇਤਰਤੀਬੇ ਪਲਾਂ ਵਿਚ ਨਿਯਮਤਾ ਵੀ ਧਰਦਾ।

ਕਵਿਤਾ ਅਕਸਰ ਹੀ ਮੈਨੂੰ ਘੇਰ ਲੈਂਦੀ ਜਦ ਰਿਸ਼ਤੇ ਰੁੱਸਦੇ, ਸਬੰਧ ਵਿਗੜਦੇ, ਸਕੀਆਂ ਬਾਂਹਾਂ ਮੇਰੀ ਕਬਰ ਪੁੱਟਣ ਦੀ ਕਾਹਲ ਕਰਦੀਆਂ, ਬੇਘਰੇ ਹੋਣ ਦਾ ਫ਼ਤਵਾ ਜਾਰੀ ਹੁੰਦਾ ਜਾਂ ਮੇਰੀਆਂ ਜੜ੍ਹਾਂ ਨੂੰ ਆਪਣੇ ਹੀ ਖੋਖਲਾ ਕਰਦੇ। ਕਵਿਤਾ ਮੇਰੇ ਲਈ ਧਰਵਾਸ ਅਤੇ ਆਸ। ਤਿੜਕੇ ਪਲਾਂ ਵਿਚ ਹੁਲਾਸ ਅਤੇ ਮੇਰੇ ਹਿੱਸੇ ਦਾ ਅਕਾਸ਼ ਵੀ। ਮੇਰੇ





ਖ਼ਿਆਲਾਂ ਵਿਚ ਰਚਿਆ ਪ੍ਰਵਾਸ ਵੀ।

ਕਵਿਤਾ ਦਰਅਸਲ ਮੇਰਾ ਹੀ ਰੂਪ ਤੇ ਪਰਛਾਵਾਂ। ਲੰਮੇਰੀਆਂ ਹੁੰਦੀਆਂ ਛਾਵਾਂ ਅਤੇ ਮੇਰੇ ਲਈ ਮੰਗੀਆਂ ਦੁਆਵਾਂ। ਕਵਿਤਾ ਤਾਂ ਉਸ ਵਕਤ ਵੀ ਮੇਰੇ ਨਜ਼ਦੀਕ ਹੀ ਹੁੰਦੀ ਜਦ ਮੈਂ ਉਲਝਣ ਵਿਚ ਹੋਵਾਂ, 'ਕੱਲਾ ਬਹਿ ਕੇ ਖ਼ੁਦ ਨੂੰ ਕੋਹਵਾਂ, ਹੰਝੂਆਂ ਨਾਲ ਦੀਦੇ ਧੋਵਾਂ, ਆਪਣੇ-ਆਪ ਦੇ ਸਾਹਮਣੇ ਹੋਵਾਂ, ਸਾਹਾਂ ਨੂੰ ਹਿਚਕੀਆਂ 'ਚ ਪਰੋਵਾਂ ਅਤੇ ਮੁਖੜੇ 'ਤੇ ਘਰਾਲ਼ਾਂ ਨੂੰ ਪੋਹਵਾਂ, ਜਾਂ ਪੈਰਾਂ ਵਿਚ ਉਗੀਆਂ ਬਿਆਈਆਂ ਨੂੰ ਲੂਣ ਵਾਲੇ ਪਾਣੀਆਂ ਨਾਲ ਧੋਵਾਂ। ਕਵਿਤਾ ਮੇਰੀਆਂ ਪੀੜਾਂ, ਜ਼ਖ਼ਮਾਂ, ਦੁੱਖਾਂ ਤੇ ਦਰਦਾਂ 'ਤੇ ਹਮਦਰਦੀ ਦਾ ਫੇਹਾ ਧਰਦੀ। ਮੈਨੂੰ ਫਿਰ ਤੋਂ ਤੰਦਰੁਸਤ ਕਰਦੀ ਤੇ ਮੇਰੀਆਂ ਰਾਹਾਂ ਦਾ ਸਿਰਨਾਵਾਂ ਮੇਰੀ ਤਲੀ 'ਤੇ ਧਰਦੀ।

ਕਵਿਤਾ ਵਿਚੋਂ ਮੈਂ ਅਤੇ ਮੇਰੇ ਵਿਚੋਂ ਕਵਿਤਾ ਦੇ ਨਕਸ਼ ਨਜ਼ਰ ਆਉਂਦੇ। ਭਲਾ ਉਹ ਕਵਿਤਾ ਹੀ ਕੀ ਜਿਹੜੀ ਕਵੀ ਦੀ ਨਿਸ਼ਾਨਦੇਹੀ ਨਾ ਕਰ ਸਕੇ। ਕਵਿਤਾ ਵਿਚੋਂ ਜਦ ਮੈਂ ਬੋਲਣ ਲੱਗ ਪਵਾਂ ਤਾਂ ਕਵਿਤਾ ਖ਼ੁਸ਼ ਹੋ ਕੇ ਖ਼ੁਦ ਨੂੰ ਪੂਰਨਤਾ ਦਾ ਲਿਬਾਸ ਪਾਉਂਦੀ।

ਕਵਿਤਾ ਹੀ ਮਿੱਤਰ ਦੇ ਵਿਛੋੜੇ ਦੌਰਾਨ ਮੇਰੇ ਹਾਵਿਆਂ ਦਾ ਸੇਕ ਹੰਢਾਉਂਦੀ। ਮਿੱਤਰਾਂ ਸੱਜਣ ਦੇ ਮਿਲਾਪ ਵੇਲੇ ਪਿਆਰ ਦੇ ਗੀਤ ਗਾਉਂਦੀ। ਲੀਰਾਂ ਹੋਈ ਬਾਪ ਦੀ ਪੱਗ ਨੂੰ ਦੇਖ ਕੇ ਘੱਗਆਉਂਦੀ, ਗ਼ੁਰਬਤ ਦੀਆਂ ਹੇਕਾਂ ਲਾਉਂਦੀ। ਕਦੇ ਬਨੇਰਿਆਂ 'ਤੇ ਜਗਦੀਆਂ ਮੋਮਬਤੀਆਂ ਦਾ ਰੂਪ ਵਟਾਉਂਦੀ। ਕਦੇ ਘਰ ਵਿਚ ਉੱਗੀਆਂ ਕੰਧਾਂ ਦੇ ਨਾਵੇਂ ਚੁੱਪ ਲਾਉਂਦੀ। ਕਮਰੇ ਦੀ ਬੇਬਸੀ ਦੇ ਨਾਵੇਂ ਹਰਫ਼ ਲਾਉਂਦੀ ਅਤੇ ਕੰਧਾਂ 'ਤੇ ਲੀਕਾਂ ਵਾਹੁੰਦੀ। ਕਦੇ ਸੁੰਨ ਹੋਏ ਰਿਸ਼ਤਿਆਂ ਦੇ ਨਾਵੇਂ ਨਿੱਘ ਲਾਉਂਦੀ ਅਤੇ ਕਦੇ ਵਿਹੜੇ ਦੀ ਚੁੱਪ ਨੂੰ ਬੋਲਾਂ ਦਾ ਨਿਉਂਦਾ ਪਾਉਂਦੀ।

ਕਵਿਤਾ ਦੇ ਬਹੁਤ ਸਾਰੇ ਰੂਪ ਤੇ ਅੰਦਾਜ਼ ਜੋ ਮੇਰੇ ਅੰਦਰ ਵੱਸਦੇ। ਉਸ ਬੰਦੇ ਦੇ ਰੂਪ ਜੋ ਬਾਹਰੀ ਤੌਰ 'ਤੇ ਨਜ਼ਰ ਨਹੀਂ ਆਉਂਦਾ ਪਰ ਹਰਫ਼ਾਂ ਰਾਹੀਂ ਉਸ ਦਾ ਪ੍ਰਗਟਣਾ ਹੀ ਕਵਿਤਾ ਦਾ ਸਭ ਤੋਂ ਵੱਡਾ ਹਾਸਲ। ਕਵਿਤਾ ਤਾਂ ਦਰਦਵੰਤੇ ਸਮਿਆਂ ਵਿਚ ਸਭ ਤੋਂ ਕਰੀਬੀ ਸਾਥੀ। ਜਦ ਬੋਲ ਮੈਨੂੰ ਪ੍ਰਗਟਾਉਣ ਤੋਂ ਅਸਮਰਥ ਜਾਂ ਨਾ-ਕਾਫ਼ੀ ਹੁੰਦੇ ਤਾਂ ਕਵਿਤਾ ਹੀ ਮੇਰੀ ਸਾਥਣ ਬਣ ਕੇ ਮੇਰੀਆਂ ਭਾਵਨਾਵਾਂ ਦਾ ਪ੍ਰਗਟਾਅ ਹੁੰਦੀ।

ਕਦੇ ਕਦੇ ਮੈਂ ਸੋਚਦਾਂ ਕਿ ਜੇਕਰ ਮੈਂ ਕਵਿਤਾ ਦਾ ਸਮਕਾਲੀ ਅਤੇ ਸਹਿਯੋਗੀ ਨਾ ਹੁੰਦਾ ਤਾਂ ਮੈਂ ਡੂੰਘੀ ਅਤੇ ਲੰਮੀ ਚੁੱਪ ਵਿਚ ਉਤਰ ਕੇ ਖ਼ੁਦ ਵਿਚੋਂ ਖ਼ੁਦ ਨੂੰ ਬਹੁਤ ਜਲਦੀ ਮਨਫ਼ੀ ਹੋ ਜਾਣਾ ਸੀ। ਫਿਰ ਭਾਵ ਹੀਣ ਮਨੁੱਖ ਵਿਚ ਬਚਦਾ ਹੀ ਕੀ? ਸਿਰਫ਼ ਸਾਹ ਪੂਰੇ ਕਰ ਜੀਵਨ ਅਕਾਰਥ ਹੀ ਗਵਾ ਦਿੰਦਾ।

ਦਰਅਸਲ ਕਵਿਤਾ ਵਿਚੋਂ ਉਦੇ ਹੋਣ ਵਾਲੇ ਸੂਰਜ ਦੀ ਰੌਸ਼ਨੀ ਵਿਚ ਚਾਨਣ ਰੱਤੀਆਂ ਹੋ ਜਾਂਦੀਆਂ ਮੇਰੀਆਂ ਪੈੜਾਂ। ਧੁੱਪ ਵਿਚ ਉਡ ਜਾਂਦੀ ਰਿਸ਼ਤਈ ਭਰਮ ਭੁਲੇਖਿਆਂ ਦੀ ਧੁੰਦ। ਨਿੱਘ ਵਿਚ ਪਿਘਲ ਜਾਂਦੀ ਮੇਰੀ ਰੂਹ। ਇਹ ਨਿੱਖਰਿਆ ਅਸਮਾਨ ਹੀ ਹੁੰਦਾ ਜਿਸ ਵਿਚੋਂ ਮੈਂ ਆਪਣਾ ਅਕਸ ਦੇਖ ਕੇ ਅੰਬਰ ਦਾ ਹਾਣੀ ਬਣਦਾ। ਅੰਬਰ ਅਤੇ ਧਰਤ ਬਲਾਵਾਂ ਉਤਾਰਦੇ। ਪਰਵਾਜ਼ ਲਈ ਖੁੱਲ੍ਹਾ ਅੰਬਰ ਬਣਦੇ ਅਤੇ ਧਰਤ ਦਾ ਪੀਹੜਾ ਵੀ ਡਾਹੁੰਦੇ।

ਕਵਿਤਾ ਮੇਰੇ ਲਈ ਸਿਰਫ਼ ਸ਼ਬਦ-ਜਾਲ ਜਾਂ ਹਰਫ਼ਾਂ ਦੀਆਂ ਭੁੱਲ-ਭੁਲੱਈਆਂ ਹੀ ਨਹੀਂ। ਸਗੋਂ ਇਹ ਮੇਰੀ ਸੰਵੇਦਨਾ, ਸੁਹਜ, ਸੋਚ, ਸੁਪਨਿਆਂ ਤੇ ਸੰਭਾਵਨਾਵਾਂ ਦੀ ਸੁੰਦਰ ਕੈਨਵਸ। ਇਸ ਦੀਆਂ ਬੁਰਸ਼ੀ ਛੋਹਾਂ 'ਤੇ ਵਾਹੀਆਂ ਲਕੀਰਾਂ ਨੇ ਕਿਹੜੇ ਨਕਸ਼ਾਂ ਨੂੰ ਪਾਠਕ ਦੇ ਮਨਾਂ ਵਿਚ ਧਰਨਾ ਅਤੇ ਕਿਹੜਾ ਸੁਨੇਹਾ ਪਾਠਕ ਦੇ ਨਾਵੇਂ ਕਰਨਾ, ਇਹੀ ਕਵਿਤਾ ਦਾ ਮੀਰੀ ਗੁਣ।

ਕਵਿਤਾ ਤੇ ਮੇਰਾ ਅਚੇਤ ਸੰਬੰਧ। ਮੂੰਹ-ਜ਼ੋਰ ਭਾਵਨਾਵਾਂ ਦਾ ਪ੍ਰਗਟਾਅ, ਸੂਖਮ ਅਹਿਸਾਸਾਂ ਦਾ ਵਹਾਅ। ਆਵੇਸ਼ ਵਿਚ ਆਏ ਖ਼ਿਆਲਾਂ, ਖ਼ਾਬਾਂ ਅਤੇ ਖ਼ੈਰੀਅਤ ਦੀ ਤ੍ਰਿਵੇਣੀ। ਮੈਂ ਕਦੇ ਵੀ ਕਵਿਤਾ ਨੂੰ ਹੋੜਦਾ, ਟੋਕਦਾ ਜਾਂ ਇਸ ਦਾ ਰਾਹ ਨਹੀਂ ਕੱਟਦਾ। ਮੇਰਾ ਮਕਸਦ ਕਵਿਤਾ ਨੂੰ ਆਪਣੀ ਤੋਰ, ਅੰਦਾਜ਼ ਅਤੇ ਰੰਗ ਵਿਚ ਸਵੈ-ਵਿਸਥਾਰ ਦੇਣਾ ਅਤੇ ਸੁਗਮ ਸੰਦੇਸ਼ਾਂ ਦੀ ਧਰਾਤਲ ਸਿਰਜਣਾ ਹੁੰਦਾ।

ਕਦੇ ਕਦੇ ਕਵਿਤਾ ਖ਼ਾਮੋਸ਼ ਹੋ, ਸੁੰਨ-ਸਮਾਧੀ ਵਿਚ ਚਲੇ ਜਾਂਦੀ। ਮੂਕ ਭਾਵਨਾ ਨਾਲ ਅੰਤਰੀਵੀ ਗੁਫ਼ਤਗੂ ਵਿਚ ਗ਼ਲਤਾਨ। ਇਹੀ ਚੁੱਪ ਹੀ ਦਰਅਸਲ ਕਵਿਤਾ ਦੀ ਕੁੱਖ ਵਿਚ ਅਚੇਤ ਰੂਪ ਵਿਚ ਪੁੰਗਰਦੇ ਕੁਝ ਵਿਚਾਰਾਂ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਦੇਖਣ, ਸਮਝਣ ਅਤੇ ਪ੍ਰਗਟਾਉਣ ਲਈ ਚੁੱਪ-ਸੰਵਾਦ। ਕੁਝ ਸਮੇਂ ਬਾਅਦ ਇਸ ਚੁੱਪ ਵਿਚੋਂ ਨਵੀਆਂ ਕਵਿਤਾਵਾਂ ਨਵੇਂ ਅੰਦਾਜ਼ ਵਿਚ ਪਨਪਦੀਆਂ। ਹੈਰਾਨ ਹੁੰਦਾ ਕਿ ਕਈ ਵਾਰ ਲੰਬੀਆਂ ਨਜ਼ਮਾਂ ਇੰਜ ਵੀ ਉੱਤਰਦੀਆਂ ਕਿ ਖ਼ੁਦ ਵੀ ਹੈਰਾਨ ਹੋ ਜਾਂਦਾ।

ਕਵਿਤਾ ਅਤੇ ਮੈਂ ਕਈ ਵਾਰ ਆਪਸ ਵਿਚ ਰੁੱਸ ਜਾਂਦੇ। ਕਈ ਕਈ ਦਿਨ ਇਕ ਦੂਜੇ ਨਾਲ ਬੋਲਦੇ ਹੀ ਨਾ। ਪਰ ਕਵਿਤਾ ਅਤੇ ਮੈਂ ਭਲਾ ਕਿੰਨਾ ਕੁ ਚਿਰ ਇਕ ਦੂਜੇ ਤੋਂ ਬਿਨਾਂ ਰਹਿ ਸਕਦੇ? ਫਿਰ ਮੈਂ ਚੁੱਪ ਤੋੜਦਾ। ਕਵਿਤਾ ਮੈਨੂੰ ਆਗੋਸ਼ ਵਿਚ ਲੈਂਦੀ, ਸਹਿਲਾਉਂਦੀ ਅਤੇ ਗਲਵੱਕੜੀ ਵਿਚੋਂ ਨਵੀਆਂ ਕਵਿਤਾਵਾਂ ਦੀ ਸੰਧਾਰਾ ਪਾ, ਮੇਰੀ ਚੁੱਪ ਦੇ ਟੁੱਟਣ ਦਾ ਸ਼ਗਨ ਮਨਾਉਂਦੀ।

ਕਈ ਵਾਰ ਮੇਰੇ ਸ਼ਬਦ ਹੀ ਕਵਿਤਾ ਦੇ ਹਾਣ ਦੇ ਨਾ ਹੁੰਦੇ। ਮੇਰੀਆਂ ਭਾਵਨਾਵਾਂ ਦਾ ਸਤਹੀਪੁਣਾ ਕਵਿਤਾ ਨੂੰ ਰੜਕਦਾ। ਮੇਰੇ ਹੋਛੇਪਣ 'ਤੇ ਕਵਿਤਾ ਨਹੋਰਾ ਮਾਰਦੀ। ਮੈਂ ਕਵਿਤਾ ਨੂੰ ਉੱਤਮ ਰੂਪ ਵਿਚ ਮਿਲਣ ਲਈ ਖ਼ੁਦ ਨੂੰ ਸੰਵੇਦਨਸ਼ੀਲ ਬਣ, ਕਵਿਤਾ ਦੇ ਹਾਣ ਦੀ ਕਵਿਤਾ ਲਿਖਣ ਲਈ ਅਹੁਲਦਾ ਅਤੇ ਕਵਿਤਾ ਖ਼ੁਸ਼ ਹੋ ਜਾਂਦੀ।

ਕਵਿਤਾ ਅਤੇ ਮੇਰੀ ਨਾਰਾਜ਼ਗੀ ਤੇ ਸੁਲ੍ਹਾ-ਸਫ਼ਾਈ, ਜ਼ਿੰਦਗੀ ਦਾ ਸੱਚ। ਇਹੀ ਸੱਚ ਅਸੀਂ ਦੋਵੇਂ ਹੀ ਜਿਉਂਦੇ, ਜੀਵਨ ਜਸ਼ਨ ਵੀ ਬਣਦੇ ਅਤੇ ਕਵਿਤਾ ਦਾ ਉਤਸਵ ਵੀ ਮਨਾਉਂਦੇ। ਇਹੀ ਮੀਰੀ ਅਸੂਲ ਬਣ ਕੇ ਮੇਰੀਆਂ ਸਮਰੱਥਾ ਅਤੇ ਕਵਿਤਾ ਦੀ ਅਸੀਮਤਾ ਦਾ ਸਬੱਬ ਹੁੰਦੇ। ਇਸ ਵਿਚੋਂ ਅਸੀਂ ਇਕ ਦੂਜੇ ਲਈ ਵਿਸਥਾਰ ਦਾ ਨਵਾਂ ਅਧਿਆਇ ਸਿਰਜਣ ਅਤੇ ਵਿਲੱਖਣ ਕਾਵਿ-ਪ੍ਰਤੀਬੱਧਤਾ ਦੇਣ ਲਈ ਯਤਨਸ਼ੀਲ।

ਕਵਿਤਾ ਅਤੇ ਮੇਰੀ ਗੁਫ਼ਤਗੂ ਵਿਚ ਸ਼ਬਦਾਂ ਦਾ ਸਲੀਕਾ। ਮੇਰੀ ਕਵਿਤਾ ਨੂੰ ਵੀ ਪਤਾ ਕਿ ਅਗਰ ਗੁਲਾਬ ਨੂੰ ਸਲੀਕੇ ਨਾਲ ਨਾ ਤੋੜੀਏ ਤਾਂ ਕੰਢੇ ਚੁਭ ਹੀ ਜਾਂਦੇ ਨੇ ਅਤੇ ਪੋਟਿਆਂ ਵਿਚ ਪੀੜਾਂ ਧਰ ਜਾਂਦੇ। ਜੀਵਨ ਵਿਚ ਰੰਗ ਤੇ ਸਾਹਾਂ ਵਿਚ ਮਹਿਕਾਂ ਚਿਣੀਆਂ ਹੋਣ ਤਾਂ ਉਮਰ ਸੁਗੰਧਾਂ ਦਾ ਸੰਧਾਰਾ। ਪਰ ਪੀੜਾਂ ਸਾਹਾਂ ਲਈ ਸੂਲੀ। ਮਹਿਕਾਂ ਅਤੇ ਪੀੜਾਂ ਵਿਚੋਂ ਤੁਸੀਂ ਕੀ ਚੁਣਨਾ, ਇਹ ਮੈਂ ਤੇ ਮੇਰੀ ਕਵਿਤਾ ਬਾਖ਼ੂਬੀ ਜਾਣਦੇ।

ਕਵਿਤਾ ਅਤੇ ਮੇਰਾ ਮਿਲਾਪ ਅਤੇ ਸਾਥ ਸੁਰੰਗ ਨੂੰ ਪਾਰ ਕਰ, ਹਨੇਰੇ ਤੋਂ ਚਾਨਣ ਵੱਲ ਜਾਣ ਦੀ ਜਾਚਨਾ। ਇਸ ਸਫ਼ਰ ਵਿਚ ਕਵਿਤਾ ਦਾ ਉਹ ਰੂਪ ਵੀ ਅੰਤਰ ਧਿਆਨ ਵਿਚ ਆ ਜਾਂਦਾ ਜਿਸ ਤੋਂ ਮੈਂ ਬੇਖ਼ਬਰ ਹੁੰਦਾ। ਕਵਿਤਾ ਤਾਂ ਮੇਰੇ ਲਈ ਕਿਰਨਾਂ ਦੀ ਬਰਸਾਤ, ਤਾਰਿਆਂ ਭਰੀ ਰਾਤ, ਮੇਰੇ ਰੂਬਰੂ ਮੇਰੀ ਜਾਤ ਅਤੇ ਦਿਖਾਉਂਦੀ ਮੇਰੀ ਔਕਾਤ। ਕਰੂੰਬਲਾਂ ਦਾ ਫੁੱਟਣਾ, ਹਵਾ ਦਾ ਮਹਿਕਣਾ, ਕਣੀਆਂ ਦੀ ਰਿਮ-ਝਿਮ, ਮੀਂਹ ਵਿਚ ਭਿੱਜਣ ਦਾ ਵਿਸਮਾਦ, ਸੱਜਣ ਦੀ ਸੰਧੂਰੀ ਯਾਦ, ਸਾਹਾਂ ਵਿਚ ਰਚੇ ਹੋਣ ਦਾ ਚਾਅ, ਪਿਘਲ ਜਾਣ ਦੀ ਲੋਚਾ, ਖ਼ੁਦ ਲਈ ਮੰਗਣੀ ਖ਼ੁਦ ਦੀ ਦੁਆ ਅਤੇ ਇਸ ਦੁਆ ਰਾਹੀਂ ਆਪਣੀ ਹੀ ਪਾ ਲੈਣੀ ਥਾਹ।

ਕਵਿਤਾ ਦੇ ਅਰਥ ਜਦ ਮੇਰੇ ਲਈ ਬੌਣੇ ਹੋ ਜਾਂਦੇ ਤਾਂ ਮੇਰੇ ਸ਼ਬਦਾਂ ਦਾ ਅਨਰਥ ਪੁਣਾ ਮੇਰੇ ਤੋਂ ਜਰਿਆ ਨਾ ਜਾਂਦਾ। ਮੈਂ ਕਵਿਤਾ ਤੋਂ ਮੁਆਫ਼ੀ ਮੰਗਦਾ। ਫਿਰ ਤੋਂ ਸ਼ਬਦਾਂ ਨੂੰ ਅਰਥਾਂ ਦੀ ਗੁੜ੍ਹਤੀ ਦੇ ਕਵਿਤਾ ਵਿਚ ਪਰੋਂਦਾ ਅਤੇ ਕਵਿਤਾ ਦੇ ਹਾਣ ਦਾ ਕਹਾਉਂਦਾ।

ਕਵਿਤਾ ਜਦ ਮੈਨੂੰ ਪੁੱਛਦੀ ਕਿ ਕੌਣ ਏਂ ਤੂੰ, ਜੀਅ ਕਿਉਂ ਰਿਹਾਂ, ਕਿਸ ਲਈ ਜੀਅ ਰਿਹਾਂ ਅਤੇ ਖ਼ੁਦ ਨੂੰ ਕਿਉਂ ਭੁੱਲਿਆ ਫਿਰਦਾਂ ਤਾਂ ਮੈਂ ਜਿਊਣਾ ਸ਼ੁਰੂ ਕਰ ਦਿੰਦਾ ਤੇ ਆਪਣੀ ਸਾਹ-ਸੁਰੰਗੀ ਵਿਚ ਜੀਵਨ-ਨਾਦ ਪੈਦਾ ਕਰਦਾ। ਕਵਿਤਾ ਜਦ ਮੈਨੂੰ ਸਵਾਲ ਕਰਦੀ ਕਿ ਤੂੰ ਆਪਣੇ ਮਿੱਤਰ ਪਿਆਰਿਆਂ ਦੀ ਸੁੱਖ-ਸਾਂਦ ਪੁੱਛਦਾਂ, ਬੁੱਢੇ ਮਾਪਿਆਂ ਦੀ ਸਾਰ ਲੈਂਦਾ, ਬੁੱਢੇ ਘਰ ਅਤੇ ਪਿੰਡ ਨੂੰ ਕਦੇ ਯਾਦ ਕੀਤਾ ਜਾਂ ਆਪਣੇ ਮੂਲ ਨਾਲ ਜੁੜਨ ਦਾ ਕਦੇ ਤਰੱਦਦ ਕੀਤਾ ਤਾਂ ਮੈਂ ਪਿੱਛਲ-ਝਾਤ ਮਾਰਦਾਂ। ਮੈਨੂੰ ਅਹਿਸਾਸ ਹੁੰਦਾ ਕਿ ਮੈਂ ਕੇਹੀ ਭਟਕਣ ਦਾ ਸ਼ਿਕਾਰ ਹੋ ਗਿਆ ਅਤੇ ਸਭ ਕੁਝ ਮੇਰੀ ਕਵਿਤਾ ਨੂੰ ਹੀ ਯਾਦ ਕਰਵਾਉਣਾ ਪਿਆ।

ਕਵਿਤਾ ਇਹ ਵੀ ਪ੍ਰਸ਼ਨ ਮੇਰੇ ਮਨ ਵਿਚ ਪੈਦਾ ਕਰਦੀ ਕਿ ਰੋਬੋਟ ਬਣ ਕੇ ਤੂੰ ਕੀ ਰਹਿ ਜਾਵੇਂਗਾ? ਹਵਾ, ਪਾਣੀ ਅਤੇ ਧਰਤ ਨੂੰ ਪਲੀਤ ਕਰਕੇ ਤੂੰ ਔਲਾਦ ਵਿਹੂਣਾ ਕੀਕਣ ਹੋ ਗਿਆ? ਕੀ ਸਮਾਜ ਨਾਲੋਂ ਟੁੱਟ ਕੇ ਤੂੰ ਜਿਊਂਦਾ ਰਹਿ ਸਕੇਂਗਾ? ਮਸਨੂਈ ਬੁੱਧੀ ਵਿਚੋਂ ਕਿਹੜੀਆਂ ਅਲਾਮਤਾਂ ਤੇਰੇ ਹਿੱਸੇ ਆਉਣਗੀਆਂ? ਤਾਂ ਮੈਂ ਕਵਿਤਾ ਦਾ ਧੰਨਵਾਦੀ ਹੋ ਆਪਣੇ ਵੱਲ ਨੂੰ ਮੁੜਦਾਂ।

ਕਵਿਤਾ ਤਾਂ ਕਦੇ ਕਦੇ ਸੱਚੀਂ ਮੈਨੂੰ ਅਚੰਭਿਤ ਹੀ ਕਰ ਜਾਂਦੀ ਜਦ ਦੱਸਦੀ ਕਿ ਤਲਾਬ, ਖੂਹਾਂ ਨਾਲੋਂ ਬਹੁਤ ਵੱਡੇ ਹੁੰਦੇ। ਪਰ ਲੋਕ ਖੂਹਾਂ ਦਾ ਪਾਣੀ ਪੀਂਦੇ ਕਿਉਂਕਿ ਖੂਹਾਂ ਦੀ ਡੂੰਘਾਈ ਪਾਣੀ ਦੀ ਸ਼ੁੱਧਤਾ ਦਾ ਪ੍ਰਤੀਕ ਜਦ ਕਿ ਤਲਾਬ ਦੇ ਪਾਣੀਆਂ ਵਿਚ ਬਿਮਾਰੀਆਂ ਦੇ ਕੀਟਾਣੂ। ਇਸ ਲਈ ਬੰਦੇ ਦਾ ਵੱਡੇ ਹੋਣਾ ਅਹਿਮ ਨਹੀਂ ਸਗੋਂ ਮਹੱਤਵਪੂਰਨ ਹੁੰਦਾ ਬੰਦੇ ਦੇ ਖ਼ਿਆਲਾਂ ਤੇ ਖ਼ਾਬਾਂ ਵਿਚ ਗਹਿਰਾਈ ਅਤੇ ਭਲਿਆਈ ਹੋਵੇ।

ਕਵਿਤਾ ਨੇ ਮੈਨੂੰ ਸਮਝਾਇਆ ਕਿ ਤੂੰ ਆਪਣੀ ਧੀ ਦਾ ਪਹਿਲਾ ਹੱਕ ਨਹੀਂ ਮਾਰਿਆ ਜਦ ਤੂੰ ਧੀਆਂ ਦੇ ਜਨਮ ਵੇਲੇ ਖ਼ੁਸ਼ੀਆਂ ਮਨਾਈਆਂ। ਅਕਵੀ ਤਾਂ ਧੀ ਦਾ ਪਹਿਲਾ ਹੱਕ ਹੀ ਮਾਰ ਲੈਂਦੇ ਜਦ ਧੀ ਦੇ ਜਨਮ ਵੇਲੇ ਉਹ ਮਸੋਸੇ ਜਾਂਦੇ। ਕਵਿਤਾ ਨੇ ਮੇਰੀ ਝੋਲੀ ਵਿਚ ਮੀਰੀ ਗੁਣ ਪਾਇਆ ਕਿ ਸ਼ਬਦਾਂ ਨੂੰ ਸਾਹਾਂ ਤੋਂ ਕੀਮਤੀ ਸਮਝ ਕੇ ਸ਼ਬਦਾਂ ਵਿਚ ਪਰਣਾ। ਉਨ੍ਹਾਂ ਵਿਚ ਅਰਥਾਂ ਦਾ ਚਿਰਾਗ਼ ਟਿਕਾਉਣਾ, ਸੁਰ ਬੁੱਧ ਰੂਪ ਸਜਾਉਣਾ ਅਤੇ ਇਸ ਰਾਹੀਂ ਸੂਖਮ ਸੰਦੇਸ਼ ਪਾਠਕ ਦੀ ਸੋਚ-ਸਰਦਲ ਵਿਚ ਟਿਕਾਉਣ ਹੀ, ਕਵਿਤਾ ਦਾ ਧਰਮ ਅਤੇ ਕਰਮ।

ਕਵਿਤਾ ਨੇ ਹੀ ਮੈਨੂੰ ਦੱਸਿਆ ਕਿ ਪੀੜ ਹੋਵੇ ਤਾਂ ਮੀਰਾ ਵਰਗੀ, ਪਿਆਰ ਹੋਵੇ ਤਾਂ ਰਾਧਾ ਵਰਗਾ। ਦੋਵੇਂ ਹੀ ਕੁਝ ਪੂਰੀਆਂ ਪੂਰੀਆਂ ਪਰ ਦੋਵੇਂ ਹੀ ਕੁਝ ਅਧੂਰੀਆਂ ਅਧੂਰੀਆਂ।

ਕਵਿਤਾ ਨੇ ਹੀ ਮੈਨੂੰ ਦੱਸਿਆ ਕਿ ਰੁਮਕਦੀ ਪੌਣ ਗਾਉਂਦੀ। ਵਗਦੇ ਪਾਣੀਆਂ ਦੀਆਂ ਲਹਿਰਾਂ ਵਿਚ ਸੰਗੀਤ ਹੁੰਦਾ। ਬਿਰਖਾਂ ਦੇ ਪੱਤਿਆਂ ਵਿਚ ਸਰਸਰਾਉਂਦੀ ਹਵਾ ਪਿਆਰ ਭਰੀਆਂ ਗੱਲਾਂ ਕਰਦੀ ਭੌਰਿਆਂ ਦੀ ਰਾਗਣੀ ਦੇ ਕੀ ਅਰਥ? ਜਦ ਤਿਤਲੀਆਂ ਫੁੱਲਾਂ 'ਤੇ ਮੰਡਰਾਉਂਦੀਆਂ ਤਾਂ ਉਨ੍ਹਾਂ ਦੇ ਮਨਾਂ ਵਿਚ ਕੀ ਹੁੰਦਾ? ਚੰਨ-ਚਾਨਣੀ ਦੀ ਚੁੱਪ ਨਾਲ ਗੱਲਬਾਤ ਦੇ ਡੂੰਘੇ ਰਾਜ਼। ਸਰਘੀ ਕਾਇਨਾਤ ਦੇ ਕੰਨਾਂ ਵਿਚ ਕੀ ਕਹਿੰਦੀ? ਡੁੱਬਦੇ ਸੂਰਜ ਦੀ ਲਾਲੀ 'ਚ ਅੰਬਰ ਸੂਹਾ ਕਿਉਂ ਹੋ ਜਾਂਦਾ? ਜੰਗਲ ਵਿਚ ਰੁੱਖਾਂ ਨਾਲ ਖਹਿੰਦੀ ਪੌਣ ਕਿਹੜੀਆਂ ਚੁਗ਼ਲੀਆਂ ਕਰਦੀ? ਬਹਾਰ ਦੀ ਆਮਦ ਚਮਨ ਵਿਚ ਗੁਦਗੁਦੀ ਕਿਉਂ ਪੈਦਾ ਕਰਦੀ? ਦੋ ਰੂਹ-ਰੱਤੀਆਂ ਜਿੰਦਾਂ ਦੇ ਮਿਲਣ 'ਤੇ ਇਕ ਦੂਜੇ ਵਿਚ ਕਿਉਂ ਪਿੱਘਲਦੇ? ਪ੍ਰੇਮ-ਮਿਲਣੀ ਦੌਰਾਨ ਬੋਲਾਂ ਨਾਲੋਂ ਚੁੱਪ ਕਿਉਂ ਵੱਧ ਬੋਲਦੀ? ਅਭੇਤ, ਅਚੇਤ, ਅਨਾਦੀ, ਅਗੰਮੀ ਅਤੇ ਅਨੂਠੀਆਂ ਰਮਜ਼ਾਂ ਦੀ ਬਾਤ ਪਾਉਣ ਵਾਲੀ ਕਵਿਤਾ ਹਰ ਪਲ ਰਾਗ-ਰਤਨ ਗਾਉਣ ਵਿਚ ਮਸਤ।

ਕਵਿਤਾ ਮੇਰੇ ਲਈ ਖ਼ੁਦ ਦੀ ਕਸੀਦਾਕਾਰੀ, ਕਸ਼ੀਦਕਾਰੀ, ਅਹਿਸਾਸਾਂ ਦੀ ਕਲਮਕਾਰੀ, ਸੁਪਨਿਆਂ ਦੀ ਕਲਾਕਾਰੀ, ਭਾਵਨਾਵਾਂ ਦੀ ਕਾਸ਼ਤਕਾਰੀ ਅਤੇ ਅੰਤਰੀਵ ਦੀ ਪੇਸ਼ਕਾਰੀ। ਇਸ ਵਿਚੋਂ ਮੈਨੂੰ ਮਿਲਦੀ ਦਿਲਦਾਰੀ, ਰੂਹਦਾਰੀ, ਉਮਰ ਜੇਡੀ ਯਾਰੀ, ਮਨ ਦੀ ਖ਼ੁਮਾਰੀ ਅਤੇ ਸੋਚ ਉਡਾਰੀ। ਤਾਂ ਹੀ ਕਵਿਤਾ ਵਿਚ ਰਹਿੰਦੀ ਸੁਰ, ਸ਼ਬਦ ਅਤੇ ਸੰਵੇਦਨਾ ਤਾਰੀ ਜਿਹੜੀਆਂ ਹੁਣ ਬਣ ਗਈਆਂ ਧੁਰ ਦੀਆਂ ਆੜੀ।

ਕਵਿਤਾ ਤੇ ਮੈਂ ਨਾਲੋ-ਨਾਲ, ਮਨ ਜੂਹੇ ਪਨਪੇ ਖ਼ਿਆਲ ਅਤੇ ਇਨ੍ਹਾਂ ਖ਼ਿਆਲਾਂ ਵਿਚ ਅਸੀਂ ਦੋਵੇਂ ਬਰਾਬਰ ਦੇ ਭਿਆਲ। ਸ਼ਾਲਾ! ਇਸੇ ਤਰ੍ਹਾਂ ਹੀ ਬਣਿਆ ਰਹੇ ਸਾਡੇ ਚਿਹਰਿਆਂ ਦਾ ਜਲਾਲ।

## ਚਿਠੀ ਬਾਬੇ ਬਖਤੌਰੇ ਦੀ

ਵਿਅੰਗ



ਹਰਦੀਪ ਸਿੰਘ ਸੋਢੀ
ਫੋਨ: 480-794-0325

ਲਿਖ ਤੁਮ ਬਖਤੌਰ ਸੋਹ ਅੱਗੇ ਮਿਲੇ ਰਾਹੁਲ ਗਾਂਧੀ, ਖੜਗੇ ਸਾਹਿਬ, ਸੋਨੀਆ ਗਾਂਧੀ ਅਤੇ ਪ੍ਰਿੰਕਾ ਵਾਢਰਾ ਜੀ ਨੂੰ! ਬੇਨਤੀ ਹੈ ਕਿ ਦੇਸ਼ ਦੇ ਬਚਾਅ ਵਾਸਤੇ ਆਪਣੇ ਸਹਿਯੋਗੀ ਦਲਾਂ ਨੂੰ ਲੈ ਕੇ ਐਲਾਨ ਕਰੋ ਕਿ ਈਵੀਐੱਮ ਨਾਲ ਹੋਣ ਵਾਲੀਆਂ ਚੋਣਾਂ ਵਿਚ ਅਸੀਂ ਭਾਗ ਨਹੀਂ ਲੈਣਾ, ਵੱਧ ਤੋਂ ਵੱਧ ਕੀ ਹੋਵੇਗਾ ਉਹ ਤੁਹਾਡੇ ਬਿਨਾਂ ਚੋਣਾ ਜਿੱਤ ਲੈਣਗੇ,, ਜਿੱਤ ਲੈਣ ਦਿਉ ਵਿਸ਼ਵ ਪੱਧਰ 'ਤੇ ਚਰਚਾ ਤਾਂ ਹੋਵੇਗੀ ਕਿ ਵਿਰੋਧੀ ਧਿਰ ਨੂੰ ਸੁਣਿਆ ਨਹੀਂ ਜਾਂਦਾ,, ਜੇ ਤੁਸੀਂ ਬਾਈਕਾਟ ਨਾ ਵੀ ਕਰੋ ਤਾਂ ਵੀ ਦਿੱਲੀ ਵਿਚ ਸਰਕਾਰ ਕੇਜਰੀਵਾਲ ਦੀ ਬਣਨੀ ਹੈ ਲਿਖ ਲਵੋ ਕਿਉਂਕਿ ਪਾਰਲੀਮੈਂਟ ਦੀਆਂ ਸੱਤੇ ਸੀਟਾਂ ਉਹ ਹੁਣੇ ਭਾਜਪਾ ਨੂੰ ਜਿਤਾ ਚੁੱਕੇ ਹਨ ਅਤੇ ਹਰਿਆਣਾ ਵਿਚ ਦੁਨੀਆਂ ਭਰ ਦੇ ਵਿਸ਼ਲੇਸ਼ਕ ਅਤੇ ਐਗਜ਼ਿਟ ਪੋਲ ਵਾਲਿਆਂ ਨੂੰ ਧੂੜ ਚਟਾਉਣ ਵਾਸਤੇ ਕੇਜਰੀਵਾਲ ਵਰਤਿਆ ਗਿਆ ਹੈ ਜਦੋਂ ਵੀ ਕਿਸੇ ਪੰਜ ਸੂਬਿਆਂ ਵਿਚ ਚੋਣਾਂ ਹੁੰਦੀਆਂ ਹਨ ਚਾਰ ਉਹ ਖੁਦ ਜਿੱਤ ਜਾਂਦੇ ਹਨ ਇੱਕ ਰਹਿੰਦ ਖੂੰਹਦ ਤੁਹਾਨੂੰ ਦੇ ਕੇ ਤੁਹਾਡੀ ਸਰਕਾਰ ਬਣਵਾ ਦੇਂਦੇ ਹਨ।

ਫਿਰ ਬਾਅਦ ਵਿਚ ਉਸ ਦੇ ਐਮ ਐਲ ਏ ਵੀ ਆਪਣੇ ਵੱਲ ਕਰ ਕੇ ਸਰਕਾਰ ਹੀ ਆਪਣੀ ਬਣਾ ਲੈਂਦੇ ਹਨ ਇੱਕ ਸਰਕਾਰ ਦੇ ਕੇ ਸੱਚੇ ਹੋਣ ਦੀ ਕਵਾਇਦ 2014 ਤੋਂ ਚਾਲੂ ਹੋਈ ਹੈ। ਇਸ ਨੂੰ ਵੇਖ ਕੇ ਕਹਾਵਤ ਯਾਦ ਆਉਂਦੀ ਐ ਮੁੰਗਲੀ ਕੱਛੇ ਮਾਰਨੀ ਤੇ ਸੂਈ ਕਰਨੀ ਦਾਨ। ਭਾਵ 99.9 % ਆਪਣੇ ਕੋਲ ਤੇ 0.01 ਵਿਰੋਧੀ ਧਿਰਾਂ ਨੂੰ ਦਾਨ ਦੇ ਵਾਹਵਾ ਖੱਟ ਲੈਣੀ।

# ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲਾ - ਜੱਸੀ ਧਾਲੀਵਾਲ

ਜਸਵਿੰਦਰ ਸਿੰਘ ਧਾਲੀਵਾਲ ਉਰਫ਼ 'ਜੱਸੀ ਧਾਲੀਵਾਲ' ਹਫ਼ਤੇ 'ਚ ਪੰਜ ਦਿਨ ਸਾਰਾ-ਸਾਰਾ ਦਿਨ ਟਰੱਕ ਚਲਾਉਂਦਾ ਹੈ। ਵੀਕ-ਐਂਡ 'ਤੇ ਯੋਗਾ ਸਿੱਖਣ ਦੇ ਚਾਹਵਾਨਾਂ ਨੂੰ ਯੋਗਾ ਸਿਖਾਉਂਦਾ ਹੈ ਅਤੇ 'ਆਰਟ ਆਫ਼ ਲਿਵਿੰਗ' ਦੇ ਕੈਂਪਾਂ ਵਿਚ ਵੀ ਹਾਜ਼ਰੀ ਭਰਦਾ ਹੈ। ਉਸ ਦੀ ਆਪਣੀ 'ਕੁਦਰਤ ਟਰਾਂਸਪੋਰਟ ਕੰਪਨੀ' ਹੈ ਜਿਸ ਦਾ ਪ੍ਰਬੰਧ ਉਹ ਖ਼ੁਦ ਕਰਦਾ ਹੈ। ਉਹ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' (ਟੀਪੀਏਆਰ ਕਲੱਬ) ਦਾ ਰੈਗੂਲਰ ਮੈਂਬਰ ਹੈ ਅਤੇ ਸ਼ਨਿਚਰਵਾਰ/ਐਤਵਾਰ ਵਾਲੇ ਇਸ ਦੇ ਪ੍ਰੈਕਟਿਸ-ਸੈਸ਼ਨਾਂ ਵਿਚ ਵੀ ਸ਼ਾਮਲ ਹੁੰਦਾ ਹੈ। ਟੋਰਾਂਟੋ ਦੇ ਆਸ-ਪਾਸ ਤੇ ਦੂਰ-ਨੇੜੇ ਦੇ ਸ਼ਹਿਰਾਂ ਵਿਚ ਹੋਣ ਵਾਲੇ ਦੌੜਾਂ ਦੇ ਮੁਕਾਬਲਿਆਂ ਵਿਚ ਕਲੱਬ ਦੇ ਮੈਂਬਰਾਂ ਸਣੇ ਸ਼ਿਰਕਤ



**ਡਾ. ਸੁਖਦੇਵ ਸਿੰਘ ਝੰਡ**
**ਫੋਨ: 647-567-9128**

ਕਰਦਾ ਹੈ ਅਤੇ 5 ਕਿਲੋਮੀਟਰ, 10 ਕਿਲੋਮੀਟਰ, ਹਾਫ਼-ਮੈਰਾਥਨ ਅਤੇ ਫੁੱਲ-ਮੈਰਾਥਨ ਦੌੜਾਂ ਵਿਚ ਭਾਗ ਲੈਂਦਾ ਹੈ।

**ਪਿਛੋਕੜ:** ਜੱਸੀ ਧਾਲੀਵਾਲ ਮੋਗਾ ਜ਼ਿਲ੍ਹੇ ਦੇ ਪਿੰਡ ਨੰਗਲ ਵਿਚ 13 ਫ਼ਰਵਰੀ 1981 ਨੂੰ ਸ. ਬਚਨ ਸਿੰਘ ਧਾਲੀਵਾਲ ਤੇ ਸਰਦਾਰਨੀ ਪਰਮਜੀਤ ਕੌਰ ਧਾਲੀਵਾਲ ਦੇ ਘਰ ਪੈਦਾ ਹੋਇਆ। ਉਹ ਬਚਪਨ ਤੋਂ ਹੀ ਹੋਣਹਾਰ ਬਾਲਕ ਸੀ। ਨਾਨਕੇ ਉਸ ਦੇ ਪਿੰਡ ਦੱਬੜੀਖ਼ਾਨਾ ਜ਼ਿਲ੍ਹਾ ਫ਼ਰੀਦਕੋਟ ਦੇ ਰੱਜੇ-ਪੁੱਜੇ ਖ਼ਾਨਦਾਨ ਵਿਚੋਂ ਹਨ। ਧਾਲੀਵਾਲ ਪਰਿਵਾਰ ਵੀ ਪਿੰਡ ਦਾ ਰੱਜਿਆ-ਪੁੱਜਿਆ ਪਰਿਵਾਰ ਹੈ।

ਪ੍ਰਾਇਮਰੀ ਤੱਕ ਪੜ੍ਹਾਈ ਨਾਨਕਿਆਂ ਦੇ ਪਿੰਡ ਦਬੜੀਖ਼ਾਨਾ ਤੋਂ ਕੀਤੀ ਅਤੇ ਬਾਰ੍ਹਵੀਂ ਤੇਜਾ ਸਿੰਘ ਸੁਤੰਤਰ ਹਾਈ ਸਕੂਲ ਲੁਧਿਆਣਾ ਤੋਂ ਪਾਸ ਕਰਕੇ ਉਚੇਰੀ ਸਿੱਖਿਆ ਲਈ ਆਰੀਆ ਕਾਲਜ ਲੁਧਿਆਣੇ ਜਾ ਦਾਖ਼ਲਾ ਲਿਆ। ਖੇਡਾਂ ਦਾ ਸ਼ੌਕ ਬਚਪਨ ਤੋਂ ਹੀ ਸੀ ਜੋ ਸਕੂਲ ਅਤੇ ਕਾਲਜ ਸਮੇਂ ਬਾ-ਦਸਤੂਰ ਜਾਰੀ ਰਿਹਾ। ਉਹ ਕ੍ਰਿਕਟ ਤੇ ਬਾਸਕਟ ਬਾਲ ਖੇਡਦਾ ਸੀ ਅਤੇ ਸਕੂਲ ਪੱਧਰ ਦੇ ਚੰਗੇ ਖਿਡਾਰੀਆਂ ਵਿਚ ਗਿਣਿਆ ਜਾਂਦਾ ਸੀ। ਕਾਲਜ ਵਿਚ ਬੀ.ਏ. ਕਰਦਿਆਂ ਵੀ ਕ੍ਰਿਕਟ ਦੀ ਖੇਡ ਜਾਰੀ ਰਹੀ।

**ਕੈਨੇਡਾ ਵਿਚ ਜੀਵਨ ਦੀ ਸ਼ੁਰੂਆਤ**

ਬੀ.ਏ. ਕਰਨ ਦੌਰਾਨ ਹੀ ਉਸ ਦਾ ਵਿਆਹ 2002 ਵਿਚ ਕੈਨੇਡਾ ਤੋਂ ਆਈ ਪੀ.ਆਰ. ਲੜਕੀ ਅੰਮ੍ਰਿਤ ਕੌਰ ਨਾਲ ਹੋ ਗਿਆ ਅਤੇ 2003 ਵਿਚ ਉਹ ਕੈਨੇਡਾ ਦੇ ਸ਼ਹਿਰ ਬਰੈਂਪਟਨ ਆ ਗਿਆ। ਇੱਥੇ ਆ ਕੇ ਉਸ ਨੂੰ ਸ਼ੁਰੂ-ਸ਼ੁਰੂ ਵਿਚ ਫ਼ੈਕਟਰੀਆਂ ਵਾਲਾ ਮੁਸ਼ਕਲ ਕੰਮ ਕਰਨਾ ਪਿਆ, ਜਿਸ ਦੀ ਥਕਾਵਟ ਲਾਹੁਣ ਲਈ ਉਹ ਦਾਰੂ ਦਾ ਆਸਰਾ ਲੈਣ ਲੱਗਾ ਪਰ ਉਸ ਨੂੰ ਇਹ ਚਿੰਤਾ ਖਾਣ ਲੱਗੀ ਕਿ ਇਹ ਵੀ ਕੋਈ ਜੀਵਨ ਹੈ ਕਿ ਘਰੋਂ ਕੰਮ 'ਤੇ ਜਾਓ, ਥੱਕ-ਟੁੱਟ ਕੇ ਘਰ ਆ ਜਾਓ ਅਤੇ ਦਾਰੂ ਪੀ ਕੇ ਦਿਨ-ਭਰ ਦੀ ਥਕਾਵਟ ਲਾਹੋ ਅਤੇ ਸੌਂ ਜਾਓ। ਉਸ ਨੂੰ ਇਹ ਜੀਵਨ ਬੇਅਰਥ ਜਿਹਾ ਮਹਿਸੂਸ ਹੋਣ ਲੱਗਾ। ਫ਼ੈਕਟਰੀਆਂ ਦਾ ਕੰਮ ਮੁਸ਼ਕਲ ਲੱਗਾ ਤਾਂ ਟਰੱਕ ਡਰਾਇਵਰੀ ਸਿੱਖ ਲਈ। ਫ਼ੈਕਟਰੀਆਂ ਵਿਚ ਤਿੰਨ-ਚਾਰ ਸਾਲ ਨਿੱਠ ਕੇ ਕੰਮ ਕੀਤਾ। ਇਸ ਦੌਰਾਨ ਹੀ ਉਸ ਨੇ ਟੈਕਸੀ ਚਲਾਉਣ ਦਾ ਲਾਇਸੈਂਸ ਲੈ ਲਿਆ ਪਰ ਟੈਕਸੀ ਚਲਾਈ ਨਹੀਂ, ਕਿਉਂਕਿ ਉਸ ਦਾ ਇਰਾਦਾ ਟਰੱਕਿੰਗ ਦੇ ਬਿਜ਼ਨਸ ਵਿਚ ਪੈਣ ਦਾ ਸੀ। ਇਸ ਲਈ ਟਰੱਕ ਡਰਾਈਵਿੰਗ ਦਾ ਲਾਇਸੈਂਸ ਲਿਆ ਅਤੇ ਟਰੱਕ ਡਰਾਈਵਰੀ ਸ਼ੁਰੂ ਕਰ ਲਈ। ਇਸ ਸਮੇਂ ਉਸ ਦੀ ਆਪਣੀ ਟਰਾਂਸਪੋਰਟ ਕੰਪਨੀ 'ਕੁਦਰਤ ਟਰਾਂਸਪੋਰਟ' ਦੇ ਨਾਂ ਹੇਠ ਚੱਲ ਰਹੀ ਹੈ। ਆਖ਼ਰ ਰੋਜ਼ੀ-ਰੋਟੀ ਦਾ ਕੋਈ ਪੱਕਾ ਪ੍ਰਬੰਧ ਵੀ ਤਾਂ ਕਰਨਾ ਹੀ ਸੀ।

ਦਿਨ ਗੁਜ਼ਰਦੇ ਗਏ ਤੇ ਜ਼ਿੰਦਗੀ ਆਮ ਵਾਂਗ ਚੱਲਦੀ ਰਹੀ। ਪਰ ਉਹ ਆਪਣੇ ਇਸ ਜੀਵਨ ਤੋਂ ਸੰਤੁਸ਼ਟ ਨਹੀਂ ਸੀ। ਕਦੇ ਕਦੇ ਉਹ ਬੇਚੈਨ ਜਿਹਾ ਹੋ ਜਾਂਦਾ। ਉਸ ਦਾ ਮਨ ਉਚਾਟ ਹੋ ਜਾਂਦਾ। ਉਹ ਸੋਚਦਾ, 'ਰੁਟੀਨ' ਵਾਲੇ ਇਸ ਜੀਵਨ ਵਿਚ ਕੋਈ 'ਬਦਲਾਅ' ਹੋਣਾ ਚਾਹੀਦਾ ਹੈ ਜਿਸ ਨਾਲ ਇਹ ਚੰਗਾ-ਚੰਗਾ ਲੱਗਣ ਲੱਗ ਪਵੇ।

**'ਆਰਟ ਆਫ਼ ਲਿਵਿੰਗ' ਦਾ ਕੋਰਸ ਕਰਨਾ**

ਬੜੀ ਸੋਚ ਵਿਚਾਰ ਤੋਂ ਬਾਅਦ ਸ੍ਰੀ ਸ੍ਰੀ ਰਵੀਸ਼ੰਕਰ ਵੱਲੋਂ ਅੰਤਰਰਾਸ਼ਟਰੀ ਪੱਧਰ 'ਤੇ ਚਲਾਈ ਜਾ ਰਹੀ ਸੰਸਥਾ 'ਆਰਟ ਆਫ਼ ਲਿਵਿੰਗ' ਵੱਲੋਂ ਕਰਵਾਏ ਜਾਂਦੇ ਕੋਰਸ ਵਿਚ ਜਾ ਦਾਖ਼ਲਾ ਲਿਆ। ਇੱਥੇ 'ਬਰੀਦਿੰਗ' (ਲੰਮੇ ਸਾਹ ਲੈਣ ਦੀ ਪ੍ਰਕਿਰਿਆ), ਯੋਗ ਅਤੇ ਮੈਡੀਟੇਸ਼ਨ ਦੀ ਸਿਖਲਾਈ ਲਈ ਅਤੇ ਇਨ੍ਹਾਂ ਨੂੰ ਆਪਣੇ ਜੀਵਨ ਵਿਚ ਅਪਨਾਉਣ ਦੀ ਕੋਸ਼ਿਸ਼ ਆਰੰਭ ਕੀਤੀ। ਇਸ ਕੋਰਸ ਦਾ ਵੱਡਾ ਫ਼ਾਇਦਾ ਉਸ ਨੂੰ ਇਹ ਹੋਇਆ ਕਿ ਉਹ 'ਦਾਰੂ' ਪੀਣੀ ਛੱਡ ਗਿਆ। ਦਿਲੋਂ ਭਾਵੇਂ ਉਹ ਛੱਡਣੀ ਨਹੀਂ ਸੀ ਚਾਹੁੰਦਾ ਪਰ ਉਸ ਦੇ ਆਪਣੇ ਕਹਿਣ ਅਨੁਸਾਰ "ਦਾਰੂ ਉਸ ਨੂੰ ਛੱਡ ਗਈ"। ਜੱਸੀ ਧਾਲੀਵਾਲ ਕਹਿੰਦਾ ਹੈ ਕਿ 'ਆਰਟ ਆਫ਼ ਲਿਵਿੰਗ' ਦਾ ਇਹ ਕੋਰਸ ਕਰਨ ਤੋਂ ਬਾਅਦ ਉਸ ਨੂੰ ਸ਼ਰਾਬ ਪੀਣ ਦੀ ਲੋੜ ਹੀ ਮਹਿਸੂਸ ਨਹੀਂ ਹੋਈ, ਹਾਲਾਂਕਿ ਬਹੁਤੇ ਲੋਕਾਂ ਦਾ ਕਹਿਣਾ ਹੈ ਕਿ ਇਹ ਛੱਡਣੀ ਏਨੀ ਆਸਾਨ ਨਹੀਂ ਹੈ। ਉਹ ਮੀਟ-ਮੱਛੀ ਖਾ ਲੈਂਦਾ ਹੈ ਪਰ ਦਾਰੂ ਦੇ ਨੇੜੇ ਨਹੀਂ ਜਾਂਦਾ।

**'ਸਰਟੀਫਾਈਡ ਯੋਗ ਟਰੇਨਰ' ਬਣਨਾ**

ਜੱਸੀ ਦੇ ਲਈ ਮਨੁੱਖੀ ਜ਼ਿੰਦਗੀ ਹੋਰ ਹੈ। ਉਸ ਅਨੁਸਾਰ ਮਨੁੱਖੀ ਜੀਵਨ ਨਿਰਾ ਆਪਣੇ ਆਪ ਲਈ ਨਹੀਂ ਹੈ, ਸਗੋਂ ਇਹ ਦੂਸਰਿਆਂ ਲਈ ਵੀ ਹੈ। ਉਸ ਨੇ ਯੋਗ ਟ੍ਰੇਨਿੰਗ ਦਾ ਢਾਈ ਮਹੀਨੇ ਦਾ ਕੋਰਸ ਕੀਤਾ ਅਤੇ 'ਸਰਟੀਫਾਈਡ ਯੋਗ ਟੀਚਰ' ਬਣਿਆ। ਵੀਕ-ਐਂਡ 'ਤੇ ਐਤਵਾਰ ਸਵੇਰੇ ਸਵੇਰ ਉਸ ਨੇ ਲੋਕਾਂ ਨੂੰ ਯੋਗਾ ਸਿਖਾਉਣਾ ਸ਼ੁਰੂ ਕਰ ਦਿੱਤਾ। ਉਹ ਯੋਗ ਦੀਆਂ 'ਫ਼ਰੀ ਕਲਾਸਾਂ' ਲਗਾਉਂਦਾ ਹੈ ਅਤੇ ਉਸ ਦੀ ਕਲਾਸ ਵਿਚ ਇੱਕ ਸਮੇਂ 15-20 ਵਿਦਿਆਰਥੀ ਹੁੰਦੇ ਹਨ। ਉਸ ਦਾ ਕਹਿਣਾ ਕਿ ਇਸ ਨਾਲ ਮਨ ਵਿਚ ਮਨੁੱਖਵਾਦੀ ਸੋਚ, ਲੋਕਾਂ ਦੇ ਭਲੇ ਅਤੇ ਲੋੜਵੰਦਾਂ ਦੀ ਸਹਾਇਤਾ ਕਰਨ ਦਾ ਜਜ਼ਬਾ ਪੈਦਾ ਹੁੰਦਾ ਹੈ। ਉਸ ਦੀਆਂ ਇਹ ਕਲਾਸਾਂ ਪਿਛਲੇ 10 ਸਾਲਾਂ ਤੋਂ ਚੱਲ ਰਹੀਆਂ ਹਨ ਜਿਨ੍ਹਾਂ ਵਿਚ ਉਹ ਲੋਕਾਂ ਨੂੰ ਵੱਖ-ਵੱਖ ਆਸਣਾਂ ਦੀ ਸਿਖਲਾਈ ਦਿੰਦਾ ਹੈ। ਇਹ ਉਸ ਦਾ ਸ਼ੌਕ ਹੈ ਜਿਸ ਨੂੰ ਉਹ ਲੋਕ ਭਲਾਈ ਦੇ ਕੰਮ ਵਜੋਂ ਲੈ ਰਿਹਾ ਹੈ। ਉਹ ਵੱਖ-ਵੱਖ ਥਾਵਾਂ 'ਤੇ ਲਗਾਏ ਜਾਂਦੇ 'ਆਰਟ ਆਫ਼ ਲਿਵਿੰਗ' ਦੇ ਕੈਂਪਾਂ ਵਿਚ ਵੀ ਹਾਜ਼ਰੀ ਭਰਦਾ ਹੈ।

**ਦੌੜਨ ਦਾ ਸ਼ੌਕ:** ਦੌੜਨ ਦਾ ਸ਼ੌਕ ਜੱਸੀ ਨੂੰ 2015 ਵਿਚ ਪੈਦਾ ਹੋਇਆ ਜਦੋਂ ਇੱਕ ਦਿਨ ਉਸ ਦੇ ਮਨ 'ਚ ਆਇਆ ਕਿ ਉਹ ਉਸ ਦਿਨ ਘੱਟੋ-ਘੱਟ 5 ਕਿਲੋਮੀਟਰ ਜ਼ਰੂਰ ਦੌੜੇਗਾ। ਉਸ ਨੇ ਦੌੜਨਾ ਸ਼ੁਰੂ ਕੀਤਾ। ਦੋ-ਤਿੰਨ ਕਿਲੋਮੀਟਰ ਦੌੜਨ ਤੋਂ ਬਾਅਦ ਉਸ ਦਾ ਸਾਹ ਫੁੱਲਣਾ ਸ਼ੁਰੂ ਹੋ




ਗਿਆ। ਰੁਕਣ ਨੂੰ ਦਿਲ ਕੀਤਾ ਪਰ ਉਹ ਰੁਕਿਆ ਨਹੀਂ ਅਤੇ ਦੌੜਨਾ ਜਾਰੀ ਰੱਖਿਆ। ਕਈ ਵਾਰ ਉਸ ਦਾ ਮਨ ਕਰਦਾ ਕਿ ਉਹ ਇਸ ਵਿਚਾਲੇ ਥੋੜ੍ਹਾ ਜਿਹਾ ਦਮ ਲੈ ਲਵੇ ਪਰ ਫਿਰ ਆਪਣੇ ਕੀਤੇ ਹੋਏ ਦ੍ਰਿੜ੍ਹ ਇਰਾਦੇ ਅਨੁਸਾਰ ਅੱਗੇ ਵਧਦਾ ਗਿਆ ਅਤੇ ਪੰਜ ਕਿਲੋਮੀਟਰ ਦੌੜ ਪੂਰੀ ਕਰ ਕੇ ਹੀ ਦਮ ਲਿਆ। ਉਹ ਕਹਿੰਦਾ ਹੈ ਕਿ ਇਸ ਦੌੜ ਦੇ ਆਖ਼ਰੀ ਪੜਾਅ 'ਤੇ ਉਹ ਡਿੱਗਣ ਵਾਲਾ ਹੋ ਗਿਆ ਸੀ ਪਰ ਉਹ ਆਪਣੇ ਹੱਠ 'ਤੇ ਕਾਇਮ ਰਿਹਾ ਅਤੇ ਅੱਗੇ ਚੱਲਦਾ ਹੀ ਗਿਆ। ਇਸ ਦੌੜ ਨਾਲ ਉਸ ਨੂੰ ਪੱਕਾ ਵਿਸ਼ਵਾਸ ਹੋ ਗਿਆ ਕਿ ਉਹ ਪੰਜ ਕਿਲੋਮੀਟਰ ਦੀ ਦੌੜ ਬੜੀ ਆਸਾਨੀ ਨਾਲ ਲਗਾ ਸਕਦਾ ਹੈ ਅਤੇ ਅੱਗੋਂ ਇਸ ਨੂੰ ਹੋਰ ਵੀ ਵਧਾ ਸਕਦਾ ਹੈ।

**ਟੀਪੀਏਆਰ ਕਲੱਬ ਵਿਚ ਸ਼ਮੂਲੀਅਤ ਤੇ ਹਾਫ਼-ਮੈਰਾਥਨ ਦੀ ਸ਼ੁਰੂਆਤ**

2017 ਵਿਚ ਜੱਸੀ ਧਾਲੀਵਾਲ ਦਾ ਮੇਲ਼ ਮਨਜੀਤ ਸਿੰਘ ਨੌਟਾ ਨਾਲ ਹੈਮਿਲਟਨ ਦੇ ਨੇੜੇ 'ਹੈਲਥ ਰੀਟਰੀਟ ਸੈਂਟਰ' ਵਿਚ ਹੋਇਆ ਜਿੱਥੇ ਸਿਹਤ ਸਬੰਧੀ ਲਗਾਏ ਇੱਕ ਕੈਂਪ ਵਿਚ ਸ਼ਾਮਲ ਹੋਣ ਲਈ ਉਹ ਦੋਵੇਂ ਗਏ ਸਨ। ਫਿਰ ਦੋ ਕੁ ਸਾਲ ਉਹ ਇੱਕ ਦੂਸਰੇ ਤੋਂ ਵਿੱਛੜੇ ਰਹੇ ਅਤੇ ਇਕ ਦਿਨ ਫ਼ਿਲਮੀ ਕਹਾਣੀ ਵਾਂਗ ਅਚਾਨਕ ਹੀ ਡਿਕਸੀ ਗੁਰੂਘਰ ਉਹ ਦੋਬਾਰਾ ਮਿਲ਼ ਪਏ। ਮਨਜੀਤ ਨੌਟਾ ਨੇ ਜਦੋਂ ਉਸ ਨਾਲ ਟੀਪੀਏਆਰ ਕਲੱਬ (ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ) ਦੀਆਂ ਬਰੈਂਪਟਨ ਵਿਚ ਚੱਲ ਰਹੀਆਂ ਸਰਗ਼ਰਮੀਆਂ ਬਾਰੇ ਗੱਲ ਕੀਤੀ ਤਾਂ ਜੱਸੀ ਦੀ ਦਿਲਚਸਪੀ ਇਸ ਕਲੱਬ ਵਿੱਚ ਸ਼ਾਮਲ ਹੋਣ ਦੀ ਬਣ ਗਈ। ਮਨਜੀਤ ਨੌਟਾ ਦੀ ਪ੍ਰੇਰਨਾ ਸਦਕਾ ਉਹ 2019 ਵਿਚ ਇਸ ਦਾ ਰੈਗੂਲਰ ਮੈਂਬਰ ਬਣ ਗਿਆ ਅਤੇ ਇਸ ਕਲੱਬ ਦੇ ਮੈਂਬਰ ਵਜੋਂ ਉਸ ਨੇ ਪਹਿਲੀ ਵਾਰ ਟੋਰਾਂਟੋ ਵਿਖੇ 2019 ਵਿਚ ਹੋਈ 'ਸਕੋਸ਼ੀਆ ਬੈਂਕ ਵਾਟਰਫ਼ਰੰਟ ਮੈਰਾਥਨ' ਵਿਚ ਹਾਫ਼-ਮੈਰਾਥਨ (21 ਕਿਲੋਮੀਟਰ) ਇੱਕ ਘੰਟਾ 58 ਮਿੰਟ ਵਿਚ ਪੂਰੀ ਕਰਦਿਆਂ ਸਫ਼ਲਤਾ ਪੂਰਵਕ ਭਾਗ ਲਿਆ।

2020 ਵਿਚ ਸਾਰੀ ਦੁਨੀਆਂ ਵਿਚ ਕਰੋਨਾ ਮਹਾਂਮਾਰੀ ਫ਼ੈਲ ਗਈ ਜਿਸ ਕਾਰਨ ਇਹ ਮੈਰਾਥਨ ਦੌੜ ਨਾ ਹੋ ਸਕੀ ਅਤੇ ਇਸ ਬੀਮਾਰੀ ਦਾ ਪ੍ਰਕੋਪ 2021 ਵਿਚ ਵੀ ਉਵੇਂ ਹੀ ਜਾਰੀ ਰਿਹਾ। ਲੋਕ ਡਰਦੇ ਮਾਰੇ ਘਰਾਂ ਵਿਚ ਤੜੇ ਰਹੇ ਪਰ ਜੱਸੀ ਨੇ ਨਿੱਜੀ ਤੌਰ 'ਤੇ ਆਪਣਾ ਅਭਿਆਸ ਜਾਰੀ ਰੱਖਿਆ। ਫਿਰ ਜਦੋਂ 2022 ਵਿਚ ਇਹ ਦੌੜ ਮੁੜ ਆਰੰਭ ਹੋਈ ਤਾਂ ਉਸ ਨੇ ਦੂਸਰੀ ਵਾਰ ਇਸ ਹਾਫ਼-ਮੈਰਾਥਨ ਵਿਚ ਹਿੱਸਾ ਲਿਆ ਅਤੇ ਇਸ ਨੂੰ ਪੂਰੀ ਕਰਨ ਦੇ ਆਪਣੇ ਸਮੇਂ ਵਿਚ ਸੁਧਾਰ ਕੀਤਾ।

**ਹਾਫ਼-ਮੈਰਾਥਨ ਤੇ ਹੋਰ ਦੌੜਾਂ ਦੀ ਲਗਾਤਾਰਤਾ ਤੇ 'ਫੁੱਲ ਮੈਰਾਥਨ' ਦੀ ਸ਼ੁਰੂਆਤ**

ਟੀਪੀਏਆਰ ਕਲੱਬ ਦੇ ਮੈਂਬਰ ਵਜੋਂ ਹਾਫ਼-ਮੈਰਾਥਨ ਵਿਚ ਭਾਗ ਲੈਣ ਦਾ ਇਹ ਸਿਲਸਿਲਾ ਲਗਾਤਾਰ ਚੱਲਦਾ ਰਿਹਾ। ਉਹ ਮਈ 2022 ਵਿਚ ਜੌਰਜਿਨਾ ਸ਼ਹਿਰ ਵਿਚ ਹੋਈ ਹਾਫ਼-ਮੈਰਾਥਨ, ਨਵੰਬਰ 2023 ਵਿਚ 'ਹੈਮਿਲਟਨ ਹਾਫ਼-ਮੈਰਾਥਨ', ਮਾਰਚ 2024 ਵਿਚ 'ਚਿੱਲੀ ਮੈਰਾਥਨ' ਵਿਚ ਹਾਫ਼-ਮੈਰਾਥਨ ਲਗਾ ਕੇ ਹੁਣ ਤੀਕ ਪੰਜ ਹਾਫ਼-ਮੈਰਾਥਨ ਦੌੜਾਂ ਵਿਚ ਹਿੱਸਾ ਲੈ ਚੁੱਕਾ ਹੈ। ਇਸ ਦੇ ਨਾਲ ਹੀ ਉਸ ਨੇ 'ਬਿੰਬੋ 10 ਕਿਲੋਮੀਟਰ' (2023, 2024), 'ਡੌਨ ਡੌਆਨ ਡੈਸ਼ ਬਰੈਂਪਟਨ 10 ਕਿਲੋਮੀਟਰ'(2024), 'ਟੋਰਾਂਟੋ ਅੰਡਰ ਆਰਮਰ 10 ਕਿਲੋਮੀਟਰ' (2024), 'ਟੋਰਾਂਟੋ ਸੁਪਰਪਾਵਰ 10 ਕਿਲੋਮੀਟਰ' (2023, 2024), 'ਇੰਸਪੀਰੇਸ਼ਨਲ ਸਟੈਂਪਸ 10 ਕਿਲੋਮੀਟਰ (2023, 2024) ਅਤੇ 'ਪੀਲ ਪੋਲੀਸ ਰੇਸ ਅਗੇਨਸਟ ਰੇਸਿਜ਼ਮ'5 ਕਿਲੋਮੀਟਰ' (2023, 2024) ਵਿਚ ਵੀ ਸਫ਼ਲਤਾ ਪੂਰਵਕ ਹਿੱਸਾ ਲਿਆ ਹੈ। ਪੰਜ ਕਿਲੋਮੀਟਰ ਵਾਲੀਆਂ ਰੇਸਾਂ ਜਿਨ੍ਹਾਂ ਵਿਚ ਉਹ ਦੌੜਿਆ ਹੈ, ਦੀ ਗਿਣਤੀ ਦਾ ਉਸ ਨੂੰ ਖ਼ੁਦ ਪਤਾ ਨਹੀਂ ਹੈ।

ਸਭ ਤੋਂ ਮਹੱਤਵਪੂਰਨ ਦੌੜ ਉਸ ਦੇ ਲਈ 27 ਅਕਤੂਬਰ 2024 ਨੂੰ ਹੋਈ 'ਨਿਆਗਰਾ ਫ਼ਾਲ ਮੈਰਾਥਨ' ਹੈ, ਜਿਸ ਵਿਚ ਉਸ ਨੇ 42 ਕਿਲੋਮੀਟਰ ਦੌੜ ਕੇ ਆਪਣੇ ਜੀਵਨ ਦੀ ਪਹਿਲੀ 'ਫੁੱਲ-ਮੈਰਾਥਨ' 4 ਘੰਟੇ, 9 ਮਿੰਟ 49 ਸਕਿੰਟ ਵਿਚ ਸੰਪੰਨ ਕੀਤੀ ਹੈ। ਇਸ ਮੈਰਾਥਨ ਦੌੜ ਵਿਚ 641 ਦੌੜਾਕਾਂ ਨੇ ਭਾਗ ਲਿਆ ਜਿਨ੍ਹਾਂ ਵਿਚੋਂ ਉਹ 302'ਵੇਂ ਨੰਬਰ 'ਤੇ ਆਇਆ। ਆਪਣੇ 40-44 ਸਾਲ ਦੇ ਉਮਰ-ਵਰਗ ਵਿਚ ਉਸਦਾ 22ਵਾਂ ਸਥਾਨ ਹੈ। ਇਸ ਸਮੇਂ ਉਸ ਦੀ ਉਮਰ 43 ਸਾਲ ਹੈ। ਇਸ ਮੈਰਾਥਨ ਦੌੜ ਨੂੰ ਉਹ ਆਪਣੇ ਜੀਵਨ ਦੀ ਪਹਿਲੀ ਮੁੱਖ-ਪ੍ਰਾਪਤੀ ਸਮਝਦਾ ਹੈ ਅਤੇ ਉਹ ਆਪਣੇ ਇਸ ਕਾਰਜ ਨੂੰ ਅੱਗੇ ਵਧਾਉਣਾ ਚਾਹੁੰਦਾ ਹੈ।

**ਜੱਸੀ ਧਾਲੀਵਾਲ ਦਾ ਨਿਸ਼ਾਨਾ**

ਜੱਸੀ ਦਾ ਨਿਸ਼ਾਨਾ ਇਸ ਖੇਤਰ ਵਿਚ ਬਹੁਤ ਅੱਗੇ ਜਾਣ ਦਾ ਹੈ। ਉਹ ਅੱਗੋਂ ਹੋਣ ਵਾਲੀਆਂ ਵੱਧ ਤੋਂ ਵੱਧ ਹਾਫ਼ ਤੇ ਫੁੱਲ ਮੈਰਾਥਨ ਦੌੜਾਂ ਵਿਚ ਲਗਾਤਾਰ ਹਿੱਸਾ ਲੈਣ ਦਾ ਇੱਛੁਕ ਹੈ। ਉਹ ਅਮਰੀਕਾ ਦੇ ਸ਼ਹਿਰ ਬੋਸਟਨ ਵਿਚ ਹੋਣ ਵਾਲੀ ਅਗਲੀ ਅੰਤਰਰਾਸ਼ਟਰੀ 'ਬੋਸਟਨ ਮੈਰਾਥਨ' ਵਿਚ ਭਾਗ ਲੈਣਾ ਚਾਹੁੰਦਾ ਹੈ ਅਤੇ ਦੁਨੀਆਂ ਦੇ ਹੋਰ ਸ਼ਹਿਰਾਂ ਲੰਡਨ, ਬਰਲਿਨ, ਟੋਕੀਓ, ਸ਼ਿਕਾਗੋ ਅਤੇ ਨਿਊਯਾਰਕ ਵਿਚ ਹੋਣ ਵਾਲੀਆਂ ਅੰਤਰਰਾਸ਼ਟਰੀ ਮੈਰਾਥਨਾਂ ਵਿਚ ਸਫ਼ਲਤਾ ਪੂਰਵਕ ਹਿੱਸਾ ਲੈ ਕੇ "ਸਿਕਸ ਸਟਾਰ ਐਬਟ ਮੈਰਾਥਨ ਰੱਨਰ" ਬਣਨਾ ਚਾਹੁੰਦਾ ਹੈ। ਇਸ ਦੇ ਲਈ ਉਸ ਨੂੰ ਪਰਿਵਾਰ ਵੱਲੋਂ 'ਫੁੱਲ ਸੁਪੋਰਟ' ਤੇ ਹੱਲਾਸ਼ੇਰੀ ਮਿਲ ਰਹੀ ਹੈ। ਇਸ ਨਿਸ਼ਾਨੇ ਵੱਲ ਅੱਗੇ ਵਧਣ ਲਈ ਉਸ ਦੇ ਮਾਤਾ-ਪਿਤਾ, ਪਤਨੀ ਅੰਮ੍ਰਿਤ ਧਾਲੀਵਾਲ, ਬੇਟੀ ਕੁਦਰਤ ਧਾਲੀਵਾਲ, ਬੇਟਾ ਗੁਰਸ਼ਾਨ ਧਾਲੀਵਾਲ ਅਤੇ ਦੋਸਤ-ਮਿੱਤਰ ਲਗਾਤਾਰ ਉਸ ਦੀ ਹੌਸਲਾ-ਅਫ਼ਜ਼ਾਈ ਕਰਦੇ ਰਹਿੰਦੇ ਹਨ।

ਟੀਪੀਏਆਰ ਕਲੱਬ ਦੇ ਸਮੂਹ ਮੈਂਬਰਾਂ ਵੱਲੋਂ ਜੱਸੀ ਧਾਲੀਵਾਲ ਨੂੰ ਭਰਪੂਰ ਥਾਪੜਾ ਅਤੇ ਉਤਸ਼ਾਹ ਮਿਲ ਰਿਹਾ ਹੈ। ਉਹ ਜੱਸੀ ਧਾਲੀਵਾਲ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਹਨ ਅਤੇ ਉਨ੍ਹਾਂ ਨੂੰ ਪੂਰਨ ਭਰੋਸਾ ਹੈ ਕਿ ਉਹ ਕਲੱਬ ਦੇ ਸੀਨੀਅਰ ਮੈਂਬਰ ਧਿਆਨ ਸਿੰਘ ਸੋਹਲ ਵਾਂਗ ਅਗਲੇ ਸਾਲ ਹੋਣ ਵਾਲੀ 'ਬੋਸਟਨ ਇੰਟਰਨੈਸ਼ਨਲ ਮੈਰਾਥਨ' ਵਿਚ ਭਾਗ ਲਏਗਾ ਅਤੇ ਆਪਣੀ ਕਲੱਬ ਦਾ ਤੇ ਪੰਜਾਬੀ ਕਮਿਊਨਿਟੀ ਦਾ ਨਾਂ ਰੌਸ਼ਨ ਕਰੇਗਾ।

**ਸੀ.ਐੱਨ. ਟਾਵਰ ਦੀਆਂ ਪੌੜੀਆਂ ਚੜ੍ਹਨ ਦਾ ਸ਼ੌਕ**

ਟੀਪੀਏਆਰ ਕਲੱਬ ਦੇ ਮੈਂਬਰ ਪਿਛਲੇ ਕਈ ਸਾਲਾਂ ਤੋਂ ਟੋਰਾਂਟੋ ਦੇ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ ਚੜ੍ਹਨ ਦੇ ਮੁਕਾਬਲੇ ਵਿਚ ਲਗਾਤਾਰ ਹਿੱਸਾ ਲੈਂਦੇ ਆ ਰਹੇ ਹਨ ਅਤੇ ਜੱਸੀ ਧਾਲੀਵਾਲ ਵੀ ਆਪਣੇ ਸਾਥੀ ਮੈਂਬਰਾਂ ਨਾਲ ਇਹ ਪੌੜੀਆਂ ਚੜ੍ਹ ਰਿਹਾ ਹੈ। ਉਸ ਨੇ 2023 ਅਤੇ 2024 ਵਿਚ ਹੋਏ ਦੋ ਈਵੈਂਟਸ ਵਿਚ ਭਾਗ ਲਿਆ ਹੈ ਅਤੇ ਇਹ ਪੌੜੀਆਂ ਸਫ਼ਲਤਾ ਪੂਰਵਕ ਚੜ੍ਹੀਆਂ ਹਨ। ਉਸਦੇ ਹੋਰ ਸ਼ੌਕਾਂ ਬਾਰੇ ਜਦੋਂ ਉਸਦੇ ਕੋਲੋਂ ਪੁੱਛਿਆ ਗਿਆ ਤਾਂ ਉਸ ਦਾ ਜੁਆਬ ਸੀ ਕਿ ਉਸ ਨੂੰ ਸਰੀਰਕ ਤੇ ਮਾਨਸਿਕ ਸਿਹਤ ਦੀ ਜਾਗਰੂਕਤਾ ਬਾਰੇ ਪੁਸਤਕਾਂ ਪੜ੍ਹਨ ਦਾ ਸ਼ੌਕ ਹੈ। ਗਰਮੀਆਂ ਦੇ ਮਹੀਨਿਆਂ ਦੌਰਾਨ ਉਸਨੂੰ ਘਰੇਲੂ ਬਗੀਚੀ ਵਿਚ ਸਬਜ਼ੀਆਂ ਤੇ ਫੁੱਲ ਵਗ਼ੈਰਾ ਉਗਾਉਣ ਦਾ ਵੀ ਸ਼ੌਕ ਹੈ। ਇਸ ਨਾਲ ਉਸ ਨੂੰ ਮਾਨਸਿਕ ਤਸੱਲੀ ਮਿਲਦੀ ਹੈ ਅਤੇ ਸਰੀਰ ਤੇ ਮਨ ਦੋਵੇਂ ਰੁੱਝੇ ਰਹਿੰਦੇ ਹਨ। ਅਲਬੱਤਾ, ਟੀ.ਵੀ. ਵੇਖਣ ਦੀ ਉਸ ਨੂੰ ਬਹੁਤੀ ਚਾਹਤ ਨਹੀਂ ਹੈ।

ਜੱਸੀ ਧਾਲੀਵਾਲ ਧੁਨ ਦਾ ਪੱਕਾ ਹੈ ਅਤੇ ਉਹ ਆਪਣੇ ਨਿਸ਼ਾਨੇ ਵੱਲ ਬਾਖ਼ੂਬੀ ਵਧ ਰਿਹਾ ਹੈ। ਟਰੱਕ ਡਰਾਈਵਰੀ ਦੇ ਆਪਣੇ ਪੇਸ਼ੇ ਦੇ ਨਾਲ ਨਾਲ ਉਹ ਦੌੜਾਂ ਦੇ ਆਪਣੇ ਪ੍ਰੋਗਰਾਮਾਂ ਵਿਚ ਵੀ ਨਿਰੰਤਰ ਹਿੱਸਾ ਲੈ ਰਿਹਾ ਹੈ। ਉਹ 'ਯੋਗਾ' ਕਰ ਰਿਹਾ ਹੈ ਅਤੇ ਕਰਵਾ ਵੀ ਰਿਹਾ ਹੈ। 'ਆਰਟ ਆਫ਼ ਲਿਵਿੰਗ' ਨੂੰ ਵੀ ਆਪਣੇ ਜੀਵਨ ਵਿਚ ਅਪਨਾਅ ਰਿਹਾ ਹੈ। ਇਸ ਤਰ੍ਹਾਂ ਉਹ ਜੀਵਨ ਵਿਚ ਆਪਣੇ ਮਿਥੇ ਹੋਏ ਸਾਰੇ ਕੰਮ ਬਾਖ਼ੂਬੀ ਨਿਭਾ ਰਿਹਾ ਹੈ।

ਪ੍ਰਮਾਤਮਾ ਕਰੇ, ਸਫ਼ਲਤਾ ਉਸ ਦੇ ਪੈਰ ਚੁੰਮੇਂ ਅਤੇ ਉਹ ਆਪਣੇ ਮਿਸ਼ਨ ਵਿਚ ਕਾਮਯਾਬ ਹੋਵੇ। ਆਮੀਨ।

# ਕੀ ਅਕਾਲੀ ਗੁੱਟਾਂ ਵਿੱਚ ਏਕਤਾ ਹੋ ਸਕੇਗੀ?

ਸਿੰਘ ਸਾਹਿਬਾਨ ਵੱਲੋਂ ਅਕਾਲੀ ਧੜਿਆਂ ਨੂੰ ਇੱਕਜੁੱਟ ਕਰਨ ਅਤੇ ਪੰਥਕ ਏਜੰਡੇ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਕਿੰਨੀਆਂ ਕੁ ਕਾਮਯਾਬ ਹੋਣਗੀਆਂ ਇਹ ਚਰਚਾ ਅੱਜਕੱਲ੍ਹ ਆਮ ਚੱਲ ਰਹੀ ਹੈ।

ਸੁਖਬੀਰ ਸਿੰਘ ਬਾਦਲ ਸਮੇਤ ਦੂਜੇ ਆਗੂਆਂ ਦੇ ਅਸਤੀਫੇ ਪ੍ਰਵਾਨ ਹੋਣ ਸੰਬੰਧੀ ਅਨਿਸ਼ਚਿਤਤਾ ਵੀ ਲਗਾਤਾਰ ਕਾਇਮ ਹੈ।

ਸਿੰਘ ਸਾਹਿਬਾਨ ਦੇ ਆਦੇਸ਼ ਤੋਂ ਬਾਅਦ ਪੰਥਕ ਹਲਕਿਆਂ ਵਿੱਚ ਅਕਾਲੀ ਦਲ ਦੀ ਮੁੜ ਸੁਰਜੀਤੀ, ਅਕਾਲੀ ਏਕਤਾ ਅਤੇ ਪੰਥਕ ਏਜੰਡੇ ਨੂੰ ਮੁੜ ਅਪਣਾਏ ਜਾਣ ਦੀ ਆਸ ਜ਼ਰੂਰ ਬੱਝੀ ਸੀ, ਪਰ ਅਕਾਲੀ ਦਲ ਵੱਲੋਂ ਸੁਖਬੀਰ ਸਿੰਘ ਬਾਦਲ ਤੇ ਦੂਸਰੇ ਧੜਿਆਂ ਦੇ ਅਸਤੀਫਿਆਂ ਦੀ ਪ੍ਰਵਾਨਗੀ ਦਾ ਮਾਮਲਾ ਟਾਲਣਾ ਇਕ ਬੁਝਾਰਤ ਬਣਿਆ ਹੋਇਆ ਹੈ।ਹਾਲਾਂਕਿ ਅਕਾਲੀ ਆਗੂ ਇਹ ਦਾਅਵਾ ਜ਼ਰੂਰ ਕਰ ਰਹੇ ਹਨ ਕਿ ਅਸਤੀਫਿਆਂ ਸੰਬੰਧੀ ਉਹਨਾਂ ਨੂੰ 15 ਦਿਨ ਦੀ ਮੁਹਲਤ ਮਿਲ ਗਈ ਹੈ। ਅਕਾਲੀ ਦਲ ਦੀ ਕੋਰ ਕਮੇਟੀ ਦੀ ਛੇ ਦਸੰਬਰ ਨੂੰ ਹੋਈ ਬੈਠਕ ਤੋਂ ਬਾਅਦ ਜੋ ਪ੍ਰਭਾਵ ਮਿਲਿਆ ਉਸ ਤੋਂ ਸਪੱਸ਼ਟ ਸੀ ਕਿ ਉਹ ਕਿਸੇ ਵੀ ਤਰ੍ਹਾਂ ਆਪਣਾ ਜਥੇਬੰਦਕ ਢਾਂਚਾ ਖਤਮ ਕਰਨ ਵਾਲੇ ਨਹੀਂ ਹਨ। ਪਰ ਉਹ ਅਕਾਲੀ ਦਲ ਦੀ ਭਰਤੀ ਮੁਹਿੰਮ ਵਿੱਚ ਸ਼ਾਮਿਲ ਨਹੀਂ ਹੋ ਸਕਣਗੇ ਕਿਉਂਕਿ ਉਹਨਾਂ ਨੂੰ ਕਾਨੂੰਨੀ ਮਾਹਿਰਾਂ ਵੱਲੋਂ ਲਗਾਤਾਰ ਇਹ ਰਾਏ ਦਿੱਤੀ ਜਾ ਰਹੀ ਹੈ ਕਿ ਧਾਰਮਿਕ ਸੰਸਥਾ ਦੇ ਆਦੇਸ਼ ਹੇਠ ਭਰਤੀ ਕਰਨ ਨਾਲ ਪਾਰਟੀ ਦੀ ਮਾਨਤਾ ਵੀ ਰੱਦ ਹੋ ਸਕਦੀ ਹੈ। ਅਤੇ ਚੋਣ ਨਿਸ਼ਾਨ ਵੀ ਜ਼ਬਤ ਹੋ ਸਕਦਾ ਹੈ।



ਸੰਭਵ ਹੈ ਕਿ ਅਕਾਲੀ ਦਲ ਇਹ ਮਾਮਲਾ ਦੁਬਾਰਾ ਜਥੇਦਾਰ ਅਕਾਲ ਤਖ਼ਤ ਕੋਲ ਲੈ ਕੇ ਜਾਵੇ।ਤਨਖਾਹ ਪੂਰੀ ਕਰਨ ਦੀ ਪ੍ਰਕਿਰਿਆ ਤੋਂ ਬਾਅਦ ਪਾਰਟੀ ਭਰਤੀ ਸਮੇਤ ਦੂਜੇ ਮਾਮਲਿਆਂ ਨਾਲ ਨਜਿਠੇਗੀ। ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਅਕਾਲੀ ਦਲ ਦੀ ਭਰਤੀ ਲਈ ਥਾਪੀ ਗਈ ਕਮੇਟੀ ਦੀ ਹੁਣ ਤੱਕ ਕੋਈ ਮੀਟਿੰਗ ਨਹੀਂ ਹੋ ਸਕੀ ਤੇ ਨਾ ਹੀ ਸਿੰਘ ਸਾਹਿਬ ਵੱਲੋਂ ਇਸ ਲਈ ਕੋਈ ਸਮਾਂ ਸੀਮਾ ਜਾਂ ਰੂਪ ਰੇਖਾ ਦਿੱਤੀ ਗਈ ਹੈ। ਇਹ ਵੀ ਸਪਸ਼ਟ ਨਹੀਂ ਹੈ ਕਿ ਇਸ ਇਹ ਕਮੇਟੀ ਕਿੱਥੋਂ ਤੱਕ ਕੰਮ ਕਰੇਗੀ, ਕਿਉਂਕਿ ਅਕਾਲੀ ਦਲ ਵੱਲੋਂ ਚੰਡੀਗੜ੍ਹ ਸਥਿਤ ਆਪਣੇ ਮੁੱਖ ਦਫਤਰ ਤੋਂ ਕੰਮ ਕਰਨ ਦੀ ਇਜਾਜ਼ਤ ਮਿਲਣ ਦੀ ਸੰਭਾਵਨਾ ਨਹੀਂ ਹੈ। ਸਿੰਘ ਸਾਹਿਬ ਵੱਲੋਂ ਭਾਵੇਂ ਦੋ ਦਸੰਬਰ ਦੇ ਆਪਣੇ ਆਦੇਸ਼ ਵਿੱਚ ਸਪਸ਼ਟ ਕੀਤਾ ਗਿਆ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਆਪਣੇ ਇਹਨਾਂ ਗੁਨਾਹਾਂ ਕਾਰਨ ਸਿੱਖ ਪੰਥ ਦੀ ਅਗਵਾਈ ਕਰਨ ਦਾ ਨੈਤਿਕ ਹੱਕ ਗਵਾ ਚੁੱਕੀ ਹੈ। ਜਿਸ ਦਾ ਮਤਲਬ ਇਹ ਲਿਆ ਜਾ ਰਿਹਾ ਹੈ ਕਿ ਸਿੰਘ ਸਾਹਿਬ ਵੱਲੋਂ ਸਿੱਖ ਪੰਥ ਨੂੰ ਨਵੀਂ ਲੀਡਰਸ਼ਿਪ ਨੂੰ ਅੱਗੇ ਲਿਆਉਣ ਲਈ ਕਿਹਾ ਗਿਆ ਹੈ ।ਹਾਲਾਤ ਜਿਸ ਢੰਗ ਨਾਲ ਕਰਵਟ ਲੈ ਰਹੇ ਹਨ ,ਉਸ ਤੋਂ ਇਹ ਵੀ ਮਹਿਸੂਸ ਨਹੀਂ ਹੋ ਰਿਹਾ ਕਿ ਅਕਾਲੀ ਦਲ ਵਿੱਚ ਕੋਈ ਨਵੀਂ ਲੀਡਰਸ਼ਿਪ ਅੱਗੇ ਆਵੇਗੀ ਜਾਂ ਅਕਾਲੀ ਧੜਿਆਂ ਵਿੱਚ ਵੀ ਏਕਤਾ ਸਿਰੇ ਚੜ੍ਹ ਸਕੇਗੀ। ਸਿੰਘ ਸਾਹਿਬਾਨ ਆਪਣੇ ਆਦੇਸ਼ਾਂ ਤੇ ਇੰਨ ਬਿੰਨ ਅਮਲ ਕਰਾਉਣ ਲਈ ਕੀ ਰੁੱਖ ਅਪਣਾਉਣਗੇ ਅਤੇ ਅਕਾਲੀ ਦਲ ਵੱਲੋਂ ਉਠਾਏ ਜਾ ਰਹੇ ਕਾਨੂੰਨੀ ਮੁੱਦੇ ਨਾਲ ਕਿਵੇਂ ਨਿਪਟਣਗੇ। ਇਹ ਵੇਖਣ ਵਾਲੀ ਗੱਲ ਹੋਵੇਗੀ।

# ਮਨੁੱਖੀ ਅਧਿਕਾਰਾਂ ਦਾ ਘਾਣ : ਚਿੰਤਾ ਅਤੇ ਚਿੰਤਨ

ਮਨੁੱਖ ਦਾ ਇਸ ਸ੍ਰਿਸ਼ਟੀ ਉੱਤੇ ਮੁੱਢਲਾ ਅਧਿਕਾਰ ਸਾਫ਼ ਹਵਾ, ਸ਼ੁੱਧ ਪਾਣੀ, ਚੰਗੀ ਖੁਰਾਕ ਹੈ। ਮਨੁੱਖ ਦੇ ਇਸ ਸ੍ਰਿਸ਼ਟੀ ਉੱਤੇ ਜਨਮ,ਸੋਝੀ ਅਤੇ ਵਿਕਾਸ ਦੇ ਚਲਦਿਆਂ, ਸ਼ੈਤਾਨ ਪ੍ਰਵਿਰਤੀ ਵਾਲੇ ਲੋਕਾਂ ਨੇ ਮਨੁੱਖ ਦੇ ਮੁੱਢਲੇ ਅਧਿਕਾਰਾਂ ਦਾ ਹਨਨ ਕੀਤਾ ਅਤੇ ਇਹ ਵਰਤਾਰਾ ਲਗਾਤਾਰ ਜਾਰੀ ਹੈ।

ਇਸ ਵਰਤਾਰੇ ਨਾਲ਼ ਕਬੀਲਿਆਂ 'ਚ ਯੁੱਧ ਹੋਏ,ਤਕੜੇ ਨੇ ਮਾੜੇ ਨੂੰ ਮਾਰਨ, ਮਨੁੱਖ ਦੇ ਸਰੀਰ ਅਤੇ ਸੋਚ ਨੂੰ ਗੁਲਾਮ ਕਰਨ ਦਾ ਯਤਨ ਕੀਤਾ, ਇਹ ਪ੍ਰਵਿਰਤੀ ਸੰਸਾਰ ਪੱਧਰ 'ਤੇ ਵਾਪਰੀ। ਸੰਸਾਰ ਯੁੱਧ ਹੋਏ। ਇਹ ਵਰਤਾਰਾ ਅਤੇ ਮਾਰੂ ਪ੍ਰਵਿਰਤੀ ਮਨੁੱਖ ਦੇ ਅਧਿਕਾਰਾਂ ਦੀ ਦੁਸ਼ਮਣ ਬਣੀ ਨਜ਼ਰ ਆ ਰਹੀ ਹੈ।



**ਗੁਰਮੀਤ ਸਿੰਘ ਪਲਾਹੀ**
**9815802070**

ਅਸੀਂ ; ਦੇਸ਼ ਮਹਾਨ ਭਾਰਤ ਦੇ ਵਾਸੀ ਮਨੁੱਖੀ ਅਧਿਕਾਰਾਂ ਦੇ ਘਾਣ ਤੋਂ ਬੁਰੀ ਤਰ੍ਹਾਂ ਪੀੜਤ ਹਾਂ। ਪਿਛਲੇ ਇੱਕ ਦਹਾਕੇ ਤੋਂ ਭਾਰਤੀਆਂ ਦੇ ਮੁੱਢਲੇ ਹੱਕਾਂ ਉੱਤੇ ਜਿਵੇਂ ਛਾਪਾ ਮਾਰਿਆ ਜਾ ਰਿਹਾ ਹੈ, ਉਹਨਾਂ ਦੀ ਬੋਲਚਾਲ ਦੀ ਅਜ਼ਾਦੀ ਖੋਹੀ ਜਾ ਰਹੀ ਹੈ। ਭਾਰਤੀਆਂ ਦੇ ਕੁਦਰਤੀ ਸਾਧਨ ਜਿਵੇਂ ਧੰਨ ਕੁਬੇਰਾਂ ਹੱਥ ਸੌਂਪੇ ਜਾ ਰਹੇ ਹਨ,ਉਹ ਉਹਨਾਂ ਦੇ ਅਧਿਕਾਰਾਂ ਉੱਤੇ ਸਿੱਧਾ ਛਾਪਾ ਹਨ। ਸਰਕਾਰ ਵੱਲੋਂ ਸਰਵਜਨਕ ਸਾਧਨਾਂ ਨੂੰ ਪੂੰਜੀਪਤੀਆਂ ਹੱਥ ਸੌਂਪ ਕੇ ਦੇਸ਼ ਵਾਸੀਆਂ ਨੂੰ ਉਹਨਾਂ ਧੰਨ ਕੁਬੇਰਾਂ ਦੀ ਮਨੁੱਖ ਨੂੰ ਗੁਲਾਮ ਬਣਾਉਣ ਅਤੇ ਉਸ ਦੇ ਕਿਰਤ ਸਾਧਨਾਂ ਦੀ ਲੁੱਟ ਕਰਨ ਦੀ ਖੁੱਲ੍ਹ ਦੇਣਾ ਅਸਲ ਅਰਥਾਂ ਵਿੱਚ ਉਸ ਦੇ ਮਨੁੱਖੀ ਅਧਿਕਾਰਾਂ ਉੱਤੇ ਸਿੱਧਾ ਦਖਲ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਮੌਜੂਦਾ ਹਕੂਮਤ ਆਮ ਲੋਕਾਂ ਦੇ ਭਲੇ ਲਈ ਗੱਲ ਕਰਦੀ ਹੈ,ਉਹਨਾਂ ਲਈ ਨਿੱਤ ਨਵੀਆਂ ਸਕੀਮਾਂ ਘੜਦੀ ਹੈ, ਰੁਜ਼ਗਾਰ ਪ੍ਰਦਾਨ ਕਰਨ ਦੇ ਫੋਕੇ ਐਲਾਨ ਕਰਦੀ ਹੈ, ਪਰ ਅਸਲ ਅਰਥਾਂ 'ਚ ਸਭ ਕੁਝ ਕਾਰਪੋਰੇਟ ਜਗਤ ਨੂੰ ਸੌਂਪ ਕੇ ਸਿਰਫ਼ ਆਪਣੀ ਰਾਜ ਗੱਦੀ ਪੱਕੀ ਕਰਨ ਦੇ ਆਹਰ ਵਿੱਚ ਲੱਗੀ ਰਹਿੰਦੀ ਹੈ। ਪਿਛਲੇ ਵਰ੍ਹਿਆਂ 'ਚ ਜਿਵੇਂ ਮਜ਼ਦੂਰ ਵਿਰੋਧੀ ਕਾਨੂੰਨ ਪਾਸ ਕੀਤੇ ਗਏ, ਉਹਨਾਂ ਦੀ ਦਿਹਾੜੀ ਦਾ ਸਮਾਂ 8 ਘੰਟੇ ਤੋਂ ਵਧਾਇਆ ਗਿਆ, ਕਾਲੇ ਖੇਤੀ ਕਾਨੂੰਨ ਪਾਸ ਕਰਨ ਲਈ ਨਾਕਾਮ ਯਤਨ ਕੀਤੇ ਗਏ,ਕਿਸਾਨਾਂ ਉੱਤੇ ਅਣਮਨੁੱਖੀ ਅੱਤਿਆਚਾਰ ਹਕੂਮਤ ਵੱਲੋਂ ਕੀਤੇ ਗਏ, ਉਹ ਅਸਲ ਅਰਥਾਂ ਵਿੱਚ ਅਤਿ ਨਿੰਦਣਯੋਗ ਰਿਹਾ,ਜਿਸ ਦੀ ਦੇਸ-ਵਿਦੇਸ਼ ਵਿੱਚ ਨਿੰਦਾ ਹੋਈ ਅਤੇ ਮਨੁੱਖੀ ਅਧਿਕਾਰਾਂ ਦੇ ਹਾਮੀ ਲੋਕਤੰਤਰ ਭਾਰਤ ਦੇ ਮੱਥੇ ਉੱਤੇ ਵੱਡਾ ਕਾਲਾ ਟਿੱਕਾ ਲੱਗਿਆ।

ਮਨੁੱਖੀ ਅਧਿਕਾਰਾਂ ਦਾ ਘਾਣ ਜਿਸ ਢੰਗ ਨਾਲ ਮੌਜੂਦਾ ਦੌਰ ਵਿੱਚ, ਦਿੱਲੀ ਦੀ ਕੇਂਦਰੀ ਸਰਕਾਰ ਹੁਣ ਵੀ ਕਰ ਰਹੀ ਹੈ, ਸ਼ਾਇਦ ਇਹ ਆਪਣੇ ਆਪ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਸਭ ਤੋਂ ਵੱਡੀ ਮਿਸਾਲ ਹੈ।

ਕਿਸਾਨ ਸ਼ਾਂਤਮਈ ਢੰਗ ਨਾਲ ਦਿੱਲੀ ਦੀਆਂ ਬਰੂਹਾਂ 'ਤੇ ਆਪਣੀਆਂ ਮੰਗਾਂ ਨਾ ਮੰਨੇ ਜਾਣ ਕਾਰਨ ਰੋਸ ਪ੍ਰਗਟ ਕਰਨ ਲਈ ਜਾ ਰਹੇ ਹਨ, ਉਹਨਾਂ ਉੱਤੇ ਧੂੰਏ ਵਾਲੇ ਗੋਲੇ ਸੁੱਟਣਾ ਅਤੇ ਉਹਨਾਂ ਨੂੰ ਰੋਕਣਾ ਕੀ ਉਹਨਾਂ ਦੇ ਸੰਵਿਧਾਨ 'ਚ ਮਿਲੇ ਅਧਿਕਾਰਾਂ ਦੀ ਉਲੰਘਣਾ ਨਹੀਂ ਹੈ?

ਕਿਸਾਨ ਅੰਦੋਲਨ ਦਾ ਘਟਨਾਕ੍ਰਮ ਸਭ ਦੇ ਸਾਹਮਣੇ ਹੈ। ਕਾਲੇ ਖੇਤੀ ਕਾਨੂੰਨਾਂ ਦੀ ਕੇਂਦਰ ਸਰਕਾਰ ਵੱਲੋਂ ਵਾਪਸੀ ਅਤੇ ਹੋਰ ਮੰਗਾਂ ਮੰਨੇ ਜਾਣ ਉਪਰੰਤ ਕਿਸਾਨ ਚਾਰ ਵਰ੍ਹੇ ਪਹਿਲਾਂ ਦਿੱਲੀਓਂ ਪਰਤ ਆਏ ਸਨ। ਪਰ ਇਹਨਾਂ ਵਰ੍ਹਿਆਂ 'ਚ ਉਹਨਾਂ ਦੀਆਂ ਮੰਗਾਂ ਨਾ ਮੰਨਣਾ ਅਤੇ ਉਹਨਾਂ ਦੀਆਂ ਮੰਗਾਂ ਉੱਤੇ ਵਿਚਾਰ ਨਾ ਕਰਨਾ ਫਿਰ ਸਿਰਫ਼ ਗੁੰਮਰਾਹਕੁੰਨ ਬਿਆਨਾਂ ਨਾਲ ਉਹਨਾਂ ਦੇ ਅੰਦੋਲਨ ਨੂੰ ਤਾਰਪੀਡੋ ਕਰਨਾ, ਕਿੱਥੋਂ ਤੱਕ ਜਾਇਜ਼ ਹੈ?

ਕਿਸਾਨਾਂ ਦੀ ਇੱਕੋ ਇੱਕ ਅਹਿਮ ਮੰਗ ਕਿ ਉਹਨਾਂ ਦੀਆਂ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ ਦਿੱਤੀ ਜਾਵੇ। ਪਰ ਇਸ ਤੋਂ ਟਾਲਾ ਵੱਟ ਕੇ ਕਿਹਾ ਇਹ ਜਾ ਰਿਹਾ ਹੈ ਕਿ ਮੋਦੀ ਦੀ ਗਰੰਟੀ ਹੈ ਕਿ ਸਰਕਾਰ ਖੇਤੀ ਉਤਪਾਦ ਘੱਟੋ - ਘੱਟ ਸਮਰਥਨ ਮੁੱਲ 'ਤੇ ਖਰੀਦੇਗੀ। ਕਿਸਾਨ ਬਿਆਨ ਨੂੰ ਕਿਵੇਂ ਪ੍ਰਵਾਨ ਕਰਨ, ਜਦ ਕਿ ਮੋਦੀ ਦੀਆਂ ਗਰੰਟੀਆਂ ਹਾਥੀ ਦੇ ਦੰਦ ਖਾਣ ਲਈ ਹੋਰ ਦਿਖਾਉਣ ਲਈ ਹੋਰ ਸਾਬਤ ਹੋ ਚੁੱਕੇ ਹਨ।

ਕਿਸਾਨ ਸੜਕਾਂ 'ਤੇ ਹਨ। ਕੀ ਉਹ ਸਿਰਫ਼ ਬਿਆਨਾਂ ਨਾਲ ਪਰਚ ਜਾਣਗੇ। ਕਿਸਾਨਾਂ ਦੇ ਮੁੱਦੇ ਸਰਕਾਰ ਅਨੁਸਾਰ ਵਿਚਾਰ ਦੇ ਲਾਇਕ ਹੀ ਨਹੀਂ ਜਾਂ ਫਿਰ ਉਹਨਾਂ ਨੂੰ ਸੁਲਝਾਉਣ ਲਈ ਸਰਕਾਰ ਇਮਾਨਦਾਰੀ ਨਾਲ ਕੁਝ ਕਰਨਾ ਹੀ ਨਹੀਂ ਚਾਹੁੰਦੀ? ਮਨੁੱਖ ਜਦੋਂ ਪੀੜਤ ਹੁੰਦਾ ਹੈ, ਉਹ ਜਦੋਂ ਮਹਿਸੂਸ ਕਰਦਾ ਹੈ ਕਿ ਉਸ ਨਾਲ ਜ਼ਿਆਦਤੀ ਹੋ ਰਹੀ ਹੈ ਤਾਂ ਉਹ ਅਵਾਜ਼ ਚੁੱਕਦਾ ਹੈ। ਆਪਣੇ ਮੁੱਢਲੇ ਹੱਕਾਂ ਦੀ ਰਾਖੀ ਲਈ ਲੜਦਾ ਹੈ।



ਦੇਸ਼ ਵਿੱਚ ਘੱਟ ਗਿਣਤੀਆਂ ਦੇ ਹੱਕਾਂ ਨੂੰ ਖੋਰਾ ਲਾਇਆ ਜਾ ਰਿਹਾ ਹੈ,ਉਹ ਸੜਕਾਂ 'ਤੇ ਉੱਤਰਦੇ ਹਨ। ਕਿਸੇ ਖਿੱਤੇ ਦੇ ਲੋਕਾਂ ਦੀ ਬੋਲੀ,ਸੱਭਿਆਚਾਰ,ਪਹਿਰਾਵੇ,ਰਹਿਣ-ਸਹਿਣ ਉੱਤੇ ਟੋਕਾ-ਟਾਕੀ ਹੁੰਦੀ ਹੈ,ਉਹ ਲੋਕ ਗਣਤੰਤਰ ਭਾਰਤ 'ਚ ਰੋਸ ਪ੍ਰਗਟ ਕਰਦੇ ਹਨ।ਦੇਸ ਦੇ ਕਿਸੇ ਖਿੱਤੇ 'ਚ ਹਕੂਮਤ ਜ਼ਿਆਦਤੀ ਕਰਦੀ ਹੈ ਤਾਂ ਲੋਕ ਸੜਕਾਂ 'ਤੇ ਉੱਤਰਦੇ ਹਨ। ਰੋਸ ਪ੍ਰਗਟ ਕਰਨਾ,ਆਪਣੇ ਉੱਤੇ ਹੋ ਰਹੀਆਂ ਜ਼ਿਆਦਤੀਆਂ ਬਾਰੇ ਦੂਜਿਆਂ ਨਾਲ ਸਾਂਝ ਪਾਉਣੀ,ਕਿਸੇ ਵੀ ਸਮਾਜ ਵਿੱਚ ਮਨੁੱਖ ਦਾ ਅਧਿਕਾਰ ਹੈ। ਪਰ ਮੌਜੂਦਾ ਹਕੂਮਤ ਵੱਲੋਂ ਜਿਸ ਢੰਗ ਨਾਲ ਯੂਪੀ 'ਚ ਬੁਲਡੋਜ਼ਰ ਨੀਤੀ ਨਾਲ ਲੋਕਾਂ ਨੂੰ ਕੁਚਲਿਆ ਗਿਆ,ਕਸ਼ਮੀਰ,ਮਨੀਪੁਰ 'ਚ ਜਿਸ ਢੰਗ ਨਾਲ ਲੋਕਾਂ ਉੱਤੇ ਅਤਿਆਚਾਰ ਹੋਏ,ਅਵਾਜ਼ ਉਠਾਉਣ ਵਾਲੇ ਲੋਕਾਂ ਨੂੰ ਜੇਲ੍ਹਾਂ 'ਚ ਡੱਕਿਆ ਗਿਆ,ਉਹ ਲੋਕਤੰਤਰੀ ਕਦਰਾਂ-ਕੀਮਤਾਂ ਉੱਤੇ ਵੱਡੇ ਸਵਾਲ ਖੜੇ ਕਰਦਾ ਹੈ।

ਮਨੁੱਖੀ ਅਧਿਕਾਰਾਂ ਦੇ ਮਾਮਲੇ ਉੱਤੇ ਭਾਰਤ ਦੁਨੀਆ ਭਰ 'ਚ ਆਪਣੀ ਪਛਾਣ ਗੁਆ ਰਿਹਾ ਹੈ। ਦੁਨੀਆਂ ਦੇ ਵੱਡੇ ਗਣਤੰਤਰ, ਲੋਕਰਾਜ ਵਿੱਚ ਵੰਨ - ਸੁਵੰਨੇ ਲੋਕ ਵੱਸਦੇ ਹਨ, ਵੱਖੋ-ਵੱਖਰੀਆਂ ਬੋਲੀਆਂ, ਧਰਮ ਸੱਭਿਆਚਾਰ ਵਾਲੇ ਲੋਕ ਇੱਥੇ ਰਹਿੰਦੇ ਹਨ,ਪਰ ਹਕੂਮਤ ਵੱਲੋਂ ਹਿੰਦੀ, ਹਿੰਦੂ, ਹਿੰਦੁਸਤਾਨ ਬਾਰੇ ਹੀ ਗੱਲ ਕਰਨੀ,ਕੀ ਭਾਰਤੀਆਂ ਦੇ ਮੁੱਢਲੇ ਮਨੁੱਖੀ ਹੱਕਾਂ ਉੱਤੇ ਸਿੱਧਾ ਹਮਲਾ ਨਹੀਂ? ਜਿਹੜਾ ਵੀ ਕੋਈ ਚਿੰਤਕ,ਲੇਖਕ, ਵਿਚਾਰਵਾਨ ਇਸ ਵਿਚਾਰ ਉੱਤੇ ਕਿੰਤੂ-ਪ੍ਰੰਤੂ ਕਰਦਾ ਹੈ, ਉਸ ਨੂੰ ਜੇਲ੍ਹ ਵਿੱਚ ਸੁੱਟਣਾ, ਕੀ ਮਨੁੱਖੀ ਅਧਿਕਾਰਾਂ ਦਾ ਹਨਨ ਨਹੀਂ ਹੈ?

ਮਨੁੱਖੀ ਅਧਿਕਾਰਾਂ ਸੰਬੰਧੀ ਇੱਕ ਰਿਪੋਰਟ ਛਪੀ ਹੈ। ਇਸ ਰਿਪੋਰਟ ਵਿੱਚ 180 ਦੇਸ਼ ਸ਼ਾਮਲ ਕੀਤੇ ਗਏ ਹਨ। ਭਾਰਤ ਦਾ ਸਥਾਨ 150ਵਾਂ ਹੈ। ਬਾਵਜੂਦ ਇਸ ਗੱਲ ਦੇ ਕਿ ਅਸੀਂ ਦੁਨੀਆਂ ਭਰ 'ਚ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਵਜੋਂ ਆਪਣਾ ਡੰਕਾ ਵਜਾਉਣ ਦਾ ਦਾਅਵਾ ਕਰਦੇ ਹਾਂ,ਪਰ ਲੋਕਤੰਤਰ ਦੇ ਮੁੱਢਲੇ ਨਿਯਮਾਂ ਅਤੇ ਭਾਰਤੀ ਸੰਵਿਧਾਨ 'ਚ ਮਿਲੇ ਭਾਰਤੀਆਂ ਨੂੰ ਮੌਲਿਕ ਅਧਿਕਾਰ ਉਹਨਾਂ ਨੂੰ ਦੇਣ 'ਤੇ ਨਕਾਰਾਤਮਕ ਸੋਚ ਅਤੇ ਰਵੱਈਆ ਅਪਣਾਉਂਦੇ ਹਾਂ।

ਜਿਸ ਢੰਗ ਨਾਲ ਦੇਸ਼ ਦੇ ਸੰਵਿਧਾਨ ਨੂੰ ਪਿਛਲੇ ਦਹਾਕੇ 'ਚ ਤੋੜਿਆ-ਮਰੋੜਿਆ ਗਿਆ,ਫੈਡਰਲ ਢਾਂਚੇ ਨੂੰ ਤਬਾਹ ਕਰਨ ਲਈ ਜ਼ੋਰ ਲੱਗਿਆ,ਕੇਂਦਰ ਨੇ ਏਕਾਧਿਕਾਰ ਸਥਾਪਿਤ ਕਰਨ ਦਾ ਯਤਨ ਕੀਤਾ, ਉਹ ਅਸਲ ਵਿੱਚ ਸਿਰਫ਼ ਭਾਰਤੀ ਸੰਵਿਧਾਨ ਦੀ ਤੌਹੀਨ ਹੀ ਨਹੀਂ ਸੀ, ਉਹ ਅਸਲ ਅਰਥਾਂ ਵਿੱਚ ਲੋਕਤੰਤਰ ਦੇ ਅਧਿਕਾਰਾਂ ਨੂੰ ਖੰਡਿਤ ਕਰਨ ਸਮਾਨ ਸੀ।

ਅਸੀਂ ਜਦੋਂ ਦੇਸ਼ ਵਿੱਚ ਵਾਪਰ ਰਹੇ ਕਾਲੇ ਦੌਰ ਦੀ ਗੱਲ ਕਰਦੇ ਹਾਂ,ਤਾਂ ਉਸੇ ਵੇਲੇ ਅਸੀਂ ਉਸ ਸੋਚ ਦੀ ਗੱਲ ਕਰਦੇ ਹਾਂ,ਜੋ ਭਾਰਤੀਆਂ ਦੇ ਭਵਿੱਖ ਲਈ ਕਾਲਾ ਧੱਬਾ ਬਣਨ ਜਾ ਰਿਹਾ ਹੈ। ਲੋਕਾਂ ਨੂੰ ਇੱਕੋ ਸੋਚ ਵਿੱਚ ਬੰਨ੍ਹਣਾ ਉਹਨਾਂ ਨੂੰ ਇੱਕੋ ਧਰਮ ਦੇ ਅਨੁਯਾਈ ਬਣਾਉਣ ਲਈ ਪ੍ਰੇਰਣਾ ਜਾਂ ਮਜਬੂਰ ਕਰਨਾ, ਦੂਜੇ ਧਰਮਾਂ ਦੀ ਤੌਹੀਨ ਕਰਨਾ ਅਤੇ ਵਿਰੋਧੀ ਸੋਚ ਨੂੰ ਟਿੱਚ ਜਾਣ ਕੇ, ਉਸ ਨੂੰ ਮਿੱਧਣਾ,ਇੱਕ ਇਹੋ-ਜਿਹਾ ਕਾਰਜ ਦੇਸ਼ ਵਿੱਚ ਬਣਦਾ ਜਾ ਰਿਹਾ ਹੈ,ਜੋ ਲੋਕਤੰਤਰ ਦੇ ਖਾਤਮੇ,ਡਿਕਟੇਟਰਸ਼ਿਪ ਅਤੇ ਇੱਕੋ ਇੱਕ ਸਖ਼ਸ਼ ਦੇ ਉਭਾਰ ਵੱਲ ਵਡੇਰਾ ਅਤੇ ਨਿੰਦਣ ਯੋਗ ਕਦਮ ਹੈ। ਇਤਿਹਾਸ ਵਿੱਚ ਦਰਜ ਮਨੁੱਖੀ ਅਧਿਕਾਰਾਂ ਦਾ ਸਭ ਤੋਂ ਗੰਭੀਰ ਅਤੇ ਪ੍ਰਸਿੱਧ ਉਲੰਘਣ ਯਹੂਦੀਆਂ, ਸਮਲਿੰਗਕਾਂ, ਕਮਿਊਨਿਸਟਾਂ ਅਤੇ ਹੋਰ ਸਮੂਹਾਂ ਨੂੰ ਹਿਟਲਰ ਦਾ ''ਦੁਨੀਆਂ ਨੂੰ ਸਾਫ਼ ਕਰਨ'' ਦਾ ਏਜੰਡਾ ਸੀ। ਕੀ ਭਾਰਤ ਦੇ ਹਾਕਮ ਇਹਨਾਂ ਦਿਨਾਂ ਵੱਲ ਅੱਗੇ ਤਾਂ ਨਹੀਂ ਵਧ ਰਹੇ?

ਅੱਜ ਦੇਸ਼ ਮਨੁੱਖੀ ਅਧਿਕਾਰਾਂ ਦੇ ਮਾਮਲੇ 'ਚ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਦੇਸ਼ ਚ ਅੱਜ ਵੀ ਲੋਕ ਹੱਥਾਂ 'ਚ ਮੈਲਾ ਢੋਂਦੇ ਹਨ। ਔਰਤਾਂ ਨਾਲ ਅੱਜ ਵੀ ਧੱਕਾ ਹੋ ਰਿਹਾ ਹੈ। ਸ਼ਾਸ਼ਨ ਵਿੱਚ ਭ੍ਰਿਸ਼ਟਾਚਾਰ ਜ਼ੋਰਾਂ 'ਤੇ ਹੈ। ਦੇਸ਼ 'ਚ ਵੋਟਰਾਂ ਨੂੰ ਖਰੀਦਣ ਦੀ ਪ੍ਰਵਿਰਤੀ ਵੱਧ ਰਹੀ ਹੈ। ਘੱਟ ਗਿਣਤੀ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸਿਆਸੀ ਵਿਰੋਧੀਆਂ ਵਿਰੁੱਧ ਉਹਨਾਂ ਨੂੰ ਬਦਨਾਮ ਕਰਨ ਦਾ ਹਰ ਹਥਿਆਰ ਵਰਤਿਆ ਜਾ ਰਿਹਾ ਹੈ। ਇਸ ਵਰਤਾਰੇ ਨੂੰ ਰੋਕਣ ਲਈ ਚੇਤੰਨ ਲੋਕਾਂ ਨੂੰ ਅੱਗੇ ਆਉਣਾ ਪਵੇਗਾ।

ਸਮਾਜਿਕ ਬੇਇਨਸਾਫ਼ੀ ਦੇ ਦੌਰ ਵਿੱਚ ਮਨੁੱਖੀ ਅਧਿਕਾਰਾਂ ਦੀ ਜੋ ਗਰੰਟੀ ਘੱਟਦੀ ਜਾ ਰਹੀ ਹੈ,ਉਸ ਨੂੰ ਰੋਕਣਾ ਸਮੇਂ ਦੀ ਲੋੜ ਬਣਦੀ ਜਾ ਰਹੀ ਹੈ। ਮਨੁੱਖੀ ਅਧਿਕਾਰ ਕਿਸੇ ਵੀ ਵਿਅਕਤੀ ਨੂੰ ਦੁਰਵਿਵਹਾਰ ਜਾਂ ਭੇਦਭਾਵ ਤੋਂ ਬਚਾਉਂਦਾ ਹੈ, ਕਿਉਂਕਿ ਉਸ ਨੂੰ ਸਭ ਨੂੰ ਸਰੀਰਕ ਅਤੇ ਬੌਧਿਕ ਰੂਪ 'ਚ ਵਿਕਸਿਤ ਹੋਣ ਦਾ ਬਰਾਬਰ ਅਧਿਕਾਰ ਹੈ।

# ਭਾਰਤੀ ਬੱਚੇ 'ਤੇ ਅਧਾਰਤ ਆਸਟ੍ਰੇਲੀਅਨ ਫ਼ਿਲਮ : ਲਾਇਨ-2016

'ਲਾਇਨ' ਇੱਕ ਸੱਚੀ ਕਹਾਣੀ ਤੇ ਬਣੀ ਫਿਲਮ ਹੈ, ਜਿਸ ਦਾ ਨਿਰਦੇਸ਼ਨ ਗਾਰਥ ਡੇਵਿਸ ਨੇ ਕੀਤਾ ਹੈ। ਫ਼ਿਲਮ ਦਾ ਕਥਾਨਕ ''ਸਰੂ ਬਿਰਯਲੀ'' ਦੀ 2013 ਚ ਛਪੀ ਕਿਤਾਬ ''ਦ ਲੌਂਗ ਵੇ ਹੋਮ'' ਤੋਂ ਲਿਆ ਗਿਆ ਹੈ। ਇੱਕ ਅਜਿਹੇ ਬੱਚੇ ਦੀ ਕਹਾਣੀ ਜੋ ਬਚਪਨ ਚ ਗੁੰਮ ਹੋ ਜਾਂਦਾ ਹੈ, ਤੇ ਬਾਅਦ ਵਿੱਚ ਵੱਖ ਵੱਖ ਪੜਾਵਾਂ ਤੋਂ ਗੁਜ਼ਰਦਿਆਂ ਹੋਇਆਂ ਆਪਣੇ ਪਰਿਵਾਰ ਨੂੰ ਮਿਲਦਾ ਹੈ।

ਦੇਵ ਪਟੇਲ, ਸੰਨੀ ਪਵਾਰ, ਰੂਬੀ ਮਾਰਾ, ਡੇਵਿਡ ਬੇਨਹਮ, ਨਿਕੋਲ ਕਿਡਮੈਨ ਆਦਿ ਕਲਾਕਾਰਾਂ ਦੁਆਰਾ ਨਿਭਾਈਆਂ ਗਈਆਂ ਭੂਮਿਕਾਵਾਂ ਨਾਲ ਬੁਣੀ ਇਸ ਫਿਲਮ ਦੀ ਕਹਾਣੀ ਦਾ ਧਰਾਤਲ ਭਾਰਤ ਦੀ ਸਰਜ਼ਮੀਨ ਹੈ, ਭਾਵੇਂ ਕਿ ਕਹਾਣੀ ਦਾ ਅੰਤਲਾ ਹਿੱਸਾ ਆਸਟਰੇਲੀਆ ਦੀ ਧਰਤੀ ਨਾਲ ਵੀ ਜੁੜਦਾ ਹੈ।


ਗੁੱਡੂ ਇੱਕ ਗਰੀਬ ਘਰ ਦਾ ਬੱਚਾ ਹੈ ਜੋ ਕਿਸੇ ਨਾ ਕਿਸੇ ਤਰ੍ਹਾਂ ਘਰ ਦਾ ਗੁਜ਼ਾਰਾ ਚਲਾਉਣਾ ਚਾਹੁੰਦਾ ਹੈ ਉਹ ਅਕਸਰ ਰੇਲ ਗੱਡੀਆਂ ਤੋਂ ਖਤਰਾ ਮੁੱਲ ਲੈ ਕੇ ਕੋਲਾ ਲਾਹੁੰਦਾ ਹੈ ਫਿਰ ਉਸਨੂੰ ਵੇਚ ਕੇ ਘਰ ਦਾ ਸਮਾਨ ਲਿਆਉਂਦਾ ਹੈ। ਕਦੇ ਕਦੇ ਉਸ ਦਾ ਛੇ ਸਾਲਾਂ ਦਾ ਛੋਟਾ ਭਰਾ ਸਰੂ ਵੀ ਉਸ ਨਾਲ ਜਾਂਦਾ ਹੈ। ਸਰੂ ਛੋਟਾ ਹੈ ਗੁੱਡੂ ਉਸ ਦਾ ਧਿਆਨ ਰੱਖਦਾ ਹੈ ਇਕ ਦਿਨ ਉਹ ਚੰਗੀ ਕਮਾਈ ਕਰਦੇ ਹਨ ਤਾਂ ਚਾਹ ਦੀ ਦੁਕਾਨ ਤੇ ਜਾਂਦੇ ਹਨ ਉੱਥੇ ਜਲੇਬੀਆਂ ਬਣ ਰਹੀਆਂ ਹਨ ਸਰੂ ਵੱਡੇ ਭਰਾ ਨੂੰ ਕਹਿੰਦਾ ਹੈ ਕਿ ਉਹ ਜਲੇਬੀਆਂ ਖਾਣਾ ਚਾਹੁੰਦਾ ਹੈ ਪਰ ਪੈਸਾ ਨਾ ਹੋਣ ਕਾਰਨ ਗੁੱਡੂ ਉਸਨੂੰ ਬਹਾਨਾ ਲਾ ਦਿੰਦਾ ਹੈ ਕਿ ਫਿਰ ਕਦੇ ਜਲੇਬੀਆਂ ਖਵਾਵਾਂਗਾ। ਗੁੱਡੂ ਫਿਰ ਇਸੇ ਤਰ੍ਹਾਂ ਦੇ ਕੰਮ ਲਈ ਘਰੋਂ ਬਾਹਰ ਜਾਣਾ ਚਾਹੁੰਦਾ ਹੈ ਤਾਂ ਸਰੂ ਉਸ ਨਾਲ ਜਿੱਦ ਕਰਦਾ ਹੈ ਕਿ ਉਹ ਵੀ ਜਾਵੇਗਾ।

ਸਰੂ ਦੀ ਜਿੱਦ ਅੱਗੇ ਗੁੱਡੂ ਝੁੱਕ ਜਾਂਦਾ ਹੈ ਪਰ ਉਹੀ ਹੁੰਦਾ ਹੈ ਜਿਸ ਦਾ ਗੁੱਡੂ ਨੂੰ ਡਰ ਸੀ। ਮਾਸੂਮ ਸਰੂ ਉਸ ਤੋਂ ਵਿਛੜ ਜਾਂਦਾ ਹੈ ਅਤੇ ਇੱਕ ਟ੍ਰੇਨ ਵਿੱਚ ਬੈਠ ਕੇ ਦੂਰ ਕਲਕੱਤੇ ਜਾ ਕੇ ਉਤਰਦਾ ਹੈ। ਛੋਟੇ ਜਿਹੇ ਬੱਚੇ ਨੂੰ ਬੜੀਆਂ ਮੁਸ਼ਕਿਲਾਂ ਆਉਂਦੀਆਂ ਹਨ, ਇੱਕ ਤਾਂ ਉਸ ਨੂੰ ਬੰਗਲਾ ਬੋਲੀ ਸਮਝ ਨਹੀਂ ਆਉਂਦੀ ਦੂਜਾ ਉਸ ਨੂੰ ਕੁਝ ਵੀ ਯਾਦ ਨਹੀਂ ਕਿ ਉਹ ਕਿੱਥੋਂ ਆਇਆ ਹੈ ਤੀਜਾ ਉਹ ਆਪਣੀ ਮਾਂ ਦਾ ਨਾਂ ਨਹੀਂ ਜਾਣਦਾ ਸਿਰਫ ਅੰਮੀ ਜਾਣਦਾ ਹੈ।

ਉਹ ਇੱਕ ਗਰੋਹ ਦੇ ਕੋਲ ਫਸ ਜਾਂਦਾ ਹੈ ਪਰ ਜਲਦੀ ਹੀ ਸਮਝ ਜਾਂਦਾ ਹੈ ਇਸ ਕਰਕੇ ਉਥੋਂ ਬਚਣ ਨਿਕਲਦਾ ਹੈ। ਅਖੀਰ ਇੱਕ ਨੌਜਵਾਨ ਮੁੰਡੇ ਦੀ ਸਮਝਦਾਰੀ ਕਾਰਨ ਉਹ ਠਾਣੇ ਪਹੁੰਚ ਜਾਂਦਾ ਅਤੇ ਉਸ ਤੋਂ ਬਾਅਦ ਅਖੀਰ ਵਿੱਚ ਉਹ ਇੱਕ ਨੇਕ ਔਰਤ ਕੋਲ ਜਾਂਦਾ ਹੈ ਜੋ ਸਰੂ ਨੂੰ ਨਾ ਸਿਰਫ ਪਿਆਰ ਕਰਦੀ ਹੈ ਬਲਕਿ ਉਸਦੀ ਸੰਭਾਲ ਵੀ ਕਰਦੀ ਹੈ।

ਆਸਟ੍ਰੇਲੀਆ ਦਾ ਇੱਕ ਪਰਿਵਾਰ ਕੁਝ ਬੱਚਿਆਂ ਨੂੰ ਗੋਦ ਲੈਣਾ ਚਾਹੁੰਦਾ ਹੈ, ਇਹ ਨਹੀਂ ਕਿ ਉਹਨਾਂ ਦੇ ਬੱਚਾ ਪੈਦਾ ਨਹੀਂ ਹੋ ਸਕਦਾ ਪਰ ਉਹ ਉਹ ਗਰੀਬ ਬੱਚਿਆਂ ਨੂੰ ਪਾਲਣਾ ਚਾਹੁੰਦੇ ਹਨ। ਸਰੂ ਨੂੰ ਉਹ ਗੋਦ ਲੈ ਲੈਂਦੇ ਹਨ ਸਲੂ ਹਾਲੇ ਤੱਕ ਵਿਛੋੜੇ ਦੇ ਗਮ ਚੋਂ ਨਹੀਂ ਨਿਕਲਿਆ। ਹੌਲੀ ਹੌਲੀ ਸਮਾਂ ਗੁਜ਼ਰਨ ਦੇ ਨਾਲ ਸਰੂ ਪਿਛੋਕੜ ਭੁੱਲ ਕੇ ਆਸਟਰੇਲੀਆ ਵਿੱਚ ਰਹਿ ਰਹੇ ਪਰਿਵਾਰ ਘੁਲ ਮਿਲ ਜਾਂਦਾ ਹੈ।

ਹੁਣ ਉਹ ਵੱਡਾ ਹੋ ਚੁੱਕਿਆ ਹੈ 22-23 ਸਾਲਾਂ ਦਾ ਪਰ ਉਸ ਨੂੰ ਬਚਪਨ ਯਾਦ ਹੈ ਇੱਕ ਪਾਰਟੀ ਵਿੱਚ ਜਿਸ ਵਿੱਚ ਕਿ ਹਿੰਦੁਸਤਾਨ ਦੇ ਬੱਚੇ ਵੀ ਸ਼ਾਮਿਲ ਹਨ ਉਹ ਜਲੇਬੀਆਂ ਪਈਆਂ ਦੇਖਦਾ ਹੈ ਤਾਂ ਉਸ ਨੂੰ ਆਪਣੇ ਭਰਾ ਮਾਂ ਪਿੰਡ ਸਭ ਦੀ ਯਾਦ ਫਿਰ ਤੋਂ ਉਦਾਸ ਕਰ ਦਿੰਦੀ ਹੈ।




ਉਹ ਆਪਣੇ ਕੁਝ ਦੋਸਤਾਂ ਨਾਲ ਗੱਲ ਸਾਂਝੀ ਕਰਦਾ ਹੈ ਕਿ ਉਹ ਕਿਵੇਂ ਵਿਛੜ ਕੇ ਕਲਕੱਤੇ ਚਲਾ ਗਿਆ ਸੀ ਅੱਜ ਵੀ ਮਾਂ ਨੂੰ ਭਰਾ ਨੂੰ ਮਿਲਣਾ ਚਾਹੁੰਦਾ ਹੈ ਉਸਦੇ ਦੋਸਤ ਉਸ ਨੂੰ ਦੱਸਦੇ ਹਨ ਕਿ ਉਹ ਦੂਰੀ ਅਤੇ ਸਮੇਂ ਦੇ ਹਿਸਾਬ ਨਾਲ ਨੈਟ ਤੋਂ ਆਪਣੇ ਘਰ ਬਾਰੇ ਅੰਦਾਜਾ ਲਾ ਸਕਦਾ ਹੈ।

ਉਹ ਸ਼ੁਰੂ ਤੋਂ ਕਰਦਾ ਹੈ ਪਰ ਜਲਦੀ ਹੀ ਬੰਦ ਕਰ ਦਿੰਦਾ ਹੈ ਉਸਨੂੰ ਲੱਗਦਾ ਹੈ ਕਿ ਆਸਟਰੇਲੀਆ ਵਿੱਚ ਪਤੀ ਪਤਨੀ ਨੇ ਉਸ ਨੂੰ ਬੱਚਿਆਂ ਦੀ ਤਰ੍ਹਾਂ ਪਾਲਿਆ ਹੈ ਕਿ ਇਹ ਹੁਣ ਠੀਕ ਰਹੇਗਾ ਕਿ ਉਹ ਆਪਣੇ ਜਨਮ ਦੇਣ ਵਾਲੀ ਮਾਂ ਦੀ ਖਾਤਰ ਉਹਨਾਂ ਨੂੰ ਤਿਆਗ ਦੇਵੇ।

ਇੱਕ ਦਿਨ ਉਹ ਆਪਣੀ ਪਾਲਣ ਵਾਲੀ ਮਾਂ ਨਾਲ ਗੱਲਾਂ ਕਰਦਾ ਹੈ ਉਹ ਨੇਕ ਔਰਤ ਹੈ ਉਹ ਉਸ ਨੂੰ ਕਹਿੰਦੀ ਹੈ ਕਿ ਜੇਕਰ ਉਹ ਆਪਣੇ ਪਰਿਵਾਰ ਨੂੰ ਲੱਭ ਸਕਦਾ ਹੈ ਤਾਂ ਜਰੂਰ ਲੱਭੇ।

ਪਹਿਲਾਂ ਤਾਂ ਇਹ ਦੱਸ ਦੇਵਾਂ ਕਿ ਇਹ ਇੱਕ ਸੱਚੀ ਕਹਾਣੀ ਹੈ , ਜਿਸ ਦੀਆਂ ਕੁਝ ਤਸਵੀਰਾਂ ਫਿਲਮ ਦੇ ਅੰਤ ਵਿੱਚ ਦਿਖਾਈਆਂ ਵੀ ਜਾਂਦੀਆਂ ਹਨ।

ਸਰੂ, ਗੂਗਲ ਅਰਥ ਦੇ ਆਪਣੇ ਉਸ ਪਿੰਡ ਨੂੰ ਦੇਖ ਲੈਂਦਾ ਹੈ।

ਉਹ ਖੁਸ਼ ਹੈ

ਜਲਦੀ ਹੀ ਭਾਰਤ ਜਾਂਦਾ ਹੈ , ਪਰ ਪਿੰਡ ਆ ਕੇ ਵੀ ਉਸ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਸ ਨੂੰ ਹਿੰਦੀ ਨਹੀਂ ਆਉਂਦੀ ਅਤੇ ਪਿੰਡ ਵਿੱਚ ਅੰਗਰੇਜ਼ੀ ਸਮਝਣ ਵਾਲਾ ਨਹੀਂ ਮਿਲਦਾ ਅਖੀਰ ਵਿੱਚ ਇੱਕ ਅੰਗਰੇਜ਼ੀ ਸ਼ਬਦਾਂ ਵਾਲਾ ਸੱਜਣ ਮਿਲ ਜਾਂਦਾ ਹੈ ਜੋ ਉਸਨੂੰ ਉਸ ਦੀ ਮਾਂ ਅਤੇ ਭੈਣ ਨਾਲ ਮਿਲਾਉਂਦਾ ਹੈ।

ਉਸਦੀ ਮਾਂ ਜਿਸ ਨੇ ਇੱਕੋ ਰਾਤ ਵਿੱਚ ਆਪਣੇ ਦੋਨੋ ਬੱਚੇ ਗਵਾ ਲਏ ਸਨ ਬਹੁਤ ਭਾਵਕ ਹੈ। ਉਸ ਨੂੰ ਯਕੀਨ ਨਹੀਂ ਆਉਂਦਾ ਕਿ ਇੰਨੇ ਸਾਲਾਂ ਬਾਅਦ ਉਸ ਦਾ ਬੱਚਾ ਵਾਪਸ ਆ ਗਿਆ ਹੈ। ਉਹ ਆਪਣੇ ਵੱਡੇ ਭਰਾ ਨੂੰ ਮਿਲਣਾ ਚਾਹੁੰਦਾ ਹੈ ਜੋ ਬਚਪਨ ਵਿੱਚ ਉਸ ਨੂੰ ਪਾਲਦਾ ਰਿਹਾ ਸੀ ਮੋਢੇ ਲਾ ਕੇ ਸੁਣਦਾ ਰਿਹਾ ਸੀ ਬੱਚਿਆਂ ਵਾਂਗ ਪਿਆਰ ਕਰਦਾ ਸੀ।

ਪਰ ਬਦਕਿਸਮਤੀ ਨਾਲ ਉਸ ਨੂੰ ਪਤਾ ਲੱਗਦਾ ਹੈ ਕਿ ਉਸ ਦੇ ਭਰਾ ਦੀ ਉਸੇ ਦਿਨ ਇੱਕ ਗੱਡੀ ਨਾਲ ਹੋਈ ਦੁਰਘਟਨਾ ਵਿੱਚ ਮੌਤ ਹੋ ਗਈ ਸੀ। ਫਿਲਮ ਦੀ ਕਹਾਣੀ ਸਿੱਧੀ ਸਾਦੀ ਹੈ ਜਿਵੇਂ ਘਟਨਾਵਾਂ ਵਾਪਰਦੀਆਂ ਹਨ, ਵਾਧੂ ਦਾ ਭਾਵਨਾਤਮਕ ਦਬਾਉ ਨਜ਼ਰ ਨਹੀਂ ਆਉਂਦਾ ਪਰ ਪੇਸ਼ਕਾਰੀ ਕਮਾਲ ਹੈ।

ਫਿਲਮ ਨੂੰ ਕੌਮਾਂਤਰੀ ਪੱਧਰ ਤੇ ਖੂਬ ਚਰਚਾ ਮਿਲੀ ਇੱਥੋਂ ਤੱਕ ਕਿ ਔਸਕਰ ਪੁਰਸਕਾਰਾਂ ਵਿੱਚ ਵੀ 6 ਪੁਰਸਕਾਰ ਇਸ ਫਿਲਮ ਦੇ ਹਿੱਸੇ ਆਏ ਸਨ। ਫਿਲਮ ਵਿੱਚ ਮਸ਼ਹੂਰ ਭਾਰਤੀ ਅਦਾਕਾਰ ਨਵਾਜੁਦੀਨ ਸਿਦਕੀ ਅਤੇ ਦੀਪਤੀ ਨੰਬਰ ਵੀ ਛੋਟੀਆਂ ਛੋਟੀਆਂ ਭੂਮਿਕਾਵਾਂ ਵਿੱਚ ਨਜ਼ਰ ਆਉਂਦੇ ਹਨ ਸਭ ਤੋਂ ਵੱਧ ਪ੍ਰਭਾਵਿਤ ਕਰਨ ਵਾਲੀ ਭੂਮਿਕਾ ਬੇਸ਼ੱਕ ਉਸ ਛੋਟੇ ਬੱਚੇ ਦੀ ਹੈ ਜਿਸ ਨੇ ਸਰੂ ਦੀ ਭੂਮਿਕਾ ਨਿਭਾਈ ਹੈ।

ਸੰਨੀ ਪਵਾਰ

ਸਰੂ ਨੂੰ ਹੁਣ ਪਤਾ ਲੱਗਦਾ ਹੈ ਕਿ ਉਸ ਦਾ ਨਾਂ ਸਰੂ ਨਹੀਂ ਸ਼ੇਰੂ ਸੀ ਜੋ ਕਿ ਹੁੰਦਾ ਹੁੰਦਾ ਸਰੂ ਹੋ ਗਿਆ ਸੀ। ਉਸ ਦਾ ਭਰਾ ਭਾਵੇਂ ਉਸ ਤੋਂ ਕੁਝ ਕੁ ਵਰ੍ਹੇ ਵੱਡਾ ਸੀ ਖੁਦ ਵੀ ਬੱਚਿਆਂ ਬਰਾਬਰ ਸੀ ਪਰ ਉਸ ਨੂੰ ਪਿਤਾ ਦੀ ਤਰ੍ਹਾਂ ਪਾਲਦਾ ਰਿਹਾ ਸੀ ਉਸਨੂੰ ਸ਼ੇਰ (ਲੋਨਿ) ਕਹਿੰਦਾ ਸੀ ।

# ਬਾਲੀਵੁੱਡ ਪ੍ਰੇਮੀਆਂ ਦੇ ਦਿਲਾਂ 'ਤੇ ਰਾਜ ਕਰਦਾ ਸੀ : ਰਾਜ ਕਪੂਰ

## ਜਨਮ ਦਿਨ 'ਤੇ ਵਿਸ਼ੇਸ਼



ਕੋਈ ਵੇਲਾ ਸੀ ਕਿ ਪੂਰੇ ਬਾਲੀਵੁੱਡ ਵਿਚ 'ਆਰ.ਕੇ.ਫ਼ਿਲਮਜ਼' ਅਤੇ 'ਆਰ.ਕੇ.ਸਟੂਡੀਓ' ਦੀ ਤੂਤੀ ਬੋਲਦੀ ਸੀ ਤੇ ਰਾਜ ਕਪੂਰ ਨੂੰ ਬਾਲੀਵੁੱਡ ਦੇ 'ਸ਼ੋਅਮੈਨ' ਦੇ ਨਾਂ ਨਾਲ ਸਭ ਲੋਕ ਸਤਿਕਾਰਿਆ ਕਰਦੇ ਸਨ।ਜ਼ਾਲਮ ਸਮੇਂ ਦੀ ਧੂੜ ਨੇ ਆਰ.ਕੇ.ਫ਼ਿਲਮਜ਼ ਅਤੇ ਆਰ.ਕੇ.ਸਟੂਡੀਓ ਦਾ ਵਰਤਮਾਨ ਅਤੇ ਭਵਿੱਖ ਤਾਂ ਧੁੰਦਲਾ ਕਰ ਦਿੱਤਾ ਹੈ ਪਰ ਰਾਜ ਕਪੂਰ ਦਾ 'ਸ਼ੋਅਮੈਨ' ਵਾਲਾ ਦਰਜਾ ਅੱਜ ਵੀ ਬਰਕਰਾਰ ਹੈ ਤੇ ਅਨੇਕਾਂ ਸਫ਼ਲ,ਸਾਰਥਕ,ਸੰਗੀਤਮਈ,ਸੁਹਜ ਭਰਪੂਰ ਅਤੇ ਸੁਪਰਹਿੱਟ ਫ਼ਿਲਮਾਂ ਦੇਣ ਲਈ ਉਸਨੂੰ ਸਿਨੇ ਪ੍ਰੇਮੀਆਂ ਵੱਲੋਂ ਸਦਾ ਹੀ ਯਾਦ ਕੀਤਾ ਜਾਂਦਾ ਰਹੇਗਾ।

%ਪੇਸ਼ਾਵਰ ਵਿਖੇ ਸਥਿਤ ਕਪੂਰ ਹਵੇਲੀ ਵਿੱਚ 14 ਦਸਬੰਰ,1924 ਮਸ਼ਹੂਰ ਅਦਾਕਾਰ ਪ੍ਰਿਥਵੀ ਰਾਜ ਕਪੂਰ ਦੇ ਘਰ ਮਾਤਾ ਰਾਮਸ਼ਰਨੀ ਦੇਵੀ ਦੀ ਕੁੱਖੋਂ ਜਨਮੇ ਰਾਜ ਕਪੂਰ ਦੇ ਦੋ ਭਰਾ ਸ਼ੰਮੀ ਕਪੂਰ ਤੇ ਸ਼ਸ਼ੀ ਕਪੂਰ ਤਾਂ ਉਸਦੇ ਵਾਂਗ ਹੀ ਵੱਡੇ ਹੋ ਕੇ ਫ਼ਿਲਮੀ ਅਦਾਕਾਰ ਹੀ ਬਣੇ ਪਰ ਭੈਣ ਉਰਮਿਲਾ ਸਿਆਲ ਫ਼ਿਲਮਾਂ ਵਿੱਚ ਨਹੀਂ ਆਈ ਸੀ ਕਿਉਂਕਿ ਰਾਜ ਦੇ ਦਾਦਾ ਬਸ਼ੇਸ਼ਰਨਾਥ ਕਪੂਰ ਤੇ ਖ਼ਾਨਦਾਨ ਦੇ ਹੋਰ ਲੋਕ ਪਰਿਵਾਰ ਦੀਆਂ ਔਰਤਾਂ ਦੇ ਫ਼ਿਲਮਾਂ ਵਿਚ ਕੰਮ ਕਰਨ ਦੇ ਖ਼ਿਲਾਫ਼ ਸਨ। ਰਾਜ ਨੂੰ ਆਪਣੇ ਪਿਤਾ ਤੋਂ ਹੀ ਅਦਾਕਾਰੀ ਦਾ ਗੁਣ ਵਿਰਾਸਤ ਵਿਚ ਮਿਲਿਆ ਸੀ ਤੇ ਕੇਵਲ ਗਿਆਰ੍ਹਾਂ ਸਾਲ ਦੀ ਬਾਲੜੀ ਉਮਰ ਵਿਚ ਹੀ ਉਸਨੇ ਫ਼ਿਲਮ 'ਇਲਕਲਾਬ' ਰਾਹੀਂ ਫ਼ਿਲਮੀ ਦੁਨੀਆ ਵਿਚ ਕਦਮ ਰੱਖ ਦਿੱਤਾ ਸੀ।ਇਸ ਉਪਰੰਤ ਉਸਨੇ 'ਬਾਲਮੀਕ', 'ਹਮਾਰੀ ਬਾਤ' ਅਤੇ 'ਗੌਰੀ,' ਆਦਿ ਫ਼ਿਲਮਾਂ ਵਿਚ ਛੋਟੀਆਂ-ਛੋਟੀਆਂ ਭੂਮਿਕਾਵਾਂ ਅਦਾ ਕੀਤੀਆਂ ਸਨ ਤੇ ਫ਼ਿਰ ਇਸ ਤੋਂ ਠੀਕ ਬਾਰ੍ਹਾਂ ਸਾਲ ਬਾਅਦ ਸੰਨ 1947 ਵਿਚ ਰਾਜ ਕਪੂਰ ਅਤੇ ਮਧੂਬਾਲਾ ਜਿਹੇ ਨਵੇਂ ਤੇ ਨੌਜਵਾਨ ਚਿਹਿਰਿਆਂ ਨੂੰ ਲੈ ਕੇ ਨਿਰਦੇਸ਼ਕ ਕੇਦਾਰ ਸ਼ਰਮਾ ਨੇ ਫ਼ਿਲਮ 'ਨੀਲ ਕਮਲ ' ਬਣਾ ਦਿੱਤੀ ਸੀ ਜੋ ਕਿ ਸਫ਼ਲ ਰਹੀ ਸੀ।

ਨੀਲ ਕਮਲ ਤੋਂ ਬਾਅਦ ਰਾਜ ਨੇ 'ਦਿਲ ਕੀ ਰਾਨੀ', 'ਦਿਲ ਕੇ ਤਰਾਨੇ', 'ਜੇਲ ਯਾਤਰਾ', 'ਅਮਰ ਪ੍ਰੇਮ', 'ਗੋਪੀਨਾਥ' ਅਤੇ 'ਚਿਤੌੜ ਵਿਜੈ ' ਨਾਮਕ ਫ਼ਿਲਮਾਂ ਵਿਚ ਵੱਖ -ਵੱਖ ਕਿਰਦਾਰ ਅਦਾ ਕੀਤੇ ਤੇ ਇਨ੍ਹਾ ਵਿੱਚੋਂ ਤਿੰਨ ਫ਼ਿਲਮਾਂ ਵਿਚ ਤਾਂ ਉਸਨੇ ਆਪਣੀ ਆਵਾਜ਼ ਵਿੱਚ ਗੀਤ ਵੀ ਰਿਕਾਰਡ ਕਰਵਾਏ ਸਨ।ਰਾਜ ਕਪੂਰ ਆਪਣੀ ਪਛਾਣ ਨਾ ਬਣਨ ਕਰਕੇ ਖ਼ਾਸਾ ਪ੍ਰੇਸ਼ਾਨ ਸੀ। ਉਹ ਕੁਝ ਵੱਡਾ ਤੇ ਪ੍ਰਭਾਵਸ਼ਾਲੀ ਕਰਨਾ ਚਾਹੁੰਦਾ ਸੀ ਤੇ ਸਫ਼ਲ ਅਦਾਕਾਰ ਜਾਂ ਨਿਰਦੇਸ਼ਕ ਬਣਨਾ ਚਾਹੁੰਦਾ ਸੀ।ਇਸ ਲਈ ਕੇਵਲ 24 ਸਾਲ ਦੀ ਉਮਰ ਵਿੱਚ ਹੀ ਉਸਨੇ ਆਪਣੇ ਆਰ.ਕੇ.ਸਟੂਡੀਓ ਦੀ ਸਥਾਪਨਾ ਕਰ ਦਿੱਤੀ ਸੀ ਤੇ ਫ਼ਿਲਮ 'ਆਗ' ਨੂੰ ਬਤੌਰ ਨਿਰਮਾਤਾ-ਨਿਰਦੇਸ਼ਕ ਬਣਾ ਕੇ ਬਾਲੀਵੁੱਡ ਨੂੰ ਆਪਣੀ ਕਾਬਲੀਅਤ ਦਾ ਅਹਿਸਾਸ ਕਰਵਾ ਦਿੱਤਾ ਸੀ। ਉਸਦੀ ਇਸ ਫ਼ਿਲਮ ਵਿਚ ਨਰਗਿਸ,ਕਾਮਿਨੀ ਕੌਸ਼ਲ ਅਤੇ ਰਾਜ ਦੇ ਸਾਲੇ ਪ੍ਰੇਮ ਨਾਥ ਦੀਆਂ ਮੁੱਖ ਭੂਮਿਕਾਵਾਂ ਸਨ।



'ਆਗ' ਤੋਂ ਬਾਅਦ ਰਾਜ ਕਪੂਰ ਨੇ ਸੰਨ 1949 ਵਿੱਚ 'ਬਰਸਾਤ' ਬਣਾਈ ਸੀ ਜੋ ਕਿ ਬਾਕਸ ਆਫ਼ਿਸ 'ਤੇ ਸੁਪਰਹਿੱਟ ਰਹੀ ਸੀ।ਫਿਰ ਉਸਨੇ ਆਰ.ਕੇ.ਫ਼ਿਲਮਜ਼ ਦੇ ਬੈਨਰ ਹੇਠ 'ਅਵਾਰਾ', 'ਸ੍ਰੀ 420', 'ਜਾਗਤੇ ਰਹੋ', 'ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ', 'ਬੂਟ ਪਾਲਿਸ਼', 'ਅਬ ਦਿੱਲੀ ਦੂਰ ਨਹੀਂ' ਆਦਿ ਯਾਦਗਾਰ ਫ਼ਿਲਮਾਂ ਬਣਾਈਆਂ ਸਨ ਜਿਨ੍ਹਾ ਵਿੱਚੋਂ 'ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ' ਦੇ ਨਿਰਦੇਸ਼ਨ ਦਾ ਜ਼ਿੰਮਾ ਉਸਨੇ ਆਪਣੇ ਸਿਨਮੈਟੋਗ੍ਰਾਫ਼ਰ ਰਾਧੂ ਕਰਮਾਕਰ ਨੂੰ ਸੌਂਪਿਆ ਸੀ।ਰਾਜ ਕਪੂਰ ਨੇ ਆਪਣੇਸਮੁੱਚੇਕੈਰੀਅਰ ਵਿਚ ਦਰਜਨਾਂ ਫ਼ਿਲਮਾਂ ਕੀਤੀਆਂ ਸਨ ਜਿਨ੍ਹਾ ਵਿੱਚੋਂ 'ਆਹ', 'ਦਾਸਤਾਨ', 'ਅਨਹੋਨੀ', 'ਛਲੀਆ', 'ਅਨਾੜੀ', 'ਦਿਲ ਹੀ ਤੋ ਹੈ', 'ਸੰਗਮ', 'ਅਰਾਊਂਡ ਦਾ ਵਰਲਡ ਇਨ ਏਟ ਡਾਲਰਜ਼', 'ਸਪਨੋਂ ਕਾ ਸੌਦਾਗਰ', 'ਦੋ ਜਾਸੂਸ', 'ਗੋਪੀਚੰਦ ਜਾਸੂਸ ' ਆਦਿ ਦੇ ਨਾਂ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ। ਸੰਨ 1982 ਵਿਚ ਬਤੌਰ ਅਦਾਕਾਰ ਉਸਨੇ 'ਵਕੀਲ ਬਾਬੂ' ਵਿਚ ਵੱਡੀ ਭੂਮਿਕਾ ਨਿਭਾਈ ਸੀ ਜਦੋਂ ਕਿ ਫ਼ਿਲਮੀ ਪਰਦੇ 'ਤੇ ਉਸਨੂੰ ਅਮਿਤਾਬ ਬੱਚਨ ਦੀ ਫ਼ਿਲਮ 'ਨਸੀਬ' ਦੇ ਇੱਕ ਗੀਤ ਵਿਚ ਬਾਲੀਵੁੱਡ ਦੇ ਦਿੱਗਜ ਕਲਾਕਾਰਾਂ ਨਾਲ ਵੇਖਿਆ ਗਿਆ ਸੀ।

ਰਾਜ ਕਪੂਰ ਨੇ ਵੀਹਵੀਂ ਸਦੀ ਦੇ ਛੇਵੇਂ,ਸੱਤਵੇਂ ਤੇ ਅੱਠਵੇਂ ਦਹਾਕੇ ਵਿਚ ਆਪਣੀ ਨਿਰਦੇਸ਼ਨ ਕਲਾ ਦਾ ਪੂਰਾ ਲੋਹਾ ਮੰਨਵਾਇਆ ਸੀ। ਉਸਨੇ ਬਤੌਰ ਨਿਰਦੇਸ਼ਕ 'ਆਗ' (1948), 'ਅਵਾਰਾ', 'ਸ੍ਰੀ 420', 'ਅੰਦਾਜ਼', 'ਸੰਗਮ', 'ਮੇਰਾ ਨਾਮ ਜੋਕਰ', 'ਬੌਬੀ', 'ਸੱਤਿਅਮ ਸ਼ਿਵਮ ਸੁੰਦਰਮ', 'ਪ੍ਰੇਮ ਰੋਗ' ਅਤੇ 'ਰਾਮ ਤੇਰੀ ਗੰਗਾ ਮੈਲੀ' (1985) ਆਦਿ ਜਿਹੀਆਂ ਸ਼ਾਹਕਾਰ ਫ਼ਿਲਮਾਂ ਬਣਾਈਆਂ ਸਨ।ਉਸਨੂੰ ਆਪਣੀ ਛੇ ਸਾਲ ਦੀ ਮਿਹਨਤ ਨਾਲ ਬਣਾਈ ਫ਼ਿਲਮ 'ਮੇਰਾ ਨਾਮ ਜੋਕਰ' ਦੇ ਫ਼ਲਾਪ ਰਹਿਣ ਦਾ ਬੜਾ ਦੁੱਖ ਹੋਇਆ ਸੀ ਤੇ ਫਿਰ ਉਸਨੇ ਨਵੇਂ ਜ਼ਮਾਨੇ ਦੀ ਸੋਚ ਤੇ ਸ਼ੈਲੀ ਨੂੰ ਪਕੜਦਿਆਂ ਹੋਇਆਂ 'ਬੌਬੀ' ਜਿਹੀ ਸੁਪਰਹਿੱਟ ਰਮਾਂਟਿਕ ਫ਼ਿਲਮ ਦੇ ਕੇ ਆਪਣਾ ਗੁਆਚਦਾ ਵੱਕਾਰ ਮੁੜ ਪੈਰਾਂ 'ਤੇ ਖੜਾ ਕਰ ਦਿੱਤਾ ਸੀ।ਰਾਜ ਨੇ ਆਪਣੇ ਪੁੱਤਰ ਰਣਧੀਰ ਕਪੂਰ ਨੂੰ ਫ਼ਿਲਮ 'ਕਲ ਆਜ ਔਰ ਕਲ' ਅਤੇ ਰਿਸ਼ੀ ਕਪੂਰ ਨੂੰ 'ਬੌਬੀ ' ਰਾਹੀਂ ਬਾਲੀਵੁੱਡ ਵਿਚ ਪ੍ਰਵੇਸ਼ ਕਰਵਾਇਆ ਸੀ ਤੇ ਸੰਨ 1988 ਵਿਚ ਉਹ ਬਤੌਰ ਨਿਰਦੇਸ਼ਕ ਫ਼ਿਲਮ 'ਹਿਨਾ' ਰਾਹੀਂ ਆਪਣੇ ਛੋਟੇ ਪੁੱਤਰ ਰਾਜੀਵ ਕਪੂਰ ਨੂੰ ਪੇਸ਼ ਕਰਨ ਜਾ ਰਿਹਾ ਸੀ ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਉਸੇ ਸਾਲ ਹੀ ਇਕ ਦਿਨ ਜਦੋਂ ਨਵੀਂ ਦਿੱਲੀ ਵਿਖੇ ਹੋ ਰਹੇ ਇਕ ਸਮਾਗਮ ਵਿਚ ਉਸਨੂੰ 'ਦਾਦਾ ਸਾਹਿਬ ਫ਼ਾਲਕੇ ਪੁਰਸਕਾਰ' ਨਾਲ ਸਨਮਾਨਿਤ ਕੀਤਾ ਜਾਣਾ ਸੀ ਤਾਂ ਅਚਾਨਕ ਦਮੇ ਦਾ ਇਕ ਗੰਭੀਰ ਦੌਰਾ ਪੈਣ ਕਰਕੇ ਉਸਦੀ ਹਾਲਤ ਖ਼ਰਾਬ ਹੋ ਗਈ ਤੇ ਉਸਨੂੰ ਏਮਜ਼ ਹਸਪਤਾਲ ਵਿਚ ਦਾਖ਼ਲ ਕਰਵਾਉਣਾ ਪਿਆ।ਇਸ ਘਟਨਾ ਦੇ ਠੀਕ ਇਕ ਮਹੀਨੇ ਬਾਅਦ ਰਾਜ ਕਪੂਰ ਸਦੀਵੀ ਵਿਛੋੜਾ ਦੇ ਗਿਆ ਸੀ।ਉਸਦੇ ਦੇਹਾਂਤ ਉਪਰੰਤ ਰਣਧੀਰ ਕਪੂਰ ਨੇ ਬਤੌਰ ਨਿਰਦੇਸ਼ਕ ਰਾਜ ਦੀ ਆਖ਼ਰੀ ਫ਼ਿਲਮ 'ਹਿਨਾ' ਨੂੰ ਰਿਸ਼ੀ ਕਪੂਰ ਤੇ ਪਾਕਿਸਤਾਨੀ ਅਦਾਕਾਰ ਜ਼ੇਬਾ ਬਖ਼ਤਿਆਰ ਨੂੰ ਲੈ ਕੇ ਪੂਰਾ ਕੀਤਾ ਸੀ ਤੇ ਸੰਨ 1991ਵਿਚ ਰਿਲੀਜ਼ ਕਰ ਦਿੱਤਾ ਸੀ। ਇਹ ਫ਼ਿਲਮ ਕਾਫ਼ੀ ਸਫ਼ਲ ਰਹੀ ਸੀ।ਰਾਜ ਕਪੂਰ ਦਰਅਸਲ 'ਤਿੰਨ ਰਾਸ਼ਟਰੀ ਪੁਰਸਕਾਰਾਂ', '11 ਫ਼ਿਲਮ ਫ਼ੇਅਰ ਪੁਰਸਕਾਰਾਂ', 'ਦੋ ਲਾਈਫ਼ਟਾਈਮ ਐਚੀਵਮੈਂਟ ਐਵਾਰਡਾਂ' ਅਤੇ 'ਪਦਮ ਭੂਸ਼ਣ' ਜਿਹੇ ਉੱਚ ਸਨਮਾਨਾਂ ਨਾਲ ਸਨਮਾਨਿਤ ਬਾਲੀਵੁੱਡ ਦੀ ਇਕ ਵੱਡੀ ਹਸਤੀ ਸੀ ਜਿਸਦੇ ਨਾਂ ਦੀਆਂ ਬਾਤਾਂ ਬਾਲੀਵੁੱਡ ਵਿਚ ਕਈ ਸਦੀਆਂ ਤੱਕ ਪੈਂਦੀਆਂ ਰਹਿਣਗੀਆਂ।


**ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ**
410,ਚੰਦਰ ਨਗਰ, ਬਟਾਲਾ।
ਮੋਬਾ : 97816-46008

# ਬਾਲੀਵੁੱਡ ਵਿਚ ਚੱਲਦੈ ਪੰਜਾਬੀਆਂ ਦਾ ਰਾਜ

ਬਾਲੀਵੁੱਡ ਵਿੱਚ ਕੰਮ ਕਰਨ ਵਾਲੇ ਪੰਜਾਬੀ ਅਦਾਕਾਰਾਂ ਦੀ ਪਹਿਲੀ ਸ਼੍ਰੇਣੀ ਵਿਚ ਉਹ ਅਦਾਕਾਰ ਆਉਂਦੇ ਹਨ ਜਿਨ੍ਹਾ ਦੀ ਪੈਦਾਇਸ਼ ਸੰਨ 1947 ਤੋਂ ਪਹਿਲਾਂ ਵਾਲੇ ਅਣਵੰਡੇ ਪੰਜਾਬ ਵਿਚ ਹੋਈ ਸੀ। ਤੱਥ ਦੱਸਦੇ ਹਨ ਕਿ ਸੰਨ 1912 ਵਿੱਚ ਬਣੀ ਫ਼ਿਲਮ 'ਸੰਤ ਪੁੰਡਲੀਕ' ਅਤੇ ਸੰਨ 1913 ਵਿੱਚ ਦਾਦਾ ਸਾਹਿਬ ਫ਼ਾਲਕੇ ਵੱਲੋਂ ਬਣਾਈ ਗਈ ਫ਼ਿਲਮ 'ਰਾਜਾ ਹਰੀਸ਼ ਚੰਦਰ' ਨਾਲ ਆਪਣਾ ਸਫ਼ਰ ਸ਼ੁਰੂ ਕਰਨ ਵਾਲੇ ਬਾਲੀਵੁੱਡ ਨੇ ਸੰਨ 1931 ਵਿੱਚ ਪਹਿਲੀ ਵਾਰ 'ਆਵਾਜ਼' ਹਾਸਿਲ ਕੀਤੀ ਸੀ ਭਾਵ ਕਿ ਇਸ ਤੋਂ ਪਹਿਲਾਂ ਬਣੀਆਂ ਬਾਲੀਵੁੱਡ ਫ਼ਿਲਮਾਂ 'ਮੂਕ' ਭਾਵ ਆਵਾਜ਼ ਰਹਿਤ ਫ਼ਿਲਮਾਂ ਸਨ। ਇਸ ਆਵਾਜ਼ਯੁਕਤ ਪਹਿਲੀ ਫ਼ਿਲਮ ਦਾ ਨਾਂ ਸੀ 'ਆਲਮਆਰਾ' ਜਿਸਦੇ ਨਿਰਦੇਸ਼ਕ ਆਰਦੇਸ਼ਹੀਰ ਈਰਾਨੀ ਸਨ ਤੇ ਇਸ ਫ਼ਿਲਮ ਵਿੱਚ ਜਿਸ ਪੰਜਾਬੀ ਕਲਾਕਾਰ ਨੇ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਸੀ, ਉਸਦਾ ਨਾਂ ਸੀ ਪ੍ਰਿਥਵੀ ਰਾਜ ਕਪੂਰ, ਜਿਸਦਾ ਜਨਮ ਸੰਨ 1906 ਵਿਚ ਉਸ ਵੇਲੇ ਦੇ ਪੰਜਾਬ ਵਿਚ ਪੈਂਦੇ ਸ਼ਹਿਰ ਫ਼ੈਸਲਾਬਾਦ ਵਿਖੇ ਹੋਇਆ ਸੀ। ਬਾਲੀਵੁੱਡ ਵਿਚ ਪ੍ਰਿਥਵੀ ਰਾਜਕਪੂਰ ਨੂੰ ਉਸਦੀਆਂ 'ਮੁਗ਼ਲੇ ਆਜ਼ਮ, ਸਿਕੰਦਰੇ ਆਜ਼ਮ, ਰੁਸਤਮ ਸੋਹਰਾਬ, ਗ਼ਜ਼ਲ, ਹੀਰ ਰਾਂਝਾ, ਆਵਾਰਾ ਅਤੇ ਨਾਨਕ ਨਾਮ ਜਹਾਜ਼ ਹੈ' ਸਣੇ ਸੈਂਕੜੇ ਹੋਰ ਸ਼ਾਨਦਾਰ ਫ਼ਿਲਮਾਂ ਲਈ ਅੱਜ ਵੀ ਯਾਦ ਕੀਤਾ ਜਾਂਦਾ ਹੈ। ਉਸ ਨੂੰ 'ਦਾਦਾ ਸਾਹਿਬ ਫ਼ਾਲਕੇ ਅਤੇ ਪਦਮ ਭੂਸ਼ਨ' ਸਣੇ ਕਈ ਹੋਰ ਉੱਚ ਸਨਮਾਨਾਂ ਨਾਲ ਵੀ ਨਿਵਾਜਿਆ ਗਿਆ ਸੀ। ਬਾਲੀਵੁੱਡ ਵਿਚ ਲਗਾਤਾਰ ਕਈ 'ਗੋਲਡਨ ਤੇ ਸਿਲਵਰ ਜੁਬਲੀ' ਫ਼ਿਲਮਾਂ ਦੇਣ ਕਰਕੇ 'ਜੁਬਲੀਸਟਾਰ' ਵਜੋਂ ਜਾਣੇ ਜਾਂਦੇ ਅਦਾਕਾਰ ਰਜਿੰਦਰ ਕੁਮਾਰ ਦਾ ਜਨਮ ਸੰਨ 1927 ਵਿੱਚ ਪੁਰਾਣੇ ਪੰਜਾਬ ਦੇ ਸ਼ਹਿਰ ਸਿਆਲਕੋਟ ਵਿਖੇ ਹੋਇਆ ਸੀ।ਰਜਿੰਦਰ ਕੁਮਾਰ ਨੂੰ ਉਸਦੀਆਂ 'ਧੂਲ ਕਾ ਫ਼ੂਲ, ਮਦਰ ਇੰਡੀਆ, ਆਰਜ਼ੂ, ਮੇਰੇ ਮਹਿਬੂਬ, ਝੁਕ ਗਿਆ ਆਸਮਾਨ, ਆਈ ਮਿਲਨ ਕੀ ਬੇਲਾ ਅਤੇ ਸੰਗਮ' ਸਣੇ ਕਈ ਹੋਰ ਯਾਦਗਾਰੀ ਫ਼ਿਲਮਾਂ ਲਈ ਅੱਜ ਵੀ ਸਲਾਹਿਆ ਜਾਦਾ ਹੈ। ਮਹਾਨ ਲਿਖਾਰੀ ਅਤੇ ਅਦਾਕਾਰ ਬਲਰਾਜ ਸਾਹਨੀ 1ਮਈ, ਸੰਨ 1913 ਨੂੰ ਸਾਂਝੇ ਪੰਜਾਬ ਦੇ ਸ਼ਹਿਰ ਰਾਵਲਪਿੰਡੀ ਵਿਖੇ ਜਨਮਿਆ ਸੀ। ਉਸਨੇ ਬਾਲੀਵੁੱਡ ਵਿਚ ਪੈਰ ਧਰਨ ਤੋਂ ਪਹਿਲਾਂ ਸ੍ਰੀ ਰਵਿੰਦਰਨਾਥ ਟੈਗੋਰ ਦੇ ਸ਼ਾਂਤੀ ਨਿਕੇਤਨ ਵਿਚ ਬਤੌਰ ਅਧਿਆਪਕ ਕੰਮ ਕਰਨ ਦੇ ਨਾਲ ਨਾਲ 'ਬੀ.ਬੀ.ਸੀ. ਰੇਡੀਓ' 'ਤੇ ਅਨਾਊਂਸਰ ਵਜੋਂ ਵੀ ਸੇਵਾ ਨਿਭਾਈ ਸੀ। ਉਕਤ ਤੋਂ ਇਲਾਵਾ ਤ੍ਰਿਲੋਕ ਕਪੂਰ, ਰਹਿਮਾਨ, ਨੂਰਜਹਾਂ, ਪ੍ਰੇਮ ਚੋਪੜਾ, ਸੁਨੀਲ ਦੱਤ, ਜਗਦੀਸ਼ ਰਾਜ, ਆਈ.ਐਸ.ਜੌਹਰ, ਕਬੀਰ ਬੇਦੀ, ਸ਼ੇਖ਼ਰ ਕਪੂਰ, ਵਿਨੋਦ ਖੰਨਾ, ਸ਼ਿਆਮਾ, ਨਵੀਨ ਨਿਸ਼ਚਲ ਅਤੇ ਜੋਗਿੰਦਰ ਸ਼ੈਲੀ ਆਦਿ ਪੰਜਾਬ ਦੇ ਜਾਏ ਕਲਾਕਾਰਾਂ ਨੇ ਬਾਲੀਵੁੱਡ ਨੂੰ ਕਈ ਬਲਾਕਬਸਟਰ ਫ਼ਿਲਮਾਂ ਦੇ ਕੇ ਇਸਦੀ ਸ਼ਾਨ ਨੂੰ ਵਧਾਇਆ ਸੀ।



ਬਾਲੀਵੁੱਡ ਦੀ ਪੱਗ ਸ਼ਮਲਾ ਹੋਰ ਉੱਚਾ ਕਰਨ ਵਾਲੇ ਪੰਜਾਬੀ ਅਦਾਕਾਰਾਂ ਦੀ ਦੂਜੀ ਸ੍ਰੇਣੀ ਉਨ੍ਹਾ ਫ਼ਨਕਾਰਾਂ ਦੀ ਹੈ ਜੋ ਉਸ ਪੰਜਾਬ 'ਚ ਜੰਮੇ ਸਨ ਜਿਹੜਾ ਸੰਤਾਲੀ ਦੀ ਵੰਡ ਪਿੱਛੋਂ ਹਿੰਦੁਸਤਾਨ ਦੇ ਹਿੱਸੇ ਆਇਆ ਸੀ ਤੇ ਉਹ ਅਦਾਕਾਰ ਵੀ ਇਸ ਵਿਚ ਸ਼ਾਮਿਲ ਹਨ ਜਿਹੜੇ ਅਜੋਕੇ ਭੂਗੋਲਿਕ ਖਿੱਤੇ ਵਾਲੇ ਉਸ ਪੰਜਾਬ 'ਚ ਜਨਮੇ ਸਨ ਜਿਹੜਾ ਪੰਜਾਬ ਕੁਝ ਇਕ ਸਿਆਸੀ ਮੁਫ਼ਾਦਾਂ ਕਰਕੇ ਸੰਨ 1966 ਵਿਚ ਇਕ ਵਾਰ ਫਿਰ ਤੋਂ ਟੋਟਿਆਂ ਵਿੱਚ ਵੰਡ ਦਿੱਤਾ ਗਿਆ ਸੀ।ਚਮਨ, ਮਦਨ ਅਤੇ ਅਮਰੀਸ਼ ਆਦਿ 'ਪੁਰੀ' ਭਰਾਵਾਂ ਦੀ ਤਿਕੜੀ ਵਿਚਲੇ ਮਦਨ ਪੁਰੀ ਦਾ ਜਨਮ 30 ਸਤੰਬਰ, ਸੰਨ 1915 ਨੂੰ ਨਵਾਂ ਸ਼ਹਿਰ ਵਿਖੇ ਹੋਇਆ ਸੀ।ਉਸਨੇ ਬਤੌਰ ਖਲਨਾਇਕ ਅਤੇ ਚਰਿੱਤਰ ਅਭਿਨੇਤਾ 'ਹਾਵੜਾ ਬਰਿੱਜ, ਚਾਈਨਾ ਟਾਊਨ, ਗੋਦਾਨ, ਫ਼ਕੀਰਾ, ਫ਼ੂਲ ਔਰ ਪੱਥਰ, ਉਪਕਾਰ, ਹਾਥੀ ਮੇਰੇ ਸਾਥੀ ਅਤੇ ਦਿੱਲੀ ਕਾ ਠੱਗ' ਜਿਹੀਆਂ ਨਾਮਵਰ ਫ਼ਿਲਮਾਂ ਬਾਲੀਵੁੱਡ ਦੀ ਝੋਲ੍ਹੀ ਪਾਈਆਂ ਸਨ।ਉਸਦੇ ਛੋਟੇ ਭਾਈ ਅਮਰੀਸ਼ ਪੁਰੀ ਦੇ ਨਾਂ ਦਾ ਡੰਕਾ ਤਾਂ ਬਾਲੀਵੁੱਡ ਵਿਚ ਕਈ ਦਹਾਕਿਆਂ ਤੱਕ ਵੱਜਦਾ ਰਿਹਾ ਹੈ।ਨਵਾਂ ਸ਼ਹਿਰ ਵਿਖੇ ਹੀ ਜਨਮੇ ਅਮਰੀਸ਼ ਨੇ ਚਾਲੀ ਵਰ੍ਹਿਆਂ ਦੀ ਉਮਰ ਵਿਚ ਬਾਲੀਵੁੱਡ ਵਿਚ ਪ੍ਰਵੇਸ਼ ਕੀਤਾ ਸੀ ਤੇ 'ਮਿਸਟਰ ਇੰਡੀਆ, ਚਾਈਨਾ ਗੇਟ, ਲੋਹਾ, ਗ਼ਦਰ, ਵਿਧਾਤਾ, ਦਾਮਿਨੀ, ਘਾਇਲ, ਘਾਤਕ, ਸ਼ਕਤੀ, ਹੀਰੋ, ਫ਼ੂਲ ਔਰ ਕਾਂਟੇ, ਦਿਲਜਲੇ ਅਤੇ ਦਿਲਵਾਲੇ ਦੁਲਹਨੀਆ ਲੇ ਜਾਏਂਗੇ' ਸਮੇਤ 150 ਤੋਂ ਵੱਧ ਸਫ਼ਲ ਫ਼ਿਲਮਾਂ ਰਾਹੀਂ ਆਪਣੀ ਬੇਜੋੜ ਪ੍ਰਤਿਭਾ ਦਾ ਲੋਹਾ ਬਾਲੀਵੁੱਡ ਪ੍ਰੇਮੀਆਂ ਤੋਂ ਮੰਨਵਾਇਆ ਸੀ।ਜਲੰਧਰ ਵਿਖੇ ਜਨਮੀ ਅਤਿਅੰਤ ਖ਼ੂਬਸੂਰਤ ਅਦਾਕਾਰਾ ਵਿੰਮੀ ਕੇਵਲ 34 ਵਰ੍ਹਿਆਂ ਦੀ ਉਮਰ ਭੋਗ ਕੇ ਇਸ ਫ਼ਾਨੀ ਜਹਾਨ ਨੂੰ ਅਲਵਿਦਾ ਆਖ਼ ਗਈ ਸੀ।ਇਸ ਪੰਜਾਬਣ ਅਦਾਕਾਰਾ ਦੀਆਂ ਫ਼ਿਲਮਾਂ 'ਹਮਰਾਜ਼, 'ਚਨ, ਪਤੰਗਾ, ਆਬਰੂ, ਕ੍ਰੋਧ ਅਤੇ ਕਹਾਨੀ ਹਮ ਸਭ ਕੀ' ਜਿਹੀਆਂ ਹਿੰਦੀ ਫ਼ਿਲਮਾਂ ਅਤੇ 'ਨਾਨਕ ਨਾਮ ਜਹਾਜ਼ ਹੈ' ਜਿਹੀ ਪੰਜਾਬੀ ਫ਼ਿਲਮ ਪੂਰੀ ਤਰ੍ਹਾ ਕਾਬਿਲੇ ਤਾਰੀਫ਼ ਸਨ।8 ਦਸੰਬਰ, ਸੰਨ 1935 ਨੂੰ ਪੰਜਾਬ 'ਚ ਜਨਮਿਆ ਅਦਾਕਾਰ ਧਰਮਿੰਦਰ ਤਾਂ ਕਿਸੇ ਵੀ ਜਾਣ ਪਛਾਣ ਦਾ ਮੁਥ਼ਾਜ ਨਹੀਂ ਹੈ।ਉਸਦੀਆਂ 'ਸ਼ੋਅਲੇ, ਰਾਮ ਬਲਰਾਮ, ਧਰਮਵੀਰ, ਆਂਖੇਂ, ਸਮਰਾਟ, ਦਿਲ ਨੇ ਫਿਰ ਯਾਦ ਕੀਆ, ਸਤਿਆਕਾਮ, ਸ਼ਾਲੀਮਾਰ, ਰਜ਼ੀਆ ਸੁਲਤਾਨ, ਅਲੀ ਬਾਬਾ ਚਾਲੀਸ ਚੋਰ, ਲੋਹਾ, ਵਤਨ ਕੇ ਰਖਵਾਲੇ, ਹਕੂਮਤ, ਯਮਲਾ ਪਗਲਾ ਦੀਵਾਨਾ' ਅਤੇ ਸੈਂਕੜੇ ਹੋਰ ਫ਼ਿਲਮਾਂ ਅਭੁੱਲ ਅਤੇ ਅਤੁੱਲ ਹਨ।ਪਹਿਲਾਂ ਸੰਨ 1947 ਤੋਂ ਲੈ ਕੇ ਸੰਨ 1966 ਵਾਲੇ ਪੰਜਾਬ ਵਿਚ ਤੇ ਫਿਰ ਸੰਨ 1966 ਤੋਂ ਬਾਅਦ ਵਾਲੇ ਅਜੋਕੇ ਪੰਜਾਬ ਵਿੱਚ ਜੰਮੇ ਹੋਰ ਦਿਲਦਾਰ ਪੰਜਾਬੀ ਅਦਾਕਾਰਾਂ ਦੀ ਲੰਮੀ ਸੂਚੀ ਵਿੱਚੋਂ' ਵਿਜੇ ਅਨੰਦ, ਦੇਵ ਅਨੰਦ, ਰਾਜੇਸ਼ ਖੰਨਾ, ਜਤਿੰਦਰ, ਵਿਨੋਦ ਮਹਿਰਾ, ਸੁੰਦਰ, ਗੋਪਾਲ ਸਹਿਗਲ, ਰਾਜ ਬੱਬਰ, ਅਕਸ਼ੇ ਕੁਮਾਰ, ਓਮ ਪੁਰੀ, ਗੀਤਾ ਬਾਲੀ, ਦੀਪਤੀ ਨਵਲ, ਰੋਮੇਸ਼ ਸ਼ਰਮਾ, ਦੀਪਾ ਮਹਿਤਾ, ਗੁਲ ਪਨਾਗ, ਸੋਨੂੰ ਸੂਦ, ਗੁਰਬਚਨ, ਦੀਪ ਢਿੱਲੋਂ, ਪ੍ਰਿਆ ਗਿੱਲ, ਮਾਹੀ ਗਿੱਲ, ਉਪਾਸਨਾ ਸਿੰਘ, ਸੁਰਵੀਨ ਚਾਵਲਾ, ਆਯੁਸ਼ਮਾਨ ਖੁਰਾਨਾ, ਜਸਪਾਲ ਭੱਟੀ, ਗੁਰਦਾਸ ਮਾਨ, ਦਾਰਾ ਸਿੰਘ, ਮੋਨਿਕਾ ਬੇਦੀ, ਨਿਕਿਤਾ ਅਨੰਦ, ਸ਼ਵੇਤਾ ਮੈਨਨ, ਸੁਦੇਸ਼ ਲਹਿਰੀ, ਕਪਿਲ ਸ਼ਰਮਾ, ਸਮੀਕਸ਼ਾ ਸਿੰਘ, ਮੰਗਲ ਢਿੱਲੋਂ, ਰੰਜੀਤ, ਰੰਜੀਤਾ ਕੌਰ ਅਤੇ ਵਿਵੇਕ ਸ਼ੌਕ' ਆਦਿ ਦੇ ਨਾਂ ਪ੍ਰਮੁੱਖ ਹਨ।



ਬਾਲੀਵੁੱਡ ਦੀ ਚੜ੍ਹਤ ਵਿੱਚ ਚੋਖਾ ਵਾਧਾ ਕਰਨ ਵਾਲੇ ਪੰਜਾਬੀ ਕਲਾਕਾਰਾਂ ਦੀ ਤੀਜੀ ਸ੍ਰੇਣੀ ਉਨ੍ਹਾ ਕਲਾਕਾਰਾਂ ਦੀ ਹੈ ਜੋ ਪੰਜਾਬ ਵਿਚ ਜੰਮੇ ਤਾਂ ਨਹੀਂ ਪਰ ਪੰਜਾਬ ਤੋਂ ਬਾਹਰ ਵੱਸੇ ਪੰਜਾਬੀ ਪਰਿਵਾਰਾਂ 'ਚ ਜ਼ਰੂਰ ਜੰਮੇ ਸਨ ਤੇ ਸੁਭਾਅ ਅਤੇ ਜੁੱਸੇ ਤੋਂ ਪੂਰੇ ਪੰਜਾਬੀ ਹੀ ਹਨ। ਇਸ ਸ੍ਰੇਣੀ ਵਿਚ ਆਉਣ ਵਾਲੇ 'ਪੰਜਾਬੀ ਅਦਾਕਾਰਾਂ' ਵਿਚ ਰਾਜ ਕਪੂਰ, ਸ਼ਸ਼ੀ ਕਪੂਰ, ਸ਼ੰਮੀ ਕਪੂਰ, ਰਣਧੀਰ ਕਪੂਰ, ਰਿਸ਼ੀ ਕਪੂਰ, ਸੰਨੀ ਦਿਓਲ, ਬੌਬੀ ਦਿਓਲ, ਕਰਨ ਦਿਓਲ, ਸੰਜੇ ਦੱਤ, ਅਜੇ ਦੇਵਗਨ, ਗੋਵਿੰਦਾ, ਅਭੈ ਦਿਓਲ, ਕਿਰਨ ਖੇਰ, ਉਮਾ ਦੇਵ ਉਰਫ਼ ਟੁਨਟੁਨ, ਅਮ੍ਰਿਤਾ ਸਿੰਘ, ਜੂਹੀ ਚਾਵਲਾ, ਗ੍ਰੇਸੀ ਸਿੰਘ, ਨੀਤੂ ਸਿੰਘ, ਪ੍ਰੀਕਸ਼ਤ ਸਾਹਨੀ, ਟਵਿੰਕਲ ਖੰਨਾ, ਬਿੰਦੂ ਸਿੰਘ, ਕੁਮਾਰ ਗੌਰਵ' ਆਦਿ ਜਿਹੇ ਵੱਡੇ ਤੇ ਮਸ਼ਹੂਰ ਅਦਾਕਾਰ ਸ਼ਾਮਿਲ ਹਨ।ਅੰਤ ਵਿਚ ਇਹ ਬਹੁਤ ਹੀ ਨਾਇਨਸਾਫ਼ੀ ਹੋਵੇਗੀ ਜੇਕਰ ਉਨ੍ਹਾ ਪੰਜਾਬੀ ਕਲਾਕਾਰਾਂ ਦੀ ਗੱਲ ਜੇਕਰ ਨਾ ਕੀਤੀ ਜਾਵੇ ਜਿਨ੍ਹਾ ਨੇ ਪੰਜਾਬੀ ਸਿਨੇਮਾ ਨੂੰ ਸਿਖਰ 'ਤੇ ਪਹੁੰਚਾਉਣ ਦੇ ਨਾਲ-ਨਾਲ ਬਾਲੀਵੁੱਡ ਵਿੱਚ ਵੀ ਸਫ਼ਲਤਾ ਦੇ ਝੰਡੇ ਬਾਖ਼ੂਬੀ ਗੱਡੇ ਹਨ ਤੇ ਬਾਲੀਵੁੱਡ ਦੀ ਪ੍ਰਸਿੱਧੀ ਨੂੰ ਚਾਰ ਚੰਨ ਲਗਾਏ ਹਨ।ਇਹ ਅਦਾਕਾਰ ਹਨ 'ਰਵਿੰਦਰ ਕਪੂਰ, ਇੰਦਰਾ ਬਿੱਲੀ, ਰਾਮ ਮੋਹਨ, ਦਿਲਜੀਤ ਦੁਸਾਂਝ, ਗਿੱਪੀ ਗਰੇਵਾਲ, ਸੋਨਮ ਬਾਜਵਾ, ਨੀਰੂ ਬਾਜਵਾ, ਯੋਗਰਾਜ ਸਿੰਘ ਅਤੇ ਐਮੀ ਵਿਰਕ'।ਸੋ ਅਖ਼ੀਰ 'ਚ ਇਹ ਕਹਿਣਾ ਬਣਦਾ ਹੈ ਕਿ ਬਾਲੀਵੁੱਡ ਦੀ ਤਰੱਕੀ, ਖ਼ੁਸ਼ਹਾਲੀ ਅਤੇ ਚੜ੍ਹਤ ਵਿਚ ਪੰਜਾਬੀ ਅਦਾਕਾਰਾਂ ਦਾ ਯੋਗਦਾਨ ਕਾਬਿਲੇ ਤਾਰੀਫ਼ ਅਤੇ ਯਾਦਗਾਰੀ ਹੈ। ਉਕਤ ਸਮੂਹ ਸ੍ਰੇਣੀਆਂ ਦੇ ਅਦਾਕਾਰਾਂ ਤੋਂ ਇਲਾਵਾ ਅਸੰਖਾਂ ਹੋਰ ਪੰਜਾਬੀ ਗੀਤਕਾਰ, ਸੰਗੀਤਕਾਰ, ਗਾਇਕ, ਕਹਾਣੀ ਤੇ ਸੰਵਾਦ ਲੇਖਕ, ਨਿਰਮਾਤਾ ਅਤੇ ਨਿਰਦੇਸ਼ਕ ਅਜਿਹੇ ਹਨ ਜਿਨ੍ਹਾ ਨੇ ਬਾਲੀਵੁੱਡ ਨੂੰ ਉਚੇਰੇ ਮੁਕਾਮ ਅਤਾ ਫ਼ਰਮਾਏ ਹਨ। ਅਸੀਂ ਆਸ ਕਰਦੇ ਹਾਂ ਕਿ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਜੁੜੇ ਅਸੰਖਾਂ ਕਲਾਕਾਰਾਂ ਵੱਲੋਂ ਬਾਲੀਵੁੱਡ ਦੀ ਕਾਮਯਾਬੀ ਤੇ ਸੁਹਰਤ ਦਾ ਪਰਚਮ ਦੁਨੀਆਂ ਭਰ ਵਿੱਚ ਬੁਲੰਦ ਕਰਨ ਲਈ ਪਾਏ ਗਏ ਯੋਗਦਾਨ ਹਿਤ ਬਾਲੀਵੁੱਡ ਪੰਜਾਬੀਆਂ ਦਾ ਸਦਾ ਰਿਣੀ ਰਹੇਗਾ।



# ਸਫਰ-ਏ-ਸ਼ਹਾਦਤ



ਦੋ ਨੇ ਧਰਤੀ ਚਮਕੌਰ ਦੀ ਰੰਗ ਦਿੱਤੀ,
ਦੋ ਸਰਹੰਦ ਦੀ ਧਰਤੀ ਸ਼ਿੰਗਾਰ ਗਏ ਨੇ।

ਦਸੰਬਰ ਦਾ ਮਹੀਨਾ ਸਿੱਖ ਪੰਥ ਲਈ ਡੂੰਘੇ ਦਰਦਾਂ ਦੀ ਦਾਸਤਾਨ ਹੈ ਜਦੋਂ ਚਮਕੌਰ,ਮਾਛੀਵਾੜਾ ਤੇ ਸਰਹੰਦ ਦੀਆਂ ਉਦਾਸ ਅਤੇ ਅਮੁਲ ਯਾਦਾਂ ਸਾਡੇ ਨਾਲ ਨਾਲ ਸਫਰ ਕਰਦੀਆਂ ਹਨ ਅਤੇ ਕਰਦੀਆਂ ਰਹਿਣਗੀਆਂ।



ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ
ਕੋਟਨਿ-ਕੋਟਿ ਪ੍ਰਣਾਮ!

**ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸਮੂਹ ਰੱਖੜਾ ਪਰਿਵਾਰ**